# ਦਾਨੇ ਤੇ ਮਸਤਾਨੇ

(ਜੀਵਨੀਆਂ)

## ਕਿੱਥੇ ਕੀ?

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

# ਅਰਸ਼ੀ ਫਰਿਸ਼ਤੇ

ਸੁੰਦਰਤਾ ਦੀ ਮੂਰਤੀ, ਪਿਆਰ ਦੇ ਸਾਗਰ, ਮਿਠਾਸ ਦੇ ਪਰਬਤ, ਸਾਦਗੀ ਦੇ ਸੋਮੇ, ਉੱਚੇ ਲੰਮੇ ਸੂਖਮ, ਗੁਲਾਬ ਨੂੰ ਮਾਤ ਪਾਣ ਵਾਲਾ ਮੁਖੜਾ ਛੋਟਾ ਛੋਟਾ ਸੁਨਹਿਰੀ ਦਾੜ੍ਹਾ, ਨੇਤਰਾਂ ਵਿਚ ਮਸਤੀ, ਰਸਨਾ ਵਿਚ ਜਾਦੂ ਮਨ ਹਰਨ, ਅਲੌਕਿਕ ਫਿਲਾਸਫਰ, ਹਾਜ਼ਰ ਜਵਾਬ, ਬ੍ਰਹਮ ਗਿਆਨੀ, ਪਰਮ ਹੰਸ ਵਿਰਕਤ, ਬਾਲ ਬ੍ਰਹਮਚਾਰੀ, ਧਰਤੀ ਦੇ ਵਾਸੀ, ਅਕਾਸ਼ ਪਤਾਲ ਦੀਆਂ ਖ਼ਬਰਾਂ ਸੁਨਣ ਵਾਲੇ, ਹਰੇਕ ਦੇ ਹਤੈਸ਼ੀ, ਸਭਸ ਨੂੰ ਗਲਵੱਕੜੀ ਵਿਚ ਲੈਣ ਦੇ ਇੱਛੁਕ, ਮਰਯਾਦਾ ਤੋਂ ਮੁਕਤ, ਮਸਤਾਨੇ ਤੇ ਦਾਨੇ, ਆਜ਼ਾਦੀ ਦੀ ਸ਼ਮਾਂ ਦੇ ਪਤੰਗੇ ਨਿਰਭੈ ਨਿਡਰ ਰੇਖ਼ੌਫ਼ ਬੇ-ਲਿਹਾਜ ਗੁਰੂ ਹਰੀ ਸਿੰਘ ਜੀ ਦੇ ਚਰਨ ਪਰਸ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਿਰਲੱਥ ਸਤਿਜੁਗੀ ਸਿਪਾਹੀ ਜਿਨ੍ਹਾਂ ਸ੍ਰੀ ਸਤਿਗੁਰੂ ਰਾਮ ਸਿੰਘ ਦੇ ਮਿਸ਼ਨ ਨੂੰ ਵਰ੍ਹਦੀਆਂ ਤਲਵਾਰਾਂ ਤੇ ਗੋਲੀਆਂ ਦੀ ਵਾਛੜ ਵਿਚ ਪ੍ਰਚਾਰ ਕੀਤਾ। ਇਹ ਸਨ ਵਿਜੇਤਾ, ਜਿੰਨ੍ਹਾਂ ਦੇ ਹਰ ਮੁਹਿੰਮ ਵਿਚ ਸਫ਼ਲਤਾ ਨੇ ਚਰਨ ਚੁੰਮੇ। ਇੰਨ੍ਹਾਂ ਨੂੰ ਜੀਵਨ-ਪੰਧ ਵਿਚ ਕਈ ਓਤਰਾ ਚੜ੍ਹਾ ਆਏ, ਪਰ ਅਡੋਲ, ਸਦਾ ਚੜ੍ਹਦੀਆਂ ਕਲਾਂ ਵਿਚ ਪਰ ਸਿਰ ਤੇ ਹਲਕਾ ਜਿਹਾ ਖੱਦਰ ਦਾ ਦਸਤਾਰਾ ਗਲ ਵਿਚ ਖੱਦਰ ਦਾ ਕੁਰਤਾ ਕੁਰਤੇ ਹੇਠਾਂ ਕੁਰਤੀ ਜਿਸ ਦੀਆਂ ਦੋ ਜੇਬਾਂ ਜਿਨਾਂ ਵਿਚ ਇੱਕ ਪੈਨਸਿਲ-ਡਾਇਰੀ, ਚਾਕੂ, ਗਲਾਸ, ਤੇੜ ਲਾਹੌਰੀ ਪਜਾਮਾ, ਪੈਰੀਂ ਚਮੜੇ ਦਾ ਸਾਦਾ ਜੋੜਾ, ਬੇਗ਼ਮਪੁਰੇ ਦਾ ਵਾਸੀ, ਖਿੜਿਆ-ਖਿੜਿਆ ਮਸਤਕ, ਜਿਸ ਕਰਕੇ ਹਜ਼ਾਰਾਂ ਵਿੱਚੋਂ ਸਹਿਜੇ ਹੀ ਪਛਾਣੇ ਜਾ ਸਕਦੇ ਸਨ। ਇਹ ਸਨ-ਸ੍ਰੀਮਾਨ ਸੰਤ ਮੰਗਲ ਸਿੰਘ ਜੀ ਅਰਸ਼ੀ ਫਰਿਸ਼ਤ।, ਜਿਨ੍ਹਾਂ ਦਾ ਜਨਮ ਸ੍ਰ: ਨਰਾਇਣ ਸਿੰਘ ਦੇ ਘਰ ਮਾਤਾ ਦਿਆਲ ਕੌਰ ਦੀ ਕੁੱਖੋਂ ਲਗਭਗ 1880 ਈ: ਪਿੰਡ ਡੋਗਰਾ ਵਡੈਨ ਜ਼ਿਲ੍ਹਾ ਸ਼ੇਖੂਪੁਰਾ ਵਿਚ ਹੋਇਆ। ਇਨ੍ਹਾਂ ਦਾ ਜੱਦੀ ਪਿੰਡ ਫਤੂਹੀ ਚੱਕ ਸੀ ਤੇ ਨਾਨਕੇ ਡੋਗਰਾਂ ਵਾਲੇ। ਇਨ੍ਹਾਂ ਦੇ ਘਰ ਦੀ ਸਤਿਥੀ ਵੀ ਹਿੰਦੂ-ਮੁਸਲਿਮ ਦੀ ਜੁੜਵੀਂ ਤਸਵੀਰ ਸੀ। ਇੱਕ ਪਾਸੇ ਧਰਮਸ਼ਾਲਾ, ਇੱਕ ਪਾਸੇ ਮਸੀਤ, ਜਿੱਥੇ ਸਵੇਰੇ ਸ਼ਾਮ ਸਤਿਨਾਮ ਅਤੇ ਸੁਹਬਾਨ ਅੱਲ੍ਹਾ ਦੀਆਂ ਧੁੰਨਾਂ ਉੱਠਦੀਆਂ। ਇਨ੍ਹਾਂ ਦਾ ਸੂਖਮ ਤੇ ਕੋਮਲ ਸ਼ਰੀਰ ਨੀਲੀਆਂ ਅੱਖਾਂ ਹਹੇਕ ਦੇ ਮਨ ਨੂੰ ਚੁਰਾ ਲੈਂਦੀਆਂ ਸਨ। ਮੌਜ ਵਿਚ ਬੈਠਿਆਂ ਕਈ ਵੇਰ ਬੀਤੇ ਦੀਆਂ ਕਹਾਣੀਆਂ ਬੜੇ ਰੌ ਨਾਲ ਸੁਣਾਇਆ ਕਰਦੇ ਸਨ।

ਆਪਣੇ ਇਸ਼ਨਾਨ ਦਾ ਵੇਰਵਾ ਦੇਂਦਿਆਂ ਕਹਿਣਾ ਕਿ ਜਦ ਮਾਤਾ ਮੈਨੂੰ ਨਹਾਣ ਲਈ ਕਹਿੰਦੀ ਤਾਂ ਪਹਿਲਾਂ ਨਿੱਘੇ ਜਲ ਦਾ ਪਤੀਲਾ, ਕੋਲ ਨਰਮ ਨਰਮ ਰੂੰ ਰੱਖ ਲੈਂਦੇ। ਬੜੇ ਪਿਆਰ ਨਾਲ ਮਾਲਿਸ਼ ਕਰ, ਇਸ਼ਨਾਨ ਕਰ ਤੌਲੀਏ ਨਾਲ ਪੂੰਜ, ਰੂੰ ਵਿਚ ਵਲੇਟ ਲੈਂਦੇ ਤੇ ਅੰਦਰ ਜਾ ਕੱਪੜੇ ਪਾਂਦੇ। ਘਰ ਵਿਚ ਦੁੱਧ ਘਿਓ ਦੀ ਕੋਈ ਘਾਟ ਨਹੀਂ ਸੀ। ਪਰਾਂਠੇ ਤੇ ਮੱਖਣ ਉੱਪਰ ਅੰਬ ਦਾ ਅਚਾਰ। ਜਦ ਉਹ ਪੰਜ ਸਾਲ ਦੇ ਹੋਏ ਤਾਂ ਇਨ੍ਹਾਂ ਦੇ ਪਿਤਾ ਚੜ੍ਹਾਈ ਕਰ ਗਏ ਤੇ ਨਾਨਾ ਜੀ ਆਪਣੇ ਕਕੋਲ ਲੈ ਗਏ।

## ਪਾਲਣ ਪੋਸਣ

ਇਨ੍ਹਾਂ ਦੇ ਨਾਨ ਅੰਡੇਮਾਨ ਦੇ ਟਾਪੂ ਵਿਚ ਫ਼ੌਜ ਵਿਚ ਨੌਕਰ ਸਨ ਉਹ ਇਨ੍ਹਾਂ ਨੂੰ ਨਾਲ ਹੀ ਲੈ ਗਏ। ਉੱਥੇ ਗੋਰੇ ਵਧਰੇ ਵਸਦੇ ਸਨ। ਇਹ ਗੋਰਿਆਂ ਦੇ ਬੱਚਿਆਂ ਨਾਲ ਰਲ ਮਿਲ ਖੇਡਦੇ। ਪਰ ਸਭ ਨਾਲੋਂ ਹੁਸ਼ਿਆਰ ਤੇ ਫੁਰਤੀਲੇ। ਉੱਕੇ ਬਦਾਸ਼ਾਹ ਦੇ ਜਨਮ ਦਿਨ ਤੇ ਖੇਡਾਂ ਹੋਈਆਂ। ਬੱਚਿਆਂ ਦੀ ਦੌੜ ਹੋਈ ਅਤੇ ਆਪ ਦੌੜ ਵਿਚ ਪਹਿਲੇ ਨੰਬਰ ਤੇ ਆਏ। ਸਭ ਮੇਮਾਂ ਆਪ ਨੂੰ ਪਿਆਰ ਕਰਨ ਲੱਗੀਆਂ। ਇੱਕ ਯੂਰਪੀਨ ਇਸਤਰੀ ਇਨ੍ਹਾਂ ਤੇ ਮੋਹੀ ਗਈ, ਉਹ ਰਹਿ ਨਾ ਸਕੀ ਤੇ ਕਹਿਣ ੱਗੀ ਮਿਸਟਰ ਸਿੰਘ! ਇਹ ਲੜਕੀ ਮੈਨੂੰ ਦੇ ਦਿਉ। ਇਸ ਦਾ ਪਾਲਣ ਪੋਸਣ ਮੈਂ ਆਪ ਕਰੂੰਗੀ ਖ਼ੂਬ ਪੜ੍ਹਾਉਂਗੀ ਫਿਰ ਕਿਸੇ ਬੜੇ ਅਫ਼ਸਰ ਸੇ ਸ਼ਾਦੀ ਕਰਵਾ ਦੂੰਗੀ, ਪਰ ਉਹ ਵਿਚਾਰੀ ਹੱਕੀ ਬੱਕੀ ਰਹਿ ਗਏ ਜਦ ਉਸ ਨੂੰ ਪਤਾ ਲੱਗਾ ਕਿ ਇਹ ਤਾਂ ਲੜਕਾ ਹੈ, ਲੜਕੀ ਨਹੀਂ। ਕੁਝ ਸਮੇਂ ਉਪਰੰਤ ਇਨ੍ਹਾਂ ਦੇ ਨਾਨਾ ਜੀ ਪੰਜਾਬ ਨੂੰ ਮੁੜ ਆਏ ਤੇ ਇਹ ਵੀ ਵਾਪਸ ਆ ਗਿਆ। ਸੰਤਾਂ ਨੂੰ ਗੁਜਰਾਂਵਾਲੇ ਮਿਸ਼ਨ ਸਕੂਲੇ ਪੜ੍ਹਨੇ ਪਾ ਦਿੱਤਾ। ਕੁਝ ਸਮਾਂ ਖਾਲਸਾ ਸਕੂਲ ਵੀ ਪੜ੍ਹੇ। ਸੰਤ ਤੇਲੀਆ ਬੁੱਧ ਸਨ। ਜੋ ਸੁਣਿਆ ਉਹ ਯਾਦ। ਬੋਲ ਚਾਲ ਵਿਚ ਤਿੱਖੇ।

## ਪ੍ਰਵਾਰ ਦੀ ਸੇਵਾ

ਅੱਠ ਜਮਾਤਾਂ ਪਾਸ ਕੀਤੀਆਂ ਤਾਂ ਨੌਕਰੀ ਦੀ ਭਾਲ ਵਿਚ ਜੁੱਟ ਪਏ। ਸੰਤ ਦੇ ਪਿਤਾ ਫਤੂਹੀ ਚਕ ਘੱਟ ਹੀ ਰਹਿੰਦੇ ਸਨ ਤੇ ਜ਼ਮੀਨ ਸ਼ਰੀਕਾਂ ਨੇ ਸਾਂਭੀ ਹੋਈ ਸੀ। ਇਸੇ ਵਾਸਤੇ ਇਨ੍ਹਾਂ ਨੂੰ ਨੌਕਰੀ ਕਰਨ ਤੇ ਮਜਬੂਰ ਹੋਣਾ ਪਿਆ। ਸੰਤ ਬੋਲ ਚਾਲ ਵਿਚ ਤੇਜ਼ ਸਨ ਤੇ ਕੰਮ ਕਰਨ ਨੂੰ ਵੀ ਹੁਸ਼ਿਆਰ ਇਨ੍ਹਾਂ ਨੂੰ ਪਟਵਾਰ ਵਾਸਤੇ ਚੁਣ ਲਿਆ ਗਿਆ। ਪਟਵਾਰੀ ਦੀ ਮਹੱਤਤਾ ਪੁਰਾਣੇ ਸਮਿਆਂ ਵਿਚ ਵੀ ਸੀ। ਤੇ ਅੱਜ ਵੀ ਹੈ। ਜਿੱਥੇ ਪਟਵਾਰੀ ਦੀ ਕਲਮ

ਚੱਲ ਜਾਵੇ, ਉੱਥੇ ਲਾਟ ਸਾਹਿਬ ਵੀ ਕੁਝ ਕਹਿਣ ਤੋਂ ਸੰਕੋਚ ਕਰਦਾ ਹੈ। ਸੰਤ ਪਟਵਾਰ ਵਿਚ ਭਰਤੀ ਹੋਏ। ਸਨ। ਤਾਂ ਉਸ ਵੇਲੇ ਪਟਵਾਰੀ ਦਾ ਅਹੁਦਾ ਤਸੀਲਦਾਰ ਨਾਲੋਂ ਵੀ ਉੱਚਾ ਹੁੰਦਾ ਸੀ। ਰੱਬੀ ਬਾਣੀ ਵਿਚ ਪਟਵਾਰੀ ਦਾ ਜ਼ਿਕਰ ਆਇਆ ਹੈ:-

**ਹਰਿ ਕੇ ਲੋਗਾ ਸੋ ਕਉ ਨੀਤਿ ਡਸੈ ਪਟਵਾਰੀ,**
**ਊਪਰਿ ਭੁਜਾ ਕਰਿ, ਮੈ ਗੁਰ ਪਹਿ ਪੁਕਾਰਿਆ,**
**ਤਿਨਿ ਹਉ ਲੀਆ ਉਬਾਰੀ।**
**ਪਟਵਾਰੀ ਸੇ ਹਰਫ ਅਸਤ**
**ਮੁਸ਼ਤੇ ਬੰਦਰ, ਚਸਮੇ ਆਹੂ ਪੁਸ਼ਤ ਖਰਾ**

ਭਾਵ:- ਪਟਵਾਰੀ ਵਿਚ ਤਿੰਨ ਗੁਣ ਹੁੰਦੇ ਹਨ। ਉਸਦਾ ਪੰਜਾਂ ਬਾਂਦਰ ਦਾ ਭਾਵ ਜੋ ਕਾਬੂ ਆ ਗਿਆ, ਛੱਡਣਾ ਨਹੀਂ ਹਰਨ ਵਰਗੀਆਂ ਅੱਖਾਂ, ਭਾਵ ਚੌਕਸ ਤੇ ਖੋਤੇ ਦੀ ਪਿੱਠ ਵਾਲਾ। ਉਨ੍ਹਾਂ ਦਿਨਾਂ ਵਿਚ ਪੇਂਡੂ ਅਨਪੜ੍ਹ ਸਨ ਤੇ ਉਨ੍ਹਾਂ ਨੂੰ ਆਮ ਕਰਕੇ ਪਟਵਾਰੀ ਨਾਲ ਬਣਾਕੇ ਰੱਖਣੀ ਪੈਂਦੀ ਸੀ। ਉਸ ਨੂੰ ਪ੍ਰਸੰਨ ਰੱਖਣ ਵਾਸਤੇ ਕੋਈ ਕਸਰ ਨਾ ਛੱਡੀ ਜਾਂਦੀ। ਪਟਵਾਰੀ ਨੂੰ ਘਰ ਬੈਠਿਆਂ ਦੁੱਧ, ਲੱਸੀ, ਮੱਖਣ, ਸ਼ੱਕਰ, ਗੁੜ ਹਰ ਛਿਮਾਹੀ ਆਪੇ ਲਿ ਜਾਂਦੇ। ਪਟਵਾਰੀ ਜਿਸ ਪਿੰਡ ਗਰਦੌਰੀ ਕਰਨ ਜਾਵੇ ਪਰਾਂਠੇ, ਪਲਾਅ, ਮਗਰ-ਮਗਰ। ਮਾਸ ਕੁੱਕੜ-ਬਟੇਰੇ ਤੇ ਦੇਸੀ ਸ਼ਰਾਬ ਦੀਆਂ ਬੋਤਲਾਂ। ਸੰਤ ਉਨ੍ਹੀਂ ਦਿਨੀਂ ਅਜੇ ਸੰਤ ਨਹੀਂ ਬਣੇ ਸਨ। ਗੁਰੂ ਨੂੰ ਨਹੀਂ ਮਿਲੇ ਸੀ। ਗੁਰੂ ਨੂੰ ਮਿਲਣ ਵਾਲੀ ਗੱਲ ਤਾਂ ਇੱਕ ਪਾਸੇ ਰਹੀ ਸਿੰਘ ਸਭੀਆਂ ਗੁਰੂ ਦਾ ਫਾਤਾ ਪੜ੍ਹਾ ਦਿੱਤਾ ਹੋਇਆ ਸੀ। ਹਕੂਮਤ ਉਨ੍ਹਾਂ ਦੇ ਪੱਖ ਵਿਚ ਸੀ ਖੁੱਲਮ-ਖੁੱਲ੍ਹਾ, "ਆਗਿਆ ਭਈ ਅਕਾਲ ਕੀ, ਤਬੀ ਚਲਾਇਓ ਪੰਥ। ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਯੋ ਗ੍ਰੰਥ॥" ਦਾ ਪ੍ਰਚਾਰ ਹੁੰਦਾ ਸੀ। ਦੇਹਧਾਰੀ ਗੁਰੂ ਦੀ ਵਿਰੋਧਤਾ ਸੀ, ਖਾਣ-ਪੀਣ ਦਾ ਕੋਈ ਪਰਹੇਜ਼ ਨਹੀਂ ਸੀ। ਜੋ ਆਇਆ ਸੋ ਬੰਨੇ। ਸੰਤ ਆਪ ਦੱਸਿਆ ਕਰਦੇ ਸਨ, "ਪੰਜੇ ਵਿਚ ਜਿੰਨੇ ਬਟੇਰਿਆਂ ਦੀਆਂ ਸਿਰੀਆਂ ਆ ਜਾਣ, ਇੱਕੋ ਝਟਕੇ ਨਾਲਪਾਰ।" ਅੰਦਰ ਜਾਕੇ ਚੂੰ-ਚੂੰ ਕਰਨ। ਇਸ ਤੋਂ ਵੱਧ ਲਾਲ ਪਰੀ, ਟੰਨੀ ਮਧਰਾ, ਟੁੰਡੇ ਲਾਟ ਕੀ ਪਰਵਾਹ ਨਹੀਂ ਸੀ। ਇਨ੍ਹਾਂ ਦਾ ਹਲਕਾ ਜੰਡਿਆਲਾ ਸ਼ੇਰ ਖ਼ਾਂ ਸੀ, ਜਿਸ ਵਿਚ ਸਿੱਖਾਂ ਤੇ ਮੁਸਲਮਾਨਾਂ ਦੇ ਪਿੰਡ ਆਉਂਦੇ ਹਨ।

ਇੱਕ ਸਮੇਂ ਸੰਤ ਮਦਾਰ ਗਰਦੌਰੀ ਕਰਨ ਗਏ। ਉੱਥੇ ਗੁਰੂ ਹਰੀ ਸਿੰਘ ਜੀ ਦਾ ਦੌਰਾ ਸੀ। ਸਿੰਘਾਂ ਕਿਹਾ, "ਪਟਵਾਰੀ ਜੀ, ਗੁਰੂ ਜੀ ਆਏ ਹੋਏ ਹਨ, ਉਤਰਕੇ ਦਰਸ਼ਨ ਕਰ ਲਵੋ। ਪਰ ਅਜੇ ਭਾਗ ਸੁੱਤੇ ਪਏ ਸਨ, ਉਨ੍ਹਾਂ ਨੂੰ ਘੂਕੀ ਚੜ੍ਹੀ ਹੋਈ ਸੀ ਤਾਂ ਸੰਤਾਂ ਕਿਹਾ, "ਮੈਂ ਗੁਰੂ ਗ੍ਰੰਥ ਸਾਹਿਬਾਨ ਨੂੰ ਮੰਨਦਾ ਹਾਂ। ਬੰਦੇ ਨੂੰ ਮੱਥਾਂ ਕਿਉਂ ਟੇਕਾਂ? ਇਤਨਾ ਕਹਿ ਘੋੜੀ ਤੇ ਚੜੇ ਚੜਾਏ ਅੱਗੇ ਨਿਕਲ

ਗਏ।

ਇੱਕ ਵਾਰ ਬੂੜੇ ਡੱਲੇ ਕੰਮ ਕਰਨ ਗਏ। ਉੱਥੇ ਰਾਤ ਪੈ ਗਏ.। ਉੱਥੋਂ ਨਾਮਧਾਰੀ ਆ ਗਿਆ। ਉਹ ਸੌਣ ਤੋਂ ਪਹਿਲਾਂ ਦੁਤਾਰੇ ਨਾਲ ਸ਼ਬਦ ਪੜ੍ਹਿਆ ਕਰਦਾ ਸੀ। ਉਸਨੇ ਦੁਤਾਰਾ ਖੋਲਿਆ, ਵਜਾਇਆ ਅਤੇ ਸ਼ਬਦ ਪੜ੍ਹਨਾ ਸ਼ੁਰੂ ਕਰ ਦਿੱਤਾ। ਸੰਤ ਉਸ ਰਾਤ ਬਟੇਰੇ ਬਣਾਏ ਅਤੇ ਖਾਧੇ ਸੰਤਾਂ ਕਿਹਾਂ- ਨੰਬਰਦਾਰਾ! ਚਲ ਖਾਂ ਚੱਲੀਏ, ਕੂਕਾ ਕੀ ਭੌਂਕਦਾ ਏ? ਦੋਵੇਂ ਗਏ। ਸੰਤ ਸ਼ਬਦ ਪੜ੍ਹ ਰਹੇ ਸਨ।

**"ਤੈ ਜਨਮ ਰਾਵਾ ਲਿਆ ਹੀਰਾ, ਕੌਡੀਆ ਦੇ ਸੰਗ ਲੱਗਕੇ।"**

ਪਰ ਜਿੰਨ੍ਹਾਂ ਸਮਾਂ ਰੁੱਤ ਨਾ ਹੋਵੇ, ਬੀ ਨਹੀਂ ਉਗਦਾ। ਜਦ ਰੁੱਤ ਹੋਵੇ ਤਾਂ ਅੰਗੂਰ ਆਪੇ ਫੁੱਟ ਪੈਂਦਾ ਹੈ। ਦੋਵੇਂ ਗੱਪਾਂ ਮਾਰਦੇ ਤੇ ਹਾਸਾ ਠੱਠਾ ਕਰਦੇ ਮੁੜ ਆਏ।

ਸ਼ਰੀਕ ਦਾ ਅਰਥ ਹੁੰਦਾ ਹੈ ਸ਼ੀਹ+ਏਕ। ਭਾਵ ਜਿਸਨ। ਇੱਕ ਮਾਂ ਦਾ ਦੁੱਧ ਪੀਤਾ ਹੋਵੇ। ਅੱਜ ਇਸ ਦੀ ਵਰਤੋਂ ਨਹੀਂ ਕੁਵਰਤੋਂ ਹੋ ਰਹੀ ਹੈ। ਜਿਹੜਾ ਈਰਖਾ ਕਰੇ ਉਹ ਸ਼ਰੀਕ। ਸੰਤਾਂ ਦੇ ਏਹੋ ਜੇਹੇ ਸ਼ਰੀਕ ਸਨ। ਉਨ੍ਹਾਂ ਇਨ੍ਹਾਂ ਦੀ ਜੱਦੀ ਜ਼ਮੀਨ ਉੱਤੇ ਕਬਜ਼ਾ ਕੀਤਾ ਹੋਇਆ ਸੀ ਅਤੇ ਪਰਿਵਾਰ ਮਾਰਿਆ ਮਾਰਿਆ ਫਿਰ ਰਿਹਾ ਸੀ। ਸੰਤਾਂ ਪਟਵਾਰ ਵਿਚ ਰਹਿੰਦਿਆਂ ਘਰ ਦਾ ਇੱਕ ਕੰਮ ਸੰਵਾਰਿਆ ਕਿ ਫਤੂਹੀ ਚੱਕ ਦੇ ਕੁਲੈਕਟਰ ਪਾਸ ਸਿਫ਼ਾਰਸ਼ ਕਰਵਾ ਸ਼ਰੀਕਾਂ ਪਾਸੋਂ ਆਪਣੇ ਹੱਕ ਜ਼ਮੀਨ ਕਰਵਾਈ ਤੇ ਸੰਬੰਧੀਆਂ ਨੂੰ ਫਤੂਹੀ ਚੱਕ ਮੰਗਵਾ ਲਿਆ ਜਿੱਥੇ ਉਹ ਦੇਸ਼ ਦੇ ਵੰਡਾਰੇ ਤਕ ਰਹੇ।

## ਨਾਮਧਾਰੀ ਸੱਜਣ

ਪਟਵਾਰ ਕਰਦਿਆਂ ਕੁਝ ਸਮਾਂ ਬੀਤਿਆ ਤਾਂ ਜੀਵਨ ਦੀ ਰੁੱਤ ਫਿਰੀ, ਪੌਣ ਰੁਮਕੀ ਆਕਾਸ਼ ਵਿਚ ਪਹੁ-ਫੁਟਾਲਾ ਹੋਇਆ। ਸੰਤ ਘੋੜੇ ਤੇ ਸਵਾਰ ਹੋ ਕੇ ਜੰਡਿਆਲੇ ਸ਼ੇਰ ਖ਼ਾਂ ਕਿਸੇ ਕੰਮ ਜਾ ਰਹੇ ਸਨ, ਠੰਡੀ ਮੂਰਤੀ ਗੁਰੂ ਹਰੀ ਸਿੰਘ ਜਿਨ੍ਹਾਂ ਦਾ ਸਾਗਰ ਵਾਂਗ ਵਿਸ਼ਾਲ ਹਿਰਦਾ ਤੇ ਉਸ ਨਾਲੋਂ ਵਧੇਰੇ ਸ਼ਾਂਤੀ ਸੀ।

**ਪੂਰਬ ਕਰਮ ਅੰਕੁਰ ਜਬ ਪ੍ਰਗਟੇ**
**ਭੇਟਿਓ ਪੁਰਖੁ ਰਸਕ ਬੈਰਾਗੀ।**
**ਮਿਟਿਓ ਅੰਧੇਰੁ ਮਿਲਤ ਹਰਿ ਨਾਨਕ**
**ਜਨਮ ਜਨਮ ਕੀ ਸੋਈ ਜਾਗੀ॥**

ਸੰਤਾਂ ਕੀ ਵੇਖਿਆ? ਇੱਕ ਬਿਰਧ ਸਰੀਰ ਪੈਦਰ ਜਾ ਰਿਹਾ ਹੈ। ਕੁਝ ਘੋੜਿਆਂ ਤੇ ਸਵਾਰ ਸਨ। ਸੰਤਾਂ ਦੇ ਦਿਲ ਵਿਚ ਤਰਸ ਆ ਗਿਆ ਤੇ ਅਰਜ਼ ਕੀਤੀ, "ਜੀ ਮਹਾਰਾਜ! ਤੁਸੀਂ ਬਿਰਧ ਹੋ ਘੋੜੇ ਤੇ ਚੜ੍ਹ ਜਾਵੋ," ਮੈਂ ਤੁਹਾਡੇ

ਨਾਲ ਦੌੜਦਾ ਆ ਜਾਵਾਂਗਾ। ਸੰਤਾਂ ਪਟਵਾਰੀ ਵਲ ਵੇਖਿਆ, ਮੱਥੇ ਤੇ ਰੇਖ ਵੇਖੀ ਤੇ ਬਚਨ ਕੀਤਾ, "ਮੈਂ ਘੋੜੀ ਤੇ ਚੜ੍ਹਨ ਨਾਲੋਂ ਪੈਦਲ ਚਲਾ ਜਾਵਾਂਗਾ। ਤੇਰੀ ਘੋੜੀ ਬਗਾਨਿਆਂ ਦੇ ਘਰ ਦਾ ਦਾਣਾ ਪੱਠਾ ਖਾਂਦੀ ਏ, ਮੇਰੀ ਬਿਰਤੀ ਵਿਚ ਫ਼ਰਕ ਪਵੇਗਾ।" ਇਹ ਸੁਣ ਪਟਵਾਰੀ ਸਾਹਿਬ ਠਝੰਬਰ ਖਲੋਤੇ ਤੇ ਹੱਥ ਜੋੜ ਬੇਨਤੀ ਕੀਤੀ, "ਜੀ ਮੈਨੂੰ ਜੋ ਕਹਿਣਾ ਹੈ ਕਹੋ, ਮੈਨੂੰ ਮੰਜ਼ੂਰ ਈ? ਮੰਗਲ ਸਿੰਘ ਕਿਹਾ, "ਜੀ ਰੋਜ਼ ਪਾਠ ਕਰਦਾ ਹਾਂ। ਸੰਤਾਂ ਗੁਟਕਾ ਖੋਲ੍ਹਿਆ। ਪਾਠ ਸੁਣਿਆ ਤੇ ਬੜੇ ਪ੍ਰਸੰਨ ਹੋਏ। ਸੰਤਾਂ ਬਚਨ ਕੀਤਾ "ਦੁੱਧ ਤਾਂ ਕੜ੍ਹਿਆ ਹੋਇਆ ਹੈ, ਜਾਗ ਲੱਗਣ ਦੀ ਦੇਰ ਹੈ।" ਸੰਤਾਂ ਕਿਹਾ "ਤਿਆਰ ਹੋ ਜਾ।" ਸੰਤਾਂ ਘੋੜੇ ਤੋਂ ਚੁਤਈ ਉਤਾਰੀ, ਵਿਛਾਈ ਤੇ ਚੌਕੜਾ ਮਾਰ ਬਹਿ ਗਿਆ। ਸੰਤ ਨਰੈਣ ਸਿੰਘ ਜੀ ਕੰਨ ਵਿਚ ਫੂਕ ਮਾਰ ਦਿੱਤੀ। ਬੱਸ ਰੰਗ ਚੜ੍ਹ ਗਿਆ। ਠੋਕਵੀਂ ਪੱਗ ਦੇ ਪੇਚ ਉਖੜ ਗਏ। ਸੰਤ ਘੋੜੇ ਤੇ ਬਹਿ ਗਏ ਤੇ ਨਵੇਂ ਸਜੇ ਸੰਤ ਮਗਰ-ਮਗਰ। ਬਿਰਧ ਸੰਤਾਂ, ਗੁਰੂ ਹਰੀ ਸਿੰਘ ਜੀ ਦੇ ਚਰਨਾਂ ਵਿਚ ਅਰਜ਼ ਕੀਤੀ, "ਜੀ ਮੁਹਰ ਲਾ ਦਿਓ!" ਪਟਵਾਰਾ ਸਿੰਘ ਦਰ ਤੇ ਆ ਗਿਆ ਹੈ।

**ਚਤੁਰ ਦਿਸਾ ਕੀਨੋ ਬਲ ਅਪਨਾ ਸਿਰ ਊਪਰਿ ਕੁਰ ਧਾਰਿਓ॥**
**ਕ੍ਰਿਪਾ ਕਟਾਪ ਅਵਲੋਕਨ ਕੀਨੋ ਦਾਸ ਕਾ ਦੂਖੁ ਬਿਦਾਰਿਓ॥**
**ਹਰਿ ਜਨ ਰਾਖੇ ਗੁਰ ਗੋਬਿੰਦ, ਰਾਖੇ ਗੁਰ ਗੋਬਿੰਦ॥**
**ਕੰਠਿ ਲਾਇ ਅਵਗੁਣ ਸਭ ਮੇਟੇ ਦਇਆਲ ਪੁਰਖ ਬਖਸ਼ੰਦ॥**

ਬੱਸ ਅਸੰਤ ਦਾ 'ਅ' ਉਡ ਗਿਆ ਤੇ ਸਿਰਫ਼ ਸੰਤ ਹੀ ਰਹਿ ਗਿਆ। ਮਸਤੀ ਵਿਚ ਹੀ ਫਿਲੌਕੀ ਚਲਾ ਗਿਆ, ਜੰਡਿਆਲੇ ਜਾਣਾ ਵਿਚ ਹੀ ਰਹਿ ਗਿਆ। ਉੱਥੋਂ ਗੁਰੂ ਜੀ ਦੀ ਪ੍ਰੇਰਨਾ ਕਰਕੇ ਵਾਪਸ ਕੀਤਾ। ਚੁੱਪੀ ਸਾਧ ਲਈ। ਅੱਗੇ ਪੁਟ+ਵਾੜੀ ਸੀ ਹੁਣ ਪਤ+ਵਾਰੀ ਹੋ ਗਿਆ। ਮੰਜੇ ਤੇ ਲੇਟ ਗਿਆ। ਨਾਨੀ ਨੇ ਪੁੱਛਿਆ, "ਵੇ ਮੰਗਲਾ! ਕਿਸੇ ਅਫ਼ਸਰ ਨਾਲ ਲੜ ਆਇਆ ਏ? ਕਿਸੇ ਸਾਮੀ ਨਾਰਾਜ਼ ਕਰ ਦਿੱਤਾ ਈ?" ਪਰ ਸੰਤ ਗਰਭਵਤੀ ਨਿਆਈ ਚੁੱਪ ਵੱਟੀ ਰੱਖੀ। ਕੋਈ ਉੱਤਰ ਨਾ ਦਿੱਤਾ।

## ਨੌਕਰੀ ਛੱਡਣੀ ਅਤੇ ਸ੍ਰੀ ਭੈਣੀ ਸਾਹਿਬ ਦੀ ਯਾਤਰਾ

ਕੁਝ ਸਮੇਂ ਬਾਅਦ ਮੁੜ ਬੂੜੇ ਡੱਲੇ ਗਏ। ਦੇਵਨੇਤ ਪਿੰਡ ਵਿਚ ਢੋਲਕੀ ਖੜਕੀ। ਸ਼ਬਦ ਦੀ ਆਵਾਜ਼ ਕੰਨੀ ਪਈ ਤੇ ਸੰਤਾਂ ਬਹਾਦਰ ਸਿੰਘ ਨੂੰ ਕਿਹਾ, "ਨੰਬਰਦਾਰਾ ਚੱਲ ਖਾਂ ਗੁਰੂ ਕਾ ਜੱਸ ਸੁਣ ਆਈਏ।" ਦੋਵੇਂ ਚਲੇ ਗਏ ਤੇ ਇਕ ਪਾਸੇ ਬਹਿ ਗਏ। ਦੀਵਾਨ ਅਰੰਭ ਹੋ ਗਿਆ। ਸੰਗਤ ਜੁੜਦੀ ਗਈ।

ਰਾਤ ਵੱਧਦੀ ਗਈ। ਜਥੇਦਾਰ ਨੇ ਧਾਰਨਾ ਲਾਈ:-

**ਗੁਰੂ ਰਾਮ ਸਿੰਘ ਜਗ ਵਿਚ ਆਇਆ, ਪਾਪੀਆਂ ਦੇ ਦਾਰਨੇ ਨੂੰ।**

ਸੰਗਤਾਂ ਵੈਰਾਗੀ ਹੋ ਗਏ.ਆਂ। ਸੰਤ ਵੀ ਮਸਤਾਨੇ ਹੋ ਗਏ ਤਸ ਬੜੇ ਨੱਚੇ। ਅਕਾਸ਼ਬਾਣੀ ਹੋਈ। ਲੁਧਿਆਣੇ ਮਾਈ ਭੋਲੀ ਦੇ ਘਰ ਜਾ। ਬੁੱਢੇ ਦਰਿਆ ਤੇ ਇਸ਼ਨਾਨ ਕਰ। ਇਹ ਆਵਾਜ਼ ਸੁਣਦਿਆਂ, ਪਤਲੂਨ ਪਾੜ ਸੁੱਟੀ, ਨੱਚਣ ਲੱਗ ਪਿਆ। ਨੰਬਰਦਾਰ ਭੋਗ ਉਪਰੰਤ ਡੇਰੇ ਲਿਆਂਦਾ। ਰਾਤ ਗੁਜ਼ਰ ਗਈ। ਸੰਤਾਂ ਬਿਨਾਂ ਛੁੱਟੀ ਲਏ, ਕਾਗ਼ਜ਼ ਪੱਤਰ ਉੱਥੇ ਹੀ ਰਖ ਸ੍ਰੀ ਭੈਣੀ ਸਾਹਿਬ ਨੂੰ ਚਾਲੇ ਪਾ ਦਿੱਤੇ। ਪੁੱਛਦਿਆਂ ਪੁੱਛਦਿਆਂ ਮਾਈ ਭੋਲੀ ਦੇ ਘਰ ਜਾ ਡੇਰਾ ਕੀਤਾ। ਅੰਮ੍ਰਿਤ ਵੇਲਾ ਹੋਇਆ। ਬੁੱਢੇ ਦਰਿਆ ਤੇ ਜਾ ਇਸ਼ਨਾਨ ਕੀਤਾ। ਕੱਪੜੇ ਪਾੜ ਸੁੱਟੇ। ਉੱਥੇ ਆਪ ਨੂੰ ਕਈ ਸੱਪ ਨਜ਼ਰੀਂ ਆਏ, ਪਰ ਇਹ ਬਿਨਾ ਭੈ ਖਾਧੇ ਵਿਚਰਦੇ ਮੁੜੇ। ਗਊਸ਼ਾਲਾ ਲਾਗੇ ਇੱਕ ਮਾਈ ਖਲੋਤੀ ਵੇਖੀ, ਸੰਤਾਂ ਉਸਨੂੰ ਪਰਨਾ ਮਾਰਿਆ ਤੇ ਕਿਹਾ, "ਜਾ ਪਹਿਲਾਂ ਇਸ਼ਨਾਨ ਕਰ ਤੇ ਭਜਨ ਲੈ। ਦਿਨ ਚੜ੍ਹਿਆ ਜਲ ਪਾਣੀ ਛੱਕਿਆ ਤੇ ਸ੍ਰੀ ਭੈਣੀ ਸਾਹਿਬ ਦਾ ਰਾਹ ਫੜਿਆ ਤੇ ਪੁੱਛਦੇ ਪੁਛਾਂਦੇ ਸ੍ਰੀ ਭੈਣੀ ਸਾਹਿਬ ਆ ਦਰਸ਼ਨ ਕੀਤੇ। ਸ਼ਾਂਤ ਮੂਰਤਿ ਗੁਰੂ ਹਰੀ ਸਿੰਘ ਜੀ ਚੁਬਾਰੇ ਵਿਚ ਭਜਨ ਕਰ ਰਹੇ ਸਨ। ਸੰਤਾਂ ਉੱਪਰ ਜਾ ਮੱਥਾ ਟੇਕਿਆ। ਉਸ ਵੇਲੇ ਅਖੰਡ ਪਾਠ ਦਾ ਭੋਗ ਪੈ ਰਿਹਾ ਸੀ। ਗੁਰੂ ਜੀ ਨੇਤਰ ਉਪਰ ਕੀਤੇ ਅਤੇ ਖ਼ੁਸ਼ੀਆਂ ਦੇ ਭੰਡਾਰ ਖੋਲ੍ਹ ਦਿੱਤੇ ਤੇ ਆਖਿਆ, "ਆ ਗਿਆ ਏਂ ਮਸਤਾਨਿਆ? ਮਸਤ ਬਹਾਰ ਆ ਰਿਆ ਸੀ ਕਿ ਇੱਕ ਸੋਧਣ ਮਾਈ ਨਾਲ ਪੱਲਾ ਛੂਹ ਗਿਆ। ਮਾਈ ਕੜਕ ਕੇ ਬੋਲੀ, ਅੱਖਾਂ ਨਾਲ ਵੇਖਕੇ ਲੰਘ, ਸੰਤਾਂ ਕਿਹਾ, "ਗੁਰੂ ਜੀ ਤਾਂ ਸ਼ਾਂਤੀ ਦੇ ਸਾਗਰ ਹਨ, ਪਰ ਗੁਰੂ ਜੀ ਦੇ ਲਾਗੇ ਕਹਿਣ ਵਾਲੇ ਅੱਗ ਦੀਆਂ ਨਾੜਾਂ। ਗੁਰੂ ਜੀ ਕੜਾਹ ਪ੍ਰਸ਼ਾਦ ਦਾ ਗੱਫਾ ਦਵਾਇਆ। ਬਸ ਸਭ ਭੁੱਖਾਂ ਦੂਰ ਹੋ ਗਈਆਂ। ਸ਼ਾਂਤੀ ਆ ਗਈ।

ਅਗਲੇ ਦਿਨ ਫਿਰ ਦਰਸ਼ਨਾਂ ਨੂੰ ਗਿਆ। ਗੁਰੂ ਜੀ ਮਾਲਾ ਫੇਰ ਰਹੇ ਸਨ। ਇਹ ਮਾਲਾ ਫੇਰਦਿਆਂ ਨੂੰ ਵੇਖ ਰਹਿ ਨਾ ਸਕਿਆ ਤੇ ਆਖਿਆ, "ਲੋਕ ਤਾਂ ਤੁਹਾਡੀ ਮਾਲਾ ਫੇਰਦੇ ਹਨ, ਪਰ ਤੁਸੀਂ ਕਿਸ ਭੜੂਏ ਦੀ ਮਾਲਾ ਫੇਰਦੇ ਹੋ?" ਕੀ ਵਿਖਾਈ ਦੇਂਦਾ ਈ?" ਸੰਤਾਂ ਕਿਹਾ, "ਪਾਓ ਪੰਜਾਂ ਘੋੜਿਆਂ ਤੇ ਕਕਾਠੀਆਂ ਤੇ ਵੱਢੀਏ ਲਾਹੌਰ ਦੇ ਲਾਟ ਦਾ ਸਿਰ।" ਬਚਨ ਹੋਇਆ, "ਅਜੇ ਵੇਲਾ ਨਹੀਂ।" ਸੰਤ ਕਿੰਨੇ ਦਿਨ ਉੱਥੇ ਰਹੇ, ਮਾਤਾ ਜਿਊਣ ਕੌਰ ਜੀ ਬੜਾ ਪਿਆਰ ਕੀਤਾ। ਆਪ ਮਸਤਾਂ ਦੇ ਸ਼ਹਿਰ ਵਿਚ ਘੁੰਮਦੇ ਰਹੇ। ਤੀਜੇ ਦਿਨ ਗੁਰੂ ਜੀ ਸਿੰਘਾਂ ਨੂੰ ਬਚਨ ਕੀਤਾ, "ਬੁਲਾਉ ਮਸਤਾਨੇ ਨੂੰ, ਕੜਾਹ ਪ੍ਰਸ਼ਾਦ ਛਕਾਓ ਤੇ ਸੜਕ ਤੇ ਛਡ ਆਓ।" ਸਿੰਘਾਂ ਉਵੇਂ ਕੀਤਾ। ਜਦ ਸੰਤ ਸੜਕ ਤੇ ਪੁੱਜੇ ਤਾਂ ਸੱਚੇ ਪਾਤਸ਼ਾਹ ਤਾਰ ਖਿੱਚ ਲਈ ਤੇ ਘਰ ਯਾਦ ਆ ਗਿਆ। ਟਾਂਗਾ ਕਿਰਾਏ ਤੇ ਕੀਤਾ ਅਤੇ ਲੁਧਿਆਣੇ ਜਾ ਪੁੱਜਾ।

ਲੁਧਿਆਣੇ ਬਾਜ਼ਾਰ ਵਿਚ ਥੀਂ ਲੰਘ ਰਿਹਾ ਸੀ ਕਿ ਇਕ ਮਕਾਨ ਅੰਦਰੋਂ

ਆਵਾਜ਼ ਆਈ, "ਮਸਤਾਨਿਆ, ਮੈਂ ਤਿੰਨਾਂ ਦਿਨਾਂ ਦਾ ਉਡੀਕ ਰਿਹਾ ਹਾਂ। ਮੈਨੂੰ ਸਰਦਾਈ ਛਕਾਣ ਦਾ ਹੁਕਮ ਏ।" ਆ ਸਰਦਾਈ ਹਾਜ਼ਰ ਏ। ਸੰਤਾਂ ਪ੍ਰੇਮ ਨਾਲ ਸਰਦਾਈ ਛੱਕੀ ਤੇ ਅਰਾਮ ਕੀਤਾ। ਰਾਤ ਸ਼ਬਦ ਕੀਰਤਨ ਕਰਦਿਆਂ ਗੁਜ਼ਾਰੀ:-

**ਆ ਮਿਲ ਮੇਰੇ ਪ੍ਰੀਤਮਾ, ਮੈਂ ਮਰਦੀ ਜਾਂਦੀ ਆਂ।**
**ਆ ਜਾ ਚੀਨੀ ਵਾਲਿਆ, ਮੈਂ ਖੁਰਦੀ ਜਾਂਦੀ ਆਂ।**

ਸਵੇਰੇ ਜਲ ਪ੍ਰਸ਼ਾਦ ਛੱਕਿਆ ਤੇ ਸੰਤਾਂ ਕਿਹਾ, "ਭਾਈ ਲਾਲੋ ਸਾਨੂੰ ਛੁੱਟੀ ਏ?" ਫੇਰ ਦਰਸ਼ਨ ਕਰਾਂਗੇ। ਇਹ ਕਹਿ ਸੰਤ ਸਟੇਸ਼ਨ ਵਲ ਰਵਾਨਾ ਹੋਏ। ਜਿਤਨੇ ਪੈਸੇ ਕੋਲ ਸਨ, ਸਭ ਵਰਤਾ ਦਿੱਤੇ ਤੇ ਬਚਨ ਕੀਤਾ, ਇਹ ਮਸੀਹ ਹੈ, ਇਹ ਮੁੱਹਮਦਾ ਹੈ, ਇਹ ਬ੍ਰਹਮਾ ਹੈ।

## ਪਹਿਲੀ ਵਾਰ ਕਚਹਿਰੀ 'ਚ

ਸੰਤ ਲੁਧਿਆਣੇ ਤੋਂ ਰੇਲ ਚੜ੍ਹੇ ਤੇ ਸ੍ਰੀ ਅੰਮ੍ਰਿਤਸਰ ਆ ਗਏ। ਰਾਤ ਜਰਾ ਅੜਿੱਗ-ਬੜਿੰਗ ਹੋਏ ਅੰਮ੍ਰਿਤ ਵੇਲਾ ਹੋਇਆ, ਸੰਤੋਖਸਰ ਵਲ ਤੁਰ ਪਏ। ਕਈ ਮੁਸਾਫ਼ਿਰ ਸੁੱਤੇ ਪਏ ਸਨ। ਉਨ੍ਹਾਂ ਨੂੰ ਜਗਾਇਆ ਉਠੋ ਰਾਮ ਕੇ ਪਿਆਰਿਓ! ਰਾਮ ਕਹੋ। ਉਨ੍ਹਾਂ ਯਾਤਰੂਆਂ ਸਮਝਿਆਂ ਕਿ ਕੋਈ ਪਾਗ਼ਲ ਏ। ਉਨ੍ਹਾਂ ਚੋਰ ਚੋਰ ਦਾ ਰੌਲਾ ਪਾ ਦਿੱਤਾ। ਪੁਲਿਸ ਆ ਗਈ। ਧੌਲ ਧੁੱਪਾ ਕੀਤਾ ਤੇ ਚੋਰੀ ਦਾ ਮੁਕਦਮਾ ਦਰਜ਼ ਕਰ ਦਿੱਤਾ। ਇਕ ਦੁਕਾਨਦਾਰ ਤੋਂ ਝੂਠੀ ਰਿਪੋਰਟ ਵੀ ਕਰਵਾ ਲਈ। ਮੁਕਦਮਾ ਸ਼ੁਰੂ ਹੋ ਗਿਆ। ਇਸ ਮੁਕਦਮੇ ਦੌਰਾਨ ਸੰਤ ਰਮਲੀਏ ਬਣ ਗਏ। ਜਿਸਨੂੰ ਕਹਿਣ, 'ਬਰੀ' ਉਹ ਬਰੀ, ਜਿਸ ਨੂੰ ਕਹਿਣ ਕੈਦ, ਉਹ ਕੈਦ। ਸੰਤਾਂ ਜੇਲ੍ਹ ਵਿਚ ਪ੍ਰਸਿੰਧੀ ਪਾ ਲਈ। ਜਦ ਚਲਾਣ ਕਚਹਿਰੀ ਵਿਚ ਪੇਸ਼ ਹੋਇਆ ਤਾਂ ਮੈਜਿਸਟਰੇਟ ਕਿਹਾ, 'ਇਹ ਤਾਂ ਕੋਈ ਫ਼ਕੀਰ ਹੈ, ਪੁਲਿਸ ਐਵੇਂ ਘੇਰ ਲਿਆਈ ਏ'। ਇਨ੍ਹਾਂ ਅੰਦਰ ਕੂਕਾ ਕਾਰ ਆ ਗਈ। ਨੱਚਣ ਲੱਗੇ, ਚੱਕ ਲੈ ਫਰੰਗੀਆਂ ਡੇਰਾ ਤੈ ਕਰ ਲਿਆ ਰਾਜ ਬਥੇਰਾ। ਤੁਸੀਂ ਚੰਮ ਦੀਆਂ ਚਲਾ ਲਵੋ। ਤੁਹਾਡ ਦਿਨ ਥੋੜ੍ਹੇ ਹਨ। ਮੁੜ ਨਾਨੀ ਯਾਦ ਆਵੇਗੀ। ਅਦਾਲਤਾਂ ਸਾਡੇ ਕੋਲ ਹੋਣਗੀਆਂ। ਅਸੀਂ ਨਿਆਂ ਕਰਾਂਗੇ। ਬਿੱਲਿਆਂ ਨੂੰ ਕੱਢ ਦਿਆਂਗੇ। ਅਦਾਲਤੀਏ ਕਿਹਾ, 'ਪਾਗ਼ਲ ਏ'। ਹੱਥਕੜੀ ਲਾਹ ਦੇਵੋ। ਸੰਤ ਸ਼ਬਦ ਪੜਦੇ ਕਚਹਿਰੀਉਂ ਬਾਹਰ ਆ ਗਏ।

ਸੰਤਾਂ ਦੇ ਸਾਕ ਸੰਬੰਧੀ ਅੰਮ੍ਰਿਤਸਰ ਪੁੱਜੇ ਹੋਏ ਸਨ। ਸੰਤਾਂ ਦੀ ਖਲਾਸੀ ਸੁਣ, ਕੜਾਹ ਪ੍ਰਸ਼ਾਦ ਹਲਵਾਈ ਤੋਂ ਬਣਵਾਇਆ। ਕੜਾਹ ਪ੍ਰਸ਼ਾਦ ਤਿਆਰ ਹੋ ਗਿਆ ਤਾਂ ਥਾਲ ਵਿਚ ਪਾਇਆ। ਸੰਤਾਂ ਕਿਹਾ, "ਇਹ ਪ੍ਰਸ਼ਾਦ ਏ?" ਇਹ ਤਾਂ ਗਤਾਵਾ ਏ? ਅਸੀਂ ਗਤਾਵਾ ਨਹੀਂ ਲੈਣਾ। ਰੌਲਾ ਪੈ ਗਿਆ। ਸੰਤਾਂ

ਕਿਹਾ ਕੜਾਹ ਪ੍ਰਸ਼ਾਦ ਬਨਾਣ ਦੀ ਤਦਬੀਰ ਦਸਵੇਂ ਪਾਤਸ਼ਾਹ ਦੱਸੀ ਹੋਈ ਏ। ਜੇ ਉਹ ਰੀਤੀ ਹੈ ਤਾਂ ਠੀਕ ਹੈ, ਨਹੀਂ ਤਾਂ ਨਿਰਾ ਗਤਾਵਾ। ਸੁਣੋ:-

**ਕੜਾਹ ਕਰਨ ਕੀ ਬਿਧਿ ਸੁਣ ਲੀਜੈ।**
**ਤੀਨ ਭਾਂਤ ਕੇ ਸਮਸਰ ਲੀਜੈ।**
**ਲੇਪਨ ਆਗੈ ਬਹੁ ਕਰ ਦੀਜੈ।**
**ਮਾਂਜਨ ਕਰ ਭਾਂਜਨ ਧੋਵੀਜੈ।**
**ਕਰ ਇਸ਼ਨਾਨ ਪਵਿਤਰ ਹੋਇ ਬਹੈ।**
**ਚਾਰ ਅੱਖਰ ਬਿਨ ਅਵਰ ਨ ਕਹੈ।**
**ਕਰ ਤਿਆਰ ਚੌਕੀ ਪਰ ਧਰੈ।**
**ਚਾਰੋ ਔਰ ਬਹਿ ਕੀਰਤਨ ਕਰੈ।**
**ਜੋ ਪ੍ਰਸ਼ਾਦ ਕੋ ਬਾਂਟਈ ਮਨਿ ਮਹਿ ਧਾਰੈ ਲੋਭ।**
**ਕਿਸੈ ਥੋੜਾ ਕਿਸੈ ਅਗਲਾ ਸਦਾ ਰਹੈ ਤਿਸ ਸੋਗ।**

ਭਾਈ ਜੇ ਤੇਰਾ ਕੜਾਹ ਉਸ ਰੀਤੀ ਨਾਲ ਬਣਿਆ ਹੈ ਤਾਂ ਕੜਾਹ ਪ੍ਰਸ਼ਾਦ ਹੈ, ਨਹੀਂ ਤਾਂ ਕੂੜਾ ਪ੍ਰਸ਼ਾਦ। ਇਸ ਰੌਲੇ ਗੌਲੇ ਵਿਚ ਇਕ ਗੁਰੂ ਕਾ ਲਾਲ ਸੰਤਾਂ ਵਾਸਤੇ ਕੁੜਤਾ ਪਜਾਮਾ ਲੈ ਆਇਆ। ਖ਼ੈਰ ਸੰਬੰਧੀਆਂ ਉਸੇ ਪ੍ਰਸ਼ਾਦ ਤੇ ਅਰਦਾਸ ਕਰਕੇ ਕੜਾਹ ਪ੍ਰਸ਼ਾਦ ਵਰਤਾ ਦਿੱਤਾ। ਸੰਤਾਂ ਨੂੰ ਘਰ ਲੈ ਗਏ।

## ਅਧਿਆਪਕ ਤੇ ਵਿਦਿਆਰਥੀ

ਕੁਝ ਸਮੇਂ ਪਿੱਛੋਂ ਇਨ੍ਹਾਂ ਦਾ ਮੇਲ ਗਿਆਨੀ ਤੇਜਾ ਸਿੰਘ ਹੈਡ ਗ੍ਰੰਥੀ ਨਨਕਾਣਾ ਸਾਹਿਬ ਨਾਲ ਹੋਇਆ। ਉਹ ਸੰਤਾਂ ਦੀ ਖੁਸ਼ ਕਲਾਮੀ, ਖੁਸ਼ ਫਹਿਮੀ ਤੇ ਹਾਜਰ ਜਵਾਬੀ ਤੋਂ ਚੰਗੀ ਤਰ੍ਹਾਂ ਜਾਣੂ ਸੀ, ਉਸ ਸਮਝਿਆ ਜੇ ਇਹ ਸਿੰਘ ਸਭੀਆਂ ਦਾ ਪ੍ਰਚਾਰਕ ਬਣ ਜੇਵੇ ਤਾਂ ਲਾਹਾ ਹੀ ਲਾਹਾ ਹੈ, ਉਸ ਬੇਨਤੀ ਕੀਤੀ ਤੇ ਸੰਤ ਯਤੀਮ ਖਾਨੇ ਦੀ ਉਦੇਸ਼ਕ ਕਲਾਸ ਵਿਚ ਭਰਤੀ ਹੋ ਗਏ। ਸੰਤਾਂ ਪੜ੍ਹਨਾ-ਪੜ੍ਹਾਨਾਂ ਤਾਂ ਕੀ ਸੀ ਆਪਣੀ ਕਲਾ ਵਖਾਏ. ਸ਼ੁਰੂ ਕਰ ਦਿੱਤੀ।

ਯਤੀਮ ਖਾਚਤ ਦੇ ਲੰਗਰ ਦਾ ਨਿਯਮ ਸੀ ਕਿ ਪ੍ਰਸ਼ਾਦਾ ਉਸਨੂੰ ਮਿਲੇ ਜਿਸਨੇ ਨਿਤਨੇਮ ਕੀਤਾ ਹੋਵੇ। ਸੁਪਰਡੇਂਟ ਵਾਰੀ ਵਾਰੀ ਹਰ ਲੜਕੇ ਤੋਂ ਪੁੱਛਦਾ, ਜਿਸਦਾ ਜਵਾਬ ਹਾਂ ਵਿਚ ਉਸਨੂੰ ਪ੍ਰਸ਼ਾਦ, ਜਿਸਦਾ ਉੱਤਰ ਨਾਂਹ ਵਿਚ ਉਸਦਾ ਵਰਤ। ਸੰਤਾਂ ਤੋਂ ਪੁੱਛਿਆ ਗਿਆ, 'ਕੂਕਿਆ! ਤੂੰ ਨਿਤਨੇਮ ਕੀਤਾ ਏ?' ਤਾਂ ਕੂਕੇ ਦਾ ਉੱਤਰ ਹੁੰਦਾ:-

**ਤੁਮ ਤੋ ਪੜੋ ਵੇਦ ਗਾਇਤਰੀ ਗੋਬਿੰਦ ਰਿਦੈ ਹਮਾਰੇ।**
**ਤੁਮ ਤੋ ਪੜੋ ਗ੍ਰੰਥ ਦੀ ਬਾਣੀ, ਅਕਾਲ ਪੁਰਖ ਰਿਦੈ ਹਮੇ।**

ਇਹ ਸੁਣਕੇ ਸਾਰੇ ਮੁੰਡੇ ਹੱਸ ਪਏ। ਸੰਤਾਂ ਵਾਸਤੇ ਹੈਡ ਗ੍ਰੰਥੀ ਦੀ ਸਿਫ਼ਾਰਸ਼ ਸੀ। ਇਸ ਵਾਸਤੇ ਸੁਪਰਡੈਂਟ ਨੇ ਕਿਹਾ, "ਕੂਕਿਆ ਤੂੰ ਵੱਖਰਾ

ਪ੍ਰਸ਼ਾਦਾ ਛੱਕ ਲਿਆ ਕਰ ਨਿਤਨੇਮ ਆਪਣਾ ਕਰ ਲਿਆ ਕਰ ਤੇ ਕਰਿਆ ਕਰ ਜ਼ਰੂਰ। ਮੁੰਡਿਆਂ ਵਿਚ ਬਹਿਕੇ ਰੌਲਾ ਨਾ ਪਾਇਆ ਕਰ।

ਇੱਕ ਦਿਨ ਸੁਪਰਡੈਂਟ ਨੇ ਪੁੱਛਿਆ ਕਿ ਤੁਸੀਂ ਕਿਸਨੂੰ ਮੰਨਦੇ ਹੋ? ਇੱਕ ਨੇ ਕਿਹਾ, ਬਾਬਾ ਖੇਮ ਸਿੰਘ ਰਾਵਲਪਿੰਡਚ ਵਾਲਾ। ਦੂਜੇ ਨੇ ਕਿਹਾ ਸ੍ਰੀ ਗ੍ਰੰਥ ਸਾਹਿਬ, ਪਰ ਸੰਤਾਂ ਦਾ ਉੱਤਰ ਸੀ, "ਮੇਰਾ ਸਤਿਗੁਰੂ ਹੈ, ਅਕਾਲ ਪੁਰਖ ਸਤਿਗੁਰੂ ਰਾਮ ਸਿੰਘ।" ਮਾਸਟਰ ਨੇ ਕਿਹਾ, "ਗੁਰੂ ਗ੍ਰੰਥ ਗੁਰੂ ਹੈ" ਦੇਹਧਾਰੀ ਗੁਰੂ ਨਹੀਂ ਹੋ ਸਕਦਾ। ਤੁਸੀਂ ਰੋਜ਼ ਸੁਣਦੇ ਹੋ, "ਆਗਿਆ ਭਈ ਅਕਾਲ ਕੀ ਤਬੀ ਚਲਾਇਉ ਪੰਥ॥ ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਉ ਗ੍ਰੰਥ॥"

ਸੁਪਰਡੈਂਟ ਇਕ ਲੈਕਚਰ ਦੇ ਰਿਹਾ ਸੀ ਕਿ ਸੰਤਾਂ ਨੇ ਕੰਨਾਂ ਵਿਚ ਉਂਗਲਾਂ ਦੇ ਦਿੱਤੀਆਂ ਤੇ ਕਿਹਾ ਜੇ ਇਹ ਸ਼ਬਦ ਦਸਮ ਗ੍ਰੰਥ ਜਾਂ ਆਦਿ ਗ੍ਰੰਥ ਵਿਚ ਲਿਖੇ ਹੋਣ ਤਾਂ ਮੈਂ ਮੰਨ ਲਵਾਂ। ਸੁਪਰਡੈਂਟ ਕੋਲ ਕੋਈ ਜਵਾਬ ਨਹੀਂ ਸੀ। ਮੁੰਡੇ ਦੀ ਦੜ ਵੱਟ ਗਏ ਤੇ ਸੰਤਾਂ ਦਾ ਦਬਦਬਾ ਮੁੰਡਿਆਂ ਤੇ ਪੈ ਗਿਆ।

ਸੰਤਾਂ ਦਾ ਸਰੀਰ ਭਾਵੇਂ ਕੋਮਲ ਸੀ, ਪਰ ਹੈ ਤਾਂ ਉਤਸ਼ਾਹੀ ਅਤੇ ਪਰਉਪਕਾਰੀ ਸਨ। ਬੱਚਿਆਂ ਦੇ ਸਿਰ ਵਿਚ ਆਮ ਤੌਰ ਤੇ ਜੂੰਆਂ ਪੈ ਜਾਂਦੀਆਂ ਹਨ। ਸੰਤਾਂ ਨੂੰ ਇਕ ਜੁਗਤੀ ਲੱਭੀ ਇਨ੍ਹਾਂ ਬਾਜ਼ਾਰੋਂ ਕੁਝ ਕੰਘੇ ਮੰਗਵਾ ਲਏ, ਕੁਝ ਖੁੱਲੇ ਤੇ ਕੁਝ ਬਰੀਕ ਦੰਦਿਆਂ ਵਾਲੇ। ਇਨ੍ਹਾਂ ਯਤੀਮ ਬੱਚਿਆਂ ਦੀਆਂ ਜੂੰਆਂ ਮੁਕਾਣੀਆਂ ਸ਼ੁਰੂ ਕਰ ਦਿੱਤੀਆਂ, ਪਹਿਲਾਂ ਇਨ੍ਹਾਂ ਬੱਚਿਆਂ ਦੀਆ ਜੂੰਆਂ ਕੱਢਣ ਲਈ ਸ਼ਹਿਰ ਦੇ ਪਤਵੰਤੇ ਘਰਾਂ ਤੋਂ ਸਰਦਰਨੀਆਂ ਜਾਂ ਸੇਠਣੀਆਂ ਆਇਆ ਕਰਦੀਆਂ ਸਨ। ਸੰਤਾਂ ਪਹਿਲਾਂ ਖੁੱਲੇ ਦੰਦਿਆਂ ਵਾਲੇ ਕੰਘਿਆਂ ਨਾਲ ਕਾਸ ਸਾਫ਼ ਕਰਨੇ, ਮੁੜ ਬਰੀਕ ਕੰਘਿਆਂ ਨਾਲ ਕੇਸ ਸਾਫ਼ ਕਰਨੇ। ਹੌਲੀ ਹੌਲੀ ਬਹੁਤ ਸਾਰਾ ਭਾਰ ਮੁੱਕ ਗਿਆ। ਸ਼ਹਿਰ ਦੀਆਂ ਸਰਦਾਰਨੀਆਂ ਜਾਂ ਸੇਠਣੀਆਂ ਵੀ ਖ਼ੁਸ਼ ਹੋ ਗਈਆਂ ਕਿ ਕੂਕੇ ਨੇ ਬੱਚਿਆਂ ਦਾ ਜੀਵਨ ਬਦਲ ਦਿੱਤਾ ਏ, ਸੰਤਾਂ ਦੀ ਪ੍ਰਸਿੱਧੀ ਸ਼ਹਿਰ ਵਿਚ ਵੀ ਵੱਧੀ। ਪਰ ਪ੍ਰਬੰਧਕ ਔਖੇ। ਉਨ੍ਹਾਂ ਦੀ ਸਰਦਾਰੀ ਵਿਚ ਫ਼ਰਕ ਪੈਂਦਾ ਸੀ, ਮੁੰਡੇ ਵੀ ਇਨ੍ਹਾਂ ਦੇ ਆਖੇ ਲੱਗਣ ਲੱਗੇ।

ਬੋਰਡਿੰਗ ਦਾ ਲਾਂਗਰੀ ਬੜੀ ਕੁੱਬਾ ਸੀ। ਉਹ ਬੱਚਿਆਂ ਨੂੰ ਮਾਂ ਭੈਣਾਂ ਦੀਆਂ ਗਾਲ੍ਹਾਂ ਕੱਢ ਦੇਂਦਾ ਸੀ। ਸੰਤ ਇਨਕਲਾਬੀ ਸਨ ਉਨ੍ਹਾਂ ਨੂੰ ਇਹ ਗੱਲ ਚੁੱਭੀ ਤੇ ਲਾਂਗਰੀ ਨੂੰ ਕੱਢਣ ਦਾ ਮਨ ਬਣਾ ਲਿਆ। ਸੰਤਾਂ ਮੁੰਡਿਆਂ ਨੂੰ ਕਿਹਾ, "ਲਾਂਗਰੀ ਨੂੰ ਚਾਹਟਾ ਛਕਾਈਏ।" ਮੁੰਡੇ ਇਹ ਤਾਂ ਨਾ ਮੰਨੇ ਪਰ ਇਤਨਾ ਜ਼ਰੂਰ ਕਿਹਾ ਕਿ ਅਸੀਂ ਗਵਾਹੀ ਜ਼ਰੂਰ ਦਿਆਂਗੇ। ਇੱਕ ਦਿਨ ਇੱਕ ਮੁੰਡੇ ਨੇ ਪਾਣੀ ਮੰਗਿਆ ਤਾਂ ਲਾਂਗਰੀ ਗਾਲ੍ਹ ਚੁੱਕ ਕੱਢੀ। ਸੰਤਾਂ ਬਲਦੀ ਬਲਦੀ ਲਕੜੀ ਚੁੱਕੀ ਤੇ ਲਾਂਗਰੀ ਨੂੰ ਦੇ ਮਾਰੀ। ਰੌਲਾ ਪੈ ਗਿਆ, ਸਕੱਤਰ ਆ ਗਿਆ, ਪ੍ਰਧਾਨ ਵੀ ਆ ਗਿਆ। ਸਾਰੇ ਵਿਦਿਆਰਥੀ ਇੱਕ ਜ਼ੁਬਾਨ ਹੋਕੇ ਬੋਲੇ, "ਲਾਂਗਰੀ ਕੱਬਾ ਏ, ਗਾਲ੍ਹਾਂ ਕੱਢਦਾ ਏ ਸੁੱਕੀਆਂ ਰੋਟੀਆਂ ਦੇਂਦਾ ਏ, ਇਹਨੂੰ ਬਦਲ ਦਿੱਤਾ ਜਾਵੇ।" ਉਸ ਸਮੇਂ ਸ੍ਰ: ਤੀਰਥ ਸਿੰਘ ਪ੍ਰਧਾਨ ਸੀ। ਉਸਨੇ ਕਿਹਾ, "ਲਾਂਗਰੀ

ਤਾਂ ਮਿਲਦਾ ਨਹੀਂ, ਕੰਮ ਕਿਵੇਂ ਚਲੇ?'' ਸੰਤਾਂ ਕਿਹਾ, ''ਲੰਗਰ ਮੈਂ ਪਕਾਵਾਂਗਾ।'' ਤੁਸੀਂ ਚਿੰਤਾ ਨਾ ਕਰੋ। ਸੰਤਾਂ ਦੀ ਸੇਵਾ ਦੀ ਪ੍ਰਸਿੱਧੀ ਅੱਗੇ ਵੀ ਫੈਲੀ ਹੋਈ ਸੀ। ਸੰਤਾਂ ਨੂੰ ਲਾਂਗਰੀ ਥਾਪ ਦਿੱਤਾ ਗਿਆ ਤੇ ਪਹਿਲੇ ਲਾਂਗਰੀ ਨੂੰ ਛੁੱਟੀ ਹੋ ਗਈ।

ਸੰਤਾਂ ਜਿੰਨਾਂ ਦੁੱਧ ਆਉਣਾ, ਗਰਮ ਕਰਕੇ ਮਲਾਈ ਲਾਹਕੇ ਰੱਖਕੇ ਮੱਖਣ ਬਣਾ ਪ੍ਰਸ਼ਾਦੇ ਚੋਪੜਨੇ। ਸਭ ਨੂੰ ਬਰਾਬਰ ਬਰਾਬਰ ਦੁੱਧ। ਸਾਰਾ ਮਾਹੌਲ ਬਦਲ ਗਿਆ। ਮੁੰਡੇ ਵੀ ਰਾਜ਼ੀ ਤੇ ਪ੍ਰਬੰਧਕ ਵੀ ਖ਼ੁਸ਼। ਸੰਤਾਂ ਦਾ ਚੰਗਾ ਬੋਲ ਬਾਲਾ ਕਾਇਮ ਹੋਇਆ। ਪਰ ਸੁਪਰਡੈਂਟ ਨੂੰ ਦੁੱਧ ਮੱਖਣ ਮਿਲਣਾ ਬੰਦ ਹੋ ਗਿਆ। ਉਸਨੂੰ ਸੂਲ ਪੈਣ ਲੱਗੇ। ਪੇਸ਼ ਕੋਈ ਨਾ ਜਾਵੇ। ਵਿੱਚੋ ਵਿਚ ਵਿਸ ਘੋਲੇ। ਸੰਤਾਂ ਨੇ ਉਸਦਾ ਵੀ ਬੋਰੀਆ ਬਿਸਤਰਾ ਗੋਲ ਕਰਨ ਦਾ ਮਨ ਬਣਾ ਲਿਆ।

ਸ਼ਹਿਰ ਦੇ ਮੁੰਡੇ ਇਨ੍ਹਾਂ ਬੱਚਿਆਂ ਨੂੰ ਮਾਂ ਮਹਿਟਰ ਸਮਝਦੇ ਸਨ ਤੇ ਮਨਮਰਜ਼ੀ ਨਾਲ ਵਰਤਣਾ ਤੇ ਬਦ ਫੈਲੀਆਂ ਕਰਦੇ ਸਨ। ਸੁਪਰਡੈਂਟ ਆਪ ਵੀ ਇਸ ਮਾਮਲੇ ਨਾਲ ਜੁੜਿਆ ਸੀ, ਇਹ ਉਨ੍ਹਾਂ ਲਫੰਗਿਆਂ ਨੂੰ ਕੁਝ ਨਾ ਕਹਿੰਦਾ। ਸੰਤਾਂ ਨੂੰ ਤਰਕੀਬ ਸੁੱਝੀ। ਇੱਕ ਦਿਨ ਕੱਚੇ ਤੇ ਸੜੇ ਪ੍ਰਸ਼ਾਦੇ ਸੁਪਰਡੈਂਟ ਨੂੰ ਭੇਜ ਦਿੱਤੇ। ਉਹ ਮੁੜ ਬਲ ਕੋਲੇ ਹੋ ਗਿਆ। ਸੰਤਾਂ ਨੂੰ ਬੁਲਾਇਆ ਤੇ ਪੁੱਛਿਆ, ''ਕੂਕਿਆ, ਰੋਟੀਆਂ ਕਿਉਂ ਸੜਦੀਆਂ ਹਨ,'' ਸੰਤਾਂ ਉੱਤਰ ਦਿੱਤਾ, ''ਸਰਦਾਰ ਸਾਹਿਬ,'' ਸਭ ਠੀਕ ਹੈ, ਮੁੰਡਿਆਂ ਨੂੰ ਪੁੱਛੋ। ਬੋਰਡਰਾਂ ਨੂੰ ਇਕੱਠਾ ਕੀਤਾ ਗਿਆ ਤੇ ਪੁੱਛਿਆ ਗਿਆ ਕਿਉਂ ਵਈ ਪ੍ਰਸ਼ਾਦੇ ਕੈਸੇ? ਸਭ ਇੱਕ ਜ਼ੁਬਾਨ ਹੋ ਕੇ ਕਿਹਾ, ''ਵਧੀਆ, ਚੋਪੜੇ, ਫੂਲੇ ਤੇ ਕੂਲੇ।'' ਸੁਪਰਡੈਂਟ ਨੇ ਕਿਹਾ ਮੈਨੂੰ ਸੜੇ ਕਿਉਂ ਮਿਲਦੇ ਹਨ? ਸੰਤਾਂ ਕਿਹਾ, ਸਰਦਾਰ ਸਾਹਿਬ ਪੱਕਦਿਆਂ ਪਕਾਂਦਿਆਂ ਵੱਧ ਘੱਟ ਹੋ ਜਾਂਦਾ ਹੈ ਅਤੇ ਅੱਧ ਕੱਚਾ ਵੀ ਰਹਿ ਜਾਂਦਾ ਏ, ਪਰ ਅੰਨ ਸੁੱਟਣਾ ਬਣਾ ਪਾਪ ਏ। ਸਿਆਣੇ ਕਹਿੰਦੇ ਹਨ ਸੜੇ ਪ੍ਰਸ਼ਾਦੇ ਨੂੰ ਖਾਈਏ ਤਾਂ ਉਹ ਦਰਗਾਹੇ ਉਗਾਹੀ ਭਰਦਾ ਏ ਕਿ ਮੇਰਾ ਇਨ੍ਹਾਂ ਆਦਰ ਕੀਤਾ ਏ। ਸੁਪਰਡੈਂਟ ਚੁੱਪ। ਮੁੰਡੇ ਬੁੱਲ੍ਹੀਆਂ ਵਿਚ ਮੁਸਕਾਣ।

ਇੰਨੇ ਨੂੰ ਸ਼ਹਿਰ ਦੇ ਗੁੰਡਿਆਂ ਦਾ ਵੀ ਰੌਲਾ ਵਧਦਾ ਗਿਆ। ਗੁੰਡੇ ਸਿਰੇ ਚੜੇ ਹੋਏ ਸਨ, ਉਹ ਕਹਿਣ ਜਿਹੜਾ ਸਾਡੇ ਵਲ ਉਂਗਲੀ ਕਰੇ, ਉਹ ਉਂਗਲੀ ਵਡ ਦਿਆਂਗੇ, ਜਿਹੜਾ ਕੈਰੀ ਅੱਖ ਕਰੇ ਉਹ ਅੱਖ ਕੱਢ ਦਿਆਂਗੇ। ਅਗਲੇ ਦਿਨ ਉਹ ਚਾਂਭਲੇ-ਚਾਂਭਲੇ ਬਰੋਡਿੰਗ ਆ ਵੜੇ। ਸੰਤਾਂ ਮੁੰਡਿਆਂ ਨੂੰ ਕਿਹਾ, ''ਫੜ ਲਵੋ।'' ਬਸ ਮੁੰਡਿਆਂ ਚੰਗਾ ਫਾਂਡਾ ਚਾੜਿਆ। ਪ੍ਰਧਾਨ ਵੀ ਆ ਗਿਆ। ਬੋਰਡਰਾਂ ਨੂੰ ਇਕੱਠਾ ਕੀਤਾ ਗਿਆ, ਕੀ ਮਾਮਲਾ ਏ? ਬੋਰਡਰਾਂ ਠੀਕ ਠੀਕ ਗੱਲ ਕਹਿ ਦਿੱਤੀ। ਮੁੰਡਿਆਂ ਦੇ ਬਿਆਨ ਸੁਣ ਸੁਪਰਡੈਂਟ ਨੂੰ ਵੀ ਖੁੱਲ੍ਹੀ ਛੁੱਟੀ ਹੋ ਗਈ, ਉਸਨੇ ਬੋਰਡਰਾਂ ਨੂੰ ਹੌਸਲਾ ਦੇਂਦਿਆਂ ਕਿਹਾ, ਜਿਹੜਾ ਵੀ

ਤੁਹਾਡੇ ਨਾਲ ਬਦ-ਸਲੂਕੀ ਕਰੇ ਉਸਨੂੰ ਖ਼ੂਬ ਜੁਤਿਆਉ ਹੁਣ ਯਤੀਮਖਾਨੇ ਵਿਚ ਸੰਤਾਂ ਦਾ ਰਾਜ ਸੀ। ਸੰਤ ਪਾੜ੍ਹੇ, ਸੰਤ ਲਾਂਗਰੀ, ਸੰਤ ਸੁਪਰਡੈਂਟ। ਇਨ੍ਹਾਂ ਪਾਸੋਂ 500 ਰੁਪਏ ਦਾ ਮੁਚਲਕਾ ਲਿਖਵਾ ਲਿਆ ਗਿਆ ਕਿ ਜੇ ਬਿਨਾ ਵਜ੍ਹਾ ਜਾਵੇ ਤਾਂ 500 ਰੁਪਏ ਜਬਤੇ ਸੰਤਾਂ ਪ੍ਰਵਾਨ ਕਰ ਲਿਆ।

ਯਤੀਮਖਾਨੇ ਵਿਚ ਰਹਿੰਦਿਆਂ ਕੁਝ ਸਮਾਂ ਬੀਤਿਆ ਤਾਂ ਇਨ੍ਹਾਂ ਦੇ ਜੀਵਨ ਵਿਚ ਨਵਾਂ ਮੋੜ ਆਇਆ। ਸੰਤ ਭਗਤ ਸਿੰਘ ਧੜੱਲੇਦਾਰ ਪ੍ਰਚਾਰਕ ਸਨ। ਉਨ੍ਹਾਂ ਤੇ ਗੁਰੂ ਹਰੀ ਸਿੰਘ ਜੀ ਦੀਆਂ ਬਖਸ਼ਸ਼ਾਂ ਸਨ। ਉਨ੍ਹਾਂ ਮੰਗਲ ਸਿੰਘ ਨੂੰ ਸਿੰਘ ਸਭੀਆਂ ਦੇ ਕਬਜ਼ੇ ਵਿਚ ਵੇਖਿਆ ਤੇ ਸੋਚਿਆ ਕਿ ਕਿਤੇ ਇਹ ਹੀਰਾ ਹੱਥੋਂ ਨਿਕਲ ਨਾ ਜਾਵੇ। ਉਸਨੂੰ ਪਤਾ ਲੱਗਾ ਮੰਗਲ ਸਿੰਘ ਗੁਜਰਾਂਵਾਲੇ ਪੜ੍ਹਦਾ ਤੇ ਪੜ੍ਹਾਂਦਾ ਵੀ ਹੈ। ਉਹ ਸੰਤਾਂ ਨੂੰ ਮਿਲਿਆ ਤੇ ਆਖਿਆ, "ਉਏ ਮੰਗਲੂ ਤੂੰ ਕਿੱਥੇ ਫੱਸਿਆ ਪਿਆ ਏ?" ਅਸੀਂ ਗੁਰੂ ਰਾਮ ਸਿੰਘ ਦਾ ਝੰਡਾ ਸੰਸਾਰ ਤੇ ਝੁਲਾਣਾ ਏ। ਛੱਡ ਇਹ ਮੜ੍ਹੀ ਮਾਸਟਰੀ ਤੇ ਟੁਰ ਮੇਰੇ ਨਾਲ। ਸੰਤਾਂ ਕਿਹਾ, "ਕੋਈ ਤਜਵੀਜ਼ ਲੜਾ ਲਈਏ।" ਸੱਪ ਵੀ ਮਰ ਜਾਏ ਤੇ ਸੋਟਾ ਵੀ ਨਾ ਟੁੱਟੇ। ਮੈਂ ਆਇਆ ਜਾਣ।

ਅਗਲੇ ਦਿਨ ਮੁੰਡਿਆਂ ਨੂੰ ਲੰਗਰ ਵੇਲੇ ਇਹ ਪੱਟੀ ਪੜ੍ਹਾਈ ਕਿ ਜਿਹੜਾ ਤੁਹਾਨੂੰ ਯਤੀਮ ਕਹੇ, ਉਸਦੀ ਪਗੜੀ ਲਾਹ ਦਿਉ। ਸੰਭਲ ਮੈਂ ਆਪੇ ਲਵਾਂਗਾ। ਇੱਕ ਦਿਨ ਮੁੰਡੇ ਬੇਰੀ ਨੂੰ ਖੇਸਾਂ ਮਾਰ ਮਾਰ ਬੇਰ ਖਾ ਰਹੇ ਸਨ ਇੱਕ ਮੁੰਡੇ ਵੱਟਾ ਮਾਰਿਆ ਤੇ ਵੱਟਾ ਹੈਡ ਮਾਸਟਰ ਦੀ ਪੱਗ ਤੇ ਲੱਗਾ ਤੇ ਉਹ ਕੜਕ ਕੇ ਬੋਲਿਆ, "ਭੂਤਨੀ ਦਿਓ! ਕੀ ਕਰ ਰਹੇ ਹੋ?" ਹੈਡ ਮਾਸਟਰ ਦੇ ਮੂੰਹੋਂ ਇਹ ਸ਼ਬਦ ਨਿਕਲੇ ਹੀ ਸਨ ਕਿ ਮੁੰਡੇ ਖਖਿਆ ਕੇ ਪੈ ਗਏ, ਤੂੰ ਗਾਲ੍ਹ ਕਿਉਂ ਕੱਢੀ ਏ? ਅਸੀਂ ਮਾਤਾ ਸਾਹਿਬ ਦੇਵਾ ਦੇ ਪੁੱਤ। ਸਾਡਾ ਪਿਤਾ ਗੁਰੂ ਗੋਬਿੰਦ ਸਿੰਘ। ਸਾਨੂੰ ਗਾਲ੍ਹ ਕਿਉਂ? ਅਸੀਂ ਭੂਤਨੀ ਦੇ ਕਿਵੇਂ? ਹੈਡ ਮਾਸਟਰ ਵੀ ਤਾੜ ਗਿਆ ਕਿ ਇਹ ਕੂਕੇ ਦਾ ਪੜ੍ਹਾਇਆ ਪਾਠ ਏ। ਉਸ ਪ੍ਰਧਾਨ ਨਾਲ ਗੱਲ ਕੀਤੀ ਤੇ ਆਖਿਆ, 'ਸਰਦਾਰ ਸਾਹਿਬ ਇਹ ਕੂਕਾ ਮੁੰਡਾ ਸਾਰਾ ਬਾਗ਼ ਉਜਾੜ ਦੇਵੇਗਾ। ਭਾਰੀ ਬਦਨਾਮੀ ਹੋਵੇਗੀ, ਪ੍ਰਧਾਨ ਨੇ ਆਪ ਤਫਤੀਸ਼ ਸ਼ੁਰੂ ਕੀਤੀ ਤੇ ਹਰੇਕ ਮੁੰਡੇ ਨੂੰ ਵਾਰੀ ਵਾਰੀ ਪੁੱਛਿਆ। ਉਨ੍ਹਾਂ ਕਿਹਾ ਕਿ ਅਸੀਂ ਸਭ ਮਾਸਟਰਾਂ ਦੀਆਂ ਸ਼ੀਟਰੋਲਾ ਤਿਆਰ ਕਰ ਰੱਖੀਆਂ ਹਨ। ਸਭ ਨੂੰ ਛੁੱਟੀ ਕਰ ਦੇਵਾਂਗੇ। ਸਾਰੇ ਮਾਸਟਰ ਬੇਈਮਾਨ ਤੇ ਨਾਲਾਇਕ ਹਨ, ਇਹ ਨਹੀਂ ਰੱਖਣੇ। ਪ੍ਰਧਾਨ ਵੀ ਮਸਤ ਗਿਆ ਇਹ ਸਾਰਾ ਪਵਾੜਾ ਮੰਗਲ ਸਿੰਘ ਦਾ ਹੈ। ਉਸ ਸੰਤਾਂ ਨੂੰ ਬੁਲਾਕੇ ਕਿਹਾ, 'ਕੂਕਿਆ! ਸੰਤਾਂ ਪੋਲਾ ਜਿਹਾ ਮੂੰਹ ਬਣਾਕੇ ਕਿਹਾ, 'ਮੇਰਾ 500 ਰੁਪਏ ਵਾਲਾ ਕਾਗ਼ਜ਼ ਮੋੜ ਦਿਓ। ਪ੍ਰਬੰਧਕਾਂ ਮੁਚਲਕਾ ਮੋੜਿਆ। ਸੰਤਾਂ ਮਛਹਿਰਾ ਪਰਨਾ ਫੜਿਆ ਤੇ ਬਿਨਾ ਕੁਝ ਖਾਧੇ ਪੀਤੇ ਤੁਰ ਪਏ। ਰਾਤ ਕਿਤੇ ਬਾਹਰ ਗੁਜ਼ਾਰੀ ਤੇ ਮੁੜ ਨਾਨਕੇ ਤੇ ਨਾਨਕਿਉਂ ਫਤੂਹੀ ਚੱਕ ਆ ਗਏ।

# ਨਾਮਧਾਰੀ ਪ੍ਰਚਾਰ ਤੇ ਦੌਰੇ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅੰਗਰੇਜ਼ ਵਿਰੁੱਧ ਆਜ਼ਾਦੀ ਦੀ ਲੜਾਈ ਆਰੰਭੀ। ਉਨ੍ਹਾਂ ਨੂੰ ਬੰਗਾਲ 1818 ਦੇ ਰੈਗੂਲੇਸ਼ਨ ਅਧੀਨ ਜਲਾਵਤਨ ਕੀਤਾ ਗਿਆ। ਕੂਕਾ ਲਹਿਰ ਗ਼ੈਰ-ਕਾਨੂੰਨੀ ਕਰਾਰ ਦਿੱਤੀ ਗਈ। ਗੁਰੂ ਹਰੀ ਸਿੰਘ ਜੀ ਇਸ ਲੜਾਈ ਦੇ ਝੰਡੇ ਨੂੰ ਨੀਵਾ ਨਹੀਂ ਹੋਣ ਦਿੱਤਾ, ਸਗੋਂ ਗੁਪਰ ਤੂਪ ਵਿਚ ਜੰਗ ਜਾਰੀ ਰੱਖੀ। ਕੂਕਿਆਂ ਗੋਰੀ ਸਰਕਾਰ ਨੂੰ ਮਾਨਗਾ ਤੱਕ ਨਹੀਂ ਸੀ ਦਿੱਤੀ। ਇਹ ਸਦਾ ਉਨ੍ਹਾਂ ਨੂੰ ਬਿੱਲਿਆਂ ਕਕਿ ਕੇ ਪੁਕਾਰਦੇ ਇੱਥੇ ਹੀ ਬੱਸ ਨਹੀਂ, ਕੂਕੇ ਹਰ ਸੰਸਥਾ ਜਾਂ ਵਿਅਕਤੀ ਦੀ ਵਿਰੋਧਤਾ ਕਰਦੇ, ਜਿਹੜੇ ਅੰਗਰੇਜ਼ ਦੀ ਖ਼ੈਰ ਖਾਹੀ ਦਾ ਦਮ ਭਰਦੇ ਸਨ। ਇਸੇ ਕਰਕੇ, ਉਨ੍ਹਾਂ ਨਾਲ ਇੱਟ ਖੜਕਾ ਰਹਿੰਦਾ। ਸਰਕਾਰ ਸ੍ਰੀ ਭੈਣੀ ਸਾਹਿਬ ਨੂੰ ਬਾਗ਼ੀਆਂ ਦੀ ਬਸਤੀ ਸਮਝਦੀ। ਹਾਲਾਂਕਿ ਇਸ ਧਰਤੀ ਨੂੰ ਮਹਾਨ ਗੌਰਵਤਾ ਪ੍ਰਾਪਤ ਹੈ। ਇਸ ਧਰਤੀ ਦੇ ਚੱਪੇ-ਚੱਪੇ ਤੇ ਭਜਨ ਬੰਦਗੀ ਵਾਲੇ ਸਾਧੂਆਂ ਦਾ ਆਸਣ ਰਿਹਾ ਹੈ। ਯੁਗਾਂ-ਜੁਗਾਂਤਰਾਂ ਤੋਂ ਰਿਸ਼ੀਆਂ ਮੁਨੀਆਂ ਦੀ ਤਪੋ ਭੂਮੀ ਹੈ। ਵਿਸਾਖੀ 1857 ਤੋਂ ਭਾਰਤ ਦੀ ਆਜ਼ਾਦੀ ਤੇ ਵਿਸ਼ਵ ਸ਼ਾਂਤੀ ਦਾ ਝੰਡਾ ਇਸ ਧਰਤੀ ਤੇ ਝੁਲਿਆ। ਗੁਰੂ ਹਰੀ ਸਿੰਘ ਜੀ ਦੇ ਸਮੇਂ ਗੋਰੇ ਸ਼ਾਹੀ ਵੱਲੋਂ ਸੁਤੰਤਰਤਾ ਸੰਗਰਾਮੀਆਂ ਵਾਸਤੇ ਇਹ ਉਹ ਹਵਨ ਕੁੰਡ ਸੀ ਜਿਸ ਵਿਚ ਗੁਰੂ ਪਿਆਰਿਆਂ ਰਾਸ ਵਿਯੋਗੀਆਂ, ਭਜਨੀਕਾਂ ਤੇ ਆਜ਼ਾਦੀ ਦੇ ਪਰਵਾਨਿਆਂ ਦੇ ਲਹੂ ਮਾਸ ਨੂੰ ਤਪਾਇਆ ਜਾਂਦਾ ਸੀ। ਪਰ ਆਸ਼ਿਕ ਸਦਾ ਨਦੀਆਂ, ਸਹਿਰਾਵਾਂ ਤੇ ਪਰਬਤਾਂ ਨੂੰ ਚੀਰਦੇ ਇੱਥੇ ਪੁੱਜ ਕੇ ਗੁਰੂ ਜੀ ਦੇ ਦਰਸ਼ਨ ਕਰ ਦੀਦੇ ਠਾਰਦੇ ਤੇ ਪਰਦੇਸੀ ਪ੍ਰੀਤਮ ਦੀ ਯਾਦ ਵਿਚ ਹਉਕੇ ਭਰਦੇ।

ਸੰਤ ਮੰਗਲ ਸਿੰਘ ਨੂੰ ਯਤੀਮਖਾਨੇ ਤੋਂ ਵਿਹਲਾ ਹੋਇਆ ਤਾਂ ਇਹ ਪਵਿੱਤਰ ਧਰਤੀ ਯਾਦ ਆਈ ਤੇ ਸ੍ਰੀ ਭੈਣੀ ਸਾਹਿਬ ਨੂੰ ਵਹੀਰਾਂ ਘੱਤ ਦਿੱਤੀਆਂ ਇੱਥੇ ਗੁਰੂ ਜੀ ਦੇ ਦਰਜ਼ਨ, ਮਾਤਾ ਜੀਵਨ ਕੌਰ ਦਾ ਪਿਆਰ, ਹੋਰ ਭਜਨ ਬਾਣੀ ਨੇ ਕੀਲ ਲਿਆ ਤੇ ਸੰਤ ਹਰ ਸਮੇਂ ਸ਼ਬਦ ਕੀਰਤਨ ਕਰਦਿਆਂ ਮਸਤਾਨੀ ਦਸ਼ਾ ਵਿਚ ਵਿਚਰਦੇ ਤੇ ਜਿੱਥੇ ਕਿਤੇ ਵੀ ਸਰਕਾਰੀ ਪੱਖੀਆਂ ਵੱਲੋਂ ਦੀਵਾਨ ਹੁੰਦਾ, ਇਹ ਜਾਂ ਗੱਜਦੇ ਅਤੇ ਸਰਕਾਰੀ ਪਿੱਠੂਆਂ ਨਾਲ ਟੱਕਰ ਲੈਂਦੇ ਜਦ ਤੋਂ ਸਿੰਘ ਸਭਾ ਵਜੂਦ ਵਿਚ ਆਈ, ਇਏ ਕੂਕਿਆਂ ਨਾਲ ਇੱਟ ਖੜਕਾ ਲਾਈ ਰੱਖਦੀ। ਇੱਕ ਸਮੇਂ ਸਿੰਘ ਸਭੀਆਂ ਪਿੰਡ 'ਉੱਪਲੀ' ਦੀਵਾਨ ਕੀਤਾ ਸਰਕਾਰੀ ਪੱਖੀ ਦੂਰੋਂ ਦੂਰੋਂ ਉੱਥੇ ਪੁੱਜੇ। ਸੰਤ ਵੀ ਮਸਤੀ ਦੀ ਹਾਲਤ ਵਿਚ ਹੀ ਉੱਪਲੀ ਗਏ। ਸਿੰਘ ਸਭੀਆਂ ਸਰਕਾਰ ਦੇ ਗੁਣ ਗਏ, 'ਗੁਣ ਮਾਨਯੋ ਗ੍ਰੰਥ' ਦਾ ਪੂਰੇ ਜ਼ੋਰ ਸ਼ੋਰ ਨਾਲ ਪ੍ਰਚਾਰ ਕੀਤਾ, ਕੁਝ ਅਛੂਤ ਜਾਤੀਆਂ ਨੂੰ ਅੰਮ੍ਰਿਤ ਛਕਾਇਆ, ਉਨ੍ਹਾਂ ਪਾਸੋਂ ਲੰਗਰ ਪਕਵਾਇਆ ਤੇ ਵਰਤਾਇਆ। ਸੰਤ ਰਹਿ ਕਾ ਸਕੇ ਤੇ ਗੱਜਣ ਲੱਗ

ਪਏ। 'ਸੁਣੋ ਉਇ ਅੰਨ੍ਹਿਉ ਲੋਕੋ!' ਜੁਗਾਂ-ਜੁਗਾਂ ਤੋਂ ਗੁਰੂ ਚਲਿਆ ਆ ਰਿਹਾ ਹੈ। ਜੁਗਾਂ ਤੋਂ ਹੀ ਬਾਣੀ ਚਲਦੀ ਆ ਰਹੀ ਹੈ। ਇਹ ਕੋਈ ਨਵੀਂ ਕਾਢ ਨਹੀਂ। ਭਾਈ ਗੁਰਦਾਸ ਲਿਖਦਾ ਹੈ:-

**ਸੁਖ ਰਾਜੇ ਹਰੀ ਚੰਦ ਘਰ ਨਾਰ ਸੁ ਤਾਰਾਂ ਲੋਚਣ ਰਾਣੀ॥**
**ਸਾਧ ਸੰਗਤਿ ਮਿਲ ਗਾਂਵਦੇ, ਰਾਤੀ ਜਾਏ ਸੁਣੇ ਗੁਰਬਾਣੀ॥**

ਪਰੰਪਰਾ ਤੋਂ ਗੁਰੂ ਹੈ ਤੇ ਗੁਰੂ ਦੇ ਨਾਲ ਬਾਣੀ ਹੈ। ਤੁਸੀਂ ਆਖਦੇ ਹੋ ਕਿ ਬਾਣੀ ਬਚਣ ਵਾਲਾ ਹੀ ਗੁਰੂ ਹੋ ਸਕਦਾ ਹੈ? ਤਾਂ ਤੁਸੀਂ ਦੱਸੋ ਕਿ ਛੇਵਾਂ, ਸੱਤਵਾਂ ਤੇ ਅੱਠਵਾਂ ਗੁਰੂ ਕਿਵੇਂ ਹੋ ਗਿਆ? ਕਿਉਂਕਿ "ਬਾਣੀ ਗੁਰੂ ਗੁਰੂ ਹੈ ਬਾਣੀ" ਇਹ ਗੁਰੂ ਰਾਮ ਦਾਸ ਜੀ ਦੀ ਬਾਣੀ ਹੈ, ਜੋ ਇਸ ਬਾਣੀ ਦੇ ਹੁੰਦਿਆਂ ਪੰਜਵੇਂ ਤੋਂ ਦਸਵੇਂ ਤੱਕ ਰੋਕ ਰੋਕ ਨਹੀਂ ਪੈ ਸਕਦੀ, ਤਾਂ ਗੁਰੂ ਬਾਲਕ ਸਿੰਘ ਤੇ ਗੁਰੂ ਰਾਮ ਸਿੰਘ ਦ ਨਾਲ ਨਾਲ ਗੁਰਬਾਣੀ ਦੇ ਸਤਿਕਾਰ ਵਿਚ ਫ਼ਰਕ ਨਹੀਂ ਪੈ ਸਕਦਾ। ਫਿਰ ਇਸੇ ਸ਼ਬਦ ਵਿਚ ਲਿਖਿਆ ਹੈ:-

**ਬਾਣੀ ਕਹੈ ਸੇਵਕ ਜਨ ਮੰਨੇ, ਤਰਤਖ ਗੁਰੂ ਨਿਸਤਾਰੇ॥**

ਪ੍ਰਤੱਖ ਦਾ ਭਾਵ, ਹਾਜਰ-ਨਾਜਰ, ਸਮੇਂ ਦੇ ਗੁਰੂ ਨਾਲ ਸੰਬੰਧ ਰੱਖਦਾ ਹੈ। ਇਸ ਲਈ ਸਮੇਂ ਦੇ ਸਤਿਗੁਰੂ ਤੋਂ ਬਿਨਾ ਤੁਸੀਂ ਹਾਰੇ ਹੋਏ ਜੁਆਰੀ ਹੋ। ਤੁਸੀਂ ਅੰਗਰੇਜ਼ ਪੱਖੀ ਹੋ। ਤੁਹਾਨੂੰ ਜਿਵੇਂ ਉਹ ਕਹਿੰਦੇ ਹਨ ਤਿਵੇਂ ਬੋਲਦੇ ਹੋ। ਤੁਸੀਂ ਗ੍ਰੰਥ ਸਾਹਿਬ ਨੂੰ ਗੁਰੂ ਮੰਨਦੇ ਹੋ। ਤੁਸੀਂ ਗ੍ਰੰਥ ਸਾਹਿਬ ਨੂੰ ਮੱਥਾ ਟੇਕਣਾ ਜਾਣਦੇ ਹੋ, ਉਸ ਵਿਚ ਰੱਬੀ ਬਾਣੀ ਨੂੰ ਨਹੀਂ ਮੰਨਦੇ। ਕੇਵਲ ਮੱਥਾ ਟੇਕਣ ਨਾਲ ਸਿੱਖੀ ਨਹੀਂ ਮਿਲਦੀ, ਸਿੱਖੀ ਅਮਲ ਵਿਚ ਹੈ।

**ਸੀਸ ਨਿਵਾਈਐ ਕਿਹਾ ਥਿਐ ਜੇ ਰਿਧਾ ਕਸੁਧਾ ਜਾਇ॥**

ਸੰਤ ਮਸਤੀ ਵਿਚ ਹੀ ਬੋਲਦੇ ਜਾ ਰਹੇ ਸਨ। ਭੂਤਰੇ ਹੋਏ ਸਿੰਘ ਸਭਾਈਆਂ ਸੰਤਾਂ ਤੇ ਹੱਲਾ ਬੋਲ ਦਿੱਤਾ। ਮੁੱਕੇ ਮਾਰੇ, ਕੇਸ ਵੀ ਪੁੱਟੇ। ਨਾਲ ਗਏ ਸਿੰਘ ਅੱਗੇ ਵੱਧੇ ਤੇ ਸੰਤਾਂ ਨੂੰ ਛੁਡਾਕੇ ਲਿਆਏ। ਸ੍ਰੀ ਭੈਣੀ ਸਾਹਿਬ ਲਿਆਂਦਾ ਗਿਆ। ਮਾਤਾ ਜੀਵਨ ਕੌਰ ਗਰਮ ਗਰਮ ਦੁੱਧ ਵਿਚ ਘਿਓ ਪਾ ਛਕਾਇਆ। ਗੁਰੂ ਹਰੀ ਸਿੰਘ ਜੀ ਵੀ ਆ ਦਰਸ਼ਨ ਦਿੱਤੇ। ਬੜੀਆਂ ਖ਼ੁਸ਼ੀਆਂ ਬਖਸ਼ੀਆਂ ਤੇ ਵਰ ਬਖਸ਼ ਦਿੱਤਾ। ਸੰਤਾਂ ਦੀ ਸਰਕਾਰ ਭਗਤਾਂ ਨਾਲ ਇਹ ਪਹਿਲੀ ਝੜਪ ਸੀ ਤੇ ਇਸ ਝੜਪ ਨਾਲ ਸੰਤਾਂ ਦਾ ਆਦਰ ਤੇ ਸਤਿਕਾਰ ਸੰਗਤਾਂ ਵਿਚ ਵਧਿਆ। ਮਾਤਾ ਜੀਵਨ ਕੌਰ ਵਿਸ਼ੇਸ਼ ਧਿਆਨ ਦੇਣ ਲੱਗੇ।

**ਜਬੈ ਬਾਣ ਲਾਗੈ ਤਬੈ ਰੋਸ ਜਾਗੈ।**

ਸੰਤਾਂ ਤੇ ਠੀਕ ਸਿੱਧ ਹੋਇਆ। ਮਸਤੀ ਦੇ ਆਕਾਸ਼ ਵਿਚ ਚਮਕਦੇ ਸਿਤਾਰੇ ਅੱਗੇ ਹੀ ਸਨ। ਹੁਣ ਪ੍ਰਚਾਰਕਾਂ ਵਿਚ ਲਿਸ਼ਕਾਰੇ ਮਾਰਨ ਲੱਗੇ। ਦੂਜਿਆਂ ਨਾਲ ਬੋਲਣ ਵਿਚ ਆਪ ਜਾਦੂਗਰ ਸਨ। ਇਨ੍ਹਾਂ ਦੇ ਭਾਸ਼ਣਾਂ ਵਿਚ ਪੰਜਾਬ ਦੀਆਂ ਕਹਾਵਤਾਂ ਦੀ ਭਰਮਾਰ ਹੁੰਦੀ ਸੀ। ਇਨ੍ਹਾਂ ਦੀਆਂ ਉਕਤੀਆਂ ਜੁਗਤੀਆਂ ਵੀ ਨਵੀਆਂ ਤੋਂ ਨਵੀਆਂ ਸਨ। ਇਸੇ ਕਾਰਨ ਆਪ ਅਰਸ਼ੀ

ਫ਼ਰਿਸ਼ਤੇ ਦੇ ਨਾਉਂ ਨਾਲ ਪ੍ਰਸਿੱਧ ਹੋਏ। ਸਤਿਗੁਰੂ ਰਾਮ ਸਿੰਘ ਜੀ ਦੇ ਵਿਛੋੜੇ ਕਾਰਨ ਗੁਰੂ ਹਰੀ ਸਿੰਘ ਜੀ ਸਦਾ ਵਿਯੋਗੀ ਰਹਿੰਦੇ ਤੇ ਨੇਤਰ ਵੀ ਸਜਲ। ਅੰਤਮ ਦਿਨਾਂ ਵਿਚ ਨੇਤਰਾਂ ਦੀ ਜੋਤ ਸੱਚੇ ਪਾਤਸ਼ਾਹ ਸਤਿਗੁਰੂ ਰਾਮ ਸਿੰਘ ਜੀ ਦੀ ਭਾਲ ਵਿਚ ਚਲੀ ਗਈ। ਡਾਕਟਰਾਂ ਅਤੇ ਅੱਖਾਂ ਦੇ ਮਹਿਰਾਂ ਬਥੇਰਾ ਦਵਾ ਦਾਰੂ ਕੀਤਾ, ਪਰ ਜੋਤ ਮੁੜੀ ਨਾ। ਸਤਿਗੁਰੂ ਜੀ ਬਚਨ ਕਰਦੇ ਮੇਰੇ ਪਰਦੇਸੀ ਪ੍ਰੀਤਮ ਨੂੰ ਮੋੜਕੇ ਲਿਆਉ। ਮੇਰੀ ਨਜ਼ਰ ਮੁੜ ਆਏਗੀ ਪਰ ਅਜੇ ਰਜ਼ਾ ਨਹੀਂ ਸੀ। ਕੋਈ ਇਲਾਜ ਵੀ ਨਾ ਹੋ ਸਕਿਆ।

## ਗੁਰੂ ਹਰੀ ਸਿੰਘ ਜੀ ਜੋਤੀ ਜੋਤ ਸਮਾਏ

ਸੰਮਤ 1963 ਦੇ ਅਰੰਭ ਵਿਚ ਹੀ ਗੁਰੂ ਹਰੀ ਸਿੰਘ ਜੀ ਦੀ ਦੇਹ ਢਿੱਲੀ ਰਹਿਣ ਲੱਗੀ। ਜਦ ਦਿਨੋ-ਦਿਨ ਹਾਲਤ ਵਿਗੜਦੀ ਗਈ ਤਾਂ ਨਿੱਜੀ ਸੇਵਾਦਾਰਾਂ, ਮਹੰਤ ਸੇਵਾ ਸਿੰਘ ਨੇ ਇਲਾਕੇ ਦੇ ਤਸੀਲਦਾਰ ਨੂੰ ਬੁਲਾ ਕੇ ਇੱਕ ਵਸੀਅਤਨਾਮਾ ਤਿਆਰ ਕੀਤਾ, ਜਿਸ ਵਿਚ ਮਾਤਾ ਜੀਵਨ ਕੌਰ ਸਤਿਗੁਰੂ ਪ੍ਰਤਾਪ ਸਿੰਘ, ਮਹਾਰਾਜ ਨਿਹਾਲ ਸਿੰਘ ਅਤੇ ਮਹਾਰਾਜ ਗੁਰਦਿਆਲ ਸਿੰਘ ਨੂੰ ਡੇਰੇ ਦਾ ਮਾਲਕ ਥਾਪਿਆ ਗਿਆ। ਇਹ ਕਾਰਵਾਈ ਬੀਬੀ ਨੰਦਾ ਅਤੇ ਬਸੰਤ ਸਿੰਘ ਆਦਿ ਦੇ ਸਾਹਮਣੇ ਕੀਤੀ। ਸਭਨਾਂ ਰਜ਼ਾਮੰਦੀ ਪ੍ਰਗਟ ਕੀਤੀ। ਗੁਰੂ ਜੀ ਜੇਠ ਵਦੀ 10 ਨੂੰ ਜੋਤੀ ਜੋਤ ਸਮਾ ਗਏ ਤੇ 1963 ਸੰਮਤ ਦੇ ਨਮਾਣੀ ਤੇ ਸੈਂਕੜੇ ਪਾਠਾਂ ਦੇ ਭੋਗ ਪਾਏ ਗਏ। ਕੜਾਹ ਪ੍ਰਸ਼ਾਦ ਵਰਤਿਆ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਗੁਰਗੱਦੀ ਦਾ ਵਾਰਸ ਘੋਸ਼ਿਤ ਕੀਤਾ ਗਿਆ। ਹਜ਼ਾਰਾਂ ਨਾਮਧਾਰੀਆਂ, ਨਰ-ਨਾਰੀਆਂ ਨਮਸਕਾਰਾਂ ਕਰ ਚਰਨ ਪਰਸੇ।

ਸ੍ਰੀ ਭੈਣੀ ਸਾਹਿਬ ਵਾਸਤ ਹਕੂਮਤ ਵੱਲੋਂ ਪਾਬੰਦੀ ਸੀ। ਇਸ ਵਾਸਤੇ ਸਿੰਘ ਆਉਂਦੇ ਤੇ ਪੁਲਿਸ ਚੌਂਕੀ ਵਿਚ ਨਾਉਂ ਦਰਜ ਕਰਾਕੇ ਗੁਰੂ ਪਰਿਵਾਰ ਦੇ ਦਰਸ਼ਨ ਕਰਦੇ। ਮਾਤਾ ਜੀਵਨ ਕੌਰ, ਆਈਆਂ ਸੰਗਤਾਂ ਦਾ ਪੂਰਾ ਪੂਰਾ ਧਿਆਨ ਦੇਂਦੇ। ਉਨ੍ਹਾਂ ਦੇ ਆਰਾਮ ਦਾ ਖ਼ਿਆਲ ਰਖਦੇ ਤੇ ਘਿਓ, ਦੁੱਧ ਨਾਲ ਸਭਨਾਂ ਨੂੰ ਪ੍ਰਸੰਨ ਰੱਖਦੇ। ਸੰਗਤਾਂ 'ਵੱਡੇ ਛੋਟੇ ਸਾਹਿਬਜ਼ਾਦੇ' ਕਹਿਕੇ ਸਤਿਕਾਰਦੇ। ਦੀਵਾਨਾਂ ਵਿਚ ਵੀ ਤਿੰਨੇ ਭਾਈ ਆਸਣ ਵਛਾ ਦਰਸ਼ਨ ਦੇਂਦੇ ਤੇ ਸੰਗਤਾਂ ਦੇ ਕੌਲਾਂ ਨੂੰ ਟਹਿਕਾਂਦੇ।

## ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੀ ਸੇਵਾ ਵਿਚ

ਸਮਾਂ ਬੀਤਦਾ ਗਿਆ, ਪਰ ਸਤਿਗੁਰੂ ਪ੍ਰਤਾਪ ਸਿੰਘ ਜੀ ਗੰਭੀਰਤਾ ਧਾਰਨ ਕਰੀ ਰਖਦੇ। ਨਾਮ ਬਾਣੀ ਵਿਚ ਲੀਨ ਰਹਿੰਦੇ। ਆਈਆਂ ਸੰਗਤਾਂ ਨਾਲ ਵੀ

ਘੱਟ ਹੀ ਬਚਨ ਕਰਦੇ। ਅੱਠੇ ਪਹਿਰ ਨਾਮ ਸਿਮਰਨ ਵਿਚ ਜੁਟੇ ਰਹਿੰਦੇ। ਨਿਕਟਵਰਤੀ ਮਹਾਂਪੁਰਸ਼ਾਂ ਨੂੰ ਇਹ ਪਸੰਦ ਨਾ ਆਇਆ। ਉਹ ਜਾਣਦੇ ਸਨ ਕਿ ਸਿੱਖ ਕਿੰਨੀਆਂ ਰੀਝਾਂ ਤੇ ਖ਼ੁਸ਼ੀਆਂ ਖ਼ਾਤਰ ਹਜ਼ਾਰਾਂ ਕੋਹਾਂ ਦਾ ਪੈਂਡਾ ਚੀਰਦੇ, ਭੁੱਖ-ਤ੍ਰੇਹ ਸਹਾਰਦੇ, ਸਰਕਾਰਚੀ ਕਠਿਨਾਈਆਂ ਝੱਲਦੇ ਸ੍ਰੀ ਭੈਣੀ ਸਾਹਿਬ ਦੇ ਦਰਸ਼ਨਾ ਨੂੰ ਆਉਂਦੇ ਹਨ, ਪਰ ਜੇ ਸਮੇਂ ਦਾ ਮਾਲਕ ਬਚਨ ਨਾ ਕਰੇ ਤਾਂ ਮਨ ਖੇੜੇ ਵਿਚ ਨਹੀਂ ਆਉਂਦਾ। ਸ੍ਰੀ ਭੈਣੀ ਸਾਹਿਬ ਆਕੇ ਆਲੇ-ਦੁਆਲੇ ਤੋਂ ਸਾਧ-ਸੰਗਤ ਜੁੜਦੀ ਹੈ ਤੇ ਦਰਸ਼ਨ ਹੁੰਦੇ ਹਨ ਪਰ ਜੇ ਲਾੜਾ ਹੀ ਮੋਨ ਧਾਰੀ ਰੱਖੇ ਤਾਂ ਜਝ ਤਾਂ ਸੁੰਞੀ ਹੀ ਹੁੰਦੀ ਹੈ। ਸਖੀਆਂ ਤਾਂ ਹੀ ਪ੍ਰਸੰਨ ਹੁੰਦੀਆਂ ਹਨ ਜੇ ਸਰਦਾਰ ਬਚਨ ਬਲਾਸ ਕਰੇ। ਸੱਚੇ ਪਾਤਸ਼ਾਹ ਤੇ ਅੱਠੇ ਪਹਿਰ ਨਾਮ ਸਿਮਰਨ ਤੋਂ ਬਿਨਾਂ ਕੋਈ ਗੱਲ ਨਾ ਕਰਦੇ। ਸੰਮਤ 1963 ਦੀ ਨਮਾਣੀ ਦਾ ਮੇਲਾ ਸੀ। ਸੰਗਤਾਂ ਹਜ਼ਾਰਾਂ ਦੀ ਗਿਣਤੀ ਵਿਚ ਕੌਹ ਕਾਫਾਂ ਦਾ ਪੈਂਡਾ ਚੂਰ ਪੁੱਜੀਆਂ ਹੋਈਆਂ ਸਨ। ਤਦ ਸੰਤ ਮੰਗਲ ਸਿੰਘ, ਭਗਤ ਸਿੰਘ, ਸੰਤ ਲਾਲ ਸਿੰਘ ਭੂਰੇ ਗਿਲ ਮਾਤਾ ਜੀਵਨ ਕੌਰ ਜੀ ਦੇ ਚਰਨਾਂ ਵਿਚ ਹਾਜ਼ਰ ਹੋਏ ਤਾਂ ਦਿਨ ਦੀ ਘੁੰਡੀ ਖੋਲ੍ਹੀ ਤੇ ਅਰਜ਼ ਕੀਤੀ, "ਮਾਤਾ ਜੀ! ਸਿੰਘ ਦੂਰੋਂ ਦੂਰੋਂ ਦਰਸ਼ਨਾਂ ਨੂੰ ਆਉਂਦੇ ਹਨ। ਉਨ੍ਹਾਂ ਦਾ ਮਨ ਪ੍ਰਸੰਨ ਨਹੀਂ ਹੁੰਦਾ, ਜਦ ਤੱਕ ਵੱਡੇ ਸਾਹਿਬਜ਼ਾਦੇ ਕੋਈ ਬਚਨ-ਬਿਲਾਸ ਨਾ ਕਰਨ। ਉਨ੍ਹਾਂ ਦਾ ਥਕੇਵਾਂ ਦੂਰ ਨਹੀਂ ਹੁੰਦਾ। ਜਦ ਤੱਕ ਉਨ੍ਹਾਂ ਨੂੰ ਪ੍ਰਸੰਨਤਾ ਪੂਰਵਕ ਨਜ਼ਰ ਭਰਕੇ ਦਰਸ਼ਨ ਨਾ ਦੇਣ।" ਮਾਤਾ ਜੀ ਸਤਿਗੁਰੂ ਨੂੰ ਕੋਲ ਬਿਠਾਇਆ ਤੇ ਕਿਹਾ, "ਵੇਖੋ ਜੀ! ਇਹ ਸੰਤ ਕੀ ਕਹਿੰਦੇ ਹਨ? ਤੁਸੀਂ ਆਏ ਸਿੱਖ ਸਾਧ ਨਾਲ ਰਾਜ਼ੀ ਹੋ ਬਚਨ ਬਿਲਾਸ ਕਰਿਆ ਕਰੋ, ਤਾਕਿ ਉਨ੍ਹਾਂ ਦਾ ਚਿੱਤ ਰਾਜ਼ੀ ਰਹੇ।" ਸੰਤਾਂ ਕੋਲੋਂ ਕਿਹਾ, ਮਹਾਰਾਜ ਜੀ ਬਾਣੀ ਕਹਿੰਦੀ ਹੈ:-

(ੳ) **ਗੁਰ ਰਸਨਾ ਅੰਮ੍ਰਿਤੁ ਬੋਲਦੀ ਹਰਿਨਾਮ ਸੁਹਾਵੀ॥**
**ਜਿਨ ਸੁਣਿ ਸਿਖਾ ਗੁਰੂ ਮਨਿਆ ਤਿਨਾ ਭੁਖ ਸਭ ਜਾਵੀ॥**

(ਅ) **ਕੋਟ ਲਾਖ ਰਾਜ ਸੁਖ ਪਾਏ ਇਕ ਨਿਮਖ ਪੇਖ ਦ੍ਰਿਸਟਾਨਾ॥**
**ਜਉ ਕਹਹੁ ਮੁਖਹੁ ਸੇਵਕ ਇਹ ਬੈਸੀਐ ਸੁਖ ਨਾਨਕ ਅੰਤੁ ਨ ਜਾਨਾ**

ਤਾਂ ਸੱਚੇ ਪਾਤਸ਼ਾਹ ਨੇ ਬੜੀ ਨਿਮਰਤਾ ਨਾਲ ਕਿਹਾ, 'ਮਾਤਾ ਜੀ!' ਮੈਨੂੰ ਸੰਗ ਲੱਗਦੀ ਹੈ? ਜਦ ਵੱਡੇ ਵੱਡੇ ਸਾਧੂ ਜਾਂ ਬਜ਼ੁਰਗਾਂ ਮੇਰੀ ਚਰਨੀ ਹੱਥ ਲਾਂਦੇ ਹਨ, ਮਨ ਝੇਪ ਖਾਂਦਾ ਹੈ, ਕਿ ਗੱਲਾਂ ਕਰਦਿਆਂ ਹੱਸਣ ਖੇਡਣ ਵਿਚ ਹੀ ਨਾ ਲੱਗ ਜਾਵਾਂ। ਇੱਕ ਇੱਕ ਸਵਾਸ ਅਮੋਲਕ ਹੈ। ਜੇ ਮੈਂ ਸਤਿਗੁਰਾਂ ਦੇ ਚਰਨਾਂ ਨਾਲ ਜੁੜਿਆ ਰਹਾਂ ਤੇ ਚੰਗਾ ਹੈ।

**ਖਾਣਾ ਪੀਣਾ ਹਸਣਾ ਯਾਦ ਜਦ ਲਗ ਰਿਦੈ ਨ ਆਵਹਿ ਯਾਦ॥**

ਪਰ ਤੁਹਾਡ ਬਚਨ ਨਹੀਂ ਮੋੜਿਆ ਜਾਂਦਾ। ਤਦ ਤੋਂ ਸੱਚੇ ਪਾਤਸ਼ਾਹ ਆਏ ਸਿੱਖ ਨਾਲ ਹੱਸ-ਬਿਲਾਸ ਕਰ ਉਨ੍ਹਾਂ ਨੂੰ ਖੇੜਾ ਭੰਡਣ ਲੱਗੇ।

ਗੁਰੂ ਹਰੀ ਸਿੰਘ ਜੀ ਦੀ ਬਖਸ਼ਸ਼ ਨਾਲ ਨਿੱਤ ਨਵੇਂ ਸੂਰਜ ਸੰਤਾਂ ਦਾ

ਸਤਿਕਾਰ ਵੱਧਣ ਲੱਗਾ, ਜੇ ਇਨ੍ਹਾਂ ਨੂੰ ਸੱਚੇ ਪਾਤਸ਼ਾਹ ਜੀ ਦਾ ਸਕੱਤਰ ਕਹਿ ਲਿਆ ਜਾਵੇ ਤਾਂ ਅਤਿ ਕਥਨੀ ਨਹੀਂ ਹੋਵੇਗੀ। ਸੱਚੇ ਪਾਤਸ਼ਾਹ ਜੀ ਉਨ੍ਹਾਂ ਤੇ ਖ਼ਾਸ ਕ੍ਰਿਪਾ ਦ੍ਰਿਸ਼ਟੀ ਰੱਖਦੇ।

## ਰਕਾਬ ਗੰਜ ਦੀ ਦੀਵਾਰ ਵਾਸਤੇ ਸੰਘਰਸ਼

ਨੇਕ ਹਕੂਮਤਾਂ ਹਮੇਸ਼ਾਂ ਜਲ ਭਲਾਈ ਦਾ ਧਿਆਨ ਰੱਖਦੀਆਂ ਹਨ। ਈਰਾਨ ਦੇ ਇਤਿਹਾਸ ਵਿਚ ਨੌਸ਼ੀਵਰਾਂ ਦਾ ਨਾਉਂ ਚਮਕਾਰੇ ਮਾਰਦਾ ਹੈ। ਨੌਸ਼ੀਰਵਾਂ ਮਹਿੱਲ ਬਣਵਾ ਰਿਹਾ ਸੀ। ਉਸਦੇ ਮਹਿੱਲ ਦੀ ਇੱਕ ਦੀਵਾਰ ਵਿਚ ਗ਼ਰੀਬ ਬੁੱਢੜੀ ਦਾ ਘਰ ਆ ਗਿਆ। ਉਸਦੇ ਮੀਰ ਮਿਸਤਰੀਆਂ ਬਿਨਾਂ ਬਾਦਸ਼ਾਹ ਨੂੰ ਦੱਸੇ, ਉਸਦਾ ਘਰ ਢਾਹੁਣਾ ਚਾਹਿਆ। ਉਹ ਬੁੱਢੜੀ ਦਰਬਾਰ ਵਿਚ ਹਜ਼ਜ਼ਰ ਹੋਈ। ਬਾਦਸ਼ਾਹ ਉਸਦੀ ਦਰਖ਼ਾਤਸ ਧਿਆਨ ਨਾਲ ਸੁਣੀ ਤਾਂ ਮੀਰ ਮਿਸਤਰੀ ਨੂੰ ਸ਼ਾਹੀ ਦੀਵਾਰ ਨੂੰ ਵਿੰਗਾ ਕਰਨ ਦਾ ਹੁਕਮ ਦੇ ਦਿੱਤਾ। ਬੁਢੀ ਅਸੀਸਾਂ ਦੇਂਦੀ ਘਰ ਨੂੰ ਮੁੜੀ।

ਸੰਤ 1914 ਵਿਚ ਵਾਇਸਰਜਲ ਭਵਨ ਉਸਾਰ ਰਿਹਾ ਸੀ। ਉਸ ਤੱਕ ਜਾਣ ਵਾਲੀ ਇੱਕ ਸੜਕ ਦੇ ਰਾਹ ਵਿਚ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਪਵਿੱਤਰ ਸ਼ਹੀਦੀ ਗੁਰਦੁਆਰੇ ਰਕਾਬ ਗੰਜ ਦੀ ਬਾਹਰਲੀ ਦੀਵਾਰ ਆਉਂਦੀ ਸੀ। ਉਸਾਰੀ ਇੰਜਨੀਅਰਾਂ ਅਤੇ ਸੁਪਰਵਾਈਜ਼ਰਾਂ ਨਾ ਆਓ ਵੇਖਿਆ ਨਾ ਤਾਓ, ਮਜ਼ਦੂਰਾਂ, ਪਾਸੋਂ ਕੰਧ ਢਵਾ ਦਿੱਤਾ। ਉਸ ਕੰਧ ਨੂੰ ਢਾਹੁਣਾ ਸਿੱਖ ਕੌਮ ਦੀ ਗੈਰਤ ਨੂੰ ਚੈਲੇਂਜ ਸੀ, ਕਿਉਂਕਿ ਗੋਰਾਸ਼ਾਹੀ ਨਸ਼ੇ ਵਿਚ ਅੰਨ੍ਹੀ ਹੋਈ ਇਹ ਨਾ ਸੋਚਿਆ ਕਿ ਇੱਥੋਂ ਹਿੰਦੂ ਕੌਮ ਦੀ ਇੱਜ਼ਤ ਤੇ ਆਬਰੂ ਨੂੰ ਕਾਇਮ ਰੱਖਣ ਵਾਲੇ, ਹਿੰਦੂ ਧਰਮ ਦੀ ਸਭਿਅਤਾ ਨੂੰ ਜਿਉਂਦਿਆਂ ਰੱਖਣ ਦੇ ਚਾਹਵਾਨ ਬਾਬੇ ਤ।ਗ ਬਹਾਦਰ, ਹਿੰਦ ਦੀ ਚਾਦਰ ਦੇ ਧੜ੍ਹਦਾ ਸਸਕਾਰ ਹੋਇਆ ਹੈ। ਇਸ ਕੰਧ ਨੂੰ ਗਿਰਾਣ ਨਾਲ ਕਰੋੜਾਂ ਭਾਰਤੀਆਂ ਦੇ ਦਿਲਾਂ ਦੀਆਂ ਦੀਵਾਰਾਂ ਤੇ ਵਦਾਨ ਦੀ ਸੱਟ ਵੱਜੇਗੀ, ਪਰ ਉਹ ਮਸਤ ਸੀ ਤੇ ਉਸਦੇ ਨਾਲ ਸਰਕਾਰ ਭਗਤ ਸਿੱਖ ਵੀ ਮੂੰਹ ਵਿਚ ਘੁੰਝਣੀਆਂ ਪਾਈ ਸੁੱਤੇ ਪਏ ਸਨ। ਕੁਝ ਸਿੰਘ ਸਰਦਾਰ, ਬਹਾਦਰੀਆਂ ਦੇ ਸੁਪਨੇ ਲੈਂਦੇ ਸੰਸਾਰ ਯੁੱਧ ਵਿਚ ਪੂਰੀ ਪੂਰੀ ਮੱਦਦ ਕਰ ਰਹੇ ਸਨ।

ਉਸ ਵੇਲੇ ਹਕੂਮਤ ਨੂੰ ਵੰਗਾਰਨ ਵਾਲਾ ਕੂਕਾ ਹੀ ਸੀ ਤੇ ਉਹ ਸੀ ਅਰਸ਼ੀ ਫ਼ਰਿਸ਼ਤਾ ਮੰਗਲ ਸਿੰਘ। ਜਿਸ ਨੇ ਧੂਆਂ ਧਾਰ ਤਕਰੀਰਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਤੇ ਸਿੱਖ ਕੌਮ ਨੂੰ ਉਭਾਰਨ ਖ਼ਾਤਰ ਕੜਕ ਕੇ ਆਖਿਆ, 'ਅੰਨ੍ਹਿਉ ਸਰਦਾਰੋ! ਤੁਹਾਡੇ ਡੁੱਬ ਮਰਨ ਦਾ ਮੁਕਾਮ ਹੈ, ਤੁਹਾਡੇ ਹੱਡਾਂ ਵਿਚ ਜਾਗਰੀਦਾਰੀਆਂ ਤੇ ਸਰਦਾਰੀਆਂ ਕਾਰਨ ਪਾਣੀ ਪੈ ਗਿਆ ਹੈ। ਤੁਸੀਂ ਗੁਰੂ ਤੇਗ਼ ਬਹਾਦਰ ਦੇ ਬਲੀਦਾਨ ਨੂੰ ਮਿੱਟੀ ਵਿਚ ਮਿਲਾਣ ਲੱਗੇ ਓ। ਤੁਹਾਨੂੰ

ਸ਼ਬਮ ਆਉਣੀ ਚਾਹੀਦੀ ਹੈ। ਹੋਸ਼ ਕਰੋ। ਇਸ ਪਵਿੱਤਰ ਅਸਥਾਨ ਦੀ ਇੱਜ਼ਤ ਤੇ ਈਮਾਨ ਨੂੰ ਮਿੱਟੀ ਵਿਚ ਬੁਲਣ ਤੋਂ ਬਚਾਓ। ਹੁਣ ਸਿੱਖ ਰਾਜਿਆਂ-ਮਹਾਰਾਜਿਆਂ ਵਾਸਤੇ ਸੱਪ ਦੇ ਮੂੰਹ ਵਿਚ ਕਿਰਲੀ ਵਾਲਾ ਹਿਸਾਬ ਬਣ ਗਿਆ, ਜੇ ਉਹ ਵਿਰੋਧਤਾ ਕਰਨ ਤਾਂ ਕੁਹੜੇ ਜੇ ਚੁੱਪ ਰਹਿਣ ਤਾਂ ਹੀਝੜੇ, ਗੁਰਦੁਆਰਿਆਂ ਦੇ ਪੁਜਾਰੀ ਤਾਂ "ਜੁਗ ਜੁਗ ਰਾਮ ਸਵਾਇਆ ਟੋਪੀ ਵਾਲੇ ਦਾ" ਕਹਿ ਕਹਿ ਅੰਗਰੇਜ਼ ਦੀ ਜਿੱਤ ਵਾਸਤੇ ਸਵੇਰ ਸ਼ਾਮ ਅਰਦਾਸੇ ਕਰਦੇ ਸਨ। ਫ਼ਰਿਸ਼ਤੇ ਹੁਰਾਂ ਦਾ ਵੱਖਰਾ ਰਾਗ ਸੀ। ਇਨ੍ਹਾਂ ਦੀ ਸੁਰ ਨਾਲ ਸੁਰ ਸਰਬ ਲੋਹੀਏ ਭਾ: ਰਣਧੀਰ ਸਿੰਘ ਮਿਲਾ ਦਿੱਤੀ। ਉਸ ਕਿਹਾ ਮੈਂ ਸਤਿਆਗ੍ਰਹਿ ਕਰਾਂਗਾ। ਸ੍ਰ: ਸਰਦੂਲ ਸਿੰਘ ਕਵੀਸ਼ਰ ਵੀ ਦਿੱਲੀ ਦੇ ਕੂਚ ਵਾਸਤੇ ਬਿਗਲ ਵਜਾ ਦਿੱਤਾ। ਸੰਤ ਮੰਗਲ ਸਿੰਘ ਹੁਰਾਂ ਨੂੰ ਤਾਂ ਪਿੰਡ ਵਿਚ ਨਜ਼ਰਬੰਦ ਕਰ ਦਿੱਤਾ ਗਿਆ। ਭਾਈ ਰਣਧੀਰ ਸਿੰਘ ਜੀ ਨੂੰ ਸਖ਼ਤੀ ਦਾ ਸ਼ਿਕਾਰ ਹੋਣਾ ਪਿਆ। ਜੀ ਹਜ਼ੂਰੀਆਂ ਨੂੰ ਸਮਝ ਆ ਗਈ ਤੇ ਉਹ ਵਾਇਸਰਾਏ ਨੂੰ ਮਿਲੇ ਤੇ ਸਾਰੇ ਹਾਲਾਤ ਤੋਂ ਜਾਣੂ ਕਰਵਾਇਆ ਕਿ ਜੇ ਇਹ ਐਜੀਟੇਸ਼ਨ ਜ਼ੋਰ ਫੜ ਗਈ ਤਾਂ ਜੰਗ ਵਿਚ ਵਿਘਨ ਪਵੇਗਾ। ਸਰਕਾਰ ਉਨ੍ਹਾਂ ਨਾਲ ਸਹਿਮਤ ਹੋ ਗਈ ਤੇ ਉਸਾਰੀ ਦੇ ਸੁਪਰਵਾਈਜ਼ਰਾਂ ਉਹ ਕੰਧ ਬਣਵਾ ਦਿੱਤੀ। ਮਾਮਲਾ ਰਫ਼ਾ ਦਫ਼ਾ ਹੋ ਗਿਆ।

## ਸੰਤ ਜੀਉਣ ਸਿੰਘ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਚਰਨੀ ਪਾਣਾ

ਸਮਰੱਥ ਨੂੰ ਦੋਸ਼ ਨਹੀਂ। ਗੁਰੂ ਹਰੀ ਸਿੰਘ ਜੀ ਦੇ ਸਮੇਂ ਤੋਂ ਹੀ ਸਤਿਗੁਰੂ ਪ੍ਰਤਾਪ ਸਿੰਘ ਜੀ, ਮਹਾਰਾਜਾ ਨਿਹਾਲ ਸਿੰਘ ਜੀ ਅਤੇ ਮਹਾਰਾਜਾ ਗੁਰਦਿਆਲ ਸਿੰਘ ਜੀ ਸ਼ਾਹੀ ਠਾਠ ਵਿਚ ਰਹਿੰਦੇ ਸੱਜ ਧੱਜ ਨਾਲ ਵਿਚਰਦੇ ਅਤੇ ਸਾਧ ਸੰਤਾਂ ਵਿਚ ਦਰਸ਼ਨ ਦਿੰਦੇ। ਸੱਚੇ ਪਾਤਸ਼ਾਹ ਘੋੜੇ ਉੱਤੇ ਤਿੱਲੇਦਾਰ ਸਾਜ ਪਾ, ਗਲੇ ਤਿੱਲੇਦਾਰ ਚੋਲਾ, ਪਾਜਾਮਾ ਅਤੇ ਤਿੱਲੇਦਾਰ ਚੋੜਾ ਪਹਿਨ ਦਰਸ਼ਨ ਦੇਂਦੇ। ਤਾਂ ਧਰਤੀ ਕੰਬਦੀ। ਵੱਡੇ ਵੱਡ ਖੱਬੀ ਖਾਨਾਂ ਦੇ ਪਸੀਨੇ ਛੁੱਟ ਜਾਂਦੇ। ਬੀਬੀਆਂ ਉ ਦਿਸ਼ਾ ਨੂੰ ਸਲਾਹੁੰਦਿਆਂ ਨਾ ਥਰਦੀਆਂ ਤੇ ਕਹਿੰਦੀਆਂ:-

**ਬਾਂਕੀ ਘੋੜੀ ਤੇ ਕਾਠੀ ਤਿੱਲੇਦਾਰ ਨੀ ਮਾਏ।**
**ਮਾਹੀਆ ਲੰਘੇ ਤੇ ਲਗੇ, ਸਰਦਾਰਾਂ ਦਾ ਸਰਦਾ ਨੀ ਮਾਏ॥**

ਸਡ ਜਾਣਦੇ ਸਨ ਕਿ ਜਿਉਣ ਸਿੰਘ ਜੀ ਸਰਹਾਲੀ ਵਾਲੇ ਬੜੀ ਕਰਨੀ ਵਾਲੇ ਮਹਾਂਪੁਰਸ਼ ਹੋਏ ਹਨ। ਜਦ ਸੱਚੇ ਪਾਤਸ਼ਾਹ ਸਤਿਗੁਰੂ ਰਾਮ ਸਿੰਘ ਜੀ ਪਰਦੇਸ ਗਏ ਤਾਂ ਉਹ ਹਰ ਸਮੇਂ ਵੈਰਾਗੀ ਰਹਿੰਦੇ ਇਕ ਵਾਰ ਆਪ ਅੰਮ੍ਰਿਤ ਵੇਲੇ ਬਾਹਰ ਜਾ ਰਹੇ ਸਨ ਕਿ ਸਤਿਗੁਰਾਂ ਦੀ ਯਾਦ ਆ ਗਈ ਤੇ ਉੱਚੀ

ਬਾਂਹ ਕਰਕੇ ਕਿਹਾ, 'ਉਇ ਰਾਮਿਆਂ! ਤੂੰ ਕੀ ਕਰ ਆਿ ਏਂ? ਤਾਂ ਉਸ ਵੇਲੇ ਸੱਚੇ ਪਾਤਸ਼ਾਹ ਜੀ ਕਛਹਿਰੇ ਦਾ ਪਹੁੰਚਾ ਬਦਲਦਿਆ ਹੀ ਆ ਦਰਸ਼ਨ ਦਿੱਤੇ ਤੇ ਆਖਿਆ, "ਜਿਉਣ ਸਿੰਘ! ਕੋਈ ਵੇਲਾ ਕੁਵੇਲਾ ਵੀ ਵੇਖ ਲਿਆ ਕਰ, ਵੇਖ ਕਛਹਿਰਾ ਵੀ ਨਹੀਂ ਬਦਲਿਆ, ਤਾਂ ਸੰਤਾਂ ਕਿਹਾ "ਜੀ ਅਸੀਂ ਵੀ ਸਾਰੇ ਗਹਿਣੇ ਭਨਾਕੇ ਇੱਕੋ ਹੰਸ ਘੜਾਇਆ ਏ, ਜੇ ਉਹ ਵੀ ਕੋਲ ਨਾ ਰਹੇ ਤਾਂ ਸਾਡਾ ਕੀ ਹਾਲ?'

ਇਸ ਸੰਤ ਜਿਉਣ ਸਿੰਘ ਦੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਉਹ ਸ਼ਰਧਾ ਨਹੀਂ ਸੀ, ਜਿਹੜੀ ਇਕ ਸਿੱਖ ਨੂੰ ਗੁਰੂ ਉੱਤੇ ਹੋਣੀ ਚਾਹੀਦੀ ਹੈ। ਇਹ ਕੰਡਾ ਫ਼ਰਿਸ਼ਤੇ ਨੂੰ ਰੜਕਦਾ ਸੀ। ਫ਼ਰਿਸ਼ਤਾ ਜੀ ਕਈ ਵਾਰ ਸੰਤਾਂ ਨੂੰ ਰੜਕਾਇਆ ਕਰਦੇ ਸਨ, ਪਰ ਉਹ ਟਾਲ ਜਾਂਦੇ। ਇਹ ਮੰਡਲੀ ਚੂਹੇ-ਝਾੜ ਹੋਲੇ ਤੇ ਜਾ ਰਹੀ ਸੀ ਤਾਂ ਸੰਤ ਮੰਗਲ ਸਿੰਘ ਜੀ ਨੇ ਸੰਤ ਜਿਉਣ ਸਿੰਘ ਜੀ ਨੂੰ ਕਿਹਾ, 'ਜਿਉਣਿਆਂ ਕਿਉਂ ਅਨੇਰੇ ਵਿਚ ਠੋਕਰਾਂ ਖਾ ਰਿਹਾ ਏ। ਸਤਿਗੁਰੂ ਪ੍ਰਤਾਪ ਸਿੰਘ ਪਹਿਰੇ ਦੇ ਮਾਲਕ ਹਨ। ਇਨ੍ਹਾਂ ਦੇ ਚਰਨਾਂ ਉੱਤੇ ਸੀਸ ਰਖਣਾ ਸ਼ੋਭਾ ਦੇਂਦਾ ਏ, ਤੂੰ ਹੋਰ ਗੱਲਾਂ ਤੱਡ ਵੇਖ ਇਹ ਕਿੰਨਾ ਭੱਜਨ ਬੰਦਗੀ ਕਰਦੇ ਹਨ, ਦੂਜੇ ਸਿੱਖਾਂ ਸਾਧਾਂ ਪਾਸੋਂ ਕਰਾਂਦੇ ਹਨ। ਸਭ ਤੋਂ ਵੱਡੀ ਗੱਲ ਇਹ ਹੈ ਕਿ ਉਹ ਸਤਿਗੁਰੂ ਰਾਮ ਸਿੰਘ ਜੀ ਦੀ ਚਲਾਈ ਲੋਹ ਦੀ ਸੇਵਾ ਕਰ ਰਹੇ ਹਨ। ਜਿਹੜਾ ਗੁਰੂ ਰਾਮ ਸਿੰਘ ਜੀ ਦੀ ਲੋਹ ਦੀ ਸੇਵਾ ਕਰੇ, ਉਸ ਨੂੰ ਕੀ ਜਾਨਣਾ ਚਾਹੀਦਾ ਹੈ? ਇਸ ਦਲੀਲ ਨੇ ਸੰਤ ਜਿਉਂਣ ਸਿੰਘ ਹੁਰਾਂ ਦੀ ਕੰਢ ਲਾ ਦਿੱਤੀ। ਉਨ੍ਹਾਂ ਆਪਣੀ ਭੁੱਲ ਮੰਨ ਲਈ ਤੇ ਫ਼ਰਿਸ਼ਤੇ ਹੁਰਾਂ ਦੀ ਚਰਨੀ ਹੱਥ ਲਾ ਦਿੱਤੀ। ਜਦ ਇਹ ਮਸਤ ਮੰਡਲੀ ਦੀਵਾਨ ਵਿਚ ਪੁੱਜੀ ਤਾਂ ਸਭ ਤੋਂ ਪਹਿਲਾਂ ਸੱਚੇ ਪਾਤਸ਼ਾਹ ਜੀ ਨੂੰ ਮੱਥਾ ਟੇਕਣ ਵਾਲੇ ਸੰਤ ਜਿਉਣ ਸਿੰਘ ਜੀ ਸਨ।

## ਸਨਖਤਰੇ ਵਿਚ ਸਕੂਲ

ਪੰਜਾਬ ਤੇ ਪੰਜਾਬ ਤੋਂ ਬਾਹਰ ਚੀਫ ਖਾਲਸਾ ਦੀਵਾਨ ਵੱਲੋਂ ਖਾਲਸਾ ਸਕੂਲ ਅਤੇ ਕਾਲਜ ਖੋਲੇ ਜਾ ਰਹੇ ਸਨ। ਸਰਕਾਰ ਉਨ੍ਹਾਂ ਨੂੰ ਗ੍ਰਾਂਟਾਂ ਦੇਂਦੀ ਸੀ। ਸਿੰਘ ਸਭਾ ਦਾ ਖ਼ੂਬ ਪ੍ਰਚਾਰ ਹੋ ਰਿਹਾ ਸੀ। ਸਕੂਲੀ ਪੁਸਤਕਾਂ ਵਿਚ ਸਰਕਾਰ ਇੰਗਲਿਸ਼ੀਆਂ ਦੇ ਗੁਣ ਗਾਏ ਜਾ ਰਹੇ ਸਨ। ਉਨ੍ਹਾਂ ਵਿਚ ਭਾਰਤੀ ਇਤਿਹਾਸ ਨੂੰ ਮਨਮਰਜ਼ੀ ਨਾਲ ਪੇਸ਼ ਕੀਤਾ ਜਾਂਦਾ ਸੀ। ਦਸਾਂ ਗੁਰੂਆਂ ਉਪਰੰਤ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਪੜ੍ਹਾਇਆ ਜਾਂਦਾ। ਨਾਮਧਾਰੀਆਂ ਵਿਚ ਸਰਕਾਰ ਪੱਖੀਆਂ ਦੇ ਪ੍ਰਚਾਰ ਤੋਂ ਬਚਾਣ ਹਿੱਤ ਸੰਤਾਂ, ਸੰਤ ਟਹਿਲ ਸਿੰਘ ਸਦੋਵਾਲ, ਸੰਤ ਮੰਗਲ ਸਿੰਘ, ਸੰਤ ਅਣਖਾ ਸਿੰਘ, ਸੰਤ ਨਿਧਾਨ ਸਿੰ ਆਲਿਮ, ਬਸੰਤ ਸਿੰਘ, ਮੁਨਸ਼ਾ ਸਿੰਘ, ਅਮਰ ਸਿੰਘ ਨਾਲ ਸਲਾਹ ਮਸ਼ਵਰਾ ਕਰ ਸਕੂਲ ਖੋਲ੍ਹਣ ਦਾ ਮਤਾ ਪਾਸ

ਕਰ ਸਨਖਤਰੇ ਜ਼ਿਲ੍ਹਾ ਸਿਆਲਕੋਟ ਵਿਚ ਸ੍ਰੀ ਗਣੇਸ਼ ਮਨ ਦਿੱਤਾ। ਸੰਤ ਬੂੜ ਸਿੰਘ ਛੀਨਿਆਂ ਨੂੰ ਉਹਦਾ ਮੁੱਖ ਅਧਿਆਪਕ ਥਾਪਿਆ ਤੇ ਤਨਖ਼ਾਹ 30 ਰੁਪਏ ਮੁਕੱਰਰ ਕੀਤੀ, ਸਕੂਲ ਚਾਲੂ ਹੋ ਗਿਆ ਤੇ ਬੱਚਿਆਂ ਨੂੰ ਪੜ੍ਹਾਉਣ ਲਈ ਪ੍ਰੇਰਨਾ ਸ਼ੁਰੂ ਹੋ ਗਏ.। ਮਹੰਤ ਆਤਮਾ ਸਿੰਘ ਉਸ ਵਿਦਿਆਲੇ ਦੇ ਵਿਦਿਆਰਥੀਆਂ ਵਿੱਚੋਂ ਉਦਾਹਰਣ ਹਨ, ਜਿਹੜੇ ਇਸ ਵੇਲੇ ਸਤਿਜੁਗ ਦੇ ਸੰਪਾਦਕ ਹਨ।

## ਕਾਂਗਰਸ ਦੇ ਸਲਾਨਾ ਜਲਸੇ ਵਿਚ ਤੇ ਨਾਮਧਾਰੀਆਂ ਦਾ ਆਜ਼ਾਦੀ ਲਈ ਰੋਲ

ਸਤਿਗੁਰੂ ਰਾਮ ਸਿੰਘ ਜੀ ਨੇ ਵਿਸ਼ਵ ਸ਼ਾਂਤੀ ਅਤੇ ਭਾਰਤ ਦੀ ਆਜ਼ਾਦੀ ਦਾ ਬਿਗਲ ਵਜਾਇਆ। ਲਾਇਤ ਦੀਆਂ ਕੰਦਾਂ ਕੰਬ ਗਈਆਂ ਸਤਿਗੁਰਾਂ ਨੂੰ ਜਲਾਵਤਨ ਕਰ ਦਿੱਤਾ। ਕੂਕਿਆਂ ਉੱਤੇ ਕਹਿਰ ਦੇ ਪਹਾੜ ਟੁੱਟ ਪਏ। ਗੁਰੂ ਹਰੀ ਸਿੰਘ ਜੀ ਇਸ ਪੰਥ ਦੀ ਵਾਗਡੋਰ ਸੰਭਾਲੀ ਅਤੇ ਵਿਦੇਸ਼ੀ ਰਾਜ ਦੀਆਂ ਜੜ੍ਹਾਂ ਕੁਤਰਨੀਆਂ ਸ਼ੁਰੂ ਕਰ ਦਿੱਤੀਆਂ। ਬਾਬਾ ਗੁਰਚਰਨ ਸਿੰਘ ਤੇ ਸੂਬਾ ਬਿਸ਼ਨ ਸਿੰਘ ਗੁਰੂ ਦਾ ਆਦੇਸ਼ ਪਾ ਕੇ ਸਤਿਗੁਰਾਂ ਵੱਲੋਂ ਪਾਏ ਪੂਰਨਿਆਂ ਤੇ ਚਲਾਦਿਆਂ ਰੂਸ ਗਏ, ਪਰਬਤਾਂ ਨੂੰ ਚੀਰਦੇ ਅਤੇ ਦਰਿਆਵਾਂ ਨੂੰ ਟੱਪਦੇ। ਇੰ ਸਿਰਲੱਥ ਸੂਰਮੇ ਵਾਸਤੇ ਮਿਸਟਬ ਡੋਵਨ ਦੇ ਸ਼ਬਦ ਹਨ 'ਗੁਰਚਰਨ ਸਿੰਘ ਨੂੰ ਕੋਈ ਸ਼ਕਤੀ ਕੂਕਿਆਂ ਨਾਲੋਂ ਵੱਖ ਨਹੀਂ ਕਰ ਸਕਦੀ। ਇਹ ਜਿਤਨਾ ਚਿਰ ਜਿਉਂਦਾ ਹੈ, ਜਿੰਨਾ ਨੁਕਸਾਨ ਸਰਕਾਰ ਨੂੰ ਪਹੁੰਚਾ ਸਕਦਾ ਹੈ ਪਹੁੰਚਾਏਗਾ।' ਗੁਰੂ ਜੀ ਦੀ ਦੇਹ ਦਾ ਉਹਲਾ ਕਰਨ ਉਪਰੰਤ ਸਤਿਗੁਰੂ ਪ੍ਰਤਾਪ ਸਿੰਘ ਜੀ ਕੂਕਿਆਂ ਨੂੰ ਗੋਦ ਵਿਚ ਲਿਆ ਤੇ ਇਨ੍ਹਾਂ ਵੀ ਆਜ਼ਾਦੀ ਦੇ ਸੰਘਰਸ਼ ਵਾਸਤੇ 'ਹ ਅਪਨਾਇਆ, ਜਿਹੜਾ ਪੂਰਵਜਾਂ ਅਪਨਾਇਆ ਸੀ। ਜੰਗ ਸਮੇਂ ਇੱਕ ਕੌਡੀ ਸਰਕਾਰ ਨੂੰ ਸਹਾਇਤਾ ਵੱਜੋਂ ਨਾ ਦਿੱਤੀ। ਇਨ੍ਹਾਂ ਦੀ ਆਗਿਆ ਪਾਕੇ ਮਹਾਰਾਜ ਨਿਹਾਲ ਸਿੰਘ ਮਹਾਰਾਜ ਗੁਰਦਿਆਲ ਸਿੰਘ, ਸੰਤ ਮੰਗਲ ਸਿੰਘ, ਨਿਧਾਨ ਸਿੰਘ ਆਲਿਮ ਤੇ ਸਤ ਇੰਦਰ ਸਿੰਘ ਚਕ੍ਰਵਰਤੀ ਆਦਿ ਦੇਸ਼ ਆਜ਼ਾਦੀ ਦੇ ਘੋਲ ਨੂੰ ਲੜਨ ਹਿੱਤ ਮੁਖੀਏ ਬਣਾਏ। ਜਦ 1918 ਵਿਚ ਕਲਕੱਤੇ ਆਲ ਇੰਡੀਆ ਕਾਂਗਰਸ ਕਮੇਟੀ ਦਾ ਸਲਾਨਾ ਜਲਸਾ ਹੋਇਆ ਤਾਂ ਮਰਜੀਵੜਿਆ ਦਾ ਇਹ ਟੋਲਾ ਉਸ ਵਿਚ ਸ਼ਾਮਲ ਹੋਇਆ। ਮਹਾਰਾਜ ਗੁਰਦਿਆਲ ਸਿੰਘ ਜੀ ਖੁਲ੍ਹੇ ਜਲਸੇ ਵਿਚ ਗਰਜਵੀਂ ਤਕਰੀਰ ਕੀਤੀ ਤੇ ਨਾਮਧਾਰੀਆਂ ਦੀ ਨਾ ਮਿਲਵਰਤਨ ਦੀ ਜੱਦੋ-ਜਹਿਦ ਦੀ ਲੰਮੀ ਕਹਾਣੀ ਸੁਣਾਈ, ਕੂਕਿਆਂ ਦਾ ਸਕੂਲਾਂ ਕਾਲਜਾਂ ਤੇ ਕਚਹਰਿਆਂ ਦੇ ਬਾਈਕਾਟ, ਸਿੰਘਾਂ ਦਾ ਤੋਪਾਂ ਨਾਲ ਫੀਤਾ ਫੀਤਾ, ਹੋਣਾ, ਹਕੂਮਤ ੱਲੋਂ ਜਾਲਮਾਂ ਰਵੱਈਏ ਦਾ ਨਕਸ਼ਾ ਖਿੱਚ ਵਿਖਾਇਆ। ਸਤਿਗੁਰਰੂ ਪ੍ਰਤਾਪ ਸਿੰਘ ਜੀ ਦਾ ਜੰਗ ਸਮੇਂ ਸਰਕਾਰ ਦੀ ਕਿਸੇ ਪ੍ਰਕਾਰ

ਸਹਾਇਤਾ ਵੱਲੋਂ ਬਾਈਕਾਟ ਦੀ ਕਥਾ ਸੁਣਾਈ ਤਾਂ ਸਾਰਾ ਪੰਡਾਲ ਪ੍ਰਭਾਵਤ ਹੋਇਆ। ਇਹੋ ਕਾਰਨ ਹੈ ਕਿ 1919 ਵਿਚ ਜਲ੍ਹਿਟਵਾਲੇ ਖ਼ੂਨੀ ਕਾਂਡ ਉਪਰੰਤ ਮਹਾਤਮਾ ਗਾਂਧੀ ਜੀ ਨੇ ਨਾ-ਮਿਲਵਰਤਨ ਦੇ ਹਥਿਆਰ ਨੂੰ ਦੇਸ਼ ਦੀ ਆਜ਼ਾਦੀ ਲਈ ਚੁੱਕ ਲਿਆ ਤੇ 1947 ਵਿਚ ਦੇਸ਼ ਆਜ਼ਾਦ ਹੋਇਆ।

## ਸ੍ਰੀ ਭੈਣੀ ਸਾਹਿਬੋਂ ਪੁਲਿਸ ਚੌਂਕੀ ਚੁੱਕੀ ਗਈ

ਮਲੇਰ ਕੋਟਲੇ ਦੇ ਖ਼ੂਨੀ ਕਾਂਡ ਉਪਰੰਤ ਸ੍ਰੀ ਭੈਣੀ ਸਾਹਿਬ ਦੇ ਗੁਰਦੁਆਰੇ ਦੇ ਬੂਹੇ ਅੱਗੇ ਪੁਲਿਸ ਚੌਂਕੀ ਬੈਠੀ ਹੋਈ ਸੀ। ਜਿਸ ਵਿਚ ਕੱਟੜ ਮੁਸਲਮਾਨ ਸਿਪਾਹੀ ਹੁੰਦੇ। ਉਹ ਹਪਾਟੇ ਭੁੱਖੇ ਬਘਿਡਾੜ ਵਾਂਗੂ ਦਰਸ਼ਕਾਂ ਨੂੰ ਲਾਲ ਦੰਦ ਕੱਢ ਡਰਾਂਦੇ। ਆਏ ਸਾਧੂ ਸੰਤਾਂ ਦੀ ਨਿਰਾਦਰੀ ਸਰਦੇ। ਬਹੁਤਾ ਖਾਦੇ ਅਤੇ ਬਹਤੁਾ ਘੂਰਦੇ। ਇਹ ਇੱਕ ਪ੍ਰਕਾਰ ਦਾ ਕਲੰਕ ਸੀ। ਦੁਸ਼ਮਣ, ਸਦਾ ਦੁਸ਼ਮਣ, ਪਰ ਜੇਕਰ ਉਹ ਬੂਹੇ ਅੱਗੇ ਹੀ ਛਾਉਣੀ ਪਾਕੇ ਬੈਠ ਹੋਵੇ ਤਾਂ ਉਸ ਜਲਾਲਤ ਨਾਲੋਂ ਕੀ ਘੱਟ ਹੋ ਸਕਦਾ ਹੈ? ਮਹਾਰਾਜ ਨਿਹਾਲ ਸਿੰਘ, ਸ੍ਰ: ਗੁਰਦਿਆਲ ਸਿੰਘ, ਸੰਤ ਮਗਲ ਸਿੰਘ ਆਦਿ ਅੱਗੇ ਹੀ ਚਾਹੁੰਦੇ ਸਨ ਕਿ ਇਨ੍ਹਾਂ ਕੁੱਤਿਆਂ ਨੂੰ ਬੂਹੇ ਤੋਂ ਉਠਾਇਆ ਜਾਵੇ। ਨਾਲ ਹੀ ਰਵਾਬ ਗੰਜ ਦੇ ਮੋਰਚੇ ਤੇ ਸਫ਼ਲਤਾ ਪ੍ਰਾਪਤ ਕਰ ਚੁੱਕੇ ਸਨ। ਉਨ੍ਹਾਂ ਇਸ ਕੰਮ ਵਾਸਤੇ ਪੰਜਾਬ ਵਿਚ ਕਾਨਫਰੰਸਾਂ ਕਰਨ ਦਾ ਪ੍ਰੋਗਰਾਮ ਉਲੀਕਿਆ। ਸ੍ਰੀ ਆਲਿਮ, ਜੀ ਚਕ੍ਰਵਰਤੀ, ਮਹਾਰਾਜਾ ਗੁਰਦਿਆਲ ਸਿੰਘ ਜੀ ਅਗਵਰਾਊ ਤਰਕੀਰਾਂ ਕੀਤੀਆਂ। ਸੰਤ ਮੰਗਲ ਸਿੰਘ ਜੀ ਅਨੂਠੇ ਅਤੇ ਵਿਅੰਗਮਈ ਢੰਗ ਨਾਲ ਸ੍ਰੋਤਿਆਂ ਨੂੰ ਬੁੱਤ ਬਣਾ ਦੇਂਦੇ। ਇਹ ਭਾਸ਼ਨਾਂ ਵਿਚ ਕਹਿੰਦੇ, 'ਗੁਰੂ ਹਰੀ ਸਿੰਘ ਜੀ ਸ਼ਾਂਤ ਮੂਰਤ ਸਨ। ਉਨ੍ਹਾਂ ਕਸ਼ਟ ਸਹਾਰੇ, ਮੁਸੀਬਤਾਂ ਝੱਲੀਆਂ ਸ਼ਾਂਤਮਈ ਢੰਗ ਨਾਲ ਗੋਰਿਆਂ ਦੇ ਰਾਜ ਦੀਆਂ ਜੜ੍ਹਾਂ ਖੋਖਲੀਆਂ ਕਰਦੇ ਰਹੇ। ਹੁਣ ਸ਼ੇਰ ਗੁਰੂ ਦਾ ਪਹਿਰਾ ਹੈ। ਅੱਗੇ ਸਿੰਘ ਫਾਂਸੀਆਂ ਤੇ ਚੜੇ, ਤੋਪਾਂ ਸਾਹਮਣੇ ਉਡੇ, ਕਾਲੇ ਪਾਣੀ ਭੇਜੇ। ਗਏ। ਹੁਣ ਨਵੈਜ ਢੰਗ ਨਾਲ ਲੜਾਈ ਲੜੀ ਜਾਵੇਗੀ। ਪਹਿਲਾਂ ਕੰਮ ਸ੍ਰੀ ਭੈਣੀ ਸਾਹਿਬ ਦੇ ਬੂਹੇ ਅੱਗੇ ਪੁਲਿਸ ਉਠਾਈ ਜਾਵੇਗੀ। ਉਨ੍ਹਾਂ ਦਾ ਰਾਸ਼ਨ ਪਾਣੀ ਬੰਦ ਕਰਾਂਗੇ। ਉਨ੍ਹਾਂ ਨੂੰ ਟੁੱਟੀਆਂ ਮੰਜੀਆਂ ਸੌਣ ਨੂੰ ਦਿਆਂਗੇ। ਸਰਕਾਰ ਨੂੰ ਅਲਟੀਮੇਟਮ ਦਿੱਤਾ ਗਿਆ ਕਿ ਜੇ ਸਾਲ ਦੇ ਅੰਦਰ ਅੰਦਰ ਪੁਲਿਸ ਦੀ ਚੌਂਕੀ ਨਾ ਚੁੱਕੀ ਗਈ ਤਾਂ ਜੇਲ੍ਹਾਂ ਭਰ ਦਿਆਂਗੇ। ਜੇ ਲੋੜ ਪਈ ਤਾਂ ਗੋਲੀਆਂ, ਲਾਠੀਆਂ ਖਾਵਾਂਗੇ। ਸਾਡੇ ਸਬਰ ਦਾ ਪੈਮਾਨਾ ਲਬਾ ਲਬ ਭਰ ਚੁੱਕਾ ਹੈ। ਹੁਣ ਬਹੁਤਾ ਨਹੀਂ ਉਡੀਕਿਆ ਜਾਂਦਾ। ਮੈਂ ਐਲਾਨ ਕਰਦਾ ਹਾਂ ਕਿ ਇਨ੍ਹਾਂ ਗੋਰੇ ਗੋਰੀਆਂ ਨੂੰ ਵਲੈਤ ਭੇਜ ਦਿਉ। ਜਿਹੜੇ ਨਾ ਜਾਣਾ ਚਾਹੁਣ ਉਨ੍ਹਾਂ ਤੋਂ ਗੋਹਾ ਕੂੜਾ ਚੁਕਵਾਇਆ ਜਾਵੇ। ਪਹਿਲੀ ਕਾਨਫਰੰਸ ਸਿਆੜ ਹੋਈ ਮੁੜ ਹੁਸ਼ਿਆਰਪੁਰ,

ਸਨਖਤਰੇ ਆਦਿ। ਸਿਆੜ ਦੇ ਲੋਕਾਂ ਦੇ ਉੱਬਲਦੇ ਲਾਵੇ ਨੂੰ ਰੋਕਣ ਲਈ ਉਨ੍ਹਾਂ ਨੂੰ ਸਰਕਾਰ ਵੱਲੋਂ 7500 ਰੁਪਏ ਜੁਰਮਾਨਾ ਕੀਤਾ ਗਿਆ। ਪਰ ਅੰਦਰੋਂ ਸਰਕਾਰ ਡੋਲ ਗਈ ਕਿ ਇਹ ਐਜੀਟੇਸ਼ਨ ਜ਼ੋਰ ਨਾ ਫੜ ਜਾਵੇ। ਉਨ੍ਹਾਂ ਆਪਣੇ ਸੂਹੇ ਭੇਜ ਭੇਤ ਲੈਣਾ ਚਾਹਿਆ। ਮਿਸਟਰ ਬੋਇਗ ਸੁਪਰਡੈਂਟ ਸੀ.ਆਈ.ਡੀ. ਸਿਪਾਹੀਆਂ ਸਮੇਤ ਸ੍ਰੀ ਭੈਣੀ ਸਾਹਿਬ ਗਿਆ। ਉੱਥੇ ਅੱਗੇ ਸੰਤ ਸੂਰਤ ਸਿੰਘ ਬੈਠਾ ਸੀ। ਗੋਰੇ ਨੂੰ ਸਣੇ ਬੂਟ ਲੰਗਰ ਵਲ ਜਾਂਦਾ ਵੇਖਿਆ ਤਾਂ ਕੜਕ ਕੇ ਬੋਲਿਆ, "ਬਿੱਲਿਆ! ਬੂਟ ਲਾਹ ਦੇ ਅੱਗੇ ਆ। ਅਸੀਂ ਗੋਰੀ ਸਰਕਾਰ ਨਹੀਂ ਰਹਿਣ ਦੇਣੀ।" ਅੰਤ ਸਰਕਾਰ ਨੂੰ ਝੁਕਣਾ ਪਿਆ ਤੇ 1923 ਵਿਚ ਪੁਲਿਸ ਚੌਂਕੀ ਚੁੱਕੀ ਗਈ।

## ਕਸੂਰ ਦੀ ਲੜਾਈ

ਸਤਿਗੁਰੂ ਪ੍ਰਤਾਪ ਸਿੰਘ ਜੀ ਜੀਅ ਦਾਨ ਵੰਡਦੇ ਫਿਰਦੇ ਸਨ। ਖੋਟਿਆਂ ਵਿਚ ਬਿਸ਼ਨ ਸਿੰਘ ਪੁੱਤਰ ਜੈ ਸਿੰਘ ਵਲਟੋਹੀਏ ਦਾ ਆਨੰਦ ਕਾਰਜ ਸੀ। ਸੈਂਕੜਿਆਂ ਚੋਰੀ-ਯਾਰੀ ਛੱਡੀ ਤੇ ਭਜਨ ਪੁੱਛਿਆ। ਸੱਚੇ ਪਾਤਸ਼ਾਹ ਜੀ ਫਿਰੋਜ਼ਪੁਰ ਗੱਡੀ ਚੜ੍ਹਨ ਲੱਗੇ ਤਾਂ ਪਠਾਣ ਫ਼ੌਜੀਆਂ ਲੱਤਾਂ ਪਸਾਰ ਲਈਆਂ। ਖ਼ੈਰ ਸਤਿਗੁਰੂ ਜੀ ਤਾਂ ਸੈਕਿੰਡ ਕਲਾਸ ਵਿਚ ਬਹਿ ਗਏ। ਬਾਕੀ ਸਿੰਘ ਲੱਗੇ ਡੱਬੇ ਲੱਭਣ। ਸੰਤ ਮੰਗਲ ਸਿੰਘ, ਮੁਹਕਮ ਸਿੰਘ, ਧਾਰਾ ਸਿੰਘ ਜੀਆ ਬਗਾ, ਬਹਾਦਰ ਸਿੰਘ ਆਦਿ ਬੜੇ ਦੁਖੀ ਹੋਏ, ਖ਼ੈਰ ਜਿੱਥੇ ਕਿਸੇ ਨੂੰ ਥਾਂ ਲੱਭੀ, ਗੱਡੀ ਦੇ ਅੰਦਰ ਜਾਂ ਬਾਹਰ ਲਟਕ ਗਏ। ਜਦ ਕਸੂਰ ਦਾ ਸਟੇਸ਼ਨ ਆਇਆ ਤਾਂ ਸਿੰਘ ਲੱਗੇ ਡੱਬਿਆਂ ਦੁਆਲੇ ਚੱਕਰ ਲਾਉਣ ਕਿ ਕੋਈ ਜਗ੍ਹਾ ਮਿਲੇ। ਸੰਤ ਬਹਾਦਰ ਸਿੰਘ ਇੱਕ ਡੱਬੇ ਅੱਗੇ ਖਲੋਤਾ। ਪਠਾਣ ਦਰਵਾਜ਼ਾ ਬੰਦ ਕਰ ਦਿੱਤਾ। ਸੰਤ ਨਿਮਰਤਾ ਨਾਲ ਕਿਹਾ, "ਖ਼ਾਂ ਸਾਹਿਬ! ਦੋ ਘੜੀਆਂ ਸਫ਼ਰ ਕਰਨਾ ਏ, ਇੱਥ ਪਾਸੇ ਹੋ ਜਾਵੋ" ਪਠਾਣ ਤਾਂ ਸਗੋਂ ਨੱਕੋ ਨੂੰਹੇ ਡੇਗਣ ਲੱਗਾ ਤੇ ਆਖਿਆ, "ਕਾਫਰ ਕਹੀਂ ਕਾ, ਦੂਰ ਹਟੋ।" ਸੰਤਾ ਬਥੇਰੀਆਂ ਮਿੰਨਤਾਂ ਕੀਤੀਆਂ ਪਰ ਸਭ ਥਿੰਦੇ ਘੜੇ ਤੇ ਪਾਣੀ ਵਾਂਗੂੰ। ਸੰਤਾਂ ਬੂਹੇ ਨੂੰ ਹੱਥ ਪਾਇਆ। ਪਠਾਣ ਦਾੜ੍ਹਿਉ ਫੜ ਲਿਆ। ਸਤ ਉਸ ਦੀ ਧੌਣ ਫੜੀ ਤੇ ਧਰੂਹ ਕੇ ਬਾਹਰ ਕੱਢਿਆ। ਜਦ ਸੰਤਾਂ ਜਰਾ ਢਿੱਲਾ ਕੀਤਾ ਤਾਂ ਉਹ ਅੰਦਰ ਵੜ ਗਿਆ ਅਤੇ ਦਰਵਾਜ਼ੇ ਨੂੰ ਚਿਟਕਣੀ ਲਾ ਦਿੱਤੀ। ਸੰਤਾਂ ਬੂਹੇ ਨੂੰ ਲੱਤ ਮਾਰੀ। ਬੂਹੇ ਦੇ ਪੱਟ ਉਹ ਜਾ ਪਏ। ਸਭ ਅੰਦਰ ਚਲ ਗਏ ਪਰ ਲਾ-ਲਾਲ ਸ਼ੁਰੂ ਹੋ ਗਈ। ਬਾਕੀ ਪਠਾਣ ਵੀ ਡੱਬਿਆਂ ਵਿੱਚੋਂ ਬਾਹਰ ਆ ਗਏ ਤੇ ਬਘੇਲ ਸਿੰਘ ਨੂੰ ਫੜ੍ਹ ਲਿਆ, ਸੱਚੇ ਪਾਤਸ਼ਾਹ ਖੂੰਡੇ ਨੂੰ ਫੜੀ ਜੰਗਲੇ ਲਾਗੇ ਖੜ ਸਨ ਪਰ ਸੰਤ ਮੰਗਲ ਸਿੰਘ ਜੀ ਸਿੰਘਾਂ ਨੂੰ ਲਲਕਾਰਿਆ ਤੇ ਕਿਹਾ, "ਵੇਖਦੇ ਕੀ ਉ? ਅਗਾਂਹ ਹੋ ਕੇ ਮਰੋ।" ਸੰਤ

ਬਹਾਦਰ ਸਿੰਘ ਸੱਚੇ ਪਾਤਸ਼ਾਹ ਦੇ ਹੱਥੋਂ ਖੂੰਡਾ ਫੜ ਲਿਆ ਤੇ ਵਾਹੁਣਾ ਸ਼ੁਰੂ ਕੀਤਾ। ਬਸ ਜੰਗ ਸ਼ੁਰੂ ਹੋ ਗਈ। ਥੋੜੇ ਸਮੇਂ ਵਿਚ ਹੀ ਪਠਾਣਾਂ ਵਿਚ ਭੱਜ-ਦੌੜ ਮੱਚ ਗਈ। ਧੜੱਮ-ਧੜੱਮ ਡਿੱਗਣ ਲੱਗੇ। ਕਈ ਬੈਂਚਾਂ ਹੇਠ ਜਾ ਲੁੱਕੇ, ਕਈ ਟੁਟੀਆਂ ਵਿਚ ਜਾ ਘੁਸੇ। ਵਿਸਲਾਂ ਵੱਜੀਆਂ ਪੁਲਿਸ ਆ ਗਈ। ਪੁਲਿਸ ਨੇ ਸਿੰਘਾਂ ਨੂੰ ਅਤੇ ਪਠਾਣਾਂ ਨੂੰ ਘਰ ਲਿਆ ਤੇ ਥਾਣੇ ਲੈ ਗਈ। ਬਿਆਨਬਾਜ਼ੀ ਸ਼ੁਰੂ ਹੋਈ। ਫ਼ੌਜੀਆਂ ਦੇ ਸੂਬੇਦਾਰ ਬੈਠਾ ਸੀ ਤਾਂ ਸੰਤ ਮੰਗਲ ਸਿੰਘ ਜੀ ਕਿਹਾ, "ਹਜ਼ੂਰ ਆਪ ਹੀ ਬਿਆਨ ਕਰੋ। ਸੇਡੇ ਕੋਲ ਕੋਈ ਕੁਹਾੜੀ ਨਹੀਂ, ਬਰਛੀ ਨਹੀਂ।" ਸਾਡੇ ਕੋਲ ਇਹ ਮਾਲਾ ਹਨ। ਇਹ ਸਾਡੇ ਪਾਠ ਕਰਨ ਵਾਲੇ ਗੁਟਕੇ ਹਨ। ਭਜਨ ਬਾਣੀ ਕਰਨਾ ਤੇ ਦੂਜਿਆਂ ਤੋਂ ਕਰਾਉਣਾ ਸਾਡਾ ਧਰਮ ਏ। ਸਤਿਗੁਰੂ ਜੀ ਕਲਿਜੁਗੀ ਜੀਆਂ ਨੂੰ ਤਾਰ ਰਹੇ ਹਨ। ਲੋਕਾਂ ਤੋਂ ਮਾਸ, ਸ਼ਰਾਬ, ਚੋਰੀ ਤੇ ਝੂਠ ਛੁਡਵਾ ਰਹੇ ਹਨ। ਲੜਾਈ ਝਗੜਿਆਂ ਤੋਂ ਵਰਜਦੇ ਹਨ। ਵਿਆਹ ਸ਼ਾਦੀਆਂ ਦੀ ਫ਼ਜ਼ੂਲ ਰਸਮਾਂ ਤੋਂ ਰੋਕਦੇ ਹਨ। ਅਸੀਂ ਫਿਰੋਜ਼ਪੁਰੋਂ ਗੱਡੀ ਚੜ੍ਹਨਾ ਸੀ, ਮਗਰ ਲੜਾਈਉਂ ਡਰਦੇ ਇੱਕੇ ਆਏ। ਮੂਸਾ ਨੱਠਾ ਮੌਤ ਤੋਂ ਮੌਤ ਅੱਗੇ ਖੜ੍ਹੀ। ਲੜਾਈ ਨੂੰ ਟਾਲਿਆ ਸੀ। ਲੜਾਈ ਮੁੜ ਗਲ ਆ ਪਈ। ਸਿੱਖ ਸਭ ਕਝ ਸਹਾਰ ਸਕਦੇ ਹਨ, ਪਰ ਕੇਸਾਂ ਦੀ ਬੇਅਦਬੀ ਨਹੀਂ ਸਹਾਰ ਸਕਦੇ। ਪਹਿਲ ਅਸੀਂ ਨਹੀਂ ਕੀਤੀ। ਸਾਥੋਂ ਜੋ ਹੋਇਆ ਬਚਾ ਕਰਦਿਆਂ ਹੋਇਆ। ਹਜ਼ੂਰ ਤੁਸੀਂ ਧਿਆਨ ਕਰੋ। ਕੀ ਇਹ ਫ਼ੌਜੀਆਂ ਦਾ ਕੰਮ ਏ? ਜਨਤਾ ਨੂੰ ਡਰਾਣਾ ਕੀ ਇਨ੍ਹਾਂ ਨੂੰ ਸੋਭਦਾ ਏ? ਇਨ੍ਹਾਂ ਦਾ ਕੰਮ ਏ ਰੱਖਿਆ ਕਰਨੀ ਦੇਸ਼ ਦੀ। ਲੋਕਾਂ ਦੀ ਸਹਾਇਤਾ ਕਰਨੀ। ਮਾੜਿਆ ਨੂੰ ਤਕੜਿਆਂ ਤੋਂ ਛਡਾਉਣਾ। ਆਪ ਦੁੱਖ ਉਠਾ ਦੂਜਿਆਂ ਨੂੰ ਸੁੱਖ ਪਹੁੰਚਾਣਾ। ਮੁਸਾਫ਼ਰਾਂ ਦੀ ਤਕਲੀਫ਼ ਵਡਣ ਦੀ ਬਜਾਏ, ਉਨ੍ਹਾਂ ਦੀਆਂ ਦਾੜ੍ਹੀਆਂ ਨੂੰ ਜਾ ਹੱਥ ਪਾਏ। ਖਿੜਕੀਆਂ ਬੰਦ ਕਰ ਦਿੱਤੀਔਂ ਜੇ ਵਾੜ ਹੀ ਖੇਤ ਨੂੰ ਖਾਣ ਲੱਗ ਤਾਂ ਖੇਤ ਨੂੰ ਕੌਣ ਬਚਾਏ।

ਬੜਾਈ ਦੀ ਖ਼ਬਰ ਸੁਣ ਕਸੂਰ ਦਾ ਸ੍ਰੀ ਗਣਪਤ ਰਾਇ ਕਾਂਗਰਸੀ ਫ਼ਰਿਸ਼ਤਾ ਜੀ ਦਾ ਮਿੱਤਰ ਵੀ ਆ ਗਿਆ। ਉਨ੍ਹਾਂ ਨੇ ਵੀ ਚੰਗੀ ਜਿਰਾਹ ਕੀਤੀ। ਦੋਹਾਂ ਧਿਰਾਂ ਦੇ ਵਿਚਾਲੇ ਸਮਝੌਤਾ ਹੋਇਆ ਹੋਇਆ। ਕਰਚਿਹੀ ਬਰਖ਼ਾਸਤ ਹੋਈ। ਪਰ ਹਿੰਦੂ ਮੁਸਲਮਾਨ ਸਭ ਕਹਿ ਰਹੇ ਸਨ ਇਹ ਸਾਰੀ ਸ਼ਕਤੀ ਉਨ੍ਹਾਂ ਦੇ ਗੁਰੂ ਦੀ ਹੈ। ਪਠਾਣ ਆਪ ਕਹਿਣ, ਇੱਥੇ ਤਾਂ ਸਿੱਖ ਪੰਜ ਸੱਤ ਨਜ਼ਰੀਂ ਆ ਰਹੇ ਹਨ। ਪਰ ਪਲੇਟਫਾਰਮ ਤੇ ਸਭ ਸਲੋਤਰਾ ਵਾਲੇ ਪੱਗਾਂ ਹੀ ਵੱਗਾਂ ਵਾਲੇ ਦਿਖਾਈ ਦੇਂਦੇ ਸਨ।

# ਮਹਾਰਾਜ ਨਿਹਾਲ ਸਿੰਘ ਅਤੇ ਗੁਰਦਿਆਲ ਸਿੰਘ ਦੇ ਅਨੰਦ

ਸੰਤ ਧਿਆਨ ਸਿੰਘ ਪੱਥਰਾਂ ਵਾਲੇ ਸਤਿਗੁਰੂ ਰਾਮ ਸਿੰਘ ਜੀ ਦੇ ਆਸ਼ਿਕਾਂ ਵਿੱਚੋਂ ਸਨ। ਉਨ੍ਹਾਂ ਦਾ ਘਰ ਕੂਕਿਆਂ ਵਾਸਤ ਨੂਰ ਮਹਿਲ ਸਰਾਂ ਸੀ। ਚਾਰ ਗਏ ਤੈ ਆਏ। ਅੱਠ ਗਏ ਦੱਸ ਮੁੜੇ। ਰਾਤ ਹੋਵੇ ਜਾਂ ਦਿਨ ਹੋਵੇ ਕੂਕਿਆਂ ਵਾਸਤੇ ਕੋਈ ਰੋਕ ਨਹੀਂ। ਬਿਸਤਰਾ, ਮੰਜਾ, ਜਲ ਪ੍ਰਸ਼ਾਦ ਅੱਠੇ ਪਹਿਰ। ਇਹ ਨਹੀਂ ਪੁੱਛਣਾ ਕਿੱਥੋਂ ਆਏ ਹੋ ਕਿੱਥੇ ਜਾਣਾ ਏ।

ਸੰਤ ਧਿਆਨ ਸਿੰਘ ਦੀਆਂ ਦੋ ਲੜਕੀਆਂ ਸਨ ਸਤਵੰਤ ਕੌਰ ਤੇ ਕਰਤਾਰ ਕੌਰ। ਉਹ ਵਰ ਯੋਗ ਹੋਈਆਂ ਤਾਂ ਸੰਤ ਮੰਗਲ ਸਿੰਘ ਜੀ ਅਰਸ਼ੀ ਫ਼ਰਿਸ਼ਤੇ ਨੇ ਸੰਤਾਂ ਨੂੰ ਸਲਾਹ ਦਿੱਤੀ ਕਿ ਲੋਕ ਵਰ ਘਰ ਲੱਭਦੇ ਹਨ ਤੁਸੀਂ ਇਨ੍ਹਾਂ ਬੀਬੀਆਂ ਦਾ ਸੰਬੰਧ ਗੁਰੂ ਘਰ ਨਾਲ ਜੋੜੋ। ਸੰਤ ਧਿਆਨ ਸਿੰਘ ਜੀ ਸਹਿਮਤ ਹੋ ਗਏ। ਫ਼ਰਿਸ਼ਤਾ ਜੀ, ਮਾਤਾ ਜੀਵਨ ਕੌਰ ਦੇ ਚਰਨਾਂ ਵਿਚ ਹਾਜ਼ਰ ਹੋਏ ਤੇ ਸਾਰੀ ਗੱਲ ਕਹਿ ਸੁਣਾਈ। ਮਾਤਾ ਜੀ ਵੀ ਰਾਜ਼ੀ ਹੋ ਗਏ। ਮੁੱਕਦੀ ਗੱਲ ਮਹਾਰਾਜ ਨਿਹਾਲ ਸਿੰਘ ਦਾ ਅਨੰਦ ਬੀਬੀ ਸਤਵੰਤ ਕੌਰ ਅਤੇ ਮਹਾਰਾਜ ਗੁਰਦਿਆਲ ਸਿੰਘ ਦੀ ਕਰਤਾਰ ਕੌਰ ਨਾਲ ਪਰਿਵਾਰ ਹੋਇਆ। ਦੋਹਾਂ ਮਹਾਰਾਜ ਜੀ ਦੇ ਅਨੰਦ ਕਾਰਜਾਂ ਸਮੇਂ ਵੱਡੇ ਵੱਡੇ ਜਥੇਦਾਰ ਕਾਂਗਰਸੀ ਨੇਤਾ ਤੇ ਸਰਦੇ ਪੁੱਜਦੇ ਹਿੰਦੂ, ਮੁਸਲਮਾਨ ਸ਼ਾਮਲ ਹੋਏ।

ਮਹਾਰਾਜ ਨਿਹਾਲ ਸਿੰਘ ਦੇ ਅਨੰਦ ਸਮੇਂ ਦੀ ਇੱਕ ਘਟਨਾ ਦਾ ਵਰਨਣ ਕਰਨਾ ਜ਼ਰੂਰੀ ਹੈ। ਸ੍ਰ: ਆਤਮਾ ਸਿੰਘ ਸਪੁੱਤਰ ਰਾਏ ਬਹਾਦਰ ਬੂਟਾ ਸਿੰਘ ਰਾਵਲਪਿੰਡੀ ਤਿੰਨਾਂ ਭਰਾਵਾਂ ਅਤੇ ਮਾਤਾਵਾਂ ਲਈ ਪੋਠੋਹਾਰੀ ਤਿੱਲੇਦਾਰ ਜੋੜੇ ਚਾਂਦੀ ਦੇ ਥਾਲਾਂ ਵਿਚ ਰਖ ਲਾਹੌਰ ਸਟੇਸ਼ਨ ਤੇ ਪੁੱਜੇ। ਰੇਲ ਗੱਡੀ ਤੋਂ ਗੁਰੂ ਪਰਿਵਾਰ ਉਤਰਿਆ। ਸਟੇਸ਼ਨ ਤੇ ਕੂਕੇ ਹੀ ਕੂਕੇ ਸਨ। ਸਰਦਾਰ ਆਤਮਾ ਸਿੰਘ, ਬੀਬੀ ਲੀਲਾ ਵੰਤੀ, ਮਾਸਟਰ ਸੋਹਣ ਸਿੰਘ ਧੌਣ ਭੰਨ ਤੇ ਉਨ੍ਹਾਂ ਦੇ ਹੋਰ ਸੇਵਕ ਭੀੜ ਨੂੰ ਚੀਰਦੇ ਅੱਗ ਵਧੇ ਤੇ ਜੋੜੇ ਪੇਸ਼ ਕੀਤੇ ਤੇ ਚਰਨਾਂ ਨੂੰ ਛੂਹਿਆ। ਜੋੜੇ ਪਾਣ ਲਈ ਅਰਜ਼ ਕੀਤੀ, ਪਰ ਵਾਹ ਸਤਿਗੁਰੂ ਪ੍ਰਤਾਪ ਸਿੰਘ ਤੇਰੀ ਸ਼ਾਨ ਨਿਰਾਲੀ। ਤੂੰ ਰਾਜਾ ਜੋਗੀ ਹੁੰਦਿਆਂ ਗੁਰ ਮਰਿਯਾਦਾ ਨੂੰ ਹਰ ਸਮੇਂ ਵਿਸ਼ੇਸ਼ਤਾ ਦਿੱਤੀ। ਸੱਚੇ ਪਾਤਸ਼ਾਹ ਜੋੜਿਆਂ ਨੂੰ ਵੇਖਿਆ, ਉਸ ਉੱਚੇ ਲੰਮੇ ਸ਼ਾਹੀ ਠਾਠ ਵਾਲੇ ਸਰਦਾਰ ਨੂੰ ਤੱਕਿਆ, ਪਰ ਜੋੜੇ ਲੈਣ ਇਨਕਾਰ ਕਰ ਦਿੱਤਾ। ਕਿਉਂਕਿ ਤੁਸੀਂ ਭਜਨ ਨਹੀਂ ਪੁੱਛਿਆ ਹੋਇਆ। ਜਿਸ ਪੁਰਸ਼ ਨੇ ਭਜਨ ਨਾ ਪੁੱਛਿਆ ਹੋਵੇ, ਉਸ ਤੋਂ ਕੋਈ ਵਸਤੂ ਪ੍ਰਵਾਨ ਨਹੀਂ ਕਰਨੀ। ਪਲੇਟਫਾਰਮ ਹਜ਼ਾਰਾਂ ਅਮੀਰ ਗ਼ਰੀਬ ਖੜੇ ਸਨ। ਇਹ ਦ੍ਰਿਸ਼ ਵੇਖ ਹੱਕੇ ਬੱਕੇ ਰਹਿ ਗਏ। ਸਰਦਾਰ ਭਾਵੇਂ ਰਾਏ ਬਹਾਦਰ ਦਾ ਪੁੱਤਰ ਸੀ, ਪਰ ਅੰਦਰ ਭਗਤੀ ਭਾਵ ਸੀ।

ਝੱਟ ਹੱਥ ਜੋੜ ਅਰਜ਼ ਕੀਤੀ, ਮਹਾਰਾਜ ਜੀ ਭਜਨ ਦੀ ਦਾਤ ਬਖਸ਼ੋ। ਤੇ ਇਹ ਤੁਛ ਭੇਟ ਪ੍ਰਵਾਨ ਕਰੋ। ਲਾਗੇ ਹੀ ਸ਼ੇਰ ਦਿਲ ਸੰਤ ਭਗਤ ਸਿੰਘ ਜੀ ਖੜੇ ਸਨ। ਸੱਚੇ ਪਾਤਸ਼ਾਹ ਜੀ ਉਨ੍ਹਾਂ ਨੂੰ ਭਜਨ ਦੇਣ ਦਾ ਇਸ਼ਾਰਾ ਕੀਤਾ। ਸੰਤ ਅੱਗੇ ਵਧੇ ਤੇ ਦੰਪਤੀ ਨੂੰ ਕੰਨ ਵਿਚ ਭਜਨ ਦੇ ਦਿੱਤਾ। ਸੱਚੇ ਪਾਤਸ਼ਾਹ ਪ੍ਰਸੰਨ ਹੋ ਗਏ ਅਤੇ ਜੋੜੇ ਪ੍ਰਵਾਨ ਹੋ ਗਏ ਤੇ ਪਾ ਵੀ ਲਏ।

ਇਸ ਸਮੇਂ ਹਜ਼ਾਰਾਂ ਸੰਗਤਾਂ ਜੁੜੀਆਂ ਸਨ। ਜਥੇਦਾਰ ਹਾਜਰ ਸਨ ਭਾਰੀ ਜਲੂਸ ਬਣ ਗਿਆ ਤੇ ਸ਼ਬਦ ਕੀਰਤਨ ਦੀਆਂ ਗੜਗੱਜਾਂ ਵਿਚ ਭਾਈ ਦਰਵਾਜ਼ੇ ਪੁੱਜਾ। ਵੱਡੇ ਪੰਡਾਲ ਦਾ ਪ੍ਰਬੰਧ ਸੀ। ਸਾਰੀ ਰਾਤ ਸ਼ਬਦ ਕੀਤਰਨ ਹੁੰਦਾ ਰਿਹਾ। ਇਨ ਰਾਤ ਲੰਗਰ ਚਲਦਾ ਰਿਹਾ। ਅੰਮ੍ਰਿਤ ਵੇਲੇ ਸ੍ਰੀ ਆਸਾ ਦੀ ਵਾਰ ਦੇ ਕੀਰਤਨ ਉਪਰੰਤ ਅਨੰਦ ਹੋਇਆ। ਇਸ ਸੁਹਾਵਣੇ ਦ੍ਰਿਸ਼ ਵਿਚ ਸੰਤ ਮੰਗਲ ਸਿੰਘ ਜੀ ਦੀ ਸੂਝ ਬੂਝ ਸੀ।

ਮਹਾਰਾਜ ਜੀ ਦੀ ਰਿਹਾਇਸ਼ ਵਾਸਤੇ ਲਾਹੌਰ ਵਿਚ ਸੁੰਦਰ ਭਵਨ ਤਿਆਰ ਕਰਾਉਣ ਵਿਚ, ਸੰਤ ਮੰਗਲ ਸਿੰਘ ਜੀ ਸਲਾਹ ਦਿੱਤੀ, ਕਿਉਂਕਿ ਮਹਾਰਾਜ ਜੀ ਘੋੜਿਆਂ ਦੀ ਖ਼ਰੀਦ ਫ਼ਰੋਖ਼ਤ ਦਾ ਕੰਮ ਕਰਦੇ ਸਨ ਤੇ ਉੱਥੇ ਰਹਿੰਦੇ ਸਨ। ਸੰਤ ਧਿਆਨ ਸਿੰਘ ਮਹਾਰਾਜ ਜੀ ਵਾਸਤ ਮਕਾਨ ਤਿਆਰ ਕਰ ਦਿੱਤਾ। ਕੂਕਿਆਂ ਵਾਸਤੇ ਇਹ ਘਰ ਵੀ ਇੱਕ ਪ੍ਰਕਾਰ ਦੀ ਧਰਮਸ਼ਾਲਾ ਸੀ।

## ਸਤਿਜੁਗ ਸ਼ੁਰੂ

ਸਰਕਾਰ ਪੱਖੀ ਸਦਾ ਆਪ ਹੁਦਰੀਆਂ ਕਰਦੇ ਤੇ ਅਖ਼ਬਾਰਾਂ ਰਾਹੀ ਝੂਠ ਨੂੰ ਸੱਚ ਤੇ ਸੱਚ ਨੂੰ ਝੂਠ ਦਰਸਾਂਦੇ ਸਨ। ਉਨ੍ਹਾਂ ਦੀ ਕਲੀ ਖੋਲ੍ਹਣ ਲਈ ਮਹਾਰਾਜ ਗੁਰਦਿਆਲ ਸਿੰਘ, ਸੰਤ ਮੰਗਲ ਸਿੰਘ, ਸੰਤ ਨਿਧਾਨ ਸਿੰਘ ਆਲਿਮ ਨੇ 1976 ਬਿਕ੍ਰਮੀ ਵਿਚ ਸਪਤਾਹਿਕੀ ਸਤਿਜੁਗ ਸ਼ੁਰੂ ਕੀਤਾ। ਵਰਨਾਂ ਦੇ ਹੋਲੇ ਸਮੇਂ ਸੰਗਤਾਂ ਵਿਚ ਇਸਦਾ ਖ਼ੂਬ ਪ੍ਰਚਾਰ ਹੋਇਆ। ਨਿਰੰਕਾਰ ਸਿੰਘ ਚੇਤਨ, ਸੰਤ ਮੰਗਲ ਸਿੰਘ, ਨਿਧਾਨ ਸਿੰਘ ਆਲਿਮ, ਮਹਾਰਾਜ ਗੁਰਦਿਆਲ ਸਿਘ ਧੜੱਲੇਦਾਰ ਲੇਖਾਂ ਰਾਹੀਂ ਹਕੂਮਤ ਦਾ ਪਾਜ ਖੋਲ੍ਹਣਾ ਸ਼ੁਰੂ ਕੀਤਾ। ਸਰਕਾਰ ਪੱਖੀ ਉੱਤਰ ਤਾਂ ਕੋਈ ਦੇ ਨਹੀਂ ਸਨ ਸਕਦੇ, ਕੇਵਲ ਧੱਕੇਸ਼ਾਹੀ ਨਾਲ ਇਸਨੂੰ ਵਿਕਣ ਤੋਂ ਰੋਕਦੇ ਸਨ। ਸਤਿਗੁਰੂ ਨੇ ਗੁਰੂ ਬਾਲਕ ਸਿੰਘ ਜੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਗੁਰਗੱਦੀ ਦੇਂਦਿਆਂ ਦੀ ਤਸਵੀਰ ਛਾਪੀ ਤਾਂ ਉਸ ਵਿਰੁੱਧ ਰੋਲਾ ਪਾਇਆ। ਅੰਤ ਉਹ ਤਸਵੀਰ ਜਬਤ ਹੋ ਗਈ।

ਸਤਿਜੁਗ ਚੂੰਕਿ ਸਪਤਾਹਿਕੀ ਸੀ, ਇਏ ਕਾਫ਼ੀ ਨਾ ਸਮਝਿਆ ਹਾਲਾਂਕਿ ਇਸਦੇ ਵਿਕਣ ਵਿਚ ਕਾਫ਼ੀ ਰੁਕਾਵਟਾਂ ਸਨ। ਮਾਸਟਰ ਸੁਹਾਵਾਂ ਸਿੰਘ ਸਤਿਜੁਗ ਦੀ ਸੇਵਾ ਕਰਦਾ ਸੀ। ਉਹ ਅਖ਼ਬਾਰ ਵੇਚ ਰਿਹਾ ਸੀ ਤਾਂ ਇੱਕ ਸਿਰਫਿਰੇ ਨੀਲੀ ਪਗੜੀਏ ਨੇ ਸਿਰ ਤੇ ਸੋਟਾ ਮਾਰ ਸਿਰ ਪਾੜ ਦਿੱਤਾ। ਮਾਸਟਰ ਜੀ

ਦਸਤਾਰ ਘੁੱਟ ਨੱਪ ਘਰ ਪਹੁੰਚੇ। ਲਹੂ ਬੰਦ ਕਰਵਾਇਆ, ਮਰਹਮ ਪੱਟੀ ਕੀਤੀ ਤਗੜੇ ਹੋ ਮੁੜ ਆ ਸਤਿਜੁਗ ਆ ਗਿਆ, ਸਤਿਜੁਗ ਆ ਗਿਆ ਦਾ ਹੋਕਾ ਦਿੱਤਾ। ਇਸ ਤਰ੍ਹਾਂ ਮਸਤਾਨਾ ਝੰਡਾ ਸਿੰਘ ਦਰਬਾਰ ਸਾਹਿਬ ਜਾ ਸਤਿਜੁਗ ਵੇਚਿਲਾਂ ਤੇ ਸਤਿਗੁਰਾਂ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ। ਸਤਿਜੁਗ ਹਫ਼ਤੇ ਪਿੱਛੋਂ ਛੱਪਦਾ ਸੀ, ਪਰ ਵਾਰ ਕਰਨ ਵਾਲੇ ਨਿੱਤ ਨਵੇਂ ਸੂਰਜ ਕੋਇ. ਸ਼ੋਸ਼ਾ ਛੱਡ ਦੇਂਦੇ। ਇਸ ਖ਼ਿਆਲ ਨੂੰ ਮੁੱਖ ਰੱਖਦਿਆਂ ਕੂਕਾ ਰੋਜ਼ਾਨਾ ਸ਼ੁਰੂ ਕੀਤਾ ਗਿਆ। ਜਿਸ ਵਿਚ ਵਿਰੋਧੀਆਂ ਵੱਲੋਂ ਪਾਏ ਭੁਲੇਖਿਆਂ ਨੂੰ ਕੱਢਣ ਹਿਤ ਕਲਮ ਦੀ ਜ਼ੋਰ ਅਜਮਾਈ ਹੁੰਦੀ। ਸੰਤ ਮੰਗਲ ਸਿੰਘ ਜੀ, ਮਹਾਰਾਜ ਗੁਰਦਿਆਲ ਸਿੰਘ, ਸੰਤ ਨਿਧਾਨ ਸਿੰਘ ਆਲਿਮ ਤੇ ਨਿਰੰਕਾਰ ਸਿੰਘ ਚੇਤਨ ਜੀ ਢੁੱਕਵਾਂ ਉੱਤਰ ਦਿੰਦੇ। ਸੰਤ ਮੰਗਲ ਸਿੰਘ ਜੀ ਠੁੱਲੀ ਪੰਜਾਬੀ ਵਿਚ ਗੋਰਾਸ਼ਾਹੀ ਵਿਰੁੱਧ ਬੋਲਦੇ ਸਨ ਇੱਥੋਂ ਤੱਕ ਵੀ ਸੰਕੋਚ ਨਾ ਕਰਦੇ ਕਿ ਇਹ ਗੋਰੇ, ਵੇਖਣ ਨੂੰ ਤਾਂ ਗੋਰੇ ਹਨ ਪਰ ਅੰਦਰੋਂ ਸ਼ਾਹ ਕਾਲੇ ਹਨ। ਇਨ੍ਹਾਂ ਦੀ ਜੀਭ ਕੱਟੇ ਦੀ ਜੀਭ ਵਾਲੀ ਹੈ, ਇਹ ਦੇਸ਼ ਨੂੰ ਲੁੱਟ ਰਹੇ ਹਨ। ਸਾਡੇ ਲੋਕ ਮਿੱਸੀ ਰੋਟੀ ਜਾਂ ਅੰਬ ਦੇ ਅਚਾਰ ਨਾਲ ਕੰਮ ਸਾਰ ਲੈਂਦੇ ਹਨ, ਪਰ ਇਨ੍ਹਾਂ ਗੋਰਿਆਂ ਦੇ ਖੂਲ੍ਹੀ ਦਾ ਬਿਸਕੁਟਾਂ ਤੋਂ ਬਿਨਾਂ ਪੇਟ ਨਹੀਂ ਭਰਦਾ। ਕੂਕਾ ਚਾਹੁੰਦਾ ਹੈ ਕਿ ਇਨ੍ਹਾਂ ਦਾ ਛੇਤੀ ਤੋਂ ਛੇਤੀ ਬੋਰੀਆ ਬਿਸਤਰਾ ਗੋਲ ਕੀਤਾ ਜਾਵੇ। ਸੰਤਾਂ ਦੇ ਸਖ਼ਤ ਲੇਖਣੀ ਤੇ ਬੋਲਣ ਕਰਕੇ ਇੱਕ ਸਾਲ ਦੀ ਕੈਦ ਹੋ ਗਈ। ਪਰ ਜਿਨ੍ਹਾਂ ਨੂੰ ਲੱਗੇ ਪ੍ਰੇਮ ਤਮਾਚੇ ਉਨ੍ਹਾਂ ਨੂੰ ਜੇਲ੍ਹਾਂ ਕੀਤੇ ਕਾਲੇ ਪਾਣੀ ਕੀ।

## ਭੁਲੜ ਸਿੱਖਾਂ ਨੂੰ ਬਖਸ਼ਵਾਨਾ

ਸਿੱਖ ਸਦਾ ਭੁੱਲਣਹਾਰ ਹੈ, ਗੁਰੂ ਸਦਾ ਬਖਸਿੰਦਾ ਹੈ। ਇੱਕ ਵਾਰ ਸੰਤ ਨਿਧਾਨ ਸਿੰਘ ਜੀ ਆਲਿਮ, ਸੰਤ ਹਰਨਾਮ ਸਿੰਘ ਕਿਲ੍ਹੇ ਵਾਲੇ ਸੰਤ ਫਤਹਿ ਸਿੰਘ ਮਾਂਗਾ ਸਭ ਤਨਖਾਹੀਏ ਹੋ ਗਏ। ਇਨ੍ਹਾਂ ਅੰਦਰ ਮਾਣ ਦਾ ਕੰਢਾ ਵਧੇਰੇ ਉਭਰ ਆਇਆ ਪਰ ਸਤਿਗੁਰੂ ਸਦਾ ਸਿੱਖ ਦਾ ਭਲਾ ਲੋਚਦਾ ਹੈ। ਉਪਰ ਦੱਸੇ ਮਹਾਤਮਾ ਨੂੰ ਇਹ ਮਾਣ ਸੀ ਕਿ ਉਹ ਕੀਰਤਨ ਕਰਦੇ ਹਨ, ਵਖਿਆਨ ਦੇ ਸਕਦੇ ਹਨ। ਇਨ੍ਹਾਂ ਅੰਦਰ ਵੀ ਸੱਤੇ ਬਲਵੰਤ ਵਾਲਾ ਭੂਤ ਆ ਘੁਮਿਆ, ਇਹ ਕਹਿਣ ਕਿ ਸਤਿਗੁਰੂ ਦਾ ਪ੍ਰਤਾਪ ਸਾਡੇ ਕਰਕੇ ਹੈ। ਪਰ ਉਨ੍ਹਾਂ ਭੋਲਿਆਂ ਨੂੰ ਕੀ ਪਤਾ ਕਿ ਸਤਿਗੁਰੂ ਤਾਂ ਗੂੰਗੇ ਬੇਲਿਆਂ ਪਾਸੋਂ ਗੀਤਾ ਦੇ ਅਰਥ ਕਰਵਾ ਸਕਦਾ ਹੈ, ਮੂਰਖਾਂ ਪਾਸੋਂ ਪੰਡਿਤਾਂ ਨੂੰ ਹਰ ਸਕਦਾ ਹੈ। ਇਹ ਤਨਖਾਹੀ ਪ੍ਰਚਾਰਕ ਜਿੱਥੇ ਜਾਣ ਕੋਈ ਮੂੰਹ ਨਾ ਲਾਵ। ਇਹ ਵਾਜਜ਼ੇ ਜੋੜੀਆਂ ਚੁੱਕੀ ਫਿਰਨ। ਢੋਲਕੀ ਛੈਣਿਆਂ ਨੂੰ ਲੱਕ ਨਾ ਲਮਕਾਈ ਫਿਰਨ, ਪਰ ਸਭ ਪਾਸੋਂ ਫਿਟਕਾਰਾਂ। ਅੰਤ ਇਨ੍ਹਾਂ ਸੰਤ ਮੰਗਲ ਸਿੰਘ ਜੀ ਦਾ ਲੜ ਫੜ ਲਿਆ ਕਿ ਤੁਸੀਂ ਕੋਈ ਜਾਗਤੀ ਦੱਸੋ। ਸੰਤਾਂ ਕਿਹਾ ਤੁਸੀਂ ਮੇਰੇ ਨਾਲ ਚੱਲੋ। ਅਰਜ਼ ਮੈਂ

ਕਰਾਂਗਾ। ਸਭ ਫ਼ਰਿਸ਼ਤੇ ਹੁਰਾਂ ਨਾਲ ਮਿਲਕੇ ਸਤਿਗੁਰਾਂ ਦੇ ਚਰਨਾਂ ਵਿਚ ਜਾ ਹਾਜਰ ਹੋਏ। ਸੰਤ ਮੰਗਲ ਸਿੰਘ ਜੀ ਨੇ ਬੇਨਤੀ ਕੀਤੀ। "ਮਹਾਰਾਜ ਜੀ! ਜੇ ਸਿੱਖ ਭੁੱਲ ਨਾ ਕਰੇ ਤਾਂ ਤੁਹਾਨੂੰ ਬਖਸ਼ਣ ਹਾਰ ਕੋਣ ਰਹੇ। ਭੁੱਲਾਂ ਕਰਨਾ ਸਾਡਾ ਧਰਮ ਹੈ, ਬਖਸ਼ਸ਼ ਕਰਨਾ ਤੁਹਾਡਾ ਨੇਮ ਹੈ, ਇਨ੍ਹਾਂ ਆਪਣਾ ਧਰਮ ਪੂਰਾ ਕਰ ਵਖਾਇਆ, ਹੁਣ ਤੁਸੀਂ ਆਪਣਾ ਧਰਮ ਪੂਰਾ ਕਰੋ।" ਸੱਚੇ ਪਾਤਸ਼ਾਹ ਮੁਸਕਰਾ ਪਏ। ਸੰਤਾਂ ਮੱਥਾ ਟੇਕ ਦਿੱਤਾ। ਆਲਿਮ ਜੀ ਤੇ ਦੂਜੇ ਮਹਾਂਪੁਰਸ਼ ਗਿੜਗੜਾ ਚਰਨਾਂ ਤੇ ਢੱਠੇ ਤੇ ਸਤਿਗੁਰੂ ਜੀ ਖ਼ੁਸ਼ੀਆਂ ਬਖਸ਼ ਦਿੱਤੀਆਂ

## ਕਾਂਗਰਸ ਦੇ ਜਲਸੇ ਨੂੰ ਸਫ਼ਲ ਬਣਾਉਣਾ

ਕੂਕੇ ਦਾ ਜਨਮ ਹੀ ਸੰਘਰਸ਼ ਵਾਸਤੇ ਹੋਇਆ ਹੈ 1857 ਦੀ ਵਿਸਾਖੀ ਤੋਂ ਆਜ਼ਾਦੀ ਦੀ ਲੜਾਈ ਵਾਸਤੇ ਗੋਰਾਸ਼ਾਹੀ ਵਿਰੁੱਧ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਿਗਲ ਵਜਇਆ। ਕੂਕੇ ਉਸ ਸਮੇਂ ਤੋਂ ਕਹਿਰਾਂ ਦੇ ਕਸ਼ਟ ਝੱਲੇ ਅਤੇ ਹਰ ਅਗ੍ਹਾ ਵਧੂ ਸ਼ਕਤੀ ਨਾਲ ਮੋਢੇ ਨਾਲ ਮੋਢਾ ਜੋੜ ਲੜਦਾ ਚਲਾ ਗਿਆ। ਲਾਹੌਰ ਵਿਚ ਲਾਲ ਇੰਡੀਆ ਕਾਂਗਰਸ ਦਾ ਸਲਾਨਾ ਸਮਾਗਮ ਸੀ। ਇਸ ਤੋਂ ਪਹਿਲਾਂ ਕਾਂਗਰਸੀ ਨੇਤਾਵਾਂ ਵੱਲੋਂ ਸਰਕਾਰ ਅੰਗਰੇਜ਼ਾਂ ਨੂੰ ਅਲਟੀਮੇਟਮ ਦਿੱਤਾ ਗਿਆ ਕਿ 31 ਦਸੰਬਰ 1929 ਤੱਕ ਤਾਕਤ ਨੂੰ ਡੁਮੀਨਨ ਸਟੇਟਸ ਦਾ ਦਰਜਾ ਦਿੱਤਾ ਜਾਵੇ ਨਹੀਂ ਪੂਰਨ ਸਵੈਤੰਤਰਤਾ ਦਾ ਮਤਾ ਪਾਸ ਕੀਤਾ ਜਾਵੇਗਾ। ਪਰ ਰਾਜ ਅੰਨ੍ਹਾ ਤੇ ਬੋਲਾ ਕਰ ਦੇਂਦਾ ਹੈ। ਅੰਗਰੇਜ਼ ਇਹ ਕਹਿ-ਕੁੱਤੇ ਭੌਂਕਦੇ ਰਹਿੰਦੇ ਹਨ। ਹਾਥੀ ਆਪਣੀ ਮਸਤੀ ਦੀ ਚਾਲ ਟੁਰਿਆ ਜਾਂਦਾ ਹੈ। ਉਨ੍ਹਾਂ ਕੋਈ ਗੱਲ ਨਾ ਗੋਲੀ। ਲਾਹੌਰ ਰਾਵੀ ਦੇ ਕਿਨਾਰੇ ਸਲਾਨਾ ਸਮਾਗਮ ਦੀ ਤਿਆਰੀ ਸ਼ੁਰੂ ਹੋ ਗਈ। ਪੰਡਿਤ ਨਹਿਰੂ ਦਾ ਜਲੂਸ ਨਿਕਲਣਾ ਸੀ। ਸਰਕਾਰ ਉਸਨੂੰ ਸਫ਼ਲ ਨਹੀਂ ਹੋਣ ਦੇਣਾ ਚਾਹੁੰਦੀ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਆਦੇਸ਼ ਪਾਕੇ ਮਹਾਰਾਜ ਨਿਹਾਲ ਸਿੰਘ ਜੀ ਉਸ ਜਲੂਸ ਨੂੰ ਕਾਮਯਾਬ ਬਣਾਉਣ ਹਿ ਜੁਟ ਗਏ। ਉਸ ਸਮੇਂ ਦੇ ਨਾਮਧਾਰੀ ਮੁਖੀਆਂ ਸੰਤ ਮੰਗਲ ਸਿੰਘ, ਨਿਧਾਨ ਸਿੰਘ ਆਲਿਮ, ਪੰਡਿਤ ਮਨਸਾ ਸਿੰਘ, ਟਹਿਲ ਸਿੰਘ ਸੱਦੋਵਾਲ, ਇੰਦਰ ਸਿੰਘ ਚੱਕਰਵਰਤੀ ਆਦਿ ਸਭ ਸਿਪਾਹੀਆਂ ਵਾਂਗੂੰ ਲੜਨ ਲਈ ਲਾਮਬੰਦ ਹੋ ਗਏ। ਬਾਹਰੋਂ ਲੋਕਾਂ ਨੂੰ ਰੋਕਣ ਵਾਸਤੇ ਸਭ ਪਾਸਿਆਂ ਤੋਂ ਪੁਲਿਸ ਖੜ੍ਹੀ ਹੋ ਗਈ। ਸੰਤ ਮੰਗਲ ਸੰਘ ਜੀ ਤਜਵੀਜ਼ ਰੱਖੀ ਕਿ ਸਿੰਘ ਘਾਹੀਆਂ ਦਾ ਵੇਸ ਧਾਰਕੇ ਸ਼ਹਿਰ ਵਿਚ ਦਾਖ਼ਲ ਹੋਣ ਕਿਉਂਕਿ ਸਰਕਾਰ ਪੈਰ ਪੈਰ ਤੇ ਰੋੜੇ ਖੜੇ ਕਰ ਰਹੀ ਸੀ। ਕੁਝ ਅਕਾਲੀ ਸਿੰਘ ਬਾਬਾ ਖੜਕ ਸਿੰਘ ਦੀ ਸਰਦਾਰੀ ਹੇਠ ਝੰਡ ਵਿਚ ਰੰਗ ਦਾ ਸਵਾਲ ਖੜ੍ਹਾ ਕਰਕੇ ਬਾਦਾਮੀ ਬਾਗ਼ ਦੇ ਮੈਦਾਨ ਵਿਚ ਵੱਖਰੇ ਢੋਂਚੇ ਰਾਹੀਂ ਇਹ ਕਹਿ ਰਹੇ ਸੀ ਕਿ ਜਿਹੜਾ ਸਿੱਖ ਕਾਂਗਰਸ ਦੇ ਜਲਸੇ ਵਿਚ ਸ਼ਾਮਲ

ਹੋਵੇਗਾ, ਉਹ ਸਿੱਖ ਨਹੀਂ, ਪਰ ਕੂਕੇ ਅੱਗੇ ਅਜੇਹ ਫਤਵੇ ਸੁਣ ਚੁੱਕੇ ਤੇ ਉਹ ਤਨੋ ਮਨੋ ਇਸ ਜਲੂਸ ਤੇ ਜਲਸੇ ਨੂੰ ਸਫ਼ਲ ਬਣਾਉਣ ਹਿਤ ਸਫਬੰਦੀ ਖੜੇ ਸਨ।

ਮਾਤਾ ਜੀਵਨ ਕੌਰ ਜੀ ਹਜ਼ਾਰਾਂ ਵਾਲਟੀਆਂ ਦੇ ਪ੍ਰਸ਼ਾਦੇ ਦੇ ਪ੍ਰਬੰਧ ਵਾਸਤੇ ਪੁੱਜ ਚੁੱਕੇ ਸਨ ਤੇ ਸਿੰਘ ਜਲੂਸ ਵਿਚ ਘਾਹੀਆਂ ਦਾ ਰੂਪ ਧਾਰ ਇਕੱਠੇ ਹੋ ਰਹੇ ਸਨ। ਕੂਕਾ ਡਾਕ ਤੇ ਹਜ਼ਾਰਾਂ ਸਿੰਘਾਂ ਨੂੰ ਜਲਸੁ ਵਾਸਤੇ ਲਿਆ ਹਾਜਰ ਕੀਤਾ। ਸਿੱਖ ਭੇਸ ਬਦਲ ਪੈਦਲ ਤੇ ਘੋੜਿਆਂ ਤੇ ਸ਼ਹਿਰ ਵਿਚ ਦਾਖ਼ਲ ਹੋ ਗਏ। ਕੂਕਿਆਂ ਦਾ ਇਸ ਢੰਗ ਨਾਲ ਇਕੱਤਰ ਵੇਖ ਕਾਂਗਰਸ ਦੇ ਨੇਤਾ ਡਾਕਟਰ ਗੋਪੀ ਚੰਦ ਭਾਰਗੋ, ਭੀਮ ਸੈਨ ਸੱਚਰ, ਸ੍ਰੀ ਅਬਦੁਲ ਗ਼ਨੀ ਸੈਫੂਲਦੀਨ, ਕਿਚਲੂ ਮੌਲਾਨਾ ਹਬੀਬੁਲ ਰਹਿਮਾਨ ਸਭ ਦੰਗ ਰਹਿ ਗਏ ਤੇ ਸਭਨਾਂ ਨੇ ਸੰਤਾਂ ਦੇ ਜਰਖੇਜ਼ ਦਿਮਾਗ਼ ਦੀ ਪ੍ਰਸੰਸਾ ਕੀਤੀ। ਪੰਡਿਤ ਜੀ ਘੋੜੇ ਤੇ ਸਵਾਰ ਹੋਏ। ਨਾਲ ਮਹਾਰਾਜ ਨਿਹਾਲ ਸਿੰਘ, ਸਰਦਾਰ ਦਇਆ ਸਿੰਘ ਸਰਦਾਰ ਆਤਮਾ ਸਿੰਘ, ਸੰਤ ਮੰਗਲ ਸਿੰਘ ਹੋਰ ਮੁਖੀ ਸੌ ਘੋੜਿਆਂ ਤੇ ਜਾ ਰਹੇ ਸਨ। ਸੰਤ ਨੱਥਾ ਸਿੰਘ ਜੀ ਪਤੰਗ ਢੋਲਕੀ ਛੈਣਿਆਂ ਦੀ ਗੜਗਜ ਵਿਚ ਪੜ੍ਹਦੇ ਜਾ ਰਹੇ ਸਨ - "ਨੱਸੇ ਜਾਣ ਫਰੰਗੀ ਹੁਣ ਕੀ ਵੇਖਨੈ?" - ਉਸ ਸੈਸ਼ਨ ਵਿਚ ਮਾਤਾ ਜੀਵਨ ਕੌਰ ਹਜ਼ਾਰਾਂ ਵਲੰਟੀਅਰਾਂ ਨੂੰ ਪ੍ਰਸ਼ਾਦਾ ਛਕਾ ਸਭਨਾਂ ਨੂੰ ਆਜ਼ਾਦੀ ਦੀ ਦੇਵੀ ਤੇ ਜਾਨ ਤੇ ਮਾਲ ਵਾਰਨ ਦੀ ਪ੍ਰੇਰਨਾ ਕਰਦੇ ਸਨ। ਜਲੂਸ ਕਾਮਯਾਬ ਰਿਹਾ ਤੇ 1 ਜਨਵਰੀ 1930 ਨੂੰ ਪੂਰਨ ਸ੍ਵੈਤੰਤਰਤਾ ਦਾ ਮਤਾ ਭਾਰਤ ਮਾਤਾ ਦੀ ਜੈ ਦੇ ਆਕਾਸ਼ ਗੁੰਜਾਊ ਨਾਅਰਿਆਂ ਵਿਚ ਪਾਸ ਹੋ ਗਿਆ। 26 ਜਨਵਰੀ 1930 ਨੂੰ ਦੇਸ਼ ਨੂੰ ਵਿਦੇਸ਼ੀਆਂ ਦ ਜੂਲੇ ਹੇਠੋਂ ਕੱਢਣ ਹਿਤ ਸਮੂਹਿਕ ਤੌਰ ਤੇ ਪ੍ਰਤਿੱਗਿਅ ਕੀਤੀ ਗਈ। ਵਿਰੋਧੀਆਂ ਦੇ ਘਰੀਂ ਮਾਤਮ ਦੀ ਸਫ ਵਿਛ ਗਈ। ਆਜ਼ਾਦੀ ਦੀ ਸ਼ਮਾਂ ਦੇ ਪਤਰਿਆਂ ਜਵਾਲਾ ਦੁਆਲੇ ਝੂਅਟ ਪਾ ਦਿੱਤਾ। ਕੂਕੇ ਗੱਜਣ ਲੱਗੇ, "ਨੱਸੇ ਜਾਣ ਫਰੰਗੀ ਹੁਣ ਕੀ ਵੇਖਨੈ? ਦਿਨ ਤੇ ਰਹਿ ਗਏ ਥੋੜ ਹੁਣ ਕੀ ਵੇਖਨੈਂ? ਸਤਿਗੁਰੂ ਪ੍ਰਤਾਪ ਸਿੰਘ ਜੀ ਵਤਨਪ੍ਰਸਤ ਖਿਡਾਰੀਆਂ ਦੀ ਟੀਮ ਅੰਦਰ ਲਹੂ ਉਬਾਲ ਖਾਣ ਲੱਗਾ। ਮਹਾਤਮਾ ਗਾਂਧੀ ਦੇ ਜੇਲ੍ਹ ਭਰੋ ਨਾਅਰਿਆਂ ਦਾ ਭਰਵਾਂ ਉੱਤਰ ਦਿੱਤਾ, ਉਸ ਮਹਿਮ ਤੇ ਸੰਤ ਮੰਗਲ ਸਿੰਘ ਜੀ, ਸ੍ਰੀ ਆਲਿਮ ਜੀ ਚੱਕਰਵਰਤੀ ਜੀ, ਟਹਿਲ ਸਿੰਘ ਸੱਦੇਵਾਲ, ਸੰਤ ਅਣਖਾ ਸਿੰਘ ਜ ਤੂਫਾਨੀ ਦੌਰੇ ਸ਼ੁਰੂ ਕਰ ਦਿੱਤੇ। ਸੰਤ ਮੰਗਲ ਸਿੰਘ ਜੀ ਦੀ ਤਕਰੀਰ ਦਾ ਨਮੂਨਾ ਪੇਸ਼ ਕੀਤਾ ਜਾਂਦਾ ਹੈ।

## ਆਜ਼ਾਦੀ ਵਾਸਤੇ ਘੋਲ

'ਸੁਣੋ ਉਇ ਅੰਨਿਓ ਲੋਕੋ! ਤੁਹਾਡੇ ਦੇਸ਼ ਤੇ ਸ਼ੇਰਾਂ ਬਘਿਆੜਾਂ ਹੱਲਾ ਬੋਲਿਆ ਹੋਇਆ ਹੈ। ਉਹ ਪਾੜ ਪਾੜ ਖਾਂ ਰਹੇ ਹਨ। ਤੁਹਾਡਾ ਲਹੂ ਪੀ

ਰਹੇ ਹਨ, ਤੁਹਾਡਾ ਮਾਸ ਇੱਲਾਂ ਗਿਰਜਾ ਵਾਂਗੂੰ ਨੋਚ ਰਹੇ ਹਨ, ਤੁਹਾਡੇ ਸਿਰ ਤੇ ਜੂੰ ਨਹੀਂ ਸਰਕਦੀ। ਤੁਸੀਂ ਜਿਉਂਦੇ ਹੋ? ਤੁਹਾਡੇ ਨਾਲੋਂ ਉਹ ਹਜ਼ਾਰ ਗੁਣਾਂ ਚੰਗੇ ਜਿਹੜੇ ਕਬਰਾਂ ਵਿਚ ਪਲਸੇਟੇ ਮਾਰ ਰਹੇ ਹਨ। ਉਹ ਤੁਹਾਡੇ ਵਾਂਗੂੰ ਬੇ-ਗੈਰਤਿਆਂ ਨਿਆਈ ਦਿਨ ਪੂਰੇ ਨਹੀਂ ਕਰ ਰਹੇ। ਤੁਹਾਨੂੰ ਸ਼ਰਮ ਨਾ ਹਯਾ। ਤੁਹਾਡੇ ਬੱਚੇ ਨੰਗ, ਉਨ੍ਹਾਂ ਗਲੀਂ ਛੱਜ ਛੱਜ ਲੀਰਾਂ। ਸਕਦੀ ਹੋਵੇ ਜਾਂ ਗਰਮੀ, ਉਹ ਨੰਗ-ਮੁਨੰਗੇ ਢਿੱਡ ਵਜਾਂਦੇ ਫਿਰਨ। ਇਨ੍ਹਾਂ ਗੋਰਿਆਂ ਨੇ ਸੱਤਾਂ ਸਮੁੰਦਰਾਂ ਤੋਂ ਆਕੇ ਤੁਹਾਨੂੰ ਗ਼ੁਲਾਮ ਬਣਾਇਆ। ਇਸ ਦੇਸ਼ ਨੂੰ ਦੋਹੀ-ਦੋਹੀ ਹੱਥੀਂ ਲੁੱਟ ਰਹੇ ਹਨ। ਇਨ੍ਹਾਂ ਨੇ ਭਾਰਤੀ ਜੁਲਾਹਿਆਂ ਦੇ ਹੱਥ ਵੱਢ ਦਿੱਤੇ, ਕਾਰੀਗਰਾਂ ਨੂੰ ਨਪੁੰਸਿਕ ਬਣਾ ਦਿੱਤਾ। ਭਾਰਤ ਨੂੰ ਮੰਡੀ ਬਣਾਇਆ। ਤੁਹਾਡੀ ਕਪਾਹ ਮਣਾਂ ਦੇ ਭਾਅ ਲੈਂਦੇ ਹਨ ਤੇ ਗਜਾਂ ਵਿਚ ਕੱਪੜਾ ਦੇਂਦੇ ਹਨ। ਤੁਹਾਡੀ ਕਣਕ ਤੋਂ ਬਿਸਕੁਟ ਬਣਾਕੇ ਆਪ ਖਾਂਦੇ ਹਨ ਪਰ ਤੁਹਾਨੂੰ ਸੁੱਕੀਆਂ ਰੋਟੀਆਂ ਅਚਾਰ ਜਾਂ ਗੰਡੇ ਨਾਲ। ਭਾਰਤ ਦੇ ਵੈਦਾਂ ਤੋਂ ਨਫ਼ਰਤ, ਪਰ ਵਲੈਤੀ ਗੋਲੀਆਂ ਦੀ ਭਰਮਾਰ। ਸਾਨੂੰ ਉਹ ਵਿੱਦਿਆ ਦਿੱਤੀ ਜਾਂਦੀ ਏ, ਜਿਸ ਨਾਲ ਬੀ.ਏ. ਬੇਵਕੂਫ਼ ਬਣਨ। ਖਲੋ ਕੇ ਮੂਤਰਨ ਚੂਲਿਆਂ ਵਿਚ ਹੱਗਣ ਤੇ ਗੋਰਿਆਂ ਦੇ ਦਫ਼ਤਰਾਂ ਵਿਚ ਬਾਬੂ ਬਣਨ। ਗੋਰਾਂ 70% ਦੇਸੀ 18% ਕੰਮ ਭਾਰਤੀ ਕਰਨੀ ਮਲਾਈਆਂ ਉਹ ਖਾਣ। ਖਾਣ ਪੀਣ ਨੂੰ ਬਾਂਦਰੀ ਡੰਡੇ ਖਾਣ ਨੂੰ ਰਿੱਛ। ਤੁਸੀਂ ਦਿਨ ਰਾਤ ਲਹੂ ਪਸੀਨਾ ਇੱਕ ਕਰੋ। ਮਿੱਟੀ ਨਾਲ ਮਿੱਟੀ ਹੋਵੇ, ਡੰਗਰਾਂ ਵਾਂਗੂੰ ਜੁੱਟੇ ਰਹੋ। ਖਾਣ ਨਾ ਪੀਣ, ਜਿਉਂਦਿਆਂ ਵਿਚ ਨਾ ਮੁਰਦਿਆਂ ਵਿਚ। ਤੁਸੀਂ ਵਿਚ ਵਿਚਾਲੇ ਲਟਕਦੇ ਹੋ।

ਇਸ ਤਰ੍ਹਾਂ ਸੰਤਾਂ ਦਾ ਜੀਵਨ ਸੰਘਰਸ਼ ਦੋ ਮਸਲਿਆਂ ਬਾਰੇ ਝੂਝਦਾ ਰਿਹਾ ਹੈ। (1) ਦੇਹਧਾਰੀ ਗੁਰੂ (2) ਦੇਸ਼ ਆਜ਼ਾਦੀ, ਗੁਰੂ ਹਰੀ ਸਿੰਘ ਜੀ ਦੀ ਕਿਰਪਾ ਨਾਲ ਉਨ੍ਹਾਂ ਨੂੰ ਗਿਆਨ ਹੋ ਗਿਆ ਸੀ ਕਿ ਦੇਸ਼ ਆਜ਼ਾਦ ਹੈ ਤਾਂ ਜੀਵਨ ਹੈ; ਨਹੀਂ ਤਾਂ ਨਿਰਾ ਨਰਕੇ ਇਸੇ ਤਰ੍ਹਾਂ ਜੇ ਜੀਵਨ ਵਿਚ ਗੁਰੂ ਮਿਲਣ ਦਾ ਸੁਭਾਗ ਪ੍ਰਾਪਤ ਹੋ ਗਿਆ ਹੋਵੇ ਤਾਂ ਤਾਂ ਪੌ ਬਾਰ੍ਹਾਂ। 'ਲੋਕ ਸੁਖੀਏ ਪ੍ਰਲੋਕ ਸੁਹੇਲੇ'। ਇਹ ਆਪ ਵੀ ਇਨ੍ਹਾਂ ਸਿਧਾਂਤਾ ਦੇ ਦ੍ਰਿੜ੍ਹ ਸਨ ਤੇ ਦੂਜਿਆਂ ਨੂੰ ਪ੍ਰੇਰਨਾ ਦਵਾਉਣ। ਉਨ੍ਹਾਂ ਧਰਮ ਬਣਾ ਲਿਆ ਸੀ। ਇਨ੍ਹਾਂ ਵਿਸ਼ਿਆਂ ਬਾਰੇ ਬੋਲਣਾ ਤੇ ਸੰਬੋਧਨ ਕਰਨਾ ਬਿਲਕੁਲ ਅਨੋਖਾ ਤੇ ਨਿਰਾਲਾ ਸੀ, ਆਪ ਸਦਾ ਇਸ ਢੰਗ ਨਾਲ ਆਰੰਭ ਕਰਦੇ, ਤੁਹਾਨੂੰ ਸਿਰ ਲੁਕਾਉਣ ਲਈ ਕੱਖਾਂ ਦੀ ਕੁੱਲੀ, ਗੋਰਿਆਂ ਵਾਸਤੇ ਬੰਗਲੇ। ਸਾਰਾ ਸਾਲ ਕਮਾਈ ਕਰੋ ਅੰਤ ਗੋਰਿਆਂ ਦੇ ਢਿੱਡੀ। ਨਾਲੇ ਤੁਹਾਡਾ ਲਹੂ ਪੀਣ ਨਾਲੇ ਬੇਇੱਜ਼ਤੀ ਕਰਨ। ਗੋਰਿਆਂ ਦੇ ਕੁੱਤਿਆਂ ਨੂੰ ਵੀ ਬਿਸਕੁਟ ਅਤੇ ਚੜ੍ਹਨ ਲਈ ਕਜਰਾਂ। ਸਾਡੇ ਵਾਸਤੇ ਕਾਲੇ ਕੋਹ ਤੇ ਲੰਮੇ ਪੈਂਡੇ। ਗੋਰਿਆਂ ਦੀਆਂ ਰੇਲਾਂ ਗੋਰੀਆਂ, ਕਾਲਿਆਂ ਵਾਸਤੇ ਰੇਲਾਂ ਵੀ ਕਾਲੀਆਂ। ਉਨ੍ਹਾਂ ਵਾਸਤੇ ਫਸਟ ਸੈਕਿੰਡ ਕਲਾਸ ਡੱੌਂ, ਤੁਸੀਂ ਖੱਚਰ ਪਾਤੀਆਂ ਵਾਂਗੂ ਮਾਲ ਗੱਡੀਆਂ

ਵਰਗੇ ਡੱਬਿਆਂ ਵਿਚ। ਜਿਹੜੇ ਹੋਟਲਾਂ ਵਿਚ ਉਹ ਰਹਿਣ, ਉਸ ਵਿਚ ਕਾਲੇ ਆਦਮੀ ਤੇ ਕੁੱਤੇ ਦਾਖ਼ਲ ਨਹੀਂ ਹੋ ਸਕਦੇ।

ਤੁਸੀਂ ਸ਼ਰਕ ਕਰੋ। ਚੱਪਣੀ ਵਿਚ ਪਾਣੀ ਪਾ ਡੁੱਬ ਮਰੋ ਇਨ੍ਹਾਂ ਨੂੰ ਕੱਢਣ ਦਾ ਇੱਕੋ ਇੱਕ ਇਲਾਜ ਹੈ, ਇਨ੍ਹਾਂ ਦੇ ਹਰ ਅਦਾਰੇ ਦਾ ਬਾਈਕਾਟ ਕਰੋ। ਬੱਚਿਆਂ ਨੂੰ ਇਨ੍ਹਾਂ ਦੇ ਸਕੂਲਾਂ ਵਿਚ ਨਾ ਪੜ੍ਹਾਉ। ਇਨ੍ਹਾਂ ਦੀਆਂ ਕਚਹਰਿਆਂ ਪਾਓ। ਇਨ੍ਹਾਂ ਦੀ ਖੰਡ ਨਾ ਵਰਤੋ। ਘਰ ਦਾ ਗੁੜ-ਸ਼ੱਕਰ ਵਰਤੋ, ਇਨ੍ਹਾਂ ਨੂੰ ਮਾਮਲਾ ਨਾ ਦਿਉ। ਸਭ ਰਲਕੇ ਰਹੋ। ਤੁਹਾਨੂੰ ਹਿੰਦੂ ਵੱਡ ਨਹੀਂ ਖਾਂਦੇ, ਤੁਹਾਨੂੰ ਮੁਸਲਮਾਨ ਹਲਾਲ ਨਹੀਂ ਕਰਦੇ। ਤੁਸੀਂ ਇੱਕ ਰਹੋ। ਮੁਸਲਮਾਨ ਦੇ ਮੁੜਕੇ ਦੀ ਥਾਂ, ਹਿੰਦੂ ਲਹੂ ਡੋਲੇ, ਇਸੇ ਤਰ੍ਹਾਂ ਸਿੱਖ ਨੂੰ ਕੰਡਾ ਚੁੱਭੇ, ਪੀੜ ਮੁਸਲਮਾਨ ਨੂੰ ਹੋਵੇ।

ਸਭ ਦੁੱਖਾਂ ਦਾ ਇੱਕੋ ਇੱਕ ਇਲਾਜ ਹੈ, ਇਨ੍ਹਾਂ ਬਿੱਲਿਆਂ ਨੂੰ ਦੇਸੋਂ ਵੱਢੋ। ਦੇਸ਼ ਦੀ ਆਜ਼ਾਦੀ ਨਾਲ ਸਾਰੇ ਸੁੱਖ ਆ ਜਾਣਗੇ।

## ਜੇਲ੍ਹ ਯਾਤਰਾ

ਕੇਵਲ ਵਖਿਆਨ ਹੀ ਨਾ ਦੇਂਦੇ ਸਗੋਂ ਵਿਦੇਸ਼ੀ ਕੱਪੜਿਆਂ ਦੀ ਹੋਲੀ ਮਚਾਂਦੇ। ਸ਼ਰਾਬ ਦੀਆਂ ਦੁਕਾਨਾਂ ਦੇ ਸਾਹਮਣੇ ਜਾ ਜਾ ਲੋਕਾਂ ਨੂੰ ਸ਼ਰਾਬ ਪੀਣ ਤੋਂ ਰੋਕਦੇ। ਧਰਨੇ ਮਾਰਦੇ। ਉਸਦਾ ਸਦਕਾ ਆਪ ਜੇਲ੍ਹਾਂ ਦੇ ਪੰਛੀ ਬਣ ਗਏ। ਉਨ੍ਹਾਂ ਦੀਆਂ ਸਾਰੀਆਂ ਜੇਲ੍ਹ ਯਾਤਰਾਵਾਂ ਦਾ ਜੋੜ ਕਰੀਏ ਤਾਂ ਲਗਭਗ 10 ਸਾਲ ਬਣ ਜਾਂਦੇ ਹਨ। ਇਨ੍ਹਾਂ ਦੋਹੀ ਜੇਲ੍ਹਾਂ ਸਨ, ਮੁਲਤਾਨ ਜਾਂ ਕਟਕ ਆਦਿ ਜਿੱਥੋਂ ਦੇ ਦਰੋਗੇ ਕੈਦੀਆਂ ਨੂੰ ਇਉਂ ਕੁਹਦੇ ਸਨ, ਜਿਵੇਂ ਕਸਾਈ ਬੱਕਰੀਆਂ ਨੂੰ। ਜੰਗੇ ਆਜ਼ਾਦੀ ਜੋਰਾਂ ਤੇ ਸੀ। ਭਗਤ ਸਿੰਘ ਅਤੇ ਉਨ੍ਹਾਂ ਦੇ ਕੁਝ ਸਾਥੀਆਂ ਨੇ ਭਾਰਤ ਬਾਲ ਸਭਾ ਕਾਇਮ ਕੀਤੀ, ਜਿਸ ਵਿਚ ਨੌਜਵਾਨ ਹਕੂਮਤ ਵਿਰੁੱਧ ਖ਼ੂਬ ਝੜਪਾਂ ਲੈਂਦੇ। ਇਨ੍ਹਾਂ ਦਾ ਮੁਖ ਦਫ਼ਤਰ ਬਰੈਡਲੈ ਹਾਲ ਸੀ, ਜਿਸ ਵਿਚ ਨੌਜਵਾਨਾਂ ਦੀਆਂ ਮਹਿਫਲਾਂ ਲੱਗਦੀਆਂ, ਪੁਲਿਸ ਨੇ ਹਰ ਗੱਲ ਵਿਚ ਟੰਗਾਂ ਅੜਾਈਆਂ ਆਪਣਾ ਧਰਮ ਸਮਝਿਆ ਹੋਇਆ ਸੀ, ਕਈ ਵਾਰ ਪੁਲਿਸ ਰਾਤ ਨੂੰ ਛਾਪਾ ਮਾਰਦੀ ਤੇ ਲੰਗਰ ਵਿੱਚੋਂ ਆਟਾ, ਤੇਲ, ਘਿਓ ਜੋ ਮਿਲੇ ਚੁੱਕ ਲੈ ਜਾਂਦੀ। ਨੌਜਵਾਨ ਬੜੇ ਤੰ ਹੋਏ ਤਾਂ ਸਤ ਮੰਗਲ ਸਿੰਘ ਜੀ ਉਨਾਂ ਜਾ ਪੱਟੀ ਪੜ੍ਹਾਈ ਕਿ ਕੁਝ ਦਿਨ ਇੱਥੇ ਲੰਗਰ ਨਾ ਕਰੋ। ਲੰਗਰ ਦੇ ਸਟੋਰ ਵਿਚ ਟੱਟੀ, ਪੇਸ਼ਾਬ ਦੇ ਟੀਨ ਭਰ-ਭਰ ਜੰਦਰੇ ਲਾ ਦਿਉ। ਥੋੜ੍ਹੇ ਦਿਨਾਂ ਤਕ ਸਭ ਠੀਕ ਹੋ ਜਾਵੇਗਾ। ਸੇਵਾਦਾਰਾਂ ਇਵੇਂ ਹੀ ਕੀਤਾ।

ਕੁਝ ਦਿਨਾਂ ਬਾਅਦ ਪੁਲਿਸ ਨੇ ਮੁੜ ਛਾਪਾ ਮਾਰਿਆ। ਸਟੋਰ ਤੇ ਰਸੋਈ ਦੇ ਜੰਦਰੇ ਤੋੜ ਦਿੱਤੇ। ਬਘਿਆੜਾਂ ਵਾਂਗੂ ਟੁੱਟ ਪਏ ਤੇ ਜੋ ਮਾਲ ਅੰਦਰ ਪਿਆ

ਸੀ, ਸਭ ਟਰੱਕ ਭਰਕੇ ਲੈ ਗਏ। ਥਾਣੇ ਲੈ ਜਾ ਟੀਨ ਖੋਲੇ ਤੇ ਲੱਗੇ ਬੰਗ ਵੇਖਣ, ਜਿਸਨੂੰ ਖੋਲਣ ਉਸ ਵਿੱਚੋਂ ਬਦਬੂ ਆਵੇ। ਬੜੇ ਸ਼ਰਮਿੰਦੇ ਹੋਏ। ਇਧਰ ਵਲੰਟੀਅਰ ਲੁੱਡੀ ਪਾਣ, ਉਧਰ ਪੁਲਸਿਏ, ਡੁੱਬ ਮਰਨ ਲਈ ਚਪਣੀਆਂ ਲੱਭਦੇ ਫਿਰਨ।

ਫ਼ਰਿਸ਼ਤਾ ਜੀ ਨੂੰ ਜੇ ਜੇਲ੍ਹ ਦਾ ਪੰਛੀ ਕਹਿ ਲਿਆ ਜਾਵੇ ਤਾਂ ਅਤਕਥਨੀ ਨਹੀਂ ਹੋਵੇਗਾ। ਉਹ ਆਖਿਆ ਕਰਦੇ ਸਨ। "ਜੇਲ੍ਹਖਾਨਾ ਪੱਕਾ ਠਿਕਾਣਾ। ਫਿਰਨੀ ਦੀ ਅਸਵਾਰੀ ਕਸਰਤ ਹਮਾਰੀ।" ਸੰਤ ਜੀ ਅਟਕ ਜੇਲ੍ਹ ਵਿਚ ਕੋਈ ਸੱਤ ਵਾਰ ਗਏ। ਸਭ ਅਮਲਾ ਵਾਕਫਕਾਰ। ਜਦ ਇਹ ਅਟਕ ਜੇਲ੍ਹ ਜਾਣ ਤਾਂ ਪੁਰਾਣੇ ਕੈਦੀ ਕਹਿਣ ਸੰਤ ਆ ਗਏ, ਸੰਤ ਆ ਗਏ। ਜੇਲ੍ਹ ਯਾਤਰਾ ਦੀਆਂ ਘਟਨਾਵਾਂ ਵੀ ਬੜੀਆਂ ਰੋਚਕ ਹਨ। ਜੇਲ੍ਹ ਵਿਚ ਰਾਜਸੀ ਕੈਦੀਆਂ ਨੂੰ 14 ਛਟਾਂਕ ਗੁੜ ਤੇ 4 ਸਿਗਰਟਾਂ ਹਫ਼ਤੇ ਦੀਆਂ ਹਿੰਦੂ-ਮੁਸਲਿਮ ਪਿਆਕੜਾਂ ਨੂੰ ਮਿਲਿਆਂ ਕਰਦੀਆਂ ਸਨ, ਪਰ ਸੰਤਾਂ ਵੀ ਆਪਣਾ ਨਾਮ ਸਿਗਰਟ ਨੋਸ਼ਾਂ ਵਿਚ ਲਿਖਵਾ ਲਿਆ ਤੇ ਜਿਸ ਪਿਆਕੜ ਨੂੰ ਲੋੜ ਹੋਵੇ, ਉਸਨੂੰ ਇਕ ਸਿਗਰਟ ਕੱਢ ਦੇਣੀ। ਉਸ ਗ਼ਰੀਬ ਨੂੰ ਇਉਂ ਭਾਸਣਾ, ਜਿਵੇਂ ਸੰਜੀਵਨੀ ਮਿਲ ਗਈ ਹੈ।

## ਜੇਲ੍ਹ ਵਿਚ ਕਰਾਮਾਤ

ਇੱਕ ਸਮੇਂ ਜੇਲਰ ਦਾ ਮੁੰਡਾ ਬਿਮਾਰ ਪੈ ਗਿਆ। ਕੋਈ ਦਵਾਈ ਕਾਟ ਨਾ ਕਰੇ। ਕੁਝ ਸ਼ਰਧਾਲੂ ਵਾਰਡਰਾਂ ਜੇਲਰ ਨੂੰ ਕਿਹਾ ਸੰਤ ਕੋਈ ਇਲਾਜ ਕਰਨ ਤਾਂ ਮੁੰਡਾ ਠੀਕ ਹੋ ਸਕਦਾ ਹੈ। ਸੰਤਾਂ ਤੱਕ ਗੱਲ ਪਹੁੰਚ ਗਈ। ਸੰਤਾਂ ਕਿਹਾ "ਮੇਰਾ ਕੰਮ ਦੁਆ ਕਰਨਾ ਹੈ, ਦਵਾ ਤਾਂ ਮੌਲਾ ਦੇ ਹੱਥ ਹੈ।" ਮੈਂ ਹਵਨ ਕਰਾਂਗਾ। ਥਾਂ ਨਵੇਕਲੀ ਹੋਵੇ। ਲੇਪਾ ਪੋਚੀ ਕੀਤੀ ਜਾਵੇ। ਪਾਣੀ ਦਾ ਮਟਕਾ ਕੋਲ ਹੋਵੇ। ਪਾਠ ਸਮੇਂ ਕੋਈ ਸਰਕਾਰੀ ਕਰਮਚਾਰੀ ਲਾਗੇ ਨਾ ਆਵੇ। ਜਿਵੇਂ ਸੰਤਾਂ ਕਿਹਾ, ਸਭ ਪ੍ਰਬੰਧ ਕੀਤੇ ਗਏ। ਹੁੱਕੇ ਤਮਾਕੂ ਵਾਲਿਆਂ ਦੇ ਰੋਜੇ ਖੁਲ੍ਹ ਗਏ। ਸਭ ਉੱਥੇ ਜਾਕੇ ਕਸ਼ ਲਗਾਣ। ਸੰਤਾਂ ਸਭ ਕੁਝ ਸਮਝਾ ਦਿੱਤਾ ਹੋਇਆ ਸੀ। ਉਹ ਸਭ ਪ੍ਰਸੰਨ। ਸੱਚੇ ਪਾਤਸ਼ਾਹ ਕ੍ਰਿਪਾ ਕੀਤੀ ਜਿਵੇਂ ਰਾਜੇ ਦੀ ਕੁੜੀ ਨਾਲ ਪ੍ਰੇਮ ਪੀਂਘਾਂ ਪਾਣ ਵਾਲੇ ਇਕ ਭਿਖਾਰੀ ਨੂੰ ਵਿਸ਼ਨੂੰ ਦਾ ਰੂਪ ਧਾਰਿਆ ਹੋਇਆ ਸੀ, ਤਿਵੇਂ ਸੁਭਾਂ ਦੀ ਅਰਦਾਸ ਨਾਲ ਬੱਚਾ ਰਾਜ਼ੀ ਹੋ ਗਿਆ। ਸੰਤਾਂ ਦਾ ਮਾਣ ਸਤਿਕਾਰ ਵੱਧ ਗਿਆ। ਹੁਣ ਸੰਤਾਂ ਵਾਸਤੇ ਜੇਲ੍ਹ ਕਾਹਦੀ ਸੀ। ਸੰਤਾਂ ਦੀ ਇੱਕ ਸੈਰ ਸਪਾਟੇ ਦੀ ਥਾਂ ਸੀ।

ਜੇਲ੍ਹ ਵਿਚ ਸਿਆਸੀ ਕੈਦੀਆਂ ਨੂੰ ਟੱਟੀ ਜਾਣ ਲਈ ਲਾਈਨ ਵਿਚ ਖੜ੍ਹਾ ਹੋਣਾ ਪੈਂਦਾ ਸੀ। ਸੰਤਾਂ ਨੇ ਦੋ ਲੋਟੇ ਮੰਗਵਾ ਲਏ ਤੇ ਸਵੇਰੇ, ਜੰਗਲ ਇੱਕ ਲੋਟੇ ਵਿਚ ਕਰ ਦਿੱਤਾ। ਸੰਤਾਂ ਦੀ ਪੇਸ਼ੀ ਦਰੋਗੇ ਕੋਲ ਹੋਈ। ਸੰਤਾਂ ਕੋਲ

ਘੜਿਆ ਘੜਾਇਆ ਜਵਾਬ ਜਵਾਬ ਸੀ, ਜਨਾਬ! ਟੱਟੀ ਰੋਕ ਨਹੀਂ ਸਕਿਆ, ਲਾਈਨ ਲੰਮੀ ਸੀ, ਕਛਹਿਰੇ ਵਿਚ ਹੀ ਨਿਕਲ ਚਲਿਆ ਸੀ। ਦਰੋਗੇ ਨੇ ਇਹ ਪਾਬੰਦੀ ਵੀ ਹਟਾ ਦਿੱਤੀ, ਕੈਦੀ ਜਦ ਚਾਹੁਣ ਹਾਜ਼ਰ ਰਵਾਂ ਕਰ ਲੈਣ।

## ਇਕ ਕੌਮ ਬਣਨ ਦਾ ਨੁਸਫ਼ਾ

ਇੱਕ ਵਾਰ ਕਾਂਗਰਸੀ ਨੇਤਾ ਤੇ ਕਰਮਚਾਰੀ ਬੈਠੇ ਗੱਪ-ਸ਼ਪ ਮਾਰੇ ਰਹੇ ਸਨ। ਡਾਕਟਰ ਆਲਿਮ ਜੀ, ਡਾ: ਭਾਰਗੋ ਸਾਹਿਬ ਤੇ ਹੋਰ ਹਿੰਦੂ ਮੁਸਲਮਾਨ ਜੁੜੇ ਬੈਠੇ ਸਨ। ਸੰਤਾਂ ਕਿਹਾ, ਸਾਡੇ ਵੱਡੇ ਕਿੰਨੇ ਮੂਰਖ ਹੋਏ ਹਨ, ਖਾਣ ਪੀਣ ਤੋਂ ਹੀ ਲੜ ਲੜ ਮਰ ਗਏ। ਆਉ ਰਲਕੇ ਖਾਈਏ ਤੇ ਇੱਕ ਕੌਮ ਬਣੀਏ, ਲੱਗੇ ਇੱਕ ਦੂਜੇ ਦੇ ਮੂੰਹ ਵੱਲ ਵੇਖਣ। ਸੰਤਾਂ ਕਿਹਾ, 'ਵੇਖਦੇ ਕੀਓ, ਲਿਆਉ ਇੱਕ ਕੜਛਾ ਹਲਾਲ ਦਾ, ਇੱਕ ਝੜਕੇ ਦਾ, ਦੋਵੇ ਇੱਥ ਭਾਂਡੇ ਵਿਚ ਰਲਾਉ ਵਿੱਚ ਇੱਕ ਕੜਛਾ ਦਾਲ ਵੀ ਪਾਉ।" ਇਵੇਂ ਕੀਤਾ ਗਿਆ। ਹੁਣ ਹਿੰਦੂ ਸਿੱਖ ਤੇ ਮੁਸਲਮਾਨ ਲੱਗੇ ਬਿਤਰ ਬਿਤਰ ਵੇਖਣ। ਪਰ ਕਿਸੇ ਹਿੰਮਤ ਨਾ ਕੀਤੀ। ਸੰਤਾਂ ਕਿਹਾ, 'ਦੂਰ ਫਿਟੇ ਮੂੰਹੇ। ਫੋਕੀਆਂ ਟਾਰਾਂ ਮਾਰਦੇ ਹੋ, ਜਾਉ ਦਫਾ ਹੋਵੋ।" ਸਾਰੇ ਉੱਠੇ ਤੇ ਹੱਸਦੇ ਖੇਡਦੇ ਆਪਣੀਆਂ ਬੈਠਕਾਂ ਵਿਚ ਚਲੇ ਗਏ।

ਜਦ ਸੰਤਾਂ ਦੀ ਕੈਦ ਪੂਰੀ ਹੋ ਗਈ ਤਾਂ ਜੇਲ੍ਹ ਦਾ ਕੰਬਲ ਤੇ ਬਾਟਾ ਵੀ ਲੈ ਤੁਰੇ। ਦਰਵਾਜ਼ੇ ਦੇ ਪਹਿਰੇਦਾਰਾਂ ਪੁੱਛਿਆ, "ਸੰਤ ਜੀ! ਇਹ ਕੀ?" ਤਾਂ ਸੰਤਾਂ ਮੁਸਕਰਾਂਦਿਆਂ ਕਿਹਾ, "ਮੈਂ ਸੋਚਿਆ ਅਗਲੀ ਸੰਗਰਾਂਦ ਨੂੰ ਮੁੜ ਏਥੇ ਹੀ ਆਉਣਾ ਹੈ, ਐਵੇਂ ਨਵੇਂ ਸਿਰਿਉਂ ਕੰਬਲ ਬਾਟਾ ਲੱਭਦੇ ਫਿਰਾਂਗੇ। ਇਸ ਨੂੰ ਹੀ ਸਾਂਭ ਕੇ ਰਖਾਂਗਾ।" ਮਤ ਇੱਥੇ ਗੁਆਚ ਜਾਵੇ।

## ਦੇਹਧਾਰੀ ਗੁਰੂ ਦਾ ਪ੍ਰਚਾਰ

ਸੰਤ ਦੇਹਧਾਰੀ ਗੁਰੂ ਦੇ ਸੱਚੇ ਤੇ ਸੁੱਚੇ ਪ੍ਰਚਾਰਕ ਸਨ। ਇਹ ਸਦਾ ਕਿਸੇ ਰੰਗ ਵਿਚ ਬੋਲਦੇ। ਇਨ੍ਹਾਂ ਦਾ ਸੰਬੰਧਨੀ ਢੰਗ ਵੀ ਨਿਰਾਲਾ ਸੀ। ਇਨ੍ਹਾਂ ਦੇ ਸ਼ਬਦ ਸ੍ਰੋਤਿਆਂ ਨੂੰ ਬੰਨ ਖਲੋਂਦੇ ਸਨ। ਇਨ੍ਹਾਂ ਦੇ ਭਾਸ਼ਣ ਇਵੇਂ ਸ਼ੁਰੂ ਹੁੰਦੇ:-

ਸਾਣੇ ਉਇ ਅੰਨਿਓ ਲੋਕੋ! ਕਿਉਂ ਜਨਮ ਅਜਾਈਂ ਗਵਾਂਦੇ ਓ। ਗੁਰੂ ਦਾ ਲੜ ਫੜੋ। ਗੁਰੂ ਈਮਾਂ ਏ, ਗੁਰੂ ਈ ਪਿਉ ਏ, ਗੁਰੂ ਈ ਮਿੱਤਰ ਏ, ਗੁਰੂ ਈ ਭਰਾ ਏ। ਜਿਨ੍ਹਾਂ ਗੁਰੂ ਧਾਰਨ ਨਹੀਂ ਕੀਤਾ, ਉਹ ਅੰਨੇ ਹਨ। ਗੁਰੂ ਈ ਉਨ੍ਹਾਂ ਨੂੰ ਵੇਖਣ ਵਾਲਾ ਸੁਰਮਾ ਦੇਂਦਾ ਏ, ਜਿਹੜਾ ਅੱਖਾਂ ਨੂੰ ਨੂਰ ਬਖਸ਼ਦਾ ਏ:-

(ੳ) **ਗਿਆਨ ਅੰਜਨੁ ਗੁਰਿ ਦੀਆਂ, ਅਗਿਆਨ ਅੰਧੇਰ ਬਿਨਾਸੁ।**
**ਹਰਿ ਕਿਰਪਾ ਤੇ ਸੰਤ ਭੇਟਿਆ, ਨਾਨਕ ਮਨਿ ਪ੍ਰਗਾਸ॥**

(ਅ) **ਗਿਆਨ ਅੰਜਨੁ ਮੋਕਉ ਗੁਰਿ ਦੀਨਾ,**
**ਰਾਮ ਨਾਮ ਬਿਨੁ ਜੀਵਨੁ ਮਨ ਹੀਨਾ॥**

ਜਿਸ ਨੇ ਰੱਬ ਨਾਲ ਗੱਲਾਂ ਕਰਨੀਆਂ ਹੋਣ, ਉਹ ਗੁਰੂ ਦੇ ਚਰਨ ਫੜੇ। ਮੇਰੇ ਤੇ ਗੁਰੂ ਹਰੀ ਸਿੰਘ ਜੀ ਦੀ ਮਿਹਰ ਏ, ਮੈਂ ਹਰ ਰੋਜ਼ ਰੱਬ ਨਾਲ ਗੱਲਾਂ ਕਰਦਾ ਹਾਂ। ਜਿਹੜਾ ਗੁਰੂ ਦੇ ਬਚਨਾਂ ਤੇ ਚਲਦਾ ਏ, ਉਸਨੂੰ ਬੀਤੇ ਦਾ ਗਿਆਨ ਹੋ ਜਾਂਦਾ ਹੈ, ਜੋ ਹੁਣ ਹੋ ਰਿਹਾ ਹੈ, ਉਸਦਾ ਗਿਆਨ ਹੁੰਦਾ ਹੈ, ਜੋ ਅੱਗੋ ਵਾਪਰਨਾ ਹੈ, ਉਸਦਾ ਗਿਆਨ ਹੋ ਜਾਣਾ ਹੈ। ਤੁਸੀਂ ਨਹੀਂ ਸੁਣਿਆ?

**ਬਿਨਾਂ ਮੁਰਸ਼ਦਾ ਰਾਹ ਨਹੀਂ ਹੱਥ ਆਉਂਦੇ,**
**ਬਿਨਾਂ ਦੁੱਧ ਨ ਰਿੱਜ ਦੀ ਖੀਰ ਮੀਆਂ!!**

ਜਿਹੜੇ ਕਿਤਾਬਾਂ ਨੂੰ ਗੁਰੂ ਮੰਨਦੇ ਹਨ, ਉਨ੍ਹਾਂ ਦੀ ਅਕਲ ਭਰਿਸ਼ਟੀ ਹੋਈ ਹੈ। ਜੇਹੀ ਮੂਰਤੀ ਪੂਜਾ, ਤੇਹੀ ਗ੍ਰੰਥ ਦੀ ਪੂਜਾ। ਬੁੱਲ੍ਹੇਸ਼ਾਹ ਆਖਿਆ ਕਰਦਾ ਸੀ। ਇਹ ਕਿਤਾਬਾਂ ਮੇਰੀਆਂ ਚੋਰ ਹਨ। ਇਹ ਮੁਰਸ਼ਦ ਦੇ ਰਾਹ ਵਿਚ ਰੁਕਾਵਟਾਂ ਪਾਉਂਦੀਆਂ ਹਨ।

**ਹਮਲ ਹੋਤਾ ਅੰਗੁਸ਼ਤੋਂ ਸੇ ਤੋ ਸੋਹਰ ਕਿਉਂ ਰਵਾਂ ਹੋਤਾ!**
**ਖੁਦਾ ਮਿਲਤਾ ਕਿਤੋਂ ਸੇਂ ਤੋ ਮੁਰਸ਼ਦ ਕਉਂ ਰਵਾਂ ਹੋਤਾ!!**

ਗੁਰੂ ਸੰਤਾ ਦਾ ਮਾਲਕ, ਗੁਰੂ ਦਰਗਾਹ ਦਾ ਮਾਲਕ। ਗੁਰੂ ਲੋਕ ਦਾ ਮਾਲਕ, ਗੁਰੂ ਪ੍ਰਲੋਕ ਦਾ ਮਾਲਕ। ਸਿੱਖਾਂ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਹੋਏ, ਉਨ੍ਹਾਂ ਨੇ ਲਹਿਣੇ ਨੂੰ ਮੱਥਾ ਟੇਕ ਦਿੱਤਾ ਤੇ ਗੁਰੂ ਬਣਾ ਦਿੱਤਾ। ਇਸੇ ਤਰ੍ਹਾਂ ਬਾਲਕ ਸਿੰਘ ਜੀ ਨੂੰ, ਗੁਰੂ ਗੋਬਿੰਦ ਸਿੰਘ ਜੀ ਨੇ ਮੱਥਾ ਟੇਕ ਆਪਣੀ ਥਾਂ ਦੇ ਦਿੱਤੀ। ਜਿਹੜੇ ਸਿੰਘ ਸਭੀਏ, "ਆਗਿਆ ਭਈ ਅਕਾਲ ਕੀ" ਪੜ੍ਹ-ਪੜ੍ਹ ਲੋਕਾਂ ਨੂੰ ਗੁਮਰਾਹ ਕਰਦੇ ਹਨ। ਉਹ ਸਾਨੂੰ ਦੱਸਣ ਇਹ ਦੋਹਰਾ ਕਿਹੜੇ ਗ੍ਰੰਥ ਹੈ, ਆਦਿ ਗ੍ਰੰਥ ਵਿਚ ਹੈ ਜਾਂ ਦਸਮ ਗ੍ਰੰਥ ਵਿਚ। ਜੇ ਇਨ੍ਹਾਂ ਗ੍ਰੰਥਾਂ ਵਿਚ ਹੋਵੇ ਤਾਂ ਸਾਡੇ ਸਿਰ ਮੱਥੇ ਤੇ। ਇਹ ਦੋਹਰਾ ਅੰਗਰੇਜ਼ ਭਗਤਾਂ ਵੱਲੋਂ ਹੀ ਘੜਿਆ ਗਿਆ ਹੈ, ਜਿਹੜੇ ਰੋਜ਼ ਸਵੇਰੇ-ਸ਼ਾਮ ਪੜ੍ਹਦੇ ਹਨ।

ਜੁਗ ਜੁਗ ਰਾਜ ਸਵਾਇਆ ਟੋਪੀ ਵਾਲੇ ਦਾ। ਅੰਗਰੇਜ਼ ਭਗਤ ਝੂਠ ਬੋਲ ਬੋਲ ਕਹਿੰਦੇ ਹਨ ਕਿ ਕੂਕੇ ਬਾਣੀ ਦਾ ਅਦਬ ਨਹੀਂ ਕਰਦੇ। ਉਨ੍ਹਾਂ ਨੂੰ ਸਮਝ ਨਹੀਂ ਆਉਂਦੀ ਕਿ ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨਾ ਹੋਵੇ ਤਾਂ ਕੂਕੇ ਪੈਰ ਧੋਤਿਆਂ ਤੇ ਇਸ਼ਨਾਨ ਕੀਤੇ ਬਿਨਾ ਪਾਠ ਨਹੀਂ ਕਰਦੇ। ਅਖੰਡ ਪਾਠ ਰੱਖਿਆ ਹੋਵੇ ਤਾਂ ਘਿਓ ਦੇ ਦੀਵੇ ਬਾਲਦੇ ਹਨ, ਜੇ ਮਹਾਰਾਜ ਦੀ ਬੀੜ ਨੂੰ ਇੱਕ ਥਾਂ ਤੋਂ ਦੂਜੀ ਥਾਂ ਤੇ ਲੈ ਜਾਣਾ ਹੋਵੇ ਤਾਂ ਨੰਗੀ ਪੈਰੀਂ ਜਾਂ ਪਊਆਂ ਤੇ। ਅੱਗੇ-ਅੱਗੇ ਜਲ ਛਿੜਕਦੇ ਜਾਂਦੇ ਹਨ। ਜਿੱਥੇ ਪ੍ਰਕਾਸ਼ ਕਰਨਾ ਹੋਵੇ ਉੱਥੇ ਪੋਚਾ

ਦੇਂਦੇ ਹਨ। ਤੁਸੀਂ ਸੋਚੋ ਜਿਹੜੇ ਬਿਨਾਂ ਮੂੰਹ ਧੋਤੇ ਤਾਬਆ ਚਲ ਜਾਣ, ਅਖੰਡ ਪਾਠ ਸਮੇਂ ਮਿੱਟੀ ਦੇ ਤੇਲ ਦੇ ਦੀਵੇ ਜਗਾਣ ਉਹ ਅਦਬ ਕਰਦੇ ਹਨ? ਭੋਲਿਓ ਲੋਕੋ! ਦਰਬਾਰ ਸਾਹਿਬ ਦੁਹਾਈ ਦੇਂਦਾ ਹੈ:-

**ਹਰਿ ਜੁਗਹੁ ਜੁਗ ਜੁਗਹੁ ਜੁਗ।**
**ਸਦ ਪੀੜੀ ਗੁਰੂ ਚਲੰਦੀ।**

ਮੈਨੂੰ ਤਾਂ ਸਮਝ ਨਹੀਂ ਆਉਂਦੀ ਝੂਠਾ ਕਿਹੜਾ ਹੈ ਤੇ ਸੱਚਾ ਕਿਹੜਾ? ਇਹ ਤੁਸੀਂ ਨਿਰਣਾ ਕਰ ਲਵੋ।

## ਪਿੰਡ ਗਿਲ ਵਿਚ ਦੀਵਾਨ

ਇਸੇ ਤਰ੍ਹਾਂ ਦਾ ਇੱਕ ਦੀਵਾਨ ਗਿਲ ਚੱਕ 114 ਵਿਚ ਹੋਇਆ। ਇਹ ਪਿੰਡ ਬਾਬਾ ਜਮੀਨ ਸਿੰਘ ਗਿੱਲਾ ਵਾਲਿਆਂ ਵਿੱਚੋਂ ਇੱਥੇ ਜ਼ਿਲ੍ਹਾ ਗੁਜਰਾਂਵਾਲ ਵਿਚ ਵਸਿਆ ਸੀ ਤੇ ਮੁੜ ਜ਼ਿਲ੍ਹਾ ਸ਼ੇਖੂਪੁਰਾ ਵਿਚ ਆ ਗਿਆ ਸੀ। ਇਸ ਨਗਰ ਵਿਚ ਭਾਵੇਂ ਕੁਝ ਖੁਲ੍ਹੇ ਸਿੰਘ ਵੀ ਵਸਦੇ ਸਨ, ਪਰ ਨਾਮਧਾਰੀਆਂ ਨਾਲ ਬਹੁਤਾ ਵਖੇਵਾਂ ਨਹੀਂ ਸੀ। ਸਿੰਘ ਸਭੀਆਂ ਖੁਲ੍ਹੋਂ ਸਿੰਘਾਂ ਨੂੰ ਭਖਲਾਕ ਇਕ ਇਸ਼ਤਿਹਾਰ ਕੱਢਵਾ ਮਾਰਿਆ, ਜਿਸ ਵਿਚ ਇਹੋ ਦੂਸ਼ਣ ਲਾਏ, ਕੂਕੇ ਕਲਾਮ ਪੜ੍ਹਦੇ ਹਨ, ਇਹ ਗੁਰਬਾਣੀ ਨੂੰ ਗੁਰੂ ਨਹੀਂ ਮੰਨਦੇ। ਇਹ ਕੂਕੇ ਬੈ-ਸਲੂਕੇ ਗੜਵੀ ਨਹੀਂ ਦੇਂਦੇ ਨਹਾਉਣ ਨੂੰ। ਹੋਰ ਊਲ ਜਲੂਲ ਲਿਖ ਮਾਰਿਆ ਤੇ ਹੈਡਿੰਗ ਇਹ ਰੱਖਿਆ "ਕੂਕਿਆਂ ਦੇ ਗੁਰੂ ਨੂੰ ਸ਼ੀਸ਼ਾ।"

ਇਸ-ਗੁਮਰਾਹ-ਕੁਨ-ਇਸ਼ਤਿਹਾ ਦੀ ਝੂਠ ਦੀ ਕਲੀ ਖੋਲਣ ਲਈ ਸੰਤ ਮੰਗਲ ਸਿੰਘ, ਭਗਤ ਸਿੰਘ, ਨੱਥਾ ਸਿੰਘ ਪਤੰਗ, ਸੰਤ ਫ਼ੌਜਾ ਸਿੰਘ ਆਦਿ ਦਿੱਲੀ ਪੁੱਜ ਗਏ। ਸਭ ਜਥੇਦਾਰਾਂ ਵੱਧ ਚੜ੍ਹਕੇ ਗੁਰਬਾਣੀ ਦੇ ਆਧਾਰ ਤੇ ਪੱਖ ਪੇਸ਼ ਕੀਤੇ, ਪਰ ਸੰਤ ਮੰਗਲ ਸਿੰਘ ਜੀ ਆਪਣੀ ਭਾਸ਼ਾ ਵਿਚ ਗੁਰਬਾਣੀ ਦੇ ਅਧਾਰ ਤੇ ਖਰੀਆਂ ਖਰੀਅ ਸੁਣਾਈਆਂ। ਉਨ੍ਹਾਂ ਕਿਹਾ ਕਿ ਸਰਕਾਰੀ ਸਿੱਖ ਸਰਕਾਰ ਦੇ ਜੂਠਿਆਂ ਟੁਕੜਿਆਂ ਦੇ ਬਲ ਤੇ ਗ਼ਲਤ ਪ੍ਰਚਾਰ ਕਰ ਰਹੇ ਸਨ। ਜਿਨਾਂ ਅੰਗਰੇਜ਼ਾਂ ਭਗਤਾਂ ਇਹ ਇਸ਼ਤਿਹਾਰ ਕੱਢਿਆ, ਉਨ੍ਹਾਂ ਨੂੰ ਇਹ ਸੁਣਾ ਦਿਉ:-

ਆਈ ਤੇਰੀ ਭੈਣ ਲੈਣ, ਲੱਤਾਂ ਦਾ ਘੁਟਾਈ ਲੈਣ, ਤੂੰ ਵੀ ਟੱਕਾ ਲੈ ਲੈ, ਸ਼ੀਸ਼ੇ ਦੀ ਵਖਾਈ ਦਾ। ਉਨ੍ਹਾਂ ਅਨਿਆਂ ਨੂੰ ਪਤਾ ਨਹੀਂ ਲੱਗਦਾ ਕਿ ਜਿਸ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਉਹ ਮੱਥਾ ਟੇਕਦੇ ਹਨ, ਉਸ ਵਿਚ ਤਾਂ ਦੇਹਧਾਰੀ ਗੁਰੂ ਦੀ ਉਪਮਾ ਦੇ ਪੜਲ ਬੱਜੇ ਪਏ। ਹਨ। ਤੁਕ-ਤੁਕ 'ਚ ਦੇਹਧਾਰੀ ਗੁਰੂ ਦੇ ਉਪਕਾਰ ਦੱਸੇ ਗਏ ਹਨ ਅਤੇ ਜਿਹੜੇ ਉਸਦੀ ਨਿੰਦਿਆ ਕਰਦੇ ਹਨ, ਉਨ੍ਹਾਂ ਨੂੰ ਫਿਟਕਾਰਾਂ ਪੈਂਦੀਆਂ ਹਨ:-

**ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਸੋ ਸਾਚੈ ਮਾਰਿ ਪਚਾਇਆ।**
**ਇਹੁ ਆਖਰੂ ਤਿਨਿ ਆਇਆ, ਜਿਨਿ ਜਗਤੁ ਸਭ ਉਪਾਇਆ।**

(ਮਹਲਾ ੪-੩੦੬)

ਗੁਰੂ ਤੋਂ ਬਿਨਾ ਮਨੁੱਖ ਅੰਨ੍ਹਾਂ ਹੁੰਦਾ ਹੈ, ਉਹ ਬੋਲਾ ਹੁੰਦਾ ਹੈ, ਉਸਨੂੰ ਸੁਣਦਾ ਵੀ ਨਹੀਂ। ਧਰਮ ਦੀ ਚਾਦਰ ਗੁਰੂ ਤੇਗ਼ ਬਹਾਦਰ ਜੀ ਕਹਿੰਦੇ ਹਨ, ਗੁਰੂ ਤੋਂ ਨਾਮ ਪ੍ਰਾਪਤ ਹੁੰਦਾ ਹੈ, ਜਿਹੜੇ ਸਿੱਖ ਉਸਦੇ ਨਾਮ ਦਾ ਅਭਿਆਸ ਨਹੀਂ ਕਰਦੇ, ਉਹ ਕੁੱਤੇ ਤੇ ਸੂਰ ਦੇ ਬਰਾਬਰ ਹਨ:-

**ਏਕ ਭਗਤਿ ਭਗਵਾਨ ਜਿਹ ਪਰਾਣੀ ਕੇ ਨਾਹਿ ਮਨ।**
**ਜੈਸੇ ਸੂਕਰ ਸੁਆਨ, ਨਾਨਕ ਮਾਨੋ ਤਾਹਿ ਤਨ॥**

ਇਹ ਕੂਕੇ ਉਸ ਮੰਤਰ ਦਾ ਜਾਪ ਕਰਦੇ ਹਨ। ਗੁਰੂ ਅਰਜਨ ਦੇਵ ਜੀ ਤੋਂ ਖ਼ਾਲੀ ਪੁਰਸ਼ ਨੂੰ ਖੋਤਿਆਂ ਨਾਲੋਂ ਮਾੜਾ ਆਖਿਆ ਹੈ:-

**ਗੁਰ ਮੰਤ੍ਰ ਹੀਣਸ ਜੁ ਪਰਾਣੀ ਧ੍ਰਿਗੰਤ ਜਨਮ ਭਰਸਟਣਹ।**
**ਕੂਕਰਹ ਸੂਕਰਹ ਕਾਕਹ ਨਹਿ ਤੁਲ ਖਲਹ।**

ਮੂਰਖੋਂ ਭੁਲਿਓ ਨਾ ਇਹ ਤੁਸੀਂ ਵੇਖ ਲਵੋ ਕਿ ਸਿੱਖ ਕੂਕੇ ਹਨ ਜਾਂ ਕਾਲੀਆਂ ਪੱਗਾਂ ਵਾਲੇ ਰਾਜ ਭਗਤ ਜਿਹੜੇ ਨਾ ਸਿਰ ਵਿਚ ਪਾਣੀ ਪਾਣ, ਨਾ ਬਾਣੀ ਨੂੰ ਮੰਨਣ, ਕੇਵਲ ਫੜ੍ਹਾਂ ਮਾਰਨ ਤੇ ਸਰਕਾਰ ਦੇ ਗੁਣ ਗਾਇਨ ਕਰਨਾ ਅੰਗਰੇਜ਼ ਰਾਜ ਦੀਆਂ ਬਰਕਤਾਂ ਸੁਣਾਣ, ਉਨ੍ਹਾਂ ਦੇ ਸੁਹਲੇ ਗਾਉਣ ਤੇ ਨਾਮ ਜਪਣ ਵਾਲਿਆਂ ਨੂੰ ਨਿੰਦਣੇ ਇਹ ਉਹ ਲੋਕ ਹਨ, ਜਿਨ੍ਹਾਂ ਬਾਰੇ ਕਬੀਰ ਜੀ ਕਹਿੰਦੇ ਹਨ:-

**ਆਪਿ ਨ ਦੇਹਿ ਚੁਰੂ ਭਰਿ ਪਾਨੀ।**
**ਤਹਿ ਨਿੰਦਹਿ ਜਿਹਿ ਗੰਗਾ ਆਨੀ।**
**ਬੈਠਤ ਊਠਤ ਕੁਟਿਲਤਾ ਚਾਲਹਿ,**
**ਆਪੁ ਗਏ ਅਉਗਨ ਹੁ ਘਾਲਹਿ।**

(ਕਬੀਰ-੩੩੨)

ਕੰਨਾਂ ਤੋਂ ਪੱਗਾਂ ਚੁੱਕ ਮੇਰੀ ਇੱਕ ਗੱਲ ਸੁਣ ਲਵੋ। ਗੁਰੂ ਕੰਜੀ ਹੈ, ਜਿਸ ਨਾਲ ਮਨ ਦੇ ਜੰਦਰੇ ਖੁੱਲਦੇ ਹਨ।

**ਗੁਰੂ ਕੁੰਜੀ, ਪਾਹੂ ਨਿਵਲ, ਮਨ ਕੋਠਾ, ਤਨ ਛਤ।**
**ਨਾਨਕ ਗੁਰ ਬਿਨ ਤਾਕ ਨ ਉਗੜਹਿ ਅਵਰ ਨ ਕੁੰਜੀ ਹੱਥ।**

ਅਸਲ ਗੱਲ ਇਹ ਹੈ ਕਿ ਕਰਮਾਂ ਦੇ ਮਾਰਿਆਂ ਨੂੰ ਦਿਸਦਾ ਕੁਝ ਨਹੀਂ। ਕਦੀ ਕਿਤਾਬਾਂ ਪਾਰ ਕੀਤਾ ਹੈ? ਹਾਂ ਗ੍ਰੰਥ ਰਾਹ ਦੱਸ ਸਕਦੇ ਹਨ, ਪਰ ਜੇ ਉਹ ਰਾਹ ਨਾ ਹੀ ਫੜੀਏ ਤਾਂ ਖੱਜਲ ਖਬਾਰ ਹੀ ਹੋਣਾ ਪੈਂਦਾ ਹੈ। ਸੁਣੋ ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ:-

**ਪੜੈ ਪੁਸਤਕ ਸੰਧਿਆ ਬਾਦੰ।**
**ਸਿਲ ਪੁਜਿਸ ਬਗੁਲ ਸਮਾਧੰ।**

**ਮੁਖਿ ਝੂਠ ਬਿਭੂਖਣ ਸਾਰੰ।**
**ਤਰੈ ਪਾਲ ਤਿਹਾਲ ਬਿਚਾਰੰ, ਗਲਿ ਮਾਲਾ ਤਿਲਕੁ ਲਿਲਾਟੰ।**
**ਦੁਇ ਧੋਤੀ ਬਸਤ੍ਰ ਕਪਾਟੰ ਜੇ ਜਾਣਸ ਬ੍ਰਹਮ ਕਰਮੰ।**
**ਸਭਿ ਫੋਕਟ ਨਿਸਚਉ ਧਰਮੰ।**

ਕਹੁ ਨਾਨਕ ਨਿਹਚਉ ਧਿਆਵੈ, ਵਿਣ ਸਤਿਗੁਰ ਵਾਟ ਨ ਪਾਵੈ॥

ਗੁਰੂ ਅਮਰਦਾਸ ਜੀ ਅਜੇਹੇ ਭੁੱਲੜਾਂ ਨੂੰ ਮੁਰਦਾ ਸਮਝਦੇ ਹਨ, ਉਹ ਅਜੇਹੇ ਪੁਰਸ਼ਾਂ ਨੂੰ ਜਿਉਂਦਿਆਂ ਨਹੀਂ ਸਮਝਦੇ:-

**ਸਤਿਗੁਰੁ ਜਿਨੀ ਨ ਸੇਵਿਉ, ਸ਼ਬਦਿ ਨ ਕੀਤੋ ਵੀਚਾਰੁ।**
**ਲਖ ਚਉ ਰਾਸੀਹ ਫੇਰੁ ਪਇਆ, ਮਰਿ ਜੰਮੈ ਹੋਇ ਖੁਆਰੁ॥**

ਉਨ੍ਹਾਂ ਤਾਂ ਇੱਥੋਂ ਤਕ ਕਹਿ ਦਿੱਤਾ:-

**ਸਤਿਗੁਰ ਤੇ ਜੋ ਮੁਹੁ ਫੇਰੇ ਓਇ ਭ੍ਰਮਦੇ ਨ ਟਿਕੰਨਿ।**
**ਧਰਤਿ ਅਸਮਾਨ ਨ ਝਲਈ ਵਿਚ ਵਿਸਟਾ ਪਏ ਪਚੰਨਿ॥**

ਹੁਣ ਮੈਂ ਕੁਝ ਨਹੀਂ ਕਹਿੰਦਾ ਤੁਸੀਂ ਆਪ ਹੀ ਨਿਰਨਾ ਕਰ ਲਵੋ ਕਿ ਇਨ੍ਹਾਂ ਸ਼ੀਸ਼ਾ ਵਖਾਣ ਵਾਲਿਆਂ ਨੂੰ ਕਿੱਥੇ ਥਾਂ ਮਿਲਣੀ ਹੈ।

## ਮਾਨਾਂ ਵਾਲੇ ਰਾਜ ਭਗਤਾਂ ਦੇ ਨਾਲ ਟੱਕਰ

ਇੱਕ ਸਮੇਂ ਮਾਨਾਂ ਵਾਲੇ ਜ਼ਿਲ੍ਹਾਂ ਸ਼ੇਖੂਪੁਰਾ ਦੇ ਸ੍ਰ: ਕ੍ਰਿਪਾਲ ਸਿੰਘ ਸਭੀਏ ਦੀਵਾਨ ਕਰਵਾਇਆ। ਉਸ ਵਿਚ ਭਾਈ ਅਰਜਨ ਸਿੰਘ ਬਾਗੜੀਆ ਪ੍ਰਧਾਨ ਸਨ। ਉਨ੍ਹਾਂ ਉੱਠਦਿਆਂ ਹੀ ਕੂਕਿਆਂ ਤੇ ਵਰ੍ਹਨਾ ਸ਼ੁਰੂ ਕਰ ਦਿੱਤਾ ਤੇ ਕਿਹਾ "ਇੱਕ ਨੂੰ ਅੰਗਰੇਜ਼ ਫੜਕੇ ਲੈ ਗਏ, ਦੂਜਾ ਚੜ੍ਹ ਗਿਆ ਹੁਣ ਕੂਕੇ ਮੁੱਕੇ ਪਏ।" ਸੁਣਿਆ ਹੈ, ਕੁਝ ਕੂਕੇ ਇੱਥੇ ਆਏ ਹੋਏ ਹਨ। ਜੇ ਉਨ੍ਹਾਂ ਕੋਲ ਕੋਈ ਗੱਲ ਹੈ ਤਾਂ ਸਾਹਮਣੇ ਆਉਣ ਜੇ ਨਹੀਂ ਤਾਂ ਅੰਮ੍ਰਿਤ ਛੱਕ ਸਾਡੇ ਨਾਲ ਰਲਣ।

ਉਸ ਸਮੇਂ ਸੰਤ ਮੰਗਲ ਸਿੰਘ ਤੇ ਸੰਤ ਭਗਤ ਸਿੰਘ ਜੀ ਜਥਿਆਂ ਸਮੇਤ ਗਏ ਹੋਏ ਸਨ। ਸੰਤ ਮੰਗਲ ਸਿੰਘ ਜੀ ਕਿਹਾ, 'ਸਰਕਾਰ ਦੇ ਭਗਤੋ! ਮੇਰੀਆਂ ਗੱਲਾਂ ਕੰਨਾ ਤੋਂ ਪੱਗਾਂ ਚੁੱਕ ਸੁਣ ਲਵੋ। ਜੇ ਮੇਰਾ ਉੱਤਰ ਸਹੀ ਨਾ ਹੋਵੇ ਤਾਂ ਭੁੱਲ ਮੰਨ ਅੰਮ੍ਰਿਤ ਛੱਕ ਲਵਾਂਗਾ। ਜੇ ਮੈਜ ਠੀਕ ਹੋਵਾਂ ਤਾਂ ਤੁਸੀਂ ਸਿੰਘ ਸਭੀਏ ਮਾਫ਼ੀ ਨਾ ਮੰਗੋ, ਕੇਵਲ ਭਜਨ ਪੁੱਛ ਲਵੋ। ਸੁਣੋ, ਤੁਸੀਂ ਕਹਿੰਦੇ ਹੋ ਕਿ ਇਨ੍ਹਾਂ ਦੇ ਗੁਰੂਆਂ ਦੀ ਕੋਈ ਬਾਣੀ ਨਹੀਂ ਇਸ ਵਾਸਤੇ ਉਹ ਗੁਰੂ ਕਿਵੇਂ? ਭਲਾ ਜੇ ਇਹ ਗੱਲ ਹੈ ਤਾਂ ਛੇਵੇਂ, ਸੱਤਵੇਂ, ਅੱਠਵੇਂ ਗੁਰੂ ਦੀ ਬਾਣੀ ਕਿੱਥੇ ਹੈ? ਉਹ ਗੁਰੂ ਕਿਵੇਂ ਹੋਏ? ਇਹ ਸੋਚਣਾ ਤੁਹਾਡਾ ਕੰਮ ਹੈ। ਇਹ ਕਹਿੰਦੇ ਹਨ ਕਿ ਕੂਕਿਆਂ ਨੂੰ ਛੂਤ ਦਾ ਭਤ ਚਿੰਮੜਿਆ ਹੋਇਆ ਹੈ, ਜਿਹੜਾ ਇਨ੍ਹਾਂ ਦੇ ਨੇੜੇ ਜਾਏ, ਉਹਨੂੰ ਵੀ ਚੰਬੜ ਜਾਂਦਾ ਹੈ। ਤੁਸੀਂ ਜਾਣਦੇ ਹੋ? ਗ੍ਰੰਥ ਸਾਹਿਬ ਵਿਚ ਲਿਖਿਆ ਹੈ:-

**ਕਹੁ ਨਾਨਕ ਸਚੁ ਧਿਆਇਐ॥**
**ਸੁਚਿ ਹੋਵੈ ਤਾਂ ਸਚੁ ਪਾਈਐ॥**

(ੳ) **ਰਾਮ ਸਿੰਘ ਮੇਰੋ ਹੋਏ ਨਾਮਾ॥**
**ਬਾਢੀ ਸੁਤ ਭੈਣੀ ਕੋ ਧਾਮਾ॥**

(ਅ) **ਰਾਮ ਸਿੰਘ ਹੋਹਿ ਮਮਸਾਰਾ। ਦੇਸ ਮਾਲਵੇ ਮਹਿ ਅਵਤਾਰਾ॥**
**ਬੇਰ ਗਿਆਰ੍ਵੀ ਜਬ ਹਮ ਆਵਹਿ। ਤਬ ਤੇ ਹਮੈ ਕਇਕ ਲਖ ਪਾਵਹਿ॥**
**ਪਥ ਖਾਲਸਾ ਖੇਤੀ ਮੇਰੀ ਕਰੋ ਸੰਭਾਲਣ ਮੈ ਤਿਸ ਬੈਰੀ॥**

(ੲ) **ਗੁਪਤ ਗਿਆਰਵਾਂ ਖੇਲਸੀ ਕੋਇਕ ਪਾਵੈ ਪਰਾ... ...**

(ਸ) **ਮੈਂ ਫੇਰ ਕਰੂੰਗਾ ਖਾਲਸਾ ਵਸੈ ਵਿਚ ਪੰਜਾਬ।**
**ਬੇਈਮਾਨ ਕਸੂਮਤੀ ਦੇਖ ਨ ਸਕਣ ਪ੍ਰਤਾਪ॥**
**ਖਾਲੀ ਤਖਤ ਨ ਰਹੈ ਹੈ, ਮਹਾਂ ਪੁਰਖ ਹੈ ਜੋਇ।**
**ਦੀਵੇ ਤੇ ਦੀਵਾ ਬਲੇ ਜੋਤੀ ਘੱਟ ਨ ਹੋਇ॥**

(ਹ) ਗੁਰੂ ਜੀ ਮਲੇਛ ਖਾਲਸੇ ਸੰਬੰਧੀ ਵੀ ਬਹੁਤ ਕੁਝ ਆਖਿਆ ਹੈ:-
**ਅਸੀਂ ਪੰਥ ਰਚਿਆ ਸੰਤ ਖਾਲਸਾ ਜੀ,**
**ਬਲੀ ਜੋਧੇ ਬੀਰ ਸਦਾਵੇਂਗੇ।**
**ਕੁਝ ਚਿਰ ਪੰਥ ਇਕੱਤਰ ਰਹੇ,**
**ਫਿਰ ਆਪਸ ਮੇਂ ਫਟ ਜਾਵੇਂਗੇ।**
**ਮੇਰੀ ਸਿਖਿਆ ਤਾਈ ਭੁਲਾ ਦੱਸਣ,**
**ਆਪੋ ਆਪਣੇ ਮਤ ਚਲਾਵੇਂਗੇ।**
**ਜਿਨ ਕੇ ਮਨ ਮੇਂ ਹਰੀ ਧਿਆਨ ਨਹੀਂ,**
**ਸਭ ਪੰਥਨ ਤੇ ਮਿਟ ਜਾਵੇਂਗੇ।**
**ਇੱਕ ਖਾਲਸਾ ਪੰਥ ਮਲੇਛ ਹੋਊ,**
**ਊਚ ਨੀਚ ਕੋ ਬੀਚ ਮਿਲਾਵੇਂਗੇ।**
**ਦਲ ਤੜਫੇ ਵਾਂਗ ਧਮਕੜਾਂ ਦੇ,**
**ਸ਼ੁਭ ਕਰਮਨ ਤਾਈਂ ਤਜਾਵੇਂਗੀ।**
**ਸਭ ਮਾਸ ਸ਼ਰਾਬ ਕੋ ਪਾਨ ਕਰੇ,**
**ਧ੍ਰਿਗ ਆਪ ਕੋ ਸਿੰਘ ਸਦਾਵੇਂਗੇ॥**

ਭਾਈ ਗੁਰਦਾਸ ਜੀ ਨਿਰਨਾ ਕਰ ਗਏ ਹਨ:-
**ਬੇਦ ਗ੍ਰੰਥ ਗੁਰ ਹੱਟ ਹੈ, ਜਿਤ ਲਗ ਭਵਜਲ ਪਾਰ ਉਤਾਰਾ।**
**ਸਤਿਗੁਰੂ ਬਾਝ ਨ ਬੂਝੀਐ ਜਿਚਰ ਧਰੇ ਨ ਗੁਰ ਅਵਤਾਰਾ॥**

ਇਹ ਸੁਣ ਸਿੰਘ ਚੁੱਪੀ ਸਾਧ ਗਏ ਤੇ ਆਲੇ ਦੁਆਲੇ ਦੇ ਪਿੰਡੇ ਕੂਕੇ ਸਜ ਗਏ।

## ਗੁਰੂ ਨਾਨਕ ਸਰਬ ਸੰਪ੍ਰਦਾਇ ਕਾਨਫਰੰਸ

ਸ੍ਰੀ ਸਤਿਗੁਰ ਪ੍ਰਤਾਪ ਸਿੰਘ ਜੀ ਅੰਗਰੇਜ਼ ਵੱਲੋਂ ਪਾਈ ਤੋੜ ਨੂੰ ਮੇਟਣ ਦਾ ਹਰ ਸਮੇਂ ਸੰਭਰ ਯਤਨ ਕਰਦੇ ਸਨ। ਸਤਿਗੁਰੂ ਜੀ 1934 ਵਿਚ ਗੁਰੂ ਨਾਨਕ ਨਾਮ ਲਵਾ ਨੂੰ ਇੱਕ ਮੁੱਠ ਕਰਨ ਦਾ ਸ਼ਲਾਘਾ ਯੋਗ ਉੱਦਮ ਕੀਤਾ ਤੇ ਉਦਾਸੀ, ਨਿਰਮਲੇ, ਸੇਵਾ ਪੰਥੀ, ਨਿਰੰਕਾਰੀ, ਅਕਾਲੀ, ਨਿਹੰਗ ਆਦਿ ਨੂੰ ਸੱਦੇ ਭੇਜ ਸ੍ਰੀ ਭੈਣੀ ਸਾਹਿਬ, "ਗੁਰੂ ਨਾਨਕ ਸਰਬ ਸੰਪ੍ਰਦਾਇ ਕਾਨਫਰੰਸ" ਬੁਲਾਈ। ਜਿਸ ਦੇ ਪ੍ਰਧਾਨ ਸ੍ਰੀ ਅਰਜਨ ਸਿੰਘ ਬਾਗੜੀਆ ਨੀਯਤ ਕੀਤੇ ਗਏ। ਉਸ ਵਿਚ ਪੰਥ ਦੇ ਉੱਘੇ ਉੱਘੇ ਵਿਦਵਾਨ ਨੇਤਾਵਾਂ ਨੇ ਭਾਗ ਲਿਆ, ਜਿਵੇਂ ਕਿ ਸਰਦਾਰ ਅਰਜਨ ਸਿੰਘ ਬਾਗੜੀਆ, ਮਾਸਟਰ ਤਾਰਾ ਸਿੰਘ, ਸ੍ਰੀ ਸ਼ੇਰ ਸਿੰਘ, ਬਾਬਾ ਸਾਵਣ ਸਿੰਘ, ਸਰਮੁਖ ਸਿੰਘ ਚਮਕ, ਪ੍ਰੋ: ਜੋਧ ਸਿੰਘ ਖਾਲਸਾ ਕਾਲਜ, ਸਰਦਾਰ ਸੁੰਦਰ ਸਿੰਘ ਮਜੀਠਾ ਆਦਿ ਨੇ ਮੁਸੂਲੀਅਤ ਅਖ਼ਤਿਆਰ ਕੀਤੀ। ਨਾਮਧਾਰੀਆਂ ਦੇ ਮੁਖੀ ਮਹਾਰਾਜ ਨਿਹਾਲ ਸਿੰਘ, ਸੰਤ ਨਿਧਾਨ ਸਿੰਘ ਆਲਿਮ, ਇੰਦਰ ਸਿੰਘ ਚੰਕਰਵਰਤੀ, ਸਰਦਾਰ ਆਤਮਾ ਸਿੰਘ, ਸਰਦਾਰ ਦਇਆ ਸਿੰਘ ਆਦਿ ਸਨ। ਸਭ ਨੇ ਆਪਣੇ ਵਿਚਾਰ ਰਖੇ, ਪਰ ਸੰਤ ਮੰਗਲ ਸਿੰਘ ਜੀ ਦਾ ਭਾਸ਼ਣ ਨਿਰਾਲਾ ਸੀ। ਇਨ੍ਹਾਂ ਪਹਿਲਾਂ ਆਦਿ ਗ੍ਰੰਥ ਸਾਹਿਬ ਵਿੱਚੋਂ ਦੇਹਧਾਰੀ ਗੁਰੂ ਸੰਬੰਧੀ ਢੁਕਵੇਂ ਪ੍ਰਮਾਣ ਦਿੱਤੇ ਤੇ ਕਿਹਾ, 'ਰੱਬੀ ਬਾਣੀ, ਜੀਵਨ ਜਾਚ ਸਿਖਾਂਦੀ ਹੈ, ਸਭ ਨਾਲ ਪਿਆਰ ਦਾ ਉਪਦੇਸ਼ ਦੇਂਦੀ ਹੈ,' ਬਾਣੀ ਕਹਿੰਦੀ ਹੈ:-

(1) **ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥**
**ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥**

(2) **ਭਾਈ ਰੇ ਗੁਰ ਬਿਨੁ ਗਿਆਨ ਨ ਹੋਇ॥**
**ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਹੋਇ॥**

(3) **ਭਾਈ ਰੇ ਗੁਰ ਬਿਨੁ ਭਗਤਿ ਨ ਹੋਇ॥**
**ਬਿਨ ਗੁਰ ਭਗਤਿ ਨ ਪਾਈਐ ਜੇ ਲੋਚੈ ਸਭ ਕੋਇ॥**

ਸੰਸਾਰ ਦੁੱਖਾਂ ਦਾ ਘਰ ਹੈ ਉਨ੍ਹਾਂ ਦੁੱਖਾਂ ਤੋਂ ਵੀ ਗੁਰੂ ਮੁਕਤੀ ਬਖਸ਼ਦਾ ਹੈ, ਉਹ ਹਉਮੈ ਦੀ ਪੀੜ ਦੂਰ ਕਰਦਾ ਹੈ।

**ਬਿਨ ਗੁਰ ਰੋਗ ਨ ਤੁਟਈ ਹਉਮੈ ਪੀੜ ਨ ਜਾਇ॥**
**ਗੁਰ ਪ੍ਰਸਾਦੀ ਮਨਿ ਵਸੈ, ਨਾਮੈ ਰਹੈ ਸਮਾਇ॥**

ਸ੍ਰੀ ਗੁਰੂ ਅਮਰਦਾਸ ਜੀ ਬੜੇ ਜ਼ੋਰ ਨਾਲ ਕਹਿੰਦੇ ਹਨ:-

**ਭਾਈ ਰੇ ਗੁਰ ਬਿਨੁ ਭਗਤਿ ਨ ਹੋਇ॥**
**ਬਿਨੁ ਗੁਰ ਭਗਤਿ ਨ ਪਾਈਐ, ਜੇ ਲੋਚੈ ਸਭ ਕੋਇ॥**

ਮੈਂ ਇਸ ਗ੍ਰੰਥ ਸਾਹਿਬ ਤੋਂ ਸੌ ਸੌ ਵਾਰੀ ਕੁਰਬਾਨ ਜਾਂਦਾ ਹਾਂ। ਜਿਸਨੇ ਸਤਿਗੁਰ ਦੀ ਤਸਵਰੀ ਖਿੱਚ ਵਖਾਈ ਹੈ:-

**ਤੇਰੇ ਬੰਕੇ ਲੋਇਣ ਦੰਤ ਰੀਸਾਲਾ॥**
**ਸੋਹਣੇ ਨਕ ਜਿਨ ਲੰਮੜੇ ਵਾਲਾ॥**
**ਕੰਚਨ ਕਾਇਆ ਸੁਇਨਾ ਕੀ ਢਾਲਾ॥**
**ਕ੍ਰਿਸ਼ਨ ਮਾਲਾ ਜਪਹੁ ਤੁਸੀਂ ਸਹੇਲੀ ਹੋ॥**
**ਹੰਸ ਹੰਸਾ ਬਗ ਬਗਾ ਲਹੈ ਮਨ ਕੀ ਜਾਲਾ॥**
**ਬੰਕੇ ਲੋਇਣ ਦੈਤ ਰੀਸਾਲਾ॥**

ਜਿਹੜੇ ਪੁਰਸ਼ ਗੁਰੂ ਦੀ ਨਿੰਦਿਆ ਕਰਦੇ ਹਨ, ਉਨ੍ਹਾਂ ਨੂੰ ਗੁਰੂ ਰਾਮਦਾਸ ਜੀ ਇਹ ਫਤਵਾ ਸੁਣਾਇਆ ਹੈ:-

**ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ,**
**ਸੁ ਅਉਖਾ ਜੁਗ ਮਹਿ ਹੋਇਆ॥**
**ਨਰਕ ਘੋਰੁ ਦੁਖ ਖੂਹੁ ਹੈ, ਉੱਥੇ ਪਕੜਿ ਉਹ ਢਇਆ॥**
**ਕੂਕ ਪੁਕਾਰ ਨਾ ਸੁਣੈ, ਉਹ ਅਉਖਾ, ਹੋਇ ਹੋਇ ਰੋਇਆ॥**
**ਉਨਿ ਹਲਤੁ ਪਲਤੁ ਸਭ ਗਵਾਇਆ, ਲਾਹਾ ਮੂਲ ਸਭ ਖੋਇਆ॥**
**ਹੋਇ ਇਕੱਤਰ ਮਿਲਹੁ ਮੇਰੀ ਭਾਈ, ਦੁਬਦਾ ਦੂਰ ਕਰਹੁ ਲਿਵ ਲਾਈ।**
**ਹਰਿਨਾਮੈ ਕੀ ਹੁਹੁ ਜੋਤੜੀ, ਗੁਰਮੁਖ ਬੈਠੇ ਸਭਾ ਵਛਾਈ॥**

ਆਓ! ਅਸੀਂ ਪ੍ਰਣ ਲਈਏ ਕਿ ਨ ਇੱਥੋਂ ਵਿਛੜੀਏ ਨਾ ਅੱਗੇ ਜਾਕੇ। ਇਹ ਸਰਬ ਸੰਪ੍ਰਦਾਇ ਭਾਰੀ ਸਫ਼ਲ ਰਹੀ ਤੇ ਸਿੱਖ ਪੰਥ ਵਾਸਤੇ ਇਕ ਮੀਲ ਪੱਥਰ ਗਡ ਗਈ।

ਸ੍ਰ: ਅਰਜਨ ਸਿੰਘ ਬਾਗੜੀਆ ਦੇ ਪ੍ਰਧਾਨਗੀ ਐਡਰੈਸ ਦਾ ਨਿਚੋੜ ਸੀ:-

ਇਸ ਕਾਨਫਰੰਸ ਦਾ ਮਨੋਰਥ ਉਨ੍ਹਾਂ ਸ੍ਰੀ ਗੁਰੂ ਨਾਨਕ ਪੰਥੀ ਸਾਰੀਆਂ ਸੰਪ੍ਰਦਾਵਾਂ ਵਿਚ ਪ੍ਰਸਪਰ ਪ੍ਰੇਮ ਕਰਨਾ ਅਤੇ ਏਕਤਾ ਕਰਨਾ ਹੈ, ਜਿੰਨਾਂ ਦੇ ਵਿਸ਼ਵਾਸ ਦੀ ਨੀਂਹ, ਸਤਿਗੁਰਾਂ ਦੀ ਉਚਾਰੀ ਬਾਣੀ ਹੈ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸ੍ਰੀ ਦਸਮ ਗ੍ਰੰਥ ਵਿਚ ਵਿਦਮਾਨ ਹੈ।

ਇਸ ਕਾਨਫਰੰਸ ਦਾ ਮੁਖ ਮਤਾ ਸੀ:-

ਇਹ ਕਾਨਫਰੰਸ ਸਮੂੰਹ ਸੰਪ੍ਰਦਾਵਾਂ ਤੇ ਸੰਤਾਂ, ਮਹੰਤਾਂ, ਪ੍ਰਚਾਰਕਾਂ, ਰਾਗੀਆਂ, ਗਿਆਨੀਆਂ, ਅਖ਼ਬਾਰਾਂ ਦੇ ਐਡੀਟਰਾਂ ਤੇ ਹੋਰ ਜੁਮੇਵਾਰ ਸੱਜਣਾਂ ਨੂੰ ਬੇਨਤੀ ਕਰਦੀ ਹੈ, ਕਿ ਉਹ ਆਪਣੇ ਪ੍ਰਚਾਰ ਵਿੱਚੋਂ ਕਿਸੇ ਸੰਪ੍ਰਦਾਏ ਦੇ ਅਸੂਲਾਂ ਜਾਂ ਮਰਯਾਦਾ ਉੱਤੇ ਕੋਈ ਹਮਲਾ ਨਾ ਕਰੇ ਅਤੇ ਆਪਣੇ ਅਸੂਲਾਂ ਦਾ ਪ੍ਰੇਮ ਅਤੇ ਪਿਆਰ ਅਤੇ ਵਿਦਵੱਤਾ ਦੀਆਂ ਖ਼ੂਬੀਆਂ ਅਨੁਸਾਰ ਮੰਡਨ ਰੂਪ ਪ੍ਰਚਾਰ ਕਰਨ। ਇਹ ਕਾਨਫਰੰਸ ਭਲੀ ਭਾਂਤ ਸਫਲ ਰਹੀ ਅਤੇ ਸਮੂਹ ਅਖ਼ਬਾਰਾਂ ਨੇ ਪ੍ਰਸੰਸਾ ਕੀਤੀ।

ਇੱਕ ਸਮੇਂ ਨਨਕਾਣਾ ਸਾਹਿਬ ਦੇ ਮੇਲੇ ਸਮੇਂ ਸ੍ਰ: ਮਤਾਬ ਸਿੰਘ ਤੇ ਸ੍ਰ: ਬੂਟਾ ਸਿੰਘ ਜੀ (ਮੈਨੇਜਰ ਗੁਰਦੁਆਰਾ ਨਨਕਾਣਾ ਸਾਹਿਬ) ਸੱਚੇ ਪਾਤਸ਼ਾਹ ਜੀ

ਦੇ ਚਰਨਾਂ ਵਿਚ ਅਰਜ਼ ਕਰਨ ਆਏ ਕਿ ਅਸੀਂ ਸਰਬ ਸੰਪ੍ਰਦਾਇਅ ਦਾ ਦੀਵਾਨ ਰਖਿਆ ਹੋਇਆ ਹੈ, ਤੁਸੀਂ ਜ਼ਰੂਰ ਦਰਸ਼ਨ ਦਿਉ। ਸੱਚੇ ਪਾਤਸ਼ਾਹ ਜੀ ਦੇ ਨਾਲ ਸੰਤ ਮੰਗਲ ਸਿੰਘ, ਇੰਦਰ ਸਿੰਘ ਚੱਕਰਵਰਤੀ, ਫਤਹ ਸਿੰਘ, ਭਗਤ ਸਿੰਘ ਨਿਧਾਨ ਸਿੰਘ ਆਲਿਮ ਜੀ ਅਤੇ ਬੰਤਾ ਸਿੰਘ ਭਗਤ ਸਿੰਘ ਆਦਿ ਜਥੇਦਾਰ ਗਏ। ਸੱਚੇ ਪਾਤਸ਼ਾਹ ਸਮੇਤ ਇਨ੍ਹਾਂ ਜਥੇਦਾਰਾਂ ਅਗਲੇ ਦਿਨ ਦੀਵਾਨ ਅਸਥਾਨ ਤੇ ਜਾ ਦਰਸ਼ਨ ਦਿੱਤੇ। ਉਨ੍ਹਾਂ ਸੱਚੇ ਪਾਤਸ਼ਾਹ ਜੀ ਦਾ ਨਿੱਘਾ ਸੁਵਾਗਤ ਕੀਤਾ। ਅੱਗੇ ਨਿਰਮਲ ਪੰਥੀਏ, ਸੇਵਾ ਪੰਥੀ ਨਿਰਬਾਣ ਪੰਥੀ, ਚਿਮਟੇ ਵਾਲੇ ਅਤੇ ਬੁੱਢਾ ਦਲ ਦੇ ਤੇ ਅਕਾਲੀ ਭਰਾ ਵੀ ਬੈਠੇ ਸਨ ਉਸ ਸਮੇਂ ਬੁਲਾਰਿਆਂ ਸ੍ਰੀ ਭੈਣੀ ਸਾਹਿਬ ਸਰਬ ਸੰਪ੍ਰਦਾਇ ਦੀ ਪ੍ਰਸੰਸਾ ਕੀਤੀ। ਸਭ ਮੁਖੀਆਂ ਆਪਣੇ ਆਪਣੇ ਵਿਚਾਰ ਰਖੇ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰੇਮ ਸੰਦੇਸ਼ ਨੂੰ ਘਰ-ਘਰ ਪਹੁੰਚਾਣ ਵਾਸਤੇ ਉਤਸਾਹਿਤ ਕੀਤਾ। ਸੰਤ ਇੰਦਰ ਸਿੰਘ ਜੀ ਚੱਕਰਵਰਤੀ ਗੁਰੂ ਨਾਨਕ ਦੇਵ ਜੀ ਦੇ ਰੰਗ-ਬਰੰਗੇ ਫੁੱਲਾਂ ਦੀ ਮਹਿਕ ਦੀ ਫੁਲਵਾੜੀ ਦੱਸੀ ਪਰ ਸੰਤ ਮੰਗਲ ਸਿੰਘ ਜੀ ਪੂਰੀ ਮਸਤੀ ਵਿਚ ਸਨ, ਇਨ੍ਹਾਂ ਉੱਠਦਿਆਂ ਹੀ ਕਿਹਾ, "ਉਇ ਅੰਨਿਉ ਲੋਕੋ! ਗੁਰੂ ਨਾਨਕ ਨੂੰ ਬੰਦਾ ਨਾ ਸਮਝੋ, ਉਹ ਤਾਂ ਅਕਾਲ ਪੁਰਖ ਸੀ। ਉਹ ਸੰਸਾਰ ਭਲਾਈ ਲਏ. ਦੇਹ ਧਾਰਕੇ ਆਇਆ ਸੀ, ਗੁਰੂ ਉਹ ਹਸਤੀ ਹੈ, ਜਿਸਦੇ ਦਰਸ਼ਨਾਂ ਵਿਚ ਅੰਮ੍ਰਿਤ, ਗੁਰੂ ਦੇ ਚਰਨਾਂ ਵਿਚ ਕਲਪ ਬਿਰਛ, ਕਾਮਧੇਨਾਂ ਦੇ ਵਗਾਂਦੇ ਵਗ, ਗੁਰੂ ਦੀ ਗਲੀ ਵਿਚ ਬਾਦਸ਼ਾਹੀਆਂ ਰੁਲਦੀਆਂ ਫਿਰਦੀਆਂ ਹਨ। ਗੁਰੂ ਪਾਸੋਂ ਮਨ ਦੀਆਂ ਮੁਰਾਦਾਂ ਪੂਰੀਆਂ ਹੁੰਦੀਆਂ ਹਨ। ਇੱਥੇ ਹੀਰੇ, ਲਾਲ, ਮੋਤੀਆਂ ਦੇ ਢੇਰਾਂ ਦੇ ਢੇਰ ਹਨ। ਜਿਨ੍ਹਾਂ ਖ਼ਾਤਰ ਬਾਦਸ਼ਾਹੀਆਂ ਲੜ ਲੜ ਮਰਦੀਆਂ ਹਨ, ਇੱਥੇ ਸਾਂਭੀਆਂ ਨਈਂ ਜਾਂਦੀਆਂ:-

**ਸਤਿਗੁਰ ਪੁਰਖੁ ਅੰਮ੍ਰਿਤਸਰ ਵਡਭਾਗੀ ਨਾਵਹਿ ਆਇ॥**
**ਉਨ ਜਨਮ ਜਨਮ ਕੀ ਮੈਲੁ ਉਤਰੈ ਨਿਰਮਲ ਨਾਮ ਦ੍ਰਿੜਾਏ॥**

ਗੁਰੂ ਨੇ ਕੋਈ ਵਸਤੂ ਖ਼ਰੀਦਣ ਨਹੀਂ ਜਾਣੀ, ਕਿਸੇ ਮੰਡੀ ਤੋਂ ਪਤਾ ਨਹੀਂ ਕਰਨਾ। ਨਹੀਂ ਨਹੀਂ, ਉਹ ਸਭ ਦਾਤਾਂ ਦਾ ਮਾਲਕ ਹੈ।

(ੳ) **ਗੁਰੂ ਤੀਰਥ ਗੁਰ ਪਾਰਜਾਤ ਗੁਰ ਮਨਸਾ ਪੂਰਣ ਹਾਰੁ।**
**ਗੁਰੂਦਾਤਾ ਹਰਿਨਾਮ ਦੇਇ ਉਬਹੈ ਸਭ ਸੰਸਾਰ॥**
**ਇਸ ਗੁਰੂ ਦੇ ਦਰ ਤੇ ਬਾਦਸ਼ਾਹੀਆਂ ਰੁਲਦੀਆਂ ਫਿਰਦੀਆਂ ਹਨ।**

(ਅ) **ਲਖ ਖੁਸ਼ੀਆਂ ਪਾਤਸ਼ਾਹੀਆਂ ਜੇ ਸਤਿਗੁਰੂ ਨਦਰਿ ਕਰੇਇ॥**
**ਨਿਮਖ ਏਕ ਹਰਿਨਾਮੁ ਦੇਇ ਮੇਰਾ ਮਨੁ ਤਨੁ ਸੀਤਲੁ ਹੋਇ॥**

ਹੋਰ ਗੱਲਾਂ ਦਾ ਭੋਗ ਪਾਉ, ਮਨੁੱਖ ਜਿਹੜਾ ਹੜਬੂ-ਹੜਬੂ ਕਰਦਾ ਫਿਰਦਾ ਹੈ, ਜਿਹੜੀਆਂ ਭਟਕਣਾਂ ਦੇ ਭਾਂਬੜ ਮੱਚੇ ਪਏ ਹਨ, ਕੇਵਲੇ ਸਤਿਗੁਰ ਦੇ ਦਰਸ਼ਨਾਂ ਨਾਲ ਬਰਫ਼ ਵਰਗੇ ਠੰਡੇ-ਠਾਰ ਹੋ ਜਾਂਦੇ ਹਨ:-

**ਸਤਿਗੁਰ ਦਰਸਨਿ ਅਗਨਿ ਨਿਵਾਰੀ,**
**ਸਤਿਗੁਰ ਭੇਟਤ ਹਉਮੈ ਮਾਰੀ॥**

ਕੂਕਿਉ! ਤੁਸੀਂ ਮੇਰੀ ਗੱਲ ਕੰਨਾਂ ਤੋਂ ਪੱਗ ਚੁੱਕ ਕੇ ਸੁਣੋ। ਆਪਣੇ ਆਸਣ,ਠ ਡੋਰੀ, ਗੜਵਾ ਰਖਿਆ ਕਰੋ। ਗੰਦੀਆਂ ਦਰੀਆਂ ਉੱਤੇ ਹੀ ਚਿੱਕੜ ਨਾ ਘਸਾਂਦੇ ਰਿਹਾ ਕੋ, ਬੇਹੰਗਮਾਂ ਨੂੰ ਪੱਕੀ-ਪਕਾਈ ਰੋਟੀ ਨਾ ਦਿਉ। ਉਨ੍ਹਾਂ ਨੂੰ ਕਹੋ ਕਿ ਉਹ ਬਾਹਰ ਜਾ ਕੇ ਭਜਨ ਕਰਨ। ਉਹ ਅੱਠੀ ਪਹਿਰੀਂ ਪ੍ਰਸ਼ਾਦਾ ਆਪਣਾ ਹੱਥੀਂ ਪਕਾਕੇ ਖਾਣ, ਜਿਹੜਾ ਬੇਹੰਗਮ ਗ੍ਰਿਸਤੀਆਂ ਦਾ ਗਤਾਵਾ ਕਰ ਸਕਦਾ ਹੈ, ਮੁੰਡਾ ਖਿਡਾ ਸਕਦਾ ਹੈ, ਉਹਨੂੰ ਪ੍ਰਸ਼ਾਦਾ ਮਤ ਦਿਉ। ਪੁਰਾਣੇ ਸਿੱਖ ਜਿਸ ਘਰ ਜਾਂਦੇ ਸਨ, ਉਨ੍ਹਾਂ ਨੂੰ ਅੰਮ੍ਰਿਤ ਵੇਲੇ ਉਠਾ ਇਸ਼ਨਾਨ ਕਰਾ, ਭਜਨ ਕਰਨ ਵੱਲ ਮੋੜਦੇ ਸਨ। ਵੱਡਿਆਂ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਆਪਣੀਆਂ ਲੜਕੀਆਂ ਗ਼ਰੀਬਾਂ ਨੂੰ ਦੇਣ। ਉਦਾਸੀਏ, ਨਿਰਮਲੀਏ, ਸੇਵਾ ਪੰਥੀਏ ਮਿਲਕੇ ਰਹੋ। ਅੱਗੋਂ ਤੋਂ ਸਾਂਝੇ ਦੌਰੇ ਕੀਤੇ ਜਾਣਗੇ। ਅਸੀ( ਖ਼ੱਤਰੀਆਂ, ਬ੍ਰਾਹਮਣਾਂ ਨੂੰ ਅੰਮ੍ਰਿਤ ਛਕਾਵਾਂਗੇ। ਦੂਜਿਆਂ ਨੂੰ ਅਕਾਲੀ ਭਰਾ ਸਾਂਭ ਲੈਣਗੇ।

ਸੰਤ ਭਗਤ ਸਿੰਘ ਜੀ ਉੱਠਦਿਆਂ ਹੀ ਕਿਹਾ, "ਬਹਿ ਜਾ ਉਇ ਮੰਗਲਾ! ਸਾਰੇ ਰਜਕੇ ਆਖੋ ਧੰਨ ਸਤਿਗੁ ਰਾਮ ਸਿੰਘ ਜੀ ਅਕਾਲ ਪੁਰਖ! ਸੁਣੋ!" ਸਾਹਿਬ ਗੁਰੂ ਗੋਬਿੰਦ ਸਿੰਘ ਜੀ ਕਹਿ ਗਏ ਹਨ।

**ਧੰਨ ਸਉ ਦਿਵਸ ਪ੍ਰਗਟ ਬਪ ਧਾਰੈ।**
**ਵਾਹਿ ਨਿਵਾਸ ਸਭ ਦ੍ਰਵ ਕਨਾਰੈ॥**
**ਰਿਲ ਪੁਰ ਬੀਚ ਬਾਢੀ ਸੁਤ ਹੋਈ।**
**ਬਾਢੀ ਸੁਤ ਗੁਰ ਕਹੀਐ ਜੋਈ॥**
**ਸੋ ਮਮ ਕਲਾ ਤੇ ਅਵਤਾਰ ਹੋਈ।**

ਗੁਰੂ ਗੋਬਿੰਦ ਸਿੰਘ ਜੀ ਪਿੱਛੋਂ ਸਿੰਘ ਪਿਆਲੀਆਂ ਵਿਚ ਡੁੱਬ ਮੋਏ ਕੁੜੀਆਂ ਮਾਰਨ ਲੱਗ ਪਏ। ਗੁਰੂ ਜੀ ਦਾ ਬਚਨ ਹੈ:-

**ਜਾਹੀ ਕੁਲ ਤੇ ਪ੍ਰਗਟ ਹੋਇ ਤਾਹੀ ਕੁਲ ਕੋ ਨਾਮ।**
**ਪੁਨ ਦੁਆਦਸ ਗੁਰਿੰਦ ਕੋ ਮੇਰੀ ਹੈ ਪ੍ਰਣਾਮ॥**

ਇਸ ਵੇਲੇ ਇਹ ਹਾਲਤ ਹੈ ਕਿ ਸਾਡੇ ਹੱਥੋਂ ਟੁੱਕਰ ਖੋਹ ਲੈਂਦੇ ਹਨ। ਜ ਰਾਜ ਮਿਲ ਗਿਆ ਤਾਂ ਕੀ ਵਰਤਾਰਾ ਵਰਤੇਗਾ। ਤੁਸੀਂ ਆਪ ਹੀ ਅੰਦਾਜ਼ਾ ਲਾਉ।

ਸੰਤ ਨਿਧਾਨ ਸਿੰਘ ਜੀ ਆਲਿਮ ਕਿਹਾ! ਸਿੱਖੀ ਪਿਆਰ ਹੈ, ਸਾਨੂੰ ਆਪਣੇ-ਆਪਣੇ ਥਾਂ ਰਹਿੰਦਿਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰੇਮ ਸੰਦੇਸ਼ ਘਰ-ਘਰ ਪਹੁੰਚਾਣਾ ਚਾਹੀਦਾ ਹੈ। ਇਸੇ ਢੰਗ ਨਾਲ ਅਸੀਂ ਜਿਉਂਦੇ ਰਹਿ ਸਕਦੇ ਹਾਂ।

## ਰਾਵਲਪਿੰਡੀ ਵਿਚ ਗੁਰਪੁਰਬ

ਇੱਕ ਸਮੇਂ ਰਾਵਲਪਿੰਡੀ ਸ਼ਹਿਰ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਦਿਵਸ ਮਨਾਇਆ ਜਾ ਰਿਹਾ ਸੀ। ਉਸ ਸਮਾਗਮ ਵਿਚ ਸ੍ਰ: ਆਤਮਾ ਸਿੰਘ, ਸੰਤ ਮੰਗਲ ਸਿੰਘ, ਸੰਤ ਸੁਰੈਣ ਸਿੰਘ ਗ਼ਰੀਬ, ਪ੍ਰਧਾਨ ਨਾਮਧਾਰੀ ਸੰਗਤ ਰਾਵਲਪਿੰਡੀ, ਜਥੇਦਾਰ ਨਰਾਇਣ ਸਿੰਘ, ਜਥੇਦਾਰ ਹਰਨਾਮ ਸਿੰਘ ਜੀ ਦਲੇਰ, ਲੇਖਕ ਨਿਹਾਲ ਸਿੰਘ ਤੇ ਸ੍ਰ: ਸੋਹਣ ਸਿੰਘ ਧੌਣ-ਭੇਨ ਤੇ ਹੋਰ ਗੁਰਮੁਖ ਪਿਆਰੇ ਗਏ। ਸਟੇਜ ਤੇ ਲਾਗੇ ਸ੍ਰ: ਮੁਖਬੈਨ ਸਿੰਘ ਮਲਕ, ਸ੍ਰ: ਸੰਤੋਖ ਸਿੰਘ ਤੇ ਹੋਰ ਸੰਗਤਾਂ ਸਜੀਆਂ ਪਈਆਂ ਸਨ। ਸਟੇਜ ਸਕੱਤਰ ਨੇ ਸੰਤ ਮੰਗਲ ਸਿੰਘ ਜੀ ਨੂੰ ਬੋਲਣ ਵਾਸਤੇ ਕਿਹਾ। ਸੰਤਾਂ ਨੇ ਉੱਠਦਿਆਂ ਹੀ ਕਿਹਾ, 'ਸਿੰਘੋ! ਤੁਹਾਨੂੰ ਪਤਾ ਨਹੀਂ ਇਸ ਵੀਹਵੀਂ ਸਦੀ ਵਿਚ ਵੀ ਸਮਝ ਕਿਉਂ ਨਹੀਂ ਆਈ। ਐਵੇਂ ਇਹ ਕੂੜਾ ਮੂੰਹ ਹੈ ਤੇ ਚੁੰਕੀ ਫਿਰਦੇ ਹੋ। ਲੱਸੀ ਪੀਣੋਂ ਵੀ ਗਇਉ। ਸਭ ਪਾਸੇ ਚੁੱਪ ਵਰਤ ਗਈ। ਬਹੁਤਿਆਂ ਕੰਨ ਚੁੱਕ ਲਏ। ਉਨ੍ਹਾਂ ਕਿਹਾ, 'ਬਾਣੀ ਵਿਚ ਆਇਆ ਹੈ:-

**ਗੁਰ ਸਤਿਗੁਰ ਕਾ ਜੋ ਸਿਖੋ ਅਖਾਏ।**
**ਸੁ ਭਲਕੇ ਉਠਿ ਹਰਿਨਾਮ ਧਿਆਵੈ।**
**ਉਦਮ ਕਰੇ ਭੂਲਕੇ ਪਰਭਾਤੀ,**
**ਇਸ਼ਨਾਨੁ ਕਰੇ ਅੰਮ੍ਰਿਤਸਰ ਨਵੈ।**
**ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ।**
**ਸਭਿ ਕਿਲਵਿਖਿ ਪਾਪਾ ਦੋਖ ਲਹਿ ਜਾਵੇ।**

ਜਿਹੜੀ ਪ੍ਰਾਣੀ ਇਸ ਬਾਣੀ ਤੇ ਅਮਲ ਕਰਦਾ ਹੈ, ਉਹ ਸਿੱਖ ਹੈ, ਜਿਹੜਾ ਨਹੀਂ ਕਰਦਾ, ਉਹ ਅਸਿੱਖ, ਤੁਸੀਂ ਆਪਣੇ ਅੰਦਰ ਝਾਤ ਮਾਰੋ, ਕੀ ਸਵੇਰੇ ਉੱਠਦੇ ਹੋ? ਆਏ ਸਾਧੂ ਦੀ ਸੇਵਾ ਕਰਦੇ ਹੋ? ਇਸ਼ਨਾਨ ਕਰਦੇ ਹੋ? ਚੋ ਅੱਖਰ ਦਾ ਸਿਮਰਨ ਕਰਦੇ ਹੋ? ਘੱਟ ਨਹੀਂ ਤੋਲਦੇ ਹੋ? ਵੱਢੀ ਨਹੀਂ ਲੈਂਦੇ ਹੋ? ਤਾਂ ਠੀਕ ਹੈ, ਨਹੀਂ ਤਾਂ ਇਹ ਕੂੜਾ ਈ ਏ। ਸਿੱਖ ਬਣੋ ਤਾਂ ਭਾਈ ਕਨ੍ਹੱਈਏ ਵਾਂਗੂੰ, ਜਿਹੜਾ ਜੰਗ ਸਮੇਂ ਵੀ ਦੁਸ਼ਮਣ ਨੂੰ ਪਾਣੀ ਪਿਲਾਂਦਾ ਸੀ। ਸਿੱਖ ਬਣੋ ਭਾਈ ਤਾਰੂ ਸਿੰਘ ਤੇ ਭਾਈ ਮਨੀ ਸਿੰਘ ਵਰਗੇ, ਬੰਦ-ਬੰਦ ਕਟਵਾ ਦਿੱਤਾ ਪਰ ਬਚਨ ਤੋਂ ਨਹੀਂ ਫਿਰੇ, ਸਿੱਖ ਸੀ ਤਾਂ ਭਾਈ ਕਪੂਰ ਸਿੰਘ, ਜਿਸ ਟਵਾਬੀ ਨੂੰ ਲੱਤ ਮਰਾ ਦਿੱਤੀ ਤੇ ਸੇਵਾ ਨੂੰ ਤਿਆਗਣ ਵਾਸਤੇ ਤਿਆਰ ਨਾ ਹੋਇਆ। ਧੰਨ ਉਹ ਸਿੱਖ ਜਿਹੜੇ ਬੇਗਾਨੀ ਧੀ ਭੈਣ ਨੂੰ ਆਪਣੀ ਧੀ ਭੈਣ ਸਮਝਦੇ ਸਨ। ਬੇਗਾਨੀ ਅੰਸ਼ ਗਊ ਸਮਾਨ। ਉਹ ਸ਼ਰਾਬ ਨਹੀਂ ਪੀਂਦੇ ਸਨ, ਮਾਸ ਨਹੀਂ ਖਾਂਦੇ ਸਨ, ਹਵਨ ਕਰਦੇ ਸਨ, ਸ਼ਬਦ ਪੜ੍ਹਦੇ ਸਨ। ਇੱਕ ਮੁਸਲਮਾਨ ਤਾਰੀਖ ਦਾਨ ਲਿਖਦਾ ਹੈ ਕਿ ਇਹ ਕੁੱਤੇ ਕਿਸੇ ਦੀ ਧੀ ਭੈਣ ਨੂੰ ਮੈਲੀ ਅੱਖ ਨਾਲ ਨਹੀਂ ਵੇਖਦੇ, ਕਿਸੇ ਦੇ ਪੈਸੇ ਨਹੀਂ ਲੈਂਦੇ।

'ਜੁਗ ਸੋਚੋ:-

**ਜਪੁਜੀ ਨ ਰਹਿਰਾਸ, ਪਵੈ ਸਨੇ ਕਬੀ, ਖਾਸ,**
**ਔਰ ਜੇ ਪਵਤ ਖਾਸ, ਗਰ ਤਿਨ ਯੋ ਰਹੈ॥**
**ਕਹਾ ਰਬ ਬਹਿਰਾ ਹੈ, ਗਹਿਰਾ ਪੁਕਾਰੈ ਜੋਹੂੰ,**
**ਸਹਿਰਾ ਮੈ ਜਾਇ ਲੁਕਮੇ ਰਜਾਇ ਲੈ ਤਰੈ॥**

(ਗਿਆਨੀ ਗਿਆਨ ਸਿੰਘ)

**ਨਾ ਬਾਨੀ ਪੜ੍ਹੀ ਜਾਤ ਹੈਂ,**
**ਨ ਪਿੰਡੇ ਕਬੀ ਨਾਤ ਹੈਂ॥**
**ਨਿਤ ਹੰਸੀ ਉਡਾਤ ਹੈਂ,**
**ਕੈਸੇ ਸਿੱਖ ਕਰਾਤ ਹੈਂ?**

ਪਿਆਰੇ ਖਾਲਸਿਓ! ਪੁਰਾਣੇ ਸਿੱਖਾਂ ਦੇ ਪੈਰਾਂ ਤੇ ਚੱਲੋ, ਇਸ਼ਨਾਨ ਕਰੋ, ਨਾਮ ਜਪੋ, ਖਾਣ ਪੀਣ ਮਰਯਾਦਾ ਮੁਤਾਬਕ ਰਹੋ, ਜੇ ਨਹੀਂ ਚੱਲਦੇ ਤਾਂ ਮੇਰੀ ਗੱਲ ਦਾ ਬੁਰਾ ਨਾ ਮਨਾਇਓ, ਮੈਂ ਦਰਗਾਹੀ ਹੁਕਮ ਸੁਣਾਂਦਾ ਹਾਂ।

## ਪੰਜੇ ਸਾਹਿਬ ਦਾ ਦੌਰਾ

ਇੱਕ ਸਮੇਂ ਸੰਤ ਜੀ ਸੰਤ ਭਗਤ ਸਿੰਘ, ਮਿੱਤ ਸਿੰਘ, ਮਿਲਖਾ ਸਿੰਘ ਮਨਸ਼ਾ ਸਿਘ ਅਤੇ ਕੁੰਦਨ ਸਿੰਘ ਪੰਜੇ ਸਾਹਿਬ ਦੇ ਦਰਸ਼ਨਾਂ ਨੂੰ ਗਏ। ਉੱਥੇ ਇਤਿਹਾਸਿਕ ਗੁਰਦੁਆਰੇ ਦੇ ਪ੍ਰਬੰਧਕਾਂ ਕੋਈ ਥਾਂ ਨਾ ਦਿੱਤੀ। ਉਹ ਉੱਥੇ ਮੱਥਾ ਟੇਕ ਬਾਹਰ ਆ ਗਏ ਤੇ ਦੂਸਰੇ ਬਾਜ਼ਾਰ ਵੱਲ ਨਿਕਲ ਟੁਰੇ। ਉੱਥੇ ਧਰਮਸ਼ਾਲਾ ਸੀ, ਉੱਥੇ ਜਾ ਡੇਰਾ ਕੀਤਾ। ਰਾਤ ਗੁਜ਼ਾਰੀ। ਅੰਮ੍ਰਿਤ ਵੇਲਾ ਹੋਇਆ, ਇਸ਼ਨਾਨ ਕੀਤਾ ਤੇ ਪ੍ਰਕਾਸ਼ ਵਾਲੀ ਥਾਂ ਤੇ ਜਾ ਮੱਥਾ ਟੇਕਿਆ। ਉੱਥੇ ਇੱਕ ਬੀਬੀ ਸੁਖਮਨੀ ਸਾਹਿਬ ਦਾ ਪਾਠ ਕਰ ਰਹੀ ਸੀ, ਜਦ ਥੋੜ੍ਹਾ ਸਮ ਗੁਜਰਿਆ ਤਾਂ ਉਸ ਲੜਕੀ ਨੂੰ ਫ਼ਰਿਸ਼ਤਾ ਜੀ ਕਿਹਾ, "ਬੀਬੀ ਸਾਡੇ ਕੱਪੜੇ ਧੋ ਲਿਆ।" ਬੀਬੀ ਹੈਰਾਨ ਪਰੇਸ਼ਾਨ ਪਰ ਉਹ ਪਾਠ ਕਰਦੀ ਗਈ। ਮੁੜ ਸੰਤਾਂ ਕਿਹਾ, ਬੀਬੀ ਸੁਣਿਆ ਨਹੀਂ? ਐਵੇਂ ਦਰਬਾਰ ਤੇ ਰਾਲਾਂ ਨਾ ਡੇਰਗੀ ਜਾ, ਕੀ ਪਾਠ ਕਰ ਰਹੀ ਹੈਂ? ਤੂੰ ਇਹ ਨਹੀਂ ਪੜ੍ਹਿਆ:-

**ਚਰਨ ਸਾਧ ਕੇ ਧੋਇ ਧੋਇ ਪੀਉ।**
**ਅਰਪਿ ਸਾਧ ਕਉ ਅਪਨਾ ਜੀਉ॥**
**ਸਾਧ ਕੀ ਧੂਰਿ ਕਰਹੁ ਇਸਨਾਨੁ।**
**ਸਾਧ ਊਪਰਿ ਜਾਈਐ ਕੁਰਬਾਨੁ॥**

ਉਸ ਕੁੜੀ ਨੇ ਦਰਬਾਰ ਸਾਹਿਬ ਤੇ ਰੁਮਾਲ ਪਾਇਆ ਤੇ ਭਰੀ ਭੀਤੀ ਡੇਰੇ ਦੇ ਗ੍ਰੰਥੀ ਕੋਲ ਗਈ। ਉਹ ਆਇਆ ਤੇ ਵੇਖਿਆ ਕਿ ਸਿੱਧੀਆਂ ਪੱਗਾਂ ਵਾਲੇ ਕੂਕੇ ਬੈਠੇ ਹਨ। ਉਸ ਸੰਤਾਂ ਨੂੰ ਕੁਝ ਨਾ ਕਿਹਾ, ਸਿੱਧਾ ਥਾਣ ਚਲਾ

ਗਿਆ। ਗ੍ਰੰਥੀ ਦੇ ਬਾਹਰ ਜਾਣ ਦੀ ਦੇਰ ਸੀ ਇਨ੍ਹਾਂ ਮਸਤਾਨੇ ਅੰਦਰੋਂ ਕੁੰਡਾ ਲਾ ਦਿੱਤਾ। ਚੌਕੜਾ ਮਾਰ ਮਾਲਾ ਫੇਰਨ ਲੱਗੇ। ਥਾਣੇਦਾਰ ਕੁਝ ਸਿਪਾਹੀਆਂ ਨਾਲ ਧਰਮਸ਼ਾਲਾ ਵੱਲ ਆਇਆ। ਅੱਗੋਂ ਦਰਵਾਜ਼ਾ ਬੰਦ ਸੀ, ਸਿਪਾਹੀਆਂ ਦਰਵਾਜ਼ਾ ਖੜਕਾਇਆ। ਸੰਤ ਭਗਤ ਸਿੰਘ ਉੱਠੇ ਤੇ ਪੁੱਛਿਆ, 'ਥਾਣੇਦਾਰ ਸਾਹਿਬ ਤੁਸੀਂ ਹਿੰਦੂ ਹੋ ਜਾਂ ਮੁਸਲਮਾਨ? ਉੱਤਰ ਸੀ ਮੁਸਲਮਾਨ ਸੰਤਾਂ ਦਰਵਾਜ਼ਾ ਖੋਲਿਆ। ਪੁਲਿਸ ਅੰਦਰ ਆ ਗਈ, ਸਿੱਖ ਵੀ ਆ ਜੁੜੇ। ਸੰਤਾਂ ਨੇ ਭਾਈ ਨੰਦ ਲਾਲ ਦੀਆਂ ਗ਼ਜ਼ਲਾਂ ਵਿਚ ਮਾਫਤ ਦੇ ਭਿੱਜੇ ਬੰਦ ਸੁਣਾਏ। ਕੁਝ ਬੁੱਲ੍ਹੇਸ਼ਾਹ ਦੀਆਂ ਕਾਫੀਆਂ ਪੜ੍ਹੀਆਂ, ਕੁਝ ਕੁਰਾਨ ਦੀਆਂ ਆਇਤਾਂ ਵਿੱਚੋਂ ਪੇਸ਼ ਕੀਤੇ।

(ੳ) **ਦਰ ਵਜੂਦੇ ਖਾਕੀਆਂ ਪਾਕੀ ਅਜੇਸ਼ਤ**
**ਮਾ ਖਾਦਾਏ ਪਾਕ ਰਾ ਬੀਨੰਦਹ ਏਮ**
**ਮਾ ਬਪਾਏ ਸ਼ਰਿ ਅਫਰੀਦਹ ਏਸ**
**ਅਜ ਦੋ ਆਲਮ ਦਸਤ ਗ ਅਫਰੀਦਹ ਏਮ**
**ਨੇਸਤ ਦਰ ਹਰ ਚਸੁਮ ਗੈਰ ਅਜੁ ਨੂਰੇ ਓ**
**ਸੁਹਬਤੇ ਮਰਦਾਨੇ ਹਕ ਜੋਇੰਦਹ ਏਮ=53**

(ਅ) **ਈ, ਚਸ਼ਮੇ ਤੁ ਖਾਨਾ ਏ ਦਰਦ ਮੰਦਾਨ ਅਸਤ**
**ਈ, ਤਖਤੇ ਵਜੂਦੇ ਮਸਨਦੇ ਸੁਲਤਾਨ ਅਸਤ**
**ਹਰ ਭੁਲਹਵਸੇ ਬਸੂਏ ਓ ਰਾਹ ਨ ਬੁਰਦ**
**ਕਿਹਾਈ ਰਾਹ ਤਾਅਲਕ ਮੰਜਲੇ ਮਰਦਾਨਾਸਤ**

ਤਾਂ ਮੰਗਲ ਸਿੰਘ ਜੀ ਵਿੱਚੋਂ ਹੀ ਕਿਹਾ, 'ਜਨਾਬ ਤੁਸੀਂ ਅਕਲਮੰਦ ਹੋ। ਜ਼ਰਾ ਸੋਚੋ, ਇਹ ਧਰਮਸ਼ਾਲਾ, ਗੁਰਦੁਆਰੇ ਜਾਂ ਮਸੀਤਾਂ ਮੁਸਾਫ਼ਰਾਂ ਵਾਸਤੇ ਹਨ ਜਾਂ ਚੋਰਾਂ ਡਾਕੂਆਂ ਵਾਸਤੇ? ਅਸੀਂ ਪੰਜਾਬ ਤੋਂ ਚਲਕੇ ਬਾਬੇ ਦੇ ਸਥਾਨ ਦੇ ਦਰਸ਼ਨ ਕਰਨ ਗਏ। ਸਾਨੂੰ ਰਾਤ ਨਹੀਂ ਕੱਟਣੀ ਮਿਲੀ। ਇਹ ਲੋਕ ਕੇਵਲ ਬਾਣੀ ਪੜ੍ਹਦੇ ਹਨ, ਅਮਲ ਨਹੀਂ ਕਰਦੇ। ਤੁਸੀਂ ਦੱਸੋ? ਜੇ ਅਸੀਂ ਝੂਠੇ ਹਾਂ ਤਾਂ ਸਾਨੂੰ ਸਜ਼ਾ ਦਿਉ ਜੇ ਠੀਕ ਹਾਂ ਤਾਂ ਤੁਸੀਂ ਜਾਣੋ। ਭਾਈ ਗੁਰਦਾਸ ਦਾ ਫੁਰਮਾਨ ਹੈ:- ਰੱਬ ਦੀ ਦਰਗਾਹ ਵਿਚ ਨਾ ਕੋਈ ਹਿੰਦੂ ਹੈ, ਨਾ ਕੋਈ ਮੁਸਲਮਾਨ, ਉੱਥੇ ਅਮਲਾਂ ਤੇ ਨਬੇੜਾ ਹੋਵੇਗਾ।

**ਬਾਬਾ ਆਖੈ ਹਾਜੀਆਂ,**
**ਸ਼ੁਭ ਅਮਲਾਂ ਬਾਝੋ ਦੋਨੋ ਰੋਈ।**
**ਦਰਗਾਹ ਅੰਦਰ ਲੈਣ ਨਾ ਢੋਈ॥**

ਇਹ ਸੁਣ ਸਭ ਚੁੱਪ ਹੋ ਗਏ। ਥਾਣੇਦਾਰ ਤੇ ਪੁਲਿਸ ਵਾਪਸ ਚਲੀ ਗਈ। ਪ੍ਰਬੰਧਕਾਂ ਸੰਤਾਂ ਨੂੰ ਰਸਦ ਆਦਿ ਦਿੱਤੀ। ਇਨ੍ਹਾਂ ਪ੍ਰਸ਼ਾਦਾ ਪਕਾਇਆ, ਤੇ ਛੱਕਿਆ ਤੇ ਵਾਪਸ ਪੰਜਾਬ ਆ ਗਏ।

## ਰਾਮਗੜ੍ਹੀਆ ਕਾਨਫਰੰਸ

ਇੱਕ ਸਮੇਂ ਸ੍ਰ: ਸਰਮੁਖ ਸਿੰਘ ਚਮਕ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਹਾਜਰ ਹੋਏ ਤੇ ਜੋ ਰਾਟ ਰਾਮਗੜ੍ਹੀਆ ਕਾਨਫਰੰਸ ਵਿਚ ਦਰਸ਼ਨ ਦੇਣ ਵਾਸਤੇ ਅਰਜ਼ ਕੀਤੀ। ਸੱਚੇ ਪਾਤਸ਼ਾਹ ਜੀ ਬਚਨ ਕੀਤਾ ਕਿ ਮੈਂ ਦਿਲ ਦੇ ਚੁੱਕਾ ਹਾਂ ਤੇ ਵੱਡੇ ਕਾਕੇ ਦਾ ਵੀ ਉਸ ਦਿਨ ਦਾ ਪ੍ਰੋਗਰਾਮ ਹੈ ਤੁਸੀਂ ਛੋਟੇ ਕਾਕੇ ਬੀਰ ਸਿੰਘ ਨੂੰ ਲੈ ਜਾਉ। ਚਮਕ ਜੀ ਰਾਜੀ ਹੋ ਗਏ। ਬਾਬਾ ਬੀਰ ਸਿੰਘ ਜੀ ਦਾ ਜੋਰਾਟ ਜਾਣ ਦਾ ਪ੍ਰੋਗਰਾਮ ਬਣ ਗਿਆ। ਬਾਬਾ ਜੀ ਨਾਲ ਸੰਤ ਮੰਗਲ ਸਿੰਘ, ਸੰਤ ਗੁਲਜ਼ਾਰ ਸਿੰਘ, ਤੇ ਕਿਰਪਾਲ ਸਿੰਘ ਝੱਬਰ ਗਏ। ਮਹਾਰਾਜ ਜੀ ਦਾ ਸ਼ਾਨਦਾਰ ਸੁਆਗਤ ਹੋਇਆ। ਸੰਤ ਮੰਗਲ ਸਿੰਘ ਜੀ ਬੜੇ ਹਿਕਮਤੀ ਸਨ। ਇਨ੍ਹਾਂ ਪ੍ਰਬੰਧਕਾਂ ਨੂੰ ਕਿਹਾ, ਗੁਰੂ ਪਿਆਰਿਓ! ਤੁਹਾਡੇ ਕੋਲ ਸਤਿਗੁਰਾਂ ਇਕ ਲਾਲ ਭੇਜਿਆ ਹੈ, ਇਸ ਦਾ ਕੋਈ ਜੌਹਰੀ ਮੁੱਲ ਪਾ ਸਕਦਾ ਹੈ, ਪਰ ਇਨ੍ਹਾਂ ਦੀ ਖ਼ੁਰਾਕ ਕੀ ਹੈ, ਕੇਵਲ ਮੂੰਗੀ ਦੀ ਦਾਲ। ਸਾਨੂੰ ਜੋ ਮਿਲੇ, ਪ੍ਰਬੰਧਕਾਂ ਨੂੰ ਜਿਵੇਂ ਕਿਹਾ ਗਿਆ, ਉਵੇਂ ਹੀ ਕੀਤਾ ਗਿਆ, ਉਨ੍ਹਾਂ ਬੜੀ ਸੇਵਾ ਕੀਤੀ।

ਗੁਰਦੁਆਰੇ ਦੇ ਹਾਲ ਵਿਚ ਕਾਨਫਰੰਸ ਦਾ ਸਮਾਗਮ ਸੀ। ਪਹਿਲਾਂ ਕੀਰਤਨ ਹੋਇਆ ਫਿਰ ਵੱਖ-ਵੱਖ ਬੁਲਾਰਿਆਂ ਆਪਣੇ ਵਿਚਾਰ ਰੱਖੇ ਅੰਤ ਸੰਤ ਉੱਠੇ ਤੇ ਉੱਠਦਿਆਂ ਹੀ ਕਿਹਾ, "ਦੁਰ-ਫਿੱਟੇ ਮੂੰਹ ਰਾਮਗੜ੍ਹੀਓ" ਇਤਨਾਂ ਸਮਾਂ ਬੀਤ ਗਿਆ ਤੁਹਾਨੂੰ ਸਮਝ ਨਹੀਂ ਆਈ। ਤੁਹਾਡੀ ਕੁਲ ਵਿਚ ਸਤਿਗੁਰੂ ਰਾਮ ਸਿੰਘ ਜੀ ਹੋਏ ਹਨ ਤੁਸੀਂ ਉਨ੍ਹਾਂ ਦੀ ਸਾਰ ਨਾ ਜਾਤੀ। ਉਨ੍ਹਾਂ ਦਾ ਬਚਨ ਹੈ ਜਿਸ ਕੁਲ ਵਿਚ ਮੈਂ ਆਉਂਦਾ ਹਾਂ, ਉਨ੍ਹਾਂ ਦੀਆਂ ਸਭ ਭੁੱਖਾਂ ਦੂਰ ਕਰ ਦੇਂਦਾ ਹਾਂ। ਅੱਜ ਤੁਸੀਂ ਰਾਜੇ ਬਣੀ ਬੈਠੇ ਹੋ, ਇਏ ਬੰਗਲੇ, ਇਹ ਸ਼ਾਹੀ ਠਾਠ, ਇਹ ਲਹਿਰ-ਬਹਿਰ ਸਭ ਗੁਰੂ ਰਾਮ ਸਿੰਘ ਦੀਆਂ ਮਿਹਰਾਂ ਹਨ। ਉਸਨੂੰ ਕਦੇ ਯਾਦ ਕੀਤਾ ਜੇ? ਕਦੇ ਉਸਦੇ ਨਾਮ ਦੀ ਮਾਲਾ ਫੇਰੀ ਜੇ? ਕਦੇ ਉਸਦਾ ਜਨਮ ਦਿਹਾੜਾ ਮਨਾਇਆ ਜੇ? ਕੁਝ ਤਾਂ ਸ਼ਰਮ ਕਰੋ। ਗੁਰੂ ਗੋਬਿੰਦ ਸਿੰਘ ਜੀ ਤਾਂ ਉਸਦੀ ਤਾਰੀਖ਼ ਦੇ ਪਖ਼ਲ ਬੰਨ ਦਿੱਤੇ ਹਨ।

**ਰਾਮ ਸਿੰਘ ਮਰੋ ਹੋਇ ਨਾਮਾ।**
**ਬਾਢੀ ਸੁਤ ਭੈਣੀ ਕੋ ਧਾਮਾ।**
ਅਥਵਾ: **ਰਾਮ ਸਿੰਘ ਬਾਢੀ ਸੁਤ ਹੋਈ।**
**ਬਲੂਆ ਰਾਜ ਕਰੇਗਾ ਸੋਈ।**

ਸਤਿਗੁਰੂ ਰਾਮ ਸਿੰਘ ਜੀ ਦੀ ਮਿਹਰ ਸਦਕਾ ਤੁਹਾਨੂੰ ਇਹ ਮਾਣ ਮਿਲਿਆ ਹੈ। ਭ੍ਰਸ਼ਟ ਰਾਜੇ ਖ਼ਤਮ ਹੋ ਗਏ ਹਨ। ਹੁਣ ਤੁਸੀਂ ਰਾਜੇ ਹੋ। ਜਿਹੜਾ ਰਾਮ ਸਿੰਘ ਦਾ ਹੋ ਜਾਂਦਾ ਹੈ। ਉਹ ਸਦਾ ਚੜ੍ਹਦੀਆਂ ਕਲਾਂ ਵਿਚ ਰਹਿੰਦਾ ਹੈ। ਕੋਈ ਰਾਮਗੜ੍ਹੀਆ ਦਾ ਐਸਾ ਘਰ ਨਹੀਂ ਹੋਣਾ ਚਾਹੀਦਾ, ਜਿਸ

ਵਿਚ ਸਤਿਗੁਰਾਂ ਦੀ ਖ਼ੋਟੋ ਨਾ ਹੋਵੇ। ਸਵੇਰੇ ਉਠਕੇ ਇਸ਼ਨਾਨ ਕਰਿਆ ਕਰੋ, ਨਾਮ ਜਪਿਆ ਕਰੋ। ਗ਼ਰੀਬ ਭਰਾਵਾਂ ਨੂੰ ਉਤਾਂਹ ਚੁੱਕੋ। ਕੋਈ ਰਾਮਗੜ੍ਹੀਆ ਭੁੱਖਾ ਨਹੀਂ ਰਹਿਣਾ ਚਾਹੀਦਾ। ਤੁਹਾਨੂੰ ਅਨੇਕ ਸੁਖ ਹੋਣਗੇ।

ਇੱਕ ਮੇਰੀ ਗੱਲ ਹੋਰ ਯਾਦ ਰੱਖੋ। ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਇਆ ਹੋਵੇ ਤਾਂ ਲੜਿਆ ਨਾ ਕਰੋ। ਨਹੀਂ ਤਾਂ ਚੰਗਾ ਇਹੋ ਹੈਓਂ ਕਿ ਉੱਥੇ ਪ੍ਰਕਾਸ਼ ਨਾ ਕਰਿਆ ਕਰੋ। ਜਿਸਦਾ ਨਤੀਜਾ ਇਹ ਹੋਇਆ ਕਿ ਅਗਲੇ ਦੀਵਾਨ ਸਮੇਂ ਜਦ ਸਿੰਘ ਪੰਡਾਲ ਵਿਚ ਪ੍ਰਕਾਸ਼ ਕਰਨ ਵਾਸਤੇ ਆਦਿ ਗ੍ਰੰਥ ਸਾਹਿਬ ਨੂੰ ਲਿਆ ਰਹੇ ਸਨ ਤਾਂ ਬਹਾਦਰ ਸਿੰਘ ਨੇ ਰਾਹ ਰੋਕ ਲਿਆ ਕਿ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਦੀ ਕੋਈ ਲੋੜ ਨਹੀਂ, ਨਾਲੇ ਲੜਦੇ ਹੋ ਨਾਲੇ ਪ੍ਰਕਾਸ਼ ਕਰਦੇ ਹੋ। ਗਾਖ਼ਰ ਪ੍ਰਧਾਨ ਜੀ ਆਏ ਤਾਂ ਰੌਲਾ ਰੁਕਿਆ।

ਮਹਾਰਾਜ ਜੀ ਜਿਨ੍ਹਾਂ ਸਮਾਂ ਜੋਰਾਟ ਰਹੇ, ਮਾਲਾ ਫੇਰਦੇ ਰਹੇ। ਸੰਗਤਾਂ ਬੜੇ ਪ੍ਰੇਮ ਨਾਲ ਸੇਵਾ ਕੀਤੀ ਅਤੇ ਵਾਪਸੀ ਤੇ ਪ੍ਰੇਮ ਭਿੱਜੇ ਹੰਝੂਆਂ ਵਿਚ ਵਿਦਾਇਗੀ ਦਿੱਤੀ ਤੇ ਸੰਤਾਂ ਨੂੰ ਸਮਾਂ ਕੱਢ ਦਰਸ਼ਨ ਦੇਣ ਲਈ ਪੱਕੀ ਕੀਤੀ।।

## ਪੰਜਨਦ 'ਚ ਦੀਵਾਨ

ਇੱਕ ਸਮੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਬਲੋਚਾਂ ਦੀ ਧਰਤੀ ਨੂੰ ਭਾਗ ਲਾਉਣ ਜਾ ਰਹੇ ਸਨ। ਸੰਤ ਮੰਗਲ ਸਿੰਘ, ਭਾਈ ਵਜ਼ੀਰ ਸਿੰਘ, ਸੰਤ ਮੁਹਕਮ ਸਿੰਘ, ਤੇ ਸੰਤ ਰਤਨ ਸਿੰਘ ਸੇਵਾ ਵਿਚ ਸਨ। ਪਹਿਲੇ ਪੰਜ ਨਦ, ਜਿੱਥੇ ਪੰਜਾਬ ਦੇ ਪੰਜੇ ਦਰਿਆ ਮਿਲਦੇ ਹਨ, ਉਤਾਰਾ ਹੋਇਆ। ਉੱਥੇ ਗੁਰੂ ਕੇ ਲਾਲ ਸੰਤ ਈਸ਼ਰ ਸਿੰਘ ਠੇਕੇਦਾਰ ਸਨ। ਇਲਾਕੇ ਦੇ ਸਿੱਖ ਸਹਿਜਧਾਰੀ ਤੇ ਮੁਸਲਮਾਨ ਵੀ ਦਰਸ਼ਨ ਕਰਨ ਆਏ। ਕੀਰਤਨ ਉਪਰੰਤ ਸੱਚੇ ਪਾਤਸ਼ਾਹ ਜੀ ਸੰਤ ਮੰਗਲ ਸਿੰਘ ਨੂੰ ਬੋਲਣ ਲਈ ਆਗਿਆ ਕੀਤੀ ਤੇ ਇਸ਼ਾਰਾ ਕੀਤਾ, ਜਰਾ ਸੰਭਲ ਕੇ ਬੋਲਣਾ ਨਵੀਂ ਥਾਂ ਏ, ਪਰ ਜਿਸ ਨੂੰ ਝਸ ਪਿਆ ਹੋਵੇ ਉਹ ਕਦ ਬਾਜ ਆਉਂਦਾ ਹੈ, ਸੰਤਾਂ ਨੇ ਉੱਠਦਿਆਂ ਹੀ ਕਿਹਾ, ਦੁਰ-ਫਿੱਟੇ ਮੂੰਹ ਇਨ੍ਹਾਂ ਹਿੰਦੂਆਂ ਤੇ ਸਿੱਖਾਂ ਦਾ ਜਿੰਨਾਂ ਭਾਰਤੀ ਸੰਸਕ੍ਰਿਤੀ ਨੂੰ ਤਲਾਂਜਲੀ ਦੇ ਦਿੱਤੀ ਹੈ, ਯੂਰਪੀਨ ਫੈਸ਼ਨ ਧਾਰ ਲਿਆ ਹੈ। ਡੁੱਬ ਮਰੋ! ਸਿੰਘੋ ਤੁਹਾਨੂੰ ਗੁਰੂ ਗੋਬਿੰਦ ਸਿੰਘ ਗਿੱਦੜਾਂ ਤੋਂ ਸ਼ੇਰ ਬਣਾਇਆ। ਤੁਸੀਂ ਦਾੜ੍ਹੀਆਂ ਬੰਨ ਲਈਆਂ ਕਛਹਿਰੀਆਂ ਦੀ ਬਜਾਏ ਨਿੱਕਰਾਂ ਪਾ ਲਈਆਂ। ਗਲਾਰੇ ਤੇ ਪਤਲੂਨਾਂ ਪਸੰਦ ਕਰ ਲਈਆਂ। ਤੁਸੀਂ ਗੁਰਮੁਖੀ ਬਾਣੇ ਰੱਖੋ, ਬਾਣੀ ਪੜ੍ਹੋ ਤੇ ਪੜ੍ਹਕੇ ਅਮਲ ਕਰੋ, ਫਿਰ ਜਿੱਧਰ ਮੂੰਹ ਕਰੋਗੇ, ਫਤਹ ਹੋਵੇਗੀ, ਤੁਹਾਡੇ ਸਾਹਮਣੇ ਕੋਈ ਵੱਡੇ ਤੋਂ ਵੱਡਾ ਅੜ ਨਹੀਂ ਸਕੇਗਾ।

ਹਿੰਦੂਓ! ਤੁਸੀਂ ਵੀ ਅੰਦਰ ਝਾਤੀ ਮਾਰੋ। ਤੁਸੀਂ ਕੇਸ ਛੱਡੇ ਜੂੜਾ ਛਡਿਆ ਤੇ ਬੋਦੀ ਰੱਖੀ ਤ ਹੁਣ ਬੋਦੀਉਂ ਵੀ ਗਏ। ਕਿਉਂਕਿ ਟੈਨਿਸ ਖੇਡਦਿਆਂ ਉਹ ਸਿਰਾਂ ਤੇ ਹਿਲਦੀ ਏ, ਸਿਗਰਟਾਂ ਪੀ ਪੀ ਬਜ਼ਾਰਾਂ ਵਿਚ ਹਵਨ ਕਰਦੇ ਫਿਰਦੇ ਹੋ। ਤੁਹਾਡੀਆਂ ਜ਼ਨਾਨੀਆਂ ਮੇਮਾਂ ਨਾਲੋਂ ਵੀ ਅੱਗੇ ਲੰਘ ਗਈਆਂ ਹਨ। ਉਹ ਢਿੱਡ ਵੀ ਨਹੀਂ ਕੱਜਦੀਆਂ, ਨੰਗੀਆਂ ਬਾਹਵਾਂ ਅਤੇ ਨੰਗੀਆਂ ਲੱਤਾਂ, ਨੰਗੇ ਸਿਰ। ਸਾਡੇ ਦੇਸ਼ ਵਿਚ ਤਾਂ ਨੰਗੇ ਸਿਰ ਉਨ੍ਹਾਂ ਜ਼ਨਾਨੀਆਂ ਦੇ ਹੁੰਦੇ ਸਨ, ਜਿਨ੍ਹਾਂ ਦੇ ਸੁਹਾਗ ਗੁਜ਼ਰ ਜਾਂਦੇ ਸਨ। ਇਸ ਗੱਲੋਂ ਸਿੱਖਣੀਆਂ ਤੇ ਹਿੰਦੁਵਾਣੀਆਂ ਦੋਵੇਂ ਬਰਾਬਰ ਹਨ। ਕੱਪੜਾ ਸਿਰ ਤੇ ਨਜ਼ਰ ਨਹੀਂ ਦੇਂਦਾ। ਕੁਝ ਹੋਸ਼ ਕਰੋ, ਭਾਰਤੀ ਰਹੋ, ਭਾਰਤੀ ਖਾਓ, ਭਾਰਤੀ ਬੋਲੋ, ਦਿੱਲੀ ਦਾ ਜੋਹਰ ਕਵੀ ਆਖਿਆ ਕਰਦਾ ਸੀ - ਔਰਤ ਪਰਦੇ ਮੇਂ ਰਹੇ ਤੋ ਮੁਕੱਦਸ, ਬੇ ਪਰਦਾ ਹੋ ਜਾਏ ਤਾਂ ਖਬੀਸ। ਮੈਂ ਇਹ ਨਹੀਂ ਕਹਿੰਦਾ ਕਿ ਲੜਕੀਆਂ ਨੂੰ ਪੜ੍ਹਾਇਆ ਨਾ ਜਾਵੇ। ਪੜ੍ਹਾਇਆ ਜਾਵੇ ਜ਼ਰੂਰ ਪਰ ਯੂਰਪ ਦੀਆਂ ਮੇਮਾਂ ਦੀ ਨਕਲ ਨਾ ਕਰਨ। ਅਲ੍ਹਾਬਾਦੀ ਅਕਬਰ ਆਖਦਾ ਹੈ:-

ਤਾਲੀਮ ਲੜਕੀਉਂ ਕੀ ਜਰੂਰੀ ਤੋ ਹੈ ਮਗਰ,
ਖਾਤਨੇ ਖਾਨਾਂ ਹੋ, ਸਭਾ ਕੀ ਪਰੀ ਨਾ ਹੋ॥

## ਪੰਥਿਕ ਬੋਰਡ

ਦੂਸਬੀ ਵੱਡੀ ਜੰਗ ਸਮੇਂ ਨਿਰਦਈ ਅਮਰੀਕਨਾਂ, ਜਪਾਨ ਦੇ ਵਸਦੇ ਰਸਦੇ ਸ਼ਹਿਰ ਹੀਰੋਸ਼ੀਮਾ ਤੇ ਨਾਗਾਸਾਕੀ ਤੇ ਐਟਮ ਬੰਬ ਸੁੱਟੇ। ਬਰਲਨ ਵਿਚ ਹਿਟਲਰ ਆਤਮ ਹੱਤਿਆ ਕਰ ਲਈ। ਫਰਾਂਸੀ ਤਾਕਤਾਂ ਨੇ ਹਥਿਆਰ ਸੁੱਟ ਦਿੱਤੇ, ਪਰ ਸੁਭਾਸ਼ ਬਾਬੂ ਜੀ ਆਜ਼ਾਦ ਹਿੰਦ ਫ਼ੌਜ ਦੇ ਕਾਰਨਾਮਿਆਂ, ਸਮੁੰਦਰੀ ਸੈਨਾ ਦੀ ਹੜਤਾਲ, ਪੁਲਿਸ ਵੱਲੋਂ ਨਾ-ਮਿਲਵਰਤਨ ਬਿਦੇਸ਼ੀ ਹਕੂਮਤ ਦੇ ਛੱਕੇ ਛੁੜਾ ਦਿੱਤੇ। ਅੰਗਰੇਜ਼ਾਂ ਵੱਲੋਂ ਭਾਰਤ ਛੱਡਣ ਦੀ ਤਿਆਰੀ ਹੋ ਗਈ। ਵੱਖ ਵੱਖ ਪਾਰਟੀਆਂ ਲੰਗਰ ਲੰਗੋਟੇ ਕਸ ਲਏ, ਦੇਸ਼ ਵਿਚ ਆਮ ਚੋਣਾਂ ਹੋਈਆਂ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਚੋਣਾਂ ਲੜਨ ਵਾਲੇ ਉਮੀਦਵਾਰਾਂ ਲਈ ਇੱਕ ਚੌਣ ਬੋਰਡ ਕਾਇਮ ਕੀਤਾ ਤੇ ਉਸਨੇ ਸਿਫ਼ਾਰਸ਼ ਵਾਸਤੇ ਉਮੀਦਵਾਰਾਂ ਨੂੰ ਨਾਮਜਦ ਕਰਨਾ ਸੀ। ਇਸ ਬੋਰਡ ਵਿਚ ਸੰਤ ਨਿਧਾਨ ਸਿੰਘ ਆਲਿਮ, ਇੰਦਰ ਸਿੰਘ ਚੱਕਰਵਰਤੀ, ਸੰਤ ਮੰਗਲ ਸਿੰਘ, ਸ੍ਰ: ਲਛਮਣ ਸਿੰਘ, ਸ੍ਰ: ਆਤਮਾ ਸਿੰਘ ਤੇ ਮਹਾਰਾਜ ਨਿਹਾਲ ਸਿੰਘ ਜੀ ਸਨ।

ਇਹ ਸੱਚੇ ਪਾਤਸ਼ਾਹ ਜੀ ਪਾਸੋਂ ਪ੍ਰਵਾਨਗੀ ਲੈ ਉਨ੍ਹਾਂ ਦਾ ਐਲਾਂਲ ਕਰਦੇ ਸਨ। ਗੁਰਦੁਆਰਿਆਂ ਦੀ ਚੋਣ ਸਮੇਂ ਸੰਤ ਇੰਦਰ ਸਿੰਘ ਜੀ ਚੱਕਰਵਰਤੀ ਤੇ ਸੰਤ ਮੰਗਲ ਸਿੰਘ ਜੀ ਦੇ ਵਿਚਾਰਾਂ ਵਿਚ ਮੱਤ-ਭੇਦ ਹੋ ਗਿਆ। ਚੱਕਰਵਰਤੀ

ਜੀ ਅਕਾਲੀ ਦਲ ਨੂੰ ਸਪੋਰਟ ਕਰਨਾ ਚਾਹੁੰਦੇ ਸਨ, ਪਰ ਫ਼ਰਿਸ਼ਤਾ ਜੀ ਕਾਂਗਰਸੀ ਉਮੀਦਵਾਰਾਂ ਦੀ। ਸੰਤ ਜੀ ਵਕਤ ਨੂੰ ਤਾੜ ਗਏ ਤੇ ਸੋਧ ਰੱਖ ਲਈ। ਸੱਚੇ ਪਾਤਸ਼ਾਹ ਜੀ ਫ਼ਰਿਸ਼ਤਾ ਜੀ ਤੇ ਪ੍ਰਸੰਨ ਹੋ ਗਏ ਇੱਥ ਦਿਨ ਸੱਚੇ ਪਾਤਸ਼ਾਹ ਜੀ ਪ੍ਰਸ਼ਾਦ ਛੱਕ ਰਹੇ ਸਨ ਪ੍ਰਸ਼ਾਦ ਛੱਕ ਉੱਠੇ ਤਾਂ ਸੰਤ ਜੀ ਮੌਕਾ ਤਾੜ ਹਾਜਰ ਹੋਏ ਤੇ ਬੜੀ ਨਿਮਰਤਾ ਨਾਲ ਬੋਲੇ, ਸੱਚੇ ਪਾਤਸ਼ਾਹ ਜੀ! ਸਾਨੂੰ ਸਦਾ ਦੇਸ਼ ਭਗਤਾਂ ਦਾ ਸਾਥ ਦੇਣਾ ਚਾਹੀਦਾ ਹੈ। ਸੱਚੇ ਪਾਤਸ਼ਾਹ ਜੀ ਬਚਨ ਕੀਤਾ ਕਿ ਮੇਰੀ ਵੀ ਇਹੋ ਮਰਜ਼ੀ ਹੈ, ਕਿ ਕਾਂਗਰਸੀ ਉਮੀਦਵਾਰਾਂ ਨੂੰ ਸਪੋਰਟ ਕੀਤਾ ਜਾਵੇ। ਸੰਤ ਜੀ ਨੂੰ ਚਾਅ ਚੜ ਗਿਆ ਤੇ ਉਸੇ ਵੇਲੇ ਹੀ ਐਲਾਨ ਕਰ ਦਿੱਤਾ ਕਿ ਕਾਂਗਰਸੀ ਉਮੀਦਵਾਰਾਂ ਵੋਟਾਂ ਪਾਈਆਂ ਜਾਣ। ਚੱਕਰਵਰਤੀ ਜੀ ਹੱਥ ਮਲਦੇ ਰਹਿ ਗਏ।

## ਚੋਣ ਪ੍ਰਚਾਰ

ਦੇਸ਼ ਦੇ ਵੰਡਾਰੇ ਤੋਂ ਪਹਿਲਾਂ ਆਮ ਚੋਣਾਂ ਹੋ ਰਹੀਆਂ ਸਨ। ਸੰਤ ਗੁਜਰਾਤ, ਸਰਗੋਧਾ ਆਦਿ ਦੇ ਇਲਾਕੇ ਵਿਚ ਚੋਣ ਪ੍ਰਚਾਰ ਕਰ ਰਹੇ ਸਨ। ਸੰਤ ਲਾਲੇ ਮੂਸੇ ਗਏ। ਉੱਥੇ ਮੁਸਲਮਾਨਾਂ ਦਾ ਵਧੇਰੇ ਜੋਰ ਸੀ। ਸੰਤਾਂ ਜਲਸੇ ਵਿਚ ਕਾਂਗਰਸ ਦੇ ਕਾਰਨਾਮਿਆਂ ਦੀ ਭਰਪੂਰ ਪ੍ਰਸੰਸਾ ਕੀਤੀ। ਕਿਵੇਂ ਦੇਸ਼ ਖ਼ਾਰਤ ਪੰਡਿਤ ਜਵਾਹਰ ਲਾਲ ਨਹਿਰੂ, ਮੌਲਾਨਾ ਆਜ਼ਾਦ, ਸਰਹੱਦੀ ਗਾਂਧੀ, ਅਰਦੁੱਲ ਗੱਫਾਰ ਖ਼ਾਂ ਨੇ ਕੁਰਬਾਨੀਆਂ ਕੀਤੀਆਂ। ਪਠਾਣਾਂ ਦਾ ਕਿਸਾ ਖਾਨੀ ਤੇ ਚੱਲੀ ਗੋਲੀ ਦਾ ਹਾਲ ਸੁਣਾਇਆ। ਉਨ੍ਹਾਂ ਗੈਰਤਮੰਦ ਪਠਾਣਾਂ ਦੀਆਂ ਕੁਰਬਾਨੀਆਂ ਨੂੰ ਬੜੇ ਰੰਗ ਵਿਚ ਪੇਸ਼ ਕੀਤਾ ਤੇ ਕਿਹਾ ਕਿ ਕਾਂਗਰਸ ਹੀ ਇੱਕੋ ਇੱਕ ਜਮਾਤ ਹੈ, ਜਿਹੜੀ ਸਾਰੇ ਦੇਸ਼ ਦਾ ਭਲਾ ਸੋਚਦੀ ਹੈ। ਦੂਜੀਆਂ ਪਾਰਟੀਆਂ ਜੁੱਤੀ ਚੋਰ ਹਨ। ਇਹ ਟੁੱਕਰ ਬੋਚ ਹਨ। ਅੰਗਰੇਜ਼ ਨੇ ਤੁਰਕੀ ਵਿਚ ਮਸੀਤਾਂ ਤੇ ਬੰਬ ਸੁੱਟੇ, ਇਨ੍ਹਾਂ ਜਲ੍ਹਿਆਂਵਾਲੇ ਬਾਗ਼ ਵਿਚ ਹਿੰਦੂ ਮੁਸਲਮਾਨਾਂ ਦੇ ਲਹੂ ਨਾਲ ਧਰਤੀ ਰੰਗੀ। ਜੇਹੜੀਆਂ ਜਮਾਤਾਂ ਅੱਜ ਅੰਗਰੇਜ਼ ਦੇ ਇਸ਼ਾਰੇ ਤੇ ਨੱਚਦੀਆਂ ਦੇਸ਼ ਨੂੰ ਤਬਾਹ ਕਰਨ ਤੇ ਤੁਲ੍ਹੀਆਂ ਹੋਈਆਂ ਹਨ। ਉਨ੍ਹਾਂ ਨੂੰ ਮੂੰਹ ਨਾ ਲਾਉ ਕੇਵਲ ਇੰਕੋ ਇੱਕ ਕਾਂਗਰਸ ਦੀ ਜਮਾਤ ਹੈ, ਜੇਹੜੀ ਸਾਰੇ ਦੇਸ਼ ਵਾਸਤੇ ਲੜ ਰਹੀ ਹੈ, ਤੁਸੀਂ ਉਨ੍ਹਾਂ ਨੂੰ ਵੋਟ ਪਾਉ। ਜੁੱਤੀ ਚੋਰਾਂ ਤੋਂ ਬਚੋ। ਅੰਗਰੇਜ਼ ਜਾ ਰਿਹਾ ਹੈ। ਗੋਰਿਆਂ ਤੋਂ ਮੱਝਾਂ ਦਾ ਗੋਹਾ ਤੇ ਮੇਮਾਂ ਤੋਂ ਗਊਆਂ ਦਾ ਗੋਹਾ ਸੁਟਵਾਇਆ ਜਾਵੇਗਾ। ਸਭ ਬੋਲੋ 'ਭਾਰਤ ਮਾਤਾ ਦੀ ਜੈ।'

# ਸਰਗੋਧੇ ਦੀ ਵਿਥਿਆ

ਇਸੇ ਤਰ੍ਹਾਂ ਸੰਤ ਜੀ ਡਾ: ਲਹਿਣਾ ਸਿੰਘ ਦੀ ਚੋਣ ਮੁਹਿੰਮ ਦੇ ਸਿਲਸਿਲੇ ਵਿਚ ਸਰਗੋਧੇ ਗਏ। ਜਲਸਾ ਖਚਾ ਖਚ ਭਰਿਆ ਪਿਆ ਸੀ। ਸੰਤਾਂ ਉੱਠਦਿਆਂ ਹੀ ਕਿਹਾ ਕਿ ਕਾਂਗਰਸ ਤੋਂ ਬਿਨਾ ਸਭ ਜੁੱਤੀ ਚੋਰ ਹਨ। ਇਹ ਅੰਦਰੋਂ ਹੋਰ ਤੇ ਬਾਹਰੋਂ ਹੋਰ ਹਨ। ਇਹ ਅੰਗਰੇਜ਼ਾਂ ਨਾਲ ਰਲੇ ਹੋਏ ਹਨ, ਇਹ ਗੋਰਿਆਂ ਨਾਲ ਘਿਓ ਖਿਚੜੀ ਹਨ ਤੇ ਦੇਸ਼ ਵਾਸੀਆਂ ਨੂੰ ਮਰਵਾ ਰਹੇ ਹਨ। ਵੋਟਰੋ! ਮੇਰੀ ਗੱਲ ਕੰਨਾਂ ਤੋਂ ਪੱਗਾਂ ਚੁੱਕ ਕੇ ਸੁਣੋ:-

ਅਬ ਜੋ ਆਦਿਲ ਆਲਿਮ ਦੀਸੈ।<br>
ਅੰਗਰੇਜ਼ੋਂ ਦੀ ਯਿਹ ਚੱਕੀ ਪੀਸੈਂ,<br>
ਮਿਲੇ ਮਜੂਰੀ ਸੋਈ ਖਾਤ।<br>
ਆਟਾ ਅੰਰਜੇਜ਼ਨ ਕੋ ਜਾਤ।

ਅਗਲੇ ਦਿਨ ਹੋਰ ਥਾਂ ਜਲਸੇ ਵਸਤੇ ਡਾਉੜੀ ਪਿਟਵਾਈ ਗਈ। ਜਲਸਾ ਖਚਾ ਖਚ ਭਰਿਆ ਗਿਆ। ਸਭ ਘੁਲਾਰੇ ਬੋਲ ਚੁੱਕੇ ਤਾਂ ਸੰਤ ਉੱਠ। ਸੰਤਾਂ ਦਾ ਲੈਕਚਰ ਸੁਣਨ ਵਾਸਤੇ ਦੂਰੋਂ ਦੂਰੋਂ ਵੋਟਰ ਆਏ ਹੋਏ ਸਨ। ਇਹ ਸੁਣ ਕੁਝ ਰਾਜ ਭਗਤ ਸਿੱਖ ਲਾ ਲਾ ਕਰਕੇ ਟੁੱਟ ਪਏ। ਉਨ੍ਹਾਂ ਨੇ ਨੰਗੀਆਂ ਤਲਵਾਰਾਂ ਘੁਮਾਣੀਆਂ ਸ਼ੁਰੂ ਕਰ ਦਿੱਤੀਆਂ। ਜਲਸਾ ਖਿੰਡ-ਪੁੰਡ ਗਿਆ। ਸੰਤ ਉੱਠੇ ਤੇ ਕਿਹਾ ਤੁਹਾਨੂੰ ਹੋਰ ਸਮਝਾਣ ਦੀ ਲੋੜ ਨਹੀਂ, ਤੁਸੀਂ ਆਪ ਹੀ ਵੇਖ ਲਵੋ, ਇਹ ਅੰਗਰੇਜ਼ ਭਗਤ ਤਲਵਾਰਾਂ ਨਾਲ ਡਰਾ ਧਮਕਾ ਵੋਟਾਂ ਲੈਣੀਆਂ ਚਾਹੁੰਦੇ ਹਨ, ਤੁਸੀਂ ਇਨ੍ਹਾਂ ਤੋਂ ਮਤ ਡਰੋ, ਵੋਟਾਂ ਡਾਕਟਰ ਸਾਹਿਬ ਲਹਿਣਾ ਸਿੰਘ ਨੂੰ ਪਾਉ। ਘਬਰਾਉ ਨਾ, ਇਨ੍ਹਾਂ ਦੇ ਲੀਡਰ 15 ਦਿਨਾਂ ਦੇ ਅੰਦਰ 2 ਸੋਧ ਦਿੱਤੇ ਜਾਣਗੇ। ਇਹ ਇਤਨਾ ਕਹਿ ਸਟੇਜ ਤੋਂ ਉਤਰ ਆਏ, ਪਰ ਵਿਰੋਧੀਆਂ ਤਾਰਾਂ ਖੜਕਾ ਦਿੱਤੀਆਂ। ਸੰਨ ਨਾਮਧਾਰੀ ਧਰਮਸ਼ਾਲਾ ਚਲੇ ਗਏ ਸੰਤਾਂ ਦੀ ਤਕਰੀਰ ਦੀ ਰਪਟ ਡੀ.ਸੀ. ਪੁੱਜੀ, ਪੁਲਿਸ ਆ ਧਮਕੀ। ਸਤ ਧਰਮਸ਼ਾਲਾ ਵਿਚ ਦਰਬਾਰ ਸਾਹਿਬ ਦੇ ਲਾਗੇ ਗਠੜੀ ਬਣੇ ਬੈਠੇ ਸਨ। ਪੁਲਿਸ ਸੰਮਨ ਲੈ ਪੁੱਜੀ। ਸੰਤ ਤਾਰੀਖ਼ ਤੇ ਹੱਸਦਿਆਂ ਖੇਡਦਿਆਂ ਜਾ ਪਹੁੰਚੇ। ਨਾਲ ਖਾਸਾ ਹਜੂਮ ਸੀ। ਸੰਤਾਂ ਦੇ ਪ੍ਰਸੰਸਕ ਤੇ ਹੋਰ ਤਮਾਸ਼ਬੀਨ। ਮੈਜਿਸਟਰੇਟ ਨੇ ਐਨਕ ਚੁੱਕ ਵੇਖ ਕਿਹਾ, 'ਤੁਹਾਡਾ ਨਾਮ ਮੰਗਲ ਸਿੰਘ?' 'ਜੀ ਹਜ਼ੂਰ।' 'ਤੁਸਾਂ ਕਿਹਾ ਕਿ ਲੀਡਰ ਦਸਾਂ ਦਿਨਾਂ ਦੇ ਅੰਦਰ-ਅੰਦਰ ਕਤਲ ਕਰ ਦਿੱਤੇ ਜਾਣਗੇ?' ਜਨਾਬ! ਤੁਸੀਂ ਵੇਖ ਰਹੇ ਹੋ ਮੇਰੇ ਕੋਲ ਕੋਈ ਤਲਵਾਰ ਜਾਂ ਬੰਦੂਕ ਨਹੀਂ ਮੇਰੇ ਕੋਲ ਇਹ ਉੱਨ ਦੀ ਮਾਲਾ ਹੈ। ਮੈਂ ਕਿਸੇ ਨੂੰ ਕੀ ਮਾਰਨਾ ਹੈ? ਸਭ ਨਾਮਧਾਰੀਆਂ ਕੋਲ ਉੱਨ ਦੀ ਮਾਲਾ ਹੀ ਹੁੰਦੀ ਹੈ ਮੈਨੂੰ ਉਸ ਰਾਤ ਅਕਾਸ਼ਬਾਣੀ ਹੋਈ ਸੀ ਕਿ ਹੁਣ ਭਾਰਤ ਆਜ਼ਾਦ ਹੋ ਜਾਣਾ ਹੈ, ਅੰਗਰੇਜ਼ ਦਾ ਬਿਸਤਾਰਾ

ਗੋਲ ਹੋ ਜਾਵੇਗਾ, ਪਰ ਉਨ੍ਹਾਂ ਦਾ ਕਾਨੂੰਨ ਪਹਿਲਾਂ ਹੀ ਕੂਚ ਕਰ ਗਿਆ ਹੈ।' 'ਹੈਂ ਯਹ ਕਿਹਾ?' ਜੀ ਮੈਂ ਠੀਕ ਆਖ ਰਿਹਾ ਹਾਂ। ਅੱਜ ਤੁਸੀਂ ਮੈਨੂੰ ਨਿਹੱਥੇ ਨੂੰ ਬੁਲਾਇਆ ਹੈ, ਪਰ ਉਸ ਦਿਨ ਪੁਲਿਸ ਕਿੱਥੇ ਸੀ, ਜਦ ਵਿਰੋਧੀ ਨੰਗੀਆਂ ਤਲਵਾਰਾਂ ਹਵਾ ਵਿਚ ਘੁਮਾ ਰਹੇ ਸਨ। ਤੇ ਵੋਟਰਾਂ ਨੂੰ ਧਮਕਾ ਰਹੇ ਸਨ। ਮੈਨੂੰ ਤਾਂ ਪੂਰਨ ਵਿਸ਼ਵਾਸ ਬੱਝ ਗਿਆ ਹੈ ਕਿ ਕੜਾ ਕਾਨੂੰਨ ਕਿਰਪਾਨ ਤੋਂ ਡਰਦਾ ਵਲੈਤ ਪੁੱਜ ਗਿਆ ਹੈ ਪਰ ਤੁਸੀਂ ਕਹਿ ਰਹੇ ਹੋ ਕਿ ਉਹ ਛਿੱਤਰ ਤੋਂ ਡਰਦਾ ਬੈਚ ਹੇਠਾਂ ਲੁੱਕਿਆ ਪਿਆ ਹੈ। ਸਭ ਵੱਡੇ ਛੋਟੇ ਮੁਸਕਰਾ ਰਹੇ ਸਨ। ਸੰਤਾਂ ਨੂੰ ਵਾਰਨਿੰਗ ਦਿੱਤੀ ਗਈ ਤਾਂ ਉਹ ਸਾਥੀਆਂ ਨਾਲ ਮੌਜ ਮੇਲਾ ਕਰਦੇ ਵਾਪਸ ਆ ਗਏ।

## ਹਿੰਮਤਪੁਰੇ 'ਚ ਪ੍ਰਚਾਰ

ਇੱਕ ਸਮੇਂ ਸੱਚੇ ਪਾਤਸ਼ਾਹ ਸਤਿਗੁਰੂ ਪ੍ਰਤਾਪ ਸਿੰਘ ਜੀ ਹਿੰਮਤਪੁਰੇ ਗਏ। ਸੰਤ ਕਰਮ ਸਿੰਘ ਦਾ ਸਲਾਨਾ ਜੋੜ ਮੇਲਾ ਸੀ। ਸਤਿਗਰੂਾਂ ਦੀ ਹਜ਼ੂਰੀ ਵਿਚ ਸੰਤ ਮੰਗਲ ਸਿੰਘ ਜੀ ਸਨ। ਹੁਕਮ ਪਾਕੇ ਸੰਤ ਉੱਠੇ ਤੇ ਸੰਤ ਕਰਮ ਸਿੰਘ ਜੀ ਦੇ ਗੁਣ ਦੱਸਦਿਆਂ ਕਿਹਾ ਕਿ ਸੰਤ ਮਹਾਂ ਤਿਆਗੀ ਸਨ। ਸੰਤਾਂ ਨੂੰ ਕਿਸੇ 500/- ਰੁਪਏ ਮੱਥਾ ਟੇਕਿਆ। ਸੰਤਾਂ ਉਹ ਰੁਪਿਆ ਉੱਥੇ ਹੀ ਲੋੜਵੰਦ ਸਿੱਖ ਸਾਧਾਂ ਵਿਚ ਵਰਤਾ ਦਿੱਤਾ। ਉਸ ਸਮੇਂ ਮੈਂ ਸੰਤਾਂ ਨੂੰ ਕਿਹਾ, ਸੰਤ ਜੀ ਕੋਈ ਭਾੜੇ ਕਰਾਏ ਵਾਸਤੇ ਰੱਖ ਲੈਣੇ ਸਨ। ਸੰਤਾਂ ਕਿਹਾ, 'ਧੱਲੇ ਮੂਲ ਨਾ ਬੇਨਦੇ ਪੰਛੀ ਤੇ ਦਰਵੇਸ਼। ਮਸਤਾਨਿਆ! ਜਦ ਭਾੜੇ ਦੀ ਲੋੜ ਪਵੇਗੀ ਆਪੇ ਕਿਤੋਂ ਆ ਜਾਵੇਗਾ।

ਹੁਣ ਦੇਸ਼ ਆਜ਼ਾਦ ਹੋ ਜਾਣਾ ਹੈ ਸਭ ਕੁੰਜੀਆਂ ਸੰਤ ਕਰਮ ਸਿੰਘ ਜੈਸੇ ਮਹਾਪੁਰਸ਼ਾਂ ਨੂੰ ਸੌਪੀਆਂ ਜਾਣਗੀਆਂ। ਹਿੰਮਤਪੁਰੇ ਵਾਲਿਓ! ਮੇਰੀ ਗੱਲ ਕੰਨਾਂ ਤੋਂ ਪੱਗਾਂ ਚੁੱਕ ਕੇ ਸੁਣ ਲਵੋ। ਜੇ ਇੱਥੇ ਲਾਲ ਟੋਪੀ ਵਾਲਾ ਆਵੇ ਤਾਂ ਉਸਨੂੰ ਪਿੰਡੋਂ ਬਾਹਰ ਮੰਜੀ ਦੇਵੋ ਜਿਹੜੀ ਮੁੰਡੇ ਕੁੜੀਆਂ ਦੇ ਮੂਤ ਨਾਲ ਭਿੱਜ ਕੇ ਜੁੜ ਗਈ ਹੋਵੇ। ਪਰ ਉਸ ਨੂੰ ਰੋਟੀ ਚੰਗੀ ਦੇਵੋ।

ਇਸ ਡੇਰੇ ਦਾ ਮਹੰਤ ਉਹ ਹੋਵੇਗਾ, ਜਿਹੜਾ ਸੰਤਾਂ ਵਰਗਾ ਤਿਆਗੀ ਜਪੀ-ਤਪੀ ਹੋਵੇ। ਇੱਥੇ ਸਭ ਮੁਰਾਦਾਂ ਪੂਰੀਆਂ ਹੋਣਗੀਆਂ। ਇੱਥੋਂ ਤਿਭੋਲੇ ਦੇ ਪ੍ਰਸ਼ਾਦਿ, ਮਾਝੇ ਦੁੱਧ ਦੀਆਂ ਖੀਰਾਂ, ਖੀਰ ਉੱਤੇ ਖੰਡ ਨਹੀਂ ਖੀਰ ਵਿਚ ਸ਼ਹਿਦ, ਜਿਹੜੀ ਖ਼ੂਨ-ਸਫਾ ਤੇ ਕਰਜ਼ ਕੁਸ਼ਾਂ ਹੁੰਦਾ ਹੈ। ਉਨ੍ਹਾਂ ਵਰਗੇ ਤਿਆਗੀ, ਜਤੀ, ਤਪੀ ਤੇ ਤਿਆਗੀ ਰਣੋ ਤੇ ਸਤਿਗੁਰੂ ਦੀਆਂ ਖ਼ੁਸ਼ੀਆਂ ਲਵੋ।

# ਕੈਰੋਂ ਵਿਚ ਨਾਟਕ

ਇੱਕ ਸਮੇਂ ਸਤਿਗੁਰੂ ਪ੍ਰਤਾਪ ਸਿੰਘ ਜੀ, ਸੰਤ ਮੰਗਲ ਸਿੰਘ ਤੇ ਜਥੇਦਾਰ ਰੂੜ ਸਿੰਘ ਨੂੰ ਬਾਬਾ ਗੁਰਦਿੱਤ ਸਿੰਘ ਕਾਮਾਗਾਟਾ-ਮਾਰੂ ਜਹਾਜ਼ ਦੀ ਹੋਰੇ ਦੀ ਚੋਣ ਪ੍ਰਚਾਰ ਵਾਸਤੇ ਭੇਜਿਆ। ਇਨ੍ਹਾਂ ਨਾਲ ਜਥੇਦਾਰ ਸੋ ਸਿੰਘ ਢੋਲਕੀਆ ਤੇ ਸੰਤ ਹਰਬੰਸ ਸਿੰਘ, ਸੂਬਾ ਲਖਨਊ ਵੀ ਸਨ। ਪਹਿਲਾਂ ਦੀਵਾਨ ਗੋਇੰਦਵਾਲ, ਦੂਸਰਾ ਕੈਰੋਂ ਜਾ ਕੀਤਾ। ਸੰਤ ਮੰਗਲ ਜੀ ਸੋਧੀ ਸਨ ਪਰ ਰਹਿੰਦੇ ਖੱਦਰ ਦੇ ਕੱਪੜਿਆਂ ਵਿਚ। ਪ੍ਰਸ਼ਾਦਾ ਗਿੱਲੇ ਕਛਹਿਰੇ ਨਾਲ ਛੱਕ ਲੈਂਦੇ, ਮੁੜ ਕੱਪੜੇ ਬਦਲਦੇ। ਇਹ ਦਿਨ ਸਰਦੀਆਂ ਦੇ ਸਨ। ਜਦ ਬ੍ਰਾਜਣ ਲੱਗੇ ਤਾਂ ਸੰਤਾਂ ਇੱਕ ਘਟਨਾ ਗੁਰੂ ਹਰੀ ਸਿੰਘ ਜੀ ਦੇ ਕਿਸੇ ਸਮੇਂ ਦੀ ਸੁਣਾਈ।

ਉਸ ਸਮੇਂ ਕੈਰੋਂ ਵਿਚ ਰਾਜ ਭਗਤਾਂ ਦਾ ਦੀਵਾਨ ਸੀ। ਉਨ੍ਹਾਂ ਸ੍ਰੀ ਭੈਣੀ ਸਾਹਿਬ ਅਰਜ਼ ਕਰਕੇ ਨਾਮਧਾਰੀਆਂ ਨੂੰ ਬੁਲਾਇਆ। ਜਦ ਸੱਚੇ ਪਾਤਸ਼ਾਹ ਜੀ ਇਨ੍ਹਾਂ ਸਿੰਘਾਂ ਦੀ ਚਿੱਠੀ ਸੁਣੀ ਤੇ ਮੁਸਕਰਾ ਪਏ। ਫ਼ਰਿਸ਼ਤੇ ਜੀ ਨੂੰ ਪੁੱਛਿਆ, 'ਗ਼ਰੀਬ ਨਿਵਾਜ਼ ਜੀ ਕੀ ਗੱਲ ਏ?' ਕੈਰੋਂ ਦੇ ਸਿੰਘਾਂ ਆਪਣੇ ਦੀਵਾਨ ਵਿਚ ਨਾਮਧਾਰੀਆਂ ਨੂੰ ਵੀ ਬੁਲਾਇਆ ਹੈ।' ਅਸੀਂ ਬੜੇ ਰਾਜ਼ੀ ਹੋਏ। ਮੈਂ ਤੇ ਸੰਤ ਭਗਤ ਸਿੰਘ ਅਰਦਾਸਾ ਕਰਕੇ ਕੈਰੋਂ ਵਿਚ ਨਾਮਧਾਰੀਆਂ ਦੇ ਦੀਵਾਨ ਦੀ ਮੁਨਾਦੀ ਕੀਤੀ ਗਈ। ਅਸੀਂ ਸਾਰੇ ਪੰਡਾਲ ਵਿਚ ਗਏ। ਪਰ ਸਾਨੂੰ ਕਿਸੇ ਵਕਤ ਨਾ ਦਿੱਤਾ। ਤਦੋਂ ਮੈਜ ਭਗਤ ਸਿੰਘ ਨੂੰ ਕਿਹਾ, 'ਭਗਤੂਆ ਅਸੀਂ ਇੱਥੇ ਬਹਿਣ ਆਏ ਹਾਂ। ਚੱਲ ਕੋਈ ਅਖਾੜਾ ਰਚੀਏ।' ਅਸੀਂ ਗੜਵੀ ਡੋਰੀਆਂ ਫੜੇ ਤੇ ਇੱਕ ਵਾਹੁਣ ਵਿਚ ਜਾ ਡੇਰਾ ਲਾਇਆ। ਉੱਥੇ ਜਾ ਕੇ ਅਸੀਂ ਇੱਕ ਨਾਂਟਕ ਰਚਿਆ ਕਿ ਆਪ ਵਿਚ ਹੂਰੋ-ਹੂਰੀ ਹੋ ਪਏ। ਕੁਝ ਸਿੰਘ ਦੀਵਾਨ ਵਿੱਚੋਂ ਉੱਠੇ ਤੇ ਛੁਡਾਣ ਗਏ ਅਸੀਂ ਲੱਗੇ ਰਹੇ। ਹੌਲੀ ਹੌਲੀ ਦੀਵਾਨ ਵਾਲੇ ਥਾਂ ਤੇ ਕੇਵਲ ਢਾਡੀ ਸਿੰਘ ਹੀ ਰਹਿ ਗਏ ਅਸੀਂ ਘੁਲਦਿਆਂ ਇੱਕ ਦੂਜੇ ਦੇ ਕੱਪੜੇ ਵੀ ਪਾੜ ਸੁੱਟੇ। ਮੂੰਹ ਸਿਰ ਮਿੱਟੀ ਨਾਲ ਭਰ ਗਿਆ। ਸਰੋਤੇ ਦੀਵਾਨ ਨੂੰ ਛਡ ਅਖਾੜੇ ਵਾਲੀ ਥਾਂ ਤੇ ਆ ਜੁੜੇ। ਜਦ ਪਿੰਡ ਬੱਜ ਗਿਆ ਤਾਂ ਮੈਂ ਕਿਹਾ, 'ਖੋਲੋ ਢੋਲਕੀ ਤੇ ਫੜੋ ਛੈਣੇ। ਢੋਲਕੀ ਦੀ ਗੜਗਜ ਉੱਠੀ ਤੇ ਛੈਣਿਆਂ ਦੀਆਂ ਘੁਮਕਾਰਾਂ ਪਈਆਂ। ਬਸ ਅਕਾਸ਼ ਗੂੰਜ ਉੱਠਿਆ ਦਰਸ਼ਕ ਸਾਡੇ ਪਾਟੇ ਕੱਪੜੇ ਵੀ ਵੇਖ ਰਹੇ ਸਨ ਤੇ ਸਿਰ ਮੂੰਹ ਮਿੱਟੀ ਨਾਲ ਲਿਬੜੇ। ਭਗਤ ਸਿੰਘ ਮਿੱਟੀ ਨਾਲ ਲੱਥ ਪੱਥ ਹੁੰਦਿਆਂ ਈ ਧਾਰਨ ਚੁੱਕ ਲਈ:-

(ੳ) **ਯਾਰ ਵੇ ਸਾਨੂੰ ਤੇਰਾ ਸੱਥਰ ਚੰਗਾ।**

(ਅ) **ਮਿੱਤਰ ਪਿਆਰੇ ਨੂੰ ਹਾਲ ਫਕੀਰਾਂ ਦਾ ਕਹਿਣਾ।**
**ਤੁਧੁ ਬਿਨੁ ਰੋਗ ਰਜਾਈਆਂ ਦਾ ਉਢਣ**
**ਨਾਗ ਨਿਵਾਸਾਂ ਦਾ ਰਹਿਣਾ॥**

(ਦਸਵੀਂ ਪਾਤਸ਼ਾਹੀ)

(ੲ) **ਪਾਰਬ੍ਰਹਮ ਮੋਇ ਕ੍ਰਿਪਾ ਕੀਜੈ**
**ਧੂਰਿ ਸੰਤਨ ਕੀ ਨਾਨਕ ਦੀਜੈ॥**

(ਮਹਲਾ ੫, ੧੮੧)

ਪਤਾ ਨਹੀਂ ਗੁਰੂ ਹਰੀ ਸਿੰਘ ਜੀ ਕਿੰਨੀ ਕੁ ਕਿਰਪਾ ਕੀਤੀ। ਕਿ ਸਰੋਤੇ ਬੱਜ ਖਲੋਤੇ। ਸ੍ਰੋਤਿਆਂ ਨੂੰ ਵੇਖ ਪ੍ਰਬੰਧਕ ਦਰੀਆਂ ਲੈ ਆਏ। ਹੱਥ ਜੋੜੇ ਤੇ ਮਾਫ਼ੀ ਮੰਗੀ। ਦੀਵਾਨ ਚੜ੍ਹਦਾ ਈ ਚੜ੍ਹਦਾ ਗਿਆ। ਸਰੋਤੇ ਬੁੱਤ ਬਣ ਖਲੋਤੇ ਕੋਈ ਹਿੱਲਿਆਂ ਤਕ ਨਹੀਂ। ਸਵੇਰ ਸਾਰ ਘਿਓ ਦੇ ਗੜਵੇ ਬਦਾਮ, ਸ਼ਰਦਾਈ ਤੇ ਖੰਡ ਦੇ ਢੇਰ ਲੱਗ ਗਏ। ਅਨੇਕ ਸ਼ਰੀਰਾਂ ਮਾਸ; ਸ਼ਰਾਬ ਛੱਡ ਭਜਨ ਪੁੱਛਿਆ। ਇਹ ਗੁਰੂ ਹਰੀ ਸਿੰਘ ਜੀ ਦੀ ਕ੍ਰਿਪਾ ਤੇ ਕਰਾਮਾਤ ਸੀ ਜਿਨ੍ਹਾਂ ਇਹ ਚਮਤਕਾਰ ਕਰ ਵਖਾਇਆ। ਜਦ ਸ੍ਰੀ ਭੈਣੀ ਸਾਹਿਬ ਮੁੜੇ ਤੇ ਸਾਰੀ ਰਿਪੋਰਟ ਦਿੱਤੀ ਤਾਂ ਸੱਚੇ ਪਾਤਸ਼ਾਹ ਬੜੀਆਂ ਖ਼ੁਸ਼ੀਆਂ ਬਖਸ਼ੀਆਂ।

ਭਾਰਤ 1947 ਵਿਚ ਆਜ਼ਾਦ ਹੋਇਆ, ਪਰ ਅੰਗਰੇਜ਼ ਦੀ ਕੁਟਲ ਨੀਤੀ ਕਾਰਨ ਫਿਰਕੂ ਝਗੜੇ ਭੜਕੇ। ਮੁਸਲਿਮ ਲੀਗ ਸਦਾ ਸਰਦਾਰ ਦਾ ਪੱਖ ਪੂਰਦੀ ਸੀ। ਪੰਜਾਬ ਦੇ ਲਹਿੰਦੀ ਉਤਰੀ ਭਾਗ ਦੇ ਵਸਦੇ ਮੁਸਲਿਮ ਲੀਗੀਆਂ, ਹਿੰਦੂ ਸਿੱਖਾਂ ਦੇ ਘਰ ਲੁੱਟੇ, ਇਸਤਰੀਆਂ ਦੀ ਬੇਇੱਜ਼ਤੀ ਕੀਤੀ, ਸਾੜ ਫੂਕ ਹੋਈ, ਚੰਗਾ ਖ਼ੂਨ ਖ਼ਰਾਬਾ ਹੋਇਆ। ਉਸਦਾ ਅਸਰ ਕੁਝ ਸਿਰਫਿਰੇ ਸਿੱਖਾਂ ਤੇ ਵੀ ਹੋਇਆ। ਉਨ੍ਹਾਂ ਭੁਲੜਾਂ, ਮੁਸਲਿਮ ਕੱਟੜ ਵਾਧੀਆਂ ਦੀ ਨਕਲ ਉਤਾਰੀ ਤੇ ਕਈ ਮੁਸਲਮਾਨਾਂ ਦ ਜਾਨ ਤੇ ਮਾਲ ਦੀ ਹੋਲੀ ਖੇਡੀ। ਜਿਦਸਾ ਸਦਕਾ ਸਾਰਾ ਸਿੱਖ ਤਬਕਾ ਬਦਨਾਮ ਹੋਇਆ, ਕਈ ਲੀਡਰਾਂ ਵੀ ਸਮੁੱਚੀ ਕੌਮ ਦੀ ਨਿੰਦਿਆ ਕੀਤੀ। ਹਾਲਾਂਕਿ ਨਾਮਧਾਰੀ ਉਹ ਲੋਕ ਹਨ, ਜਿਨ੍ਹਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਹੁਕਮ ਪਾਕੇ ਕਿਸੇ ਮੁਸਲਮਾਨ ਮੁਹਾਜਰ ਦੀ ਬੱਕਰੀ ਦੇ ਕੰਨ ਤਕ ਦਾ ਵੀ ਨੁਕਸਾਨ ਨਹੀਂ ਕੀਤਾ। ਪਰ ਕੁਝ ਦਿਮਾਗ਼ ਫਿਰੇ ਉਲਟੀ ਬੁੱਧੀ ਵਾਲਿਆਂ ਨੇ ਲੁੱਟਮਾਰ ਵਿਚ ਹਿੱਸਾ ਲਿਆ ਜਿਸ ਕਰਕੇ ਸਾਰੇ ਸਿੱਖ ਇਨ੍ਹੀਂ ਦਿਨੀਂ ਬਦਨਾਮ ਹੋ ਗਏ।

ਸੰਤ ਮੰਗਲ ਸਿੰਘ, ਜਥੇਦਾਰ ਦਰਸ਼ਨ ਸਿੰਘ ਨਾਲ ਮਿਲਕੇ ਕਨਾਟ ਪਲੇਸ ਵਿਚ ਦੀਵਾਨ ਲਾਂਦੇ ਤੇ ਗ਼ਲਤ ਗੱਲਾਂ ਦਾ ਉੱਤਰ ਦੇਂਦੇ। ਨਾਮਧਾਰੀਆਂ ਦੇ ਵਿਰੁੱਧ ਬੋਲਣ ਵਾਲਿਆਂ ਦਾ ਮੂੰਹ ਤੋੜ ਜਵਾਬ ਦੇਂਦੇ।

ਇੱਕ ਜਲਸੇ ਵਿਚ ਸਿੱਖਾਂ ਉੱਤੇ ਅਲਜਾਮ ਤਰਾਸ਼ੀ ਦਾ ਬੜੇ ਜ਼ੋਰ ਨਾਲ ਖੰਡਨ ਕੀਤਾ। ਫ਼ਰਿਸ਼ਤਾ ਜੀ ਕਿਹਾ, ਉਹ ਅੰਨੇ ਲੋਕ ਹਨ, ਜਿਹੜੇ ਸਾਰੇ ਸਿੱਖਾਂ ਨੂੰ ਧਾੜਵੀ, ਲੁਟੇਰੇ ਤੇ ਬਦਮਾਸ਼ ਕਹਿੰਦੇ ਹਨ। ਸਿੱਖ ਕੌਮ ਬੜੀ ਬੀਰ ਕੌਮ ਹੈ। ਇਨ੍ਹਾਂ ਕਦੇ ਕਿਸੇ ਔਰਤ ਨੂੰ ਨਹੀਂ ਛੇੜਿਆ। ਕਿਸੇ ਦਾ ਘਰ ਨਹੀਂ ਭੰਨਿਆ। ਕਿਸੇ ਦੀ ਧੀ ਭੈਣ ਵੱਲ ਮੈਲੀ ਅੱਖ ਨਾਲ ਨਹੀਂ ਵੇਖਿਆ। ਸਗੋਂ ਕਈ. ਔਰਤਾਂ ਨੂੰ ਬਦਮਾਸ਼ਾਂ ਦੇ ਪੰਜਿਆਂ ਤੋਂ ਛੁਡਾਇਆ। ਨਾਮਧਾਰੀਆਂ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਹੁਕਮ ਪਾਕੇ ਪਾਕਿਸਤਾਨ ਵਾਲੇ ਮੁਸਲਮਾਨਾਂ

ਦੀ ਪੂਰੀ ਪੂਰੀ ਰਾਖੀ ਕੀਤੀ। ਸ੍ਰੀ ਜੀਵਨ ਨਗਰ ਸਰਸੇ ਦੇ ਲਾਗੇ, ਬੀਗੜ ਦਾ ਹਜ਼ਾਰਾਂ ਆਦਮੀਆਂ ਦਾ ਕਾਫਲਾ ਸਤਿਗੁਰਾਂ ਦੇ ਗੁਣ ਗਾਉਂਦਾ ਗਿਆ ਹੈ।

ਇਸ ਤੋਂ ਪਹਿਲਾਂ ਸਿੱਖਾਂ ਕੁਰਬਾਨੀ ਕਰਦਿਆਂ ਸਭ ਤੋਂ ਵਧ ਜੇਲ੍ਹਾਂ ਭਰੀਆਂ, ਕਾਲੇ ਪਾਣੀ ਨੂੰ ਗਏ, ਫਾਂਸੀਆਂ ਤੇ ਚੜੇ। ਜਲ੍ਹਿਆਂਵਾਲੇ ਬਾਗ਼ ਦਾ ਖ਼ੂਨੀ ਸਾਕਾ ਵੀ ਇਸ ਗੱਲ ਦੀ ਗਵਾਹੀ ਭਰਦਾ ਹੈ, ਜਿਸ ਵਿਚ ਵਧੇਰੇ ਸਿੱਖ ਡਾਇਰ ਦੀ ਗੋਲੀ ਦਾ ਸ਼ਿਕਾਰ ਹੋਏ। ਸਭ ਸ੍ਰੈਣੀਆਂ ਨਾਲੋਂ ਸਿੱਖਾਂ ਦੀ ਗਿਣਤੀ ਜ਼ਿਆਦਾ ਦੱਸੀ। ਭਗਤ ਸਿੰਘ ਸਿੱਖ ਸੀ ਜਿਸਨੇ ਲਾਲਾ ਲਾਜਪਤ ਰਾਇ ਦੇ ਕਤਲ ਦਾ ਬਦਲਾ ਲਿਆ ਤੇ ਫਾਂਸੀ ਤੇ ਚੜ੍ਹਿਆ। ਊਧਮ ਸਿੰਘ ਵੀ ਸਿੱਖ ਸੀ ਜਿਸਨੇ ਵਲਾਇਤ ਜਾਕੇ ਜਲ੍ਹਿਆਂਵਾਲੇ ਬਾਗ਼ ਦੇ ਖ਼ੂਨੀ ਡਾਇਰ ਦਾ ਕਰਜ਼ਾ ਚੁਕਾਇਆ। ਬਾਬਾ ਗੁਰਦਿੱਤ ਸਿੰਘ ਬੁੱਢਾ ਜਰਨੈਲ ਸੀ, ਜਿਸਨੇ ਗੋਰੀ ਸਰਕਾਰ ਦਾ ਤਖ਼ਤਾ ਪਲਟਣ ਵਿਚ ਸਿਰ ਧੜ ਦੀ ਬਾਜ਼ੀ ਲਾਈ। ਸੋਹਣ ਿੰਘ ਭੱਕਨਾ ਈਮਾਨਦਾਰੀ ਦਾ ਪੁਤਲਾ ਹੈ, ਸਿਨੇ ਆਜ਼ਾਦੀ ਲਈ ਬਾਜ਼ੀ ਲਾਈ। ਜੰਗੇ ਆਜ਼ਾਦੀ ਤੇ ਸਭ ਕੁਝ ਦਾਉ ਤੇ ਲਾ ਦਿੱਤਾ। ਕੂਕਿਆਂ ਦੀ ਗੱਲ ਛੱਡੋ। ਇਹ ਤਾਂ ਨੱਬੇ ਸਾਲ ਤਕ ਗੋਰਿਆਂ ਵਿਰੁੱਧ ਲੜਦੇ ਰਹੇ ਹਨ ਤੇ ਸਭ ਨੂੰ ਗਲਵੱਕੜੀ ਵਿਚ ਲੈਣ ਦਾ ਜਤਨ ਕੀਤਾ। ਖਾਲਸਾ ਭਰਾਵੋ! ਤੁਸੀਂ ਆਪਣਾ ਕਰਤੱਵ ਨਾ ਛੱਡੋ। ਤੁਸੀਂ ਕੁੱਕੜੀ ਬਣ ਜਾਵੋ, ਜਿਹੜੀ ਇੱਲ ਤੋਂ ਬੱਚਿਆਂ ਨੂੰ ਬਚਾਂਦੀ ਹੈ। ਤੁਸੀਂ ਦੇਸ਼ ਦੀ ਰਾਖੀ ਉਵੇਂ ਹੀ ਕਰੋ, ਜਿਵੇਂ ਦੇਸ਼ ਵਾਸਤੇ ਕੁਰਬਾਨੀਆਂ ਕੀਤੀਆਂ ਜੇ। ਲੋਕਾਂ ਦੀਆਂ ਸੁਣੀਆਂ-ਅਣਸੁਣੀਆਂ ਕਰ ਛੱਡੋ।

## ਮਸਤੀ ਦਰਵਾਜ਼ੇ ਦੀ ਧਰਮਸ਼ਾਲਾ ਦੇ ਮੈਨੇਜਰ

ਲਾਹੌਰ ਸ਼ਹਿਰ ਸ਼ਾਹੀ ਕਿਲ੍ਹੇ ਦੇ ਲਾਗੇ ਮਸਤੀ ਦਰਵਾਜ਼ਾ ਸੀ। ਉੱਥੇ ਨਾਮਧਾਰੀ ਧਰਮਸ਼ਾਲਾ ਸੀ। ਗੁਰੂ ਕਾ ਲੰਗਰ ਚੱਲਦਾ। ਰਗੜੇ ਲੱਗਦੇ। ਸੰਗਤਾਂ ਛੱਕਦੀਆਂ ਤੇ ਦਿਨ ਰਾਤੀਂ ਆਰਾਮ ਕਰਦੀਆਂ, ਮੁੜ ਆਪਣੇ ਆਪਣੇ ਧੰਦੀਂ। ਇੱਕ ਸਮੇਂ ਕੁਝ ਬਦਮਾਸ਼ ਪਕੜੇ ਗਏ। ਜਦ ਪੁਲਿਸ ਉਨ੍ਹਾਂ ਨੂੰ ਮੈਜਿਸਟਰੇਟ ਰੂਬਰੂ ਪੇਸ਼ ਕੀਤਾ ਤੇ ਕਚਹਿਰੀ ਵਿਚ ਪੁੱਛ ਪੜਤਾਲ ਹੋਈ। ਸਰਕਾਰੀ ਵਕੀਲ ਨੇ ਪੁੱਛਿਆ, 'ਤੁਸੀਂ ਰਾਤ ਕਿੱਥੇ ਠਹਿਰੇ?' ਤਾਂ ਉਨ੍ਹਾਂ ਦਾ ਉੱਤਰ ਸੀ 'ਨਾਮਧਾਰੀ ਧਰਮਸ਼ਾਲਾ।' ਨਾਮਧਾਰੀ ਧਰਮਸ਼ਾਲਾ ਦਾ ਨਾਮ ਸੁਣ ਮੈਜਿਸਟਰੇਟ ਨੇ ਧਰਮਸ਼ਾਲਾ ਦੇ ਮੈਨੇਜਰ ਨੂੰ ਪੇਸ਼ ਹੋਣ ਵਾਸਤੇ ਸੰਮਤ ਭਿਜਵਾਏ। ਪੁਲਿਸ ਸੰਮਨ ਲੈ ਧਰਮਸ਼ਾਲਾ ਪੁੱਜੀ ਤੇ ਮੈਨੇਜਰ ਨੂੰ ਬੁਲਾਇਆ। ਅੱਗੇ ਲਾਂਗਰੀ ਸਿੰਘ ਰਗੜਾ ਰਿਹਾ ਸੀ। ਸਿਪਾਹੀ ਨੇ ਸੰਮਨ ਵਿਖਾਏ ਤਾਂ ਡੇਰੇਦਾਰ ਕੰਬਣ ਲੱਗਾ। ਇਤਨੇ ਨੂੰ ਫ਼ਰਿਸ਼ਤਾ ਜੀ ਪੁੱਜ ਗਏ, ਪਿਆਦੇ ਨੂੰ ਵੇਖ

ਕਹਿਣ ਲੱਗੇ, 'ਲਿਆ ਸੰਮਣ, ਮੈਂ ਮੈਨੇਜਰ ਹਾਂ। ਵਕਤ ਮੁਕੱਰਰ ਤੇ ਸੰਤ ਕਚਹਿਰੀ ਵਿਚ ਪੇਸ਼ ਹੋਏ। ਸੰਤਾਂ ਨੂੰ ਕਚਹਿਰੀ ਜਾਂਦਿਆਂ ਨਾਲ ਹੋਰ ਮੌਜ ਮੇਲਾ ਵੇਖਣ ਵਾਲੇ ਰਲ ਗਏ, ਸੰਤ ਕਚਹਿਰੀ ਵਿਚ ਪੇਸ਼ ਹੋਏ। ਸਰਕਾਰੀ ਵਕੀਲ ਨੇ ਪੁੱਛਿਆ, 'ਮੈਨੇਜਰ ਸਾਹਿਬ!' ਜਿਹੜਾ ਬਦਮਾਸ਼ ਪਕੜਿਆ ਜਾਂਦਾ ਹੈ, ਉਹ ਕਹਿੰਦਾ ਹੈ, ਮੈਂ ਨਾਮਧਾਰੀ ਧਰਮਸ਼ਾਲਾ ਵਿਚ ਰਿਹਾ ਹਾਂ, ਉੱਥੋਂ ਹੀ ਰੋਟੀ ਖਾਧੀ ਸੀ, ਇਹ ਧਰਮਸ਼ਾਲਾ ਹੈ ਜਾਂ ਬਦਮਾਸ਼ਾਂ ਦਾ ਅੱਡਾ? ਤਾਂ ਸੰਤਾਂ ਬੜੇ ਧੀਰਜ ਨਾਲ ਕਿਹਾ, 'ਨਹੀਂ ਸਾਹਿਬ!' ਧਰਮਸ਼ਾਲਾ ਹੈ, ਆਏ ਗਏ ਨੂੰ ਲੰਗਰ ਮਿਲਦਾ ਹੈ। ਗੁਰੂ ਜੱਸ ਹੁੰਦਾ ਹੈ। ਦੇਸ਼ ਭਗਤੀ ਦੇ ਗੀਤ ਗਾਏ ਜਾਂਦੇ ਹਨ। ਹੋਰ ਕੋਈ ਗੱਲ ਨਹੀਂ।

ਮੈਜਿਸਟਰੇਟ : ਮੈਨੇਜਰ ਕਆ ਪ੍ਰਬੰਧ ਹੈ?

ਸੰਤ : ਜਨਾਬ ਲੰਗਰ ਪੱਕਦਾ ਹੈ, ਜਿਹੜਾ ਵੇਲੇ ਸਿਰ ਆਵੇ, ਉਸ ਨੂੰ ਦਾਲ ਪ੍ਰਸ਼ਾਦਾ, ਜਿਹੜਾ ਦੇਰ ਨਾਲ ਆਵੇ, ਉਸਨੂੰ ਜੋ ਬਚਿਆ ਖੁਚਿਆ ਹੈ, ਉਸਦੇ ਹਵਾਲੇ।

ਮੈਜਿਸਟਰੇਟ : ਔਰ ਸੋਨੇ ਕਾ ਕਿਆ ਪ੍ਰਬੰਧ?

ਸੰਤ : ਜੀ ਉਹ ਵੀ ਏਵੇਂ ਈ, ਜਿਹੜਾ ਪਹਿਲਾਂ ਆਵੇ ਉਸਨੂੰ ਮੰਜਾ ਬਿਸਤਰਾ। ਜਿਹੜਾ ਦੇਰ ਨਾਲ ਆਵੇ, ਉਹ ਮੰਜਾ ਜਾਂ ਸਫ ਤੇ ਭੋਇੰ ਤੇ ਬਿਸਤਰਾ।

ਮੈਜਿਸਟਰੇਟ : ਅੱਛਾ! ਧਰਮਸ਼ਾਲਾ ਕਬ ਬਣੀ?

ਸੰਤ : ਹਜ਼ੂਰ ਜਦ ਦਾ ਲਾਹੌਰ।

ਮੈਜਿਸਟਰੇਟ : ਦਰਵਾਜ਼ਾ ਕਬ ਬੰਦ ਹੋਤਾ ਹੈ?

ਸੰਤ : ਜੀ ਦਰਵਾਜ਼ਾ ਅਜੇ ਲੱਗਾ ਈ ਨਹੀਂ। ਇਹ ਸੁਣ ਕਚਹਿਰੀ ਦੇ ਕਰਮਚਾਰੀ ਤੇ ਦਰਸ਼ਕ ਮੁਸਕਰਾ ਪਏ।

ਮੈਜਿਸਟਰੇਟ : ਧਰਮਸ਼ਾਲਾ, ਤਬ ਕੀ ਜਬ ਲਾਹੌਰ ਆਬਾਦ ਹੂਆ, ਔਰ ਦਰਵਾਜ਼ਾ ਅਭੀ ਤਕ ਲਗਾ ਨਹੀਂ। ਅਜਬ ਮਾਮਲਾ ਹੈ।

ਮੈਜਿਸਟਰੇਟ : ਮੈਨੇਜਰ ਸਾਹਿਬ! ਐਸਾ ਕਰੋ, ਏਕ ਰਜਿਸਟਰ ਬਣਾਉ, ਉਸਮੇਂ ਆਨੇ ਵਾਲੇ ਮੁਸਾਫ਼ਰੋਂ ਕਾ ਨਾਮ, ਪੂਰਾ ਪਤਾ ਔਰ ਜਗ੍ਹਾ ਲਿਖੋ, ਆਨੇ ਔਰ ਜਾਨੇ ਕਾ ਵਕਤ ਨੋਟ ਕਰੋ।

ਸੰਤ : ਹਜ਼ੂਰ! ਸਾਡੇ ਗੁਰੂ ਕਾ ਕਲਮ ਦਵਾਤ ਰੱਖਣ ਦਾ ਹੁਕਮ ਨਹੀਂ, ਤੁਸੀਂ ਆਪਣਾ, ਮੁਨਸ਼ੀ ਬਿਠਾ ਦੇਵੋ। ਜਿਹੜਾ ਦਿਨ ਰਾਤ ਉੱਥੇ ਰਹੇ ਤੇ ਤਨਖ਼ਾਹ ਤੁਹਾਡੇ ਪੱਲਿਉ ਲਵੇ, ਰੋਟੀ ਅਸੀਂ ਦੇਵਾਂਗੇ ਪਰ ਖ਼ਿਆਲ ਰੱਖਣਾ, ਮੁਨਸ਼ੀ ਬਿਠਾ ਦੇਵੋ। ਜਿਹੜਾ ਦਿਨ ਰਾਤ ਉੱਥੇ ਰਹੇ ਤੇ ਤਨਖ਼ਾਹ ਤੁਹਾਡੇ ਪੱਲਿਉ ਲਵੇ, ਰੋਟੀ ਅਸੀਂ ਦੇਵਾਂਗੇ ਪਰ ਖ਼ਿਆਲ ਰੱਖਣਾ, ਮੁਨਸ਼ੀ

ਉਹ ਹੋਵੇ ਜਿਹੜਾ ਬੀੜੀ, ਸਿਗਰਟ, ਮਾਸ, ਸ਼ਰਾਬ ਦੀ
ਵਰਤੋਂ ਨਾ ਕਰਦੇ ਹੋਵੇ।

ਥਾਣੇਦਾਰ ਸੋਚਨ ਲੱਗ ਪਿਆ, ਰੋਜ਼ੇ ਬਖਸ਼ਾਣ ਆਏ ਸਾਂ ਨਮਾਜ਼ ਗੱਲ ਆ ਪਈ। ਉਸ ਸੰਤਾਂ ਨੂੰ ਕੰਨ ਵਿਚ ਕਿਹਾ, ਬਾਬਾ! ਤੂੰ ਹਾਂ ਹਾਂ ਕਰੀ ਜਾ ਅੱਗੋਂ ਤੋਂ ਕੋਈ ਮੁਜਰਮ ਵੀ ਤੁਹਾਡੀ ਧਰਮਸ਼ਾਲਾ ਦਾ ਨਾਮ ਨਹੀਂ ਲਵੇਗਾ। ਭਾਵੇਂ ਉੱਥੋਂ ਹੀ ਫੜਿਆ ਜਾਵੇ।

ਸੰਤਾਂ ਨੇ ਉਵੇਂ ਹੀ ਕਹਿ ਦਿੱਤਾ, ਸੰਤਾਂ ਦੀ ਖਲਾਸੀ ਹੋਈ। ਬਦਮਾਸ਼ਾਂ ਵਾਸਤੇ ਅਗਲੀ ਤਾਰੀਖ਼ ਨਿਯਤ ਹੋਈ।

## ਸਟੇਸ਼ਨ ਮਾਸਟਰ ਦੀ ਜ਼ਿਆਫਤ

ਇੱਕ ਸਮੇਂ ਫ਼ਰਿਸ਼ਤਾ ਜੀ, ਸੰਤ ਮਿੱਤ ਸਿੰਘ ਤੇ ਮਿਲਖਾ ਸਿੰਘ ਰੇਸ਼ਮੀ ਚਾਦਰਾਂ ਦੀਆਂ ਗਿਣਤੀ ਮਾਰੀ, ਸ਼ਾਹਦਰੇ ਸਟੇਸ਼ਨ ਤੇ ਉਤਰੇ। ਉਨ੍ਹਾਂ ਕੋਲ ਟਿਕਟਾਂ ਨਹੀਂ ਸਨ। ਗੇਟਕੀਪਰ ਟਿਕਟਾਂ ਮੰਗੀਆਂ ਾਂ ਮਸਤਾਨੇ ਲੱਗੇ ਇੱਕ ਦੂਜੇ ਵੱਲ ਤੱਕਣ। ਬਾਬੂ ਕਹੇ ਟਿਕਟ, ਟਿਕਟ। ਮਸਤਾਨਿਆਂ ਟਿਕਟ ਤਾਂ ਕੋਈ ਵਿਖਾਈ ਨਾ, ਗਿਲਤੀਆਂ ਲਾਹ ਸੁੱਟੀਆਂ ਤੇ ਕਿਹਾ ਕਿ ਅਸੀਂ ਦਰਵੇਸ਼ ਹਾਂ। ਤੁਸੀਂ ਨਹੀਂ ਸੁਣਿਆ:-

**'ਪੱਲੇ ਮੂਲ ਨਾ ਬੰਨਦੇ, ਪੰਛੀ ਤੇ ਦਰਵੇਸ਼'**

ਜਾਣਦੇ ਹੋ ਦਰਵੇਸ਼ (ਦਾਲ) ਦਾ ਮਤਲਬ=ਦਰਦਮੰਦ।

(ਰੇ) ਦਾ ਮਤਲਬ ਰਿਆਜ਼ਤ ਕਰਨ ਵਾਲਾ, (ਵ) ਦਾ ਅਰਥ ਹੈ, ਵਤਨਪ੍ਰਸਤ ਤੇ ਸ਼ੀਨ ਦਾ ਮਤਲਬ ਹੈ, ਖ਼ੁਦਾ ਦੀ ਰਜ਼ਾ ਦਾ ਸ਼ਾਕਰ ਸ਼ੁਕਰ ਬਜਾ ਲਿਆਉਣ ਵਾਲਾ। ਸਟੇਸ਼ਨ ਮਾਸਟਰ ਨੇ ਟਿਕਟਾਂ ਤਾਂ ਨਾ ਪੁੱਛੀਆਂ, ਪਰ ਕਿਹਾ ਦਰਵੇਸ਼ ਬਾਦਸ਼ਾਹੋ! ਜ਼ਿਆਫਤ ਕਬੂਲ ਫਰਮਾਓ। ਸੰਤ ਮੰਨ ਗਏ। ਸਟੇਸ਼ਨ ਮਾਸਟਰ ਦਰਵੇਸ਼ਾਂ ਵਾਸਤੇ ਉਚੇਚਾ ਖਾਣਾ ਤਿਆਰ ਕਰਵਾਇਟਾ। ਜਦ ਖਾਣਾ ਤਿਆਰ ਹੋ ਗਿਆ ਤਾਂ ਮੇਜ਼ ਤੇ ਰੱਖਿਆ ਗਿਆ। ਸਟੇਸ਼ਨ ਮਾਸਟਰ ਵੀ ਲਾਗੇ ਬਹਿ ਗਿਆ। ਸੰਤਾਂ ਸਟੇਸ਼ਨ ਮਾਸਟਰ ਦੀ ਘਰਵਾਲੀ ਨੂੰ ਕਿਹਾ, ਖਾਣੇ ਨੂੰ ਪਾਕ ਕਰ ਲੈ। ਜਿਵੇਂ ਗੁੱਗੇ ਦੀਆਂ ਰਮਜਾਂ ਨੂੰ ਗੂੰਗੇ ਦੀ ਮਾਂ ਜਾਣਦੀ ਹੈ। ਬੀਬੀ ਤੂੰ ਪਰਦੇ ਵਿਚ ਚਲੀ ਜਾ। ਬੀਬੀ ਅੰਦਰ ਚਲੀ ਗਈ ਤੇ ਫ਼ਸ਼ਿਸ਼ਤਾ ਜੀ ਨੇ ਮਿੱਤ ਸਿੰਘ ਨੂੰ ਕਿਹਾ ਮਿਤੂ ਤਿਵੇਂ ਮਿੱਤ ਸਿੰਘ ਜੀ ਉੱਠੇ ਤੇ ਉੱਠਦਿਆਂ ਈ ਖਾਣੇ ਤੇ ਪੇਸ਼ਾਬ ਕਰ ਦਿੱਤਾ ਤੇ ਆਖਿਆ, "ਬਾਬੂ ਜੀ! ਖਾਣਾ ਨੋਸ਼ ਫ਼ਰਮਾਉ" ਸਟੇਸ਼ਨ ਮਾਸਟਰ ਦੇ ਹੱਥਾਂ ਦੇ ਤੋਤੇ ਉੱਡ ਗਏ, ਹੱਕਾ ਬੱਕਾ ਰਹਿ ਗਿਆ, ਕਿ ਇਹ ਅਜਬ ਦਰਵੇਸ਼ ਹਨ। ਉਹ ਗ਼ਰੀਬ ਉਸੇ ਵੇਲੇ ਉੱਠ ਬੈਠਾ ਤੇ ਬਾਹਰ ਚਲਾ ਗਿਆ। ਉਸ ਦੇ ਉਠਣ ਦੀ ਦੇਰ ਸੀ, ਇਹ ਮਸਤ ਮੰਡਲੀ

ਵੀ ਘਰੋਂ ਨਿਕਲ ਸੜਕ ਵੱਲ ਟੁਰ ਪਈ। ਤੇ ਕਹਿੰਦੀ ਜਾਵੇ, 'ਬਾਬੂ ਜੀ!' ਤੁਸੀਂ ਫਾਕਾ ਕਰੋਗੇ ਤਾਂ ਦਰਵੇਸ਼ ਵੀ ਰੋਜਾ ਰੱਖ ਲੈਣਗੇ।

## ਕਲਿਜੁਗੀ ਹਵਨ ਦੀ ਨਿੰਦਾ

ਇੱਕ ਸਮੇਂ ਪਹਾੜ ਗੰਜ ਦੇ ਇਲਾਕੇ, ਚਿੱਤਰ ਗੁਪਤਾ ਰੋਡ ਤੇ ਸਨਾਤਨ ਧਰਮੀਆਂ ਦੀ ਇੱਕ ਸਭਾ ਹੋ ਰਹੀ ਸੀ, ਸਟੇਜ ਉੱਤੇ ਇੱਕ ਸੁਆਮੀ ਜੀ ਬੈਠੇ ਸਨ। ਉਹ ਬੈਠੇ ਬੈਠੇ ਸਿਗਰਟ ਪੀਣ ਲੱਗ ਪਏ। ਸੰਤ ਅਮਰ ਸਿੰਘ ਨਿਰਮਾਣ ਤੇ ਕਰਤਾਰ ਸਿੰਘ ਬਿਜਲੀ ਵਾਲੇ ਫ਼ਰਿਸ਼ਤਾ ਜੀ ਨੂੰ ਜਲਸੇ ਵਿਚ ਲੈ ਗਏ। ਕੁਝ ਸੱਜਣਾਂ ਭਾਸ਼ਣ ਦਿੱਤੇ, ਸੁਆਮੀ ਜੀ ਵੀ ਆਪਣਾ ਲੈਕਚਰ ਬੜੇ ਜੋਰ ਸ਼ੋਰ ਨਾਲ ਕੀਤਾ ਤੇ ਕਿਹਾ, 'ਭਾਈਓ! ਕਲਿਜੁਗ ਜੋਰ ਪਕੜ ਰਿਹਾ ਹੈ। ਲੋਗ ਧਰਮ ਕਰਮ ਸੇ ਗਿਰ ਰਹੇ ਹੈਂ। ਰਿਸ਼ੀਉਂ ਮੁਨੀਉਂ ਨੇ ਦੇਵਤਾਉਂ ਕੋ ਪ੍ਰਸੰਨ ਕਰਨੇ ਕੇ ਲਿਏ, ਹਵਨ ਕੀ ਮਰਯਾਦਾ ਸ਼ੁਰੂ ਕੀ। ਹਵਨ ਸੇ ਬਿਮਾਰੀਆਂ ਦੂਰ ਹੋਤੀ ਹੈਂ। ਬਰਸ਼ਾ ਹੋਤੀ ਹੈ। ਘਾਸ ਪੈਦਾ ਹੋਤੀ ਹੈ। ਗਾਏ ਪ੍ਰਸੰਨ ਚਿਤ ਘਾਸ ਖਾਤੀ ਹੈ, ਅਧਿਕ ਦੂਧ ਦੇਤੀ ਹੈਂ। ਸਭ ਭਾਇਉ ਸੇ ਪ੍ਰਾਰਥਨਾ ਹੈ ਕਿਵੇਂ ਧਰਮ ਕਰਮ ਕੀ ਉਰ ਧਿਆਨ ਦੇ ਤਾਂਕਿ ਮਨੁੱਸ਼ ਕੋ ਕਲਿਆਣ ਪ੍ਰਾਪਤ ਹੋ। ਔਰ ਦੇਸ਼ ਕਾ ਕਲਿਆਣ ਹੋ।

ਸਵਾਮੀ ਜੀ ਤੋਂ ਪਿੱਛੋਂ ਫ਼ਰਿਸ਼ਤਾ ਜੀ ਉਠੇ। ਸੰਤਾਂ ਥੋੜ੍ਹੇ ਸਮੇਂ 'ਚ ਹੀ ਕਿਲ੍ਹਾ ਢਾਹ ਦਿੱਤਾ। ਇਨ੍ਹਾਂ ਕਿਹਾ ਕਿ ਆਮ ਲੋਕੀਂ ਤਾਂ ਅਗਿਆਨੀ ਹੁੰਦੇ ਹਨ, ਪਰ ਵਿਦਵਾਨ ਅਤੇ ਪ੍ਰਚਾਰਕ ਵੀ ਅੰਨੇ ਹੁੰਦੇ ਹਨ। ਉਨ੍ਹਾਂ ਨੂੰ ਵਿਖਾਇ. ਨਹੀਂ ਦੇਂਦਾ। ਪੁਰਾਣੇ ਸਮਿਆਂ ਵਿਚ ਰਾਜੇ ਮਹਾਰਾਜੇ ਹਵਨ ਕਰਦੇ, ਲੱਖਾਂ ਰੁਪਿਆ ਖ਼ਰਚ ਹੁੰਦਾ, ਅੱਜ-ਕੱਲ੍ਹ ਜਣਾ ਖਣਾ ਗਲੀ ਮੁਹੱਲੇ ਹਵਨ ਕਰ ਰਿਹਾ ਹੈ। ਉਨ੍ਹੀਂ ਦਿਨੀਂ ਹਵਨ ਕੁੰਡ ਬਣਾਏ ਜਾਂਦੇ, ਘਿਓ ਇਕੱਤਰ ਕੀਤਾ ਜਾਂਦਾ, ਵਿਦਵਾਨ ਪਾਠੀ ਬੁਲਾਏ ਜਾਂਦੇ, ਤਦ ਹਵਨ ਹੁੰਦੇ ਸਨ। ਇਸ ਕਲਿਯੁੱਗ ਨੇ ਸਭ ਯੁੱਗਾਂ ਨੂੰ ਮਾਤਪਾ ਦਿੱਤਾ ਹੈ। ਗਲੀ ਬਜ਼ਾਰ ਦਿਨ ਰਾਤ ਹਵਨ ਹੁੰਦੇ ਹਨ। ਐਰੇ ਗੈਰੇ ਸਭ ਵੇਦ ਪਾਠੀ ਬਣੇ ਪਏ ਹਨ। ਅਗਨੀ ਦੀ ਡੱਬੀ ਸਿਗਰਟਾਂ ਦੀ ਲੋਵ, ਮਾਚਸ ਕੱਢੋ, ਸਿਗਰਟ ਸੁਲਗਾਉ ਬਸ ਹਵਨ ਸ਼ੁਰਾਂ ਹੋ ਗਿਆ। ਸਵੇਰ, ਦੁਪਹਿਰ, ਸ਼ਾਮ ਅਤੇ ਰਾਤ ਸਮੇਂ ਕਈ ਮਨਚਲੇ ਤਾਂ ਟੱਟੀ ਵਿਚ ਬੈਠੇ ਹਵਨ ਕਰੀ ਜਾਂਦੇ ਹਨ। ਦੇਵਤੇ ਫੁੱਲਾਂ ਬਰਸਾ ਰਹੇ ਹਨ, ਇਸ ਵਾਸਤੇ ਤਾਂ ਬਿਮਾਰੀਆਂ ਘੱਟ ਰਹੀਆਂ ਹਨ, ਡਾਕੜਰ ਲੋਕ ਡਿਗਰੀਆਂ ਲੈ ਵਿਹਲੇ ਮੱਖੀਆਂ ਮਾਰ ਰਹੇ ਹਨ। ਇਹ ਕਹਿ ਸੰਤ ਜੀ ਤਾਂ ਬਹਿ ਗਏ, ਪਰ ਸਵਾਮੀ ਜੀ ਹੱਥ ਜੋੜ ਖਲੋਤੇ ਤੇ ਕਿਹਾ, ਕਿ ਮੈਨੂੰ ਮਾਫ਼ ਕੀਤਾ ਜਾਵੇ, ਕਿਉਂਕਿ ਮੈਜ ਵੀ ਇਸ ਭੈੜੀ ਵਾਦੀ ਦਾ ਆਦੀ ਹਾਂ। ਅੱਗੋਂ ਤੋਂ ਮੈਂ ਸਿਗਰਟ ਨਹੀਂ ਪੀਵਾਂਗਾ। ਸਵਾਮੀ

ਜੀ ਦੇ ਉੱਠਣ ਨਾਲ ਹੋਰ ਵੀ ਅਨੇਕ ਪੁਰਸ਼ਾਂ ਬੀੜੀ ਸਿਗਰਟ ਨਾ ਪੀਣ ਦੀ ਪ੍ਰਤਿਗਿਆ ਕੀਤੀ।

## ਸਨਾਤਨ ਧਰਮੀਆਂ ਨੂੰ ਉਪਦੇਸ਼

ਇੱਕ ਸਮੇਂ ਲਾਹੌਰ ਵਿਚ ਵਿਚਰਦਿਆਂ ਸੰਤ ਜੀ ਸਨਾਤਨ ਧਰਮੀਆਂ ਦੇ ਜਲਸੇ ਵਿਚ ਗਏ। ਉਹ ਸਿੱਖਾਂ ਵਾਂਗੂੰ ਇਸ ਧਾਰਨਾ ਤੇ ਭਜਨ ਪੜ੍ਹ ਰਹੇ ਸਨ।

**'ਮੇਰਾ ਸਿਰ ਜਾਵੇ ਤਾਂ ਜਾਵ, ਮੇਰਾ ਹਿੰਦੂ ਧਰਮ ਨਾ ਜਾਵੇ।**

ਸੰਤ ਸਦਾ ਅਨੋਖੇ ਰੰਗ ਵਿਚ। ਜਿਸ ਸਮੇਂ ਕੀਰਤਨ ਸਮਾਪਤ ਹੋ ਗਿਆ ਤਾਂ ਸੰਤਾਂ ਨੂੰ ਉਪਦੇਸ਼ ਵਾਸਤੇ ਬੇਨਤੀ ਕੀਤੀ ਗਈ। ਸੰਤਾਂ ਦਾ ਉਪਦੇਸ਼ ਸਦਾ ਆਪਣੇ ਢੰਗ ਦਾ ਹੁੰਦਾ ਹੈ। ਸੰਤ ਉਠੇ ਤੇ ਭਗਤੀ ਝਾੜ ਪਾਈ ਤੇ ਕਿਹਾ, 'ਦੁਰ-ਫਿੱਟੇ ਮੂਹ ਤੁਹਾਡੀ ਅਕਲ ਦਾ।' ਤੁਹਾਨੂੰ ਨਕਲ ਕਰਨ ਦੀ ਵੀ ਜਾਚ ਨਹੀਂ। ਤੁਸੀਂ ਵੇਖੋ ਵੇਖੀ ਦੂਜਿਆਂ ਦੀ ਨਕਲ ਕਰਨ ਲੱਗ ਪਏ ਹੋ।

ਤੁਸੀਂ ਪੜ੍ਹੋ: ਮੇਰਾ ਸਿਰ ਜਾਵੇ ਤਾਂ ਜਾਵੇ, ਮੇਰਾ ਸਨਾਤਨ ਧਰਮ ਨਾ ਜਾਵੇ।

ਤੁਸੀਂ ਫ਼ਾਰਸੀ ਪੜ੍ਹੀ ਏ? ਹਿੰਦੂ ਸ਼ਬਦ ਮੁਗ਼ਲਾਂ ਸਮੇਂ ਆਇਆ। ਹਿੰਦੂ ਦਾ ਅਰਥ ਹੈ, ਕਾਲਾ ਚੋਰ-ਬਦਮਾਸ਼। ਇਹ ਸ਼ਬਦ ਤਾਂ ਗ਼ੈਰ ਹਮਲਾਵਰ ਦਾ ਦਿੱਤਾ ਹੋਇਆ ਹੈ। ਉਨ੍ਹਾਂ ਤੁਹਾਨੂੰ ਘਟੀਆ ਜਾਣਿਆ। ਆਪ ਹਾਕਮ ਬਣੇ, ਤੁਹਾਨੂੰ ਗ਼ੁਲਾਮ ਸਮਝਿਆ। ਤੁਹਾਡੇ ਵਾਸਤੇ ਇਹ ਘਿਰਨਾ ਵਾਚਕ ਸ਼ਬਦ ਹੈ। ਅੱਗੇ ਤੋਂ ਮੱਤ ਕਹੋ, 'ਹਿੰਦੂ ਸਭ ਕਹੋ' ਸਨਾਤਨ ਧਰਮ ਦੀ ਜੈ।

## ਆਰੀਆ ਸਮਾਜੀਆਂ ਦਾ ਭਰਮ ਦੂਰ

ਇੱਕ ਸਮੇਂ ਸੰਤ ਸੁੰਦਰ ਸਿੰਘ ਜੀ ਭੂਰੀ ਵਾਲੇ ਾਪਣੇ ਜਥੇ ਸਹਿਤ ਅੰਮ੍ਰਿਤਸਰ ਧਰਮਸ਼ਾਲਾ ਵਿਚ ਬੈਠੇ ਸਨ ਕਿ ਕੁਝ ਸਮਾਜੀ ਪ੍ਰਚਾਰਕ ਆ ਨਿਕਲੇ ਤੇ ਬਚਨ ਬਿਲਾਸ ਕਰਦਿਆਂ ਕਿਹਾ ਸਨਾਤਨੀ ਬੁੱਤ ਪੂਜਾ, ਸਿੱਖ ਵੀ ਪੁਸਤਕ ਪੂਜਾ। ਉਹ ਪੱਥਰਾਂ ਨੂੰ ਪੂਜਦੇ ਹਨ ਤੁਸੀਂ ਪੋਥੀ ਪੂਜ ਹੋ। ਕੋਈ ਫ਼ਰਕ ਨਹੀਂ। ਕੁਦਰਤ ਨਾਲ ਸੰਤ ਮੰਗਲ ਸਿੰਘ ਜੀ ਆ ਗੱਜੇ ਅਤੇ ਕਿਹਾ, 'ਸੰਤ ਜੀ ਤੁਸੀਂ ਭਜਨ ਬਾਣੀ ਕਰੋ, ਇਨ੍ਹਾਂ ਨਾਲ ਮੈਂ ਨਿੱਬੜਦਾ ਹਾਂ। ਸੰਤ ਤਾਂ ਉਠ ਬੈਠੇ ਤੇ ਫ਼ਰਿਸ਼ਤਾ ਜੀ ਮੈਦਾਨ ਵਿਚ ਆ ਗੱਜੇ। ਸੰਤਾਂ ਕਿਹਾ ਜੇ ਸਿੱਖ ਬੁਤ ਪੂਜ ਹਨ ਤਾਂ ਤੁਸੀਂ ਸਮਾਜੀ ਵੀ ਘੱਟ ਬੁੱਤ ਪੂਜ ਨਹੀਂ। ਆਰੀਆ ਭਾਈ ਨਾਂਹ ਕਰੀ ਜਾਣ। ਸੰਤਾਂ ਕਿਹਾ, 'ਮੈਂ ਸਿਧ ਕਰਦਾ ਹਾਂ' ਸੰਤਾਂ ਨੇ ਧਰਤੀ ਤੇ ਕੁਝ ਖਾਨੇ ਲੀਕ ਦਿੱਤੇ। ਕੁਝ ਨਾਉਂ ਲਿਖ ਦਿੱਤੇ। ਉਨ੍ਹਾਂ ਵਿਚ ਸੁਆਮੀ ਦਇਆ ਨੰਦ

ਦਾ ਨਾਉਂ ਵੀ ਸੀ। ਸੰਤਾਂ ਕਿਹਾ ਇਨ੍ਹਾਂ ਸਭਨਾਂ ਦੇ ਸਿਰ ਤੇ ਮਾਰੋ ਜੁੱਤੀਆਂ। ਜਦ ਪ੍ਰਚਾਰਕਾਂ ਜੁੱਤੀਆਂ ਦਾ ਨਾਉਂ ਸੁਣਿਆ ਤਾਂ ਚੁੱਪ ਹੋ ਗਏ ਤੇ ਕੰਨ ਵਲੇਟ ਤਿੱਤਰ ਹੋ ਗਏ। ਸੰਤਾਂ ਦੀ ਜੈ ਜੈਕਾਰ ਹੋਈ।

## ਈਸਾਈਅਤ ਦਾ ਡਰਾਮਾ

ਜਦ ਰਕਾਬ ਗੰਜ ਦਾ ਮੋਰਚਾ ਲੱਗਾ ਤੇ ਫ਼ਰਿਸ਼ਤਾ ਜੀ ਉਸ ਵਾਸਤੇ ਜ਼ਬਰਦਸਤ ਤਕਰੀਰਾਂ ਕੀਤੀਆਂ। ਸੰਤਾਂ ਨੂੰ ਪਿੰਡ ਵਿਚ ਨਜ਼ਰਬੰਦ ਕਰ ਦਿੱਤਾ ਗਿਆ ਸੰਤਾਂ ਦੀਆਂ ਤਕਰੀਰਾਂ ਦੀਆਂ ਧੁੰਮਾਂ ਪਈਆਂ ਹੋਈਆਂ ਸਨ। ਚੂਹੜਕਾਣੇ ਦਾ ਪਾਦਰੀ ਸਮਝ ਗਿਆ ਕਿ ਜੇ ਫ਼ਰਿਸ਼ਤਾ ਈਸਾਈ ਮਤ ਦਾ ਪ੍ਰਚਾਰ ਕਰੇ ਤਾਂ ਪੰਜਾਬ ਵਿਚ ਈਸਾਈ ਮੱਤ ਦਾ ਚੰਗਾ ਵਾਧਾ ਹੋ ਸਕਦਾ ਹੈ। ਉਹ ਮਿਸ਼ਨਰੀ ਸੰਤਾਂ ਨੂੰ ਮਿਲਿਆ ਤੇ ਕਿਹਾ, ਜੇ ਆਪ ਈਸਾਈ ਕਤ ਦਾ ਪ੍ਰਚਾਰ ਰੋ ਤਾਂ ਆਪ ਦੀ ਹਦੂਦਬੰਦੀ ਖ਼ਤਮ ਹੋ ਸਕਤੀ ਹੈ। ਮੈਜ ਕਪਤਾਨ ਪੁਲਿਸ ਨੂੰ ਕਹਿਕੇ ਪਾਬੰਦੀ ਕਟਵੀ ਦਿਆਂਗਾ। ਸੰਤ ਵੀ ਰਾਜਨੀਤੀ ਦੇ ਚੰਗੇ ਖਿਡਾਰੀ ਸਨ, ਉਨ੍ਹਾਂ ਸੋਚਿਆ, 'ਗੁਰੂ ਗੋਬਿੰਦ ਸਿੰਘ ਜੀ' ਵੇਲਾ ਟਪਾਣ ਲਈ ਨੀਲੇ ਕੱਪੜੇ ਪਾ ਲਏ ਸਨ ਤੇ ਸਿੱਖਾਂ ਨੂੰ ਮੁਸਲਮਾਨੀ ਖਾਣਾ ਕਿਰਪਾਨ ਭੇਟ ਕਰਕੇ ਖਾਣ ਵਾਸਤੇ ਕਿਹਾ ਸੀ, ਜੇ ਮੈਂ ਵੇਲਾ ਟਪਾਣ ਲਈ ਈਸਾਈਆਂ ਨਾਲ ਚਾਰ ਦਿਨ ਸੈਰ ਸਪਾਟੇ ਕਰ ਲਵਾਂ ਤਾਂ ਕਿਹਾੜਾ ਰਾਮ ਸਿੰਘ ਮੇਰੇ ਅੰਦਰੋਂ ਨਿਕਲ ਜਾਣਾ ਏ। ਸੰਤ ਸਹਿਮਤ ਹੋ ਗਏ ਤੇ ਲੱਗੇ ਈਸਾਈਆਂ ਦਾ ਪ੍ਰਚਾਰ ਕਰਨ।

ਸੰਤ ਪਿੰਡਾਂ ਵਿਚ ਜਾਂਦੇ ਤੇ ਕਹਿੰਦੇ ਕਿ ਗੁਰੂ ਨਾਨਕ ਖ਼ੁਦ ਕਹਿੰਦਾ ਹੈ, ਮੈਂ ਨੀਚ ਹਾਂ, ਗੁਰੂ ਗੋਬਿੰਦ ਸਿੰਘ ਸ਼ਿਕਾਰ ਖੇਡਦਾ ਸੀ, ਜਾਨਵਰਾਂ ਨੂੰ ਮਾਰਦਾ ਸੀ। ਜਾਨਵਰਾਂ ਨੂੰ ਮਾਰਨਾ ਕਿਹੜੀ ਰੂਹਾਨੀਅਤ ਹੈ। ਉਸਨੇ ਵੀ ਮਸੀਹ ਦੀ ਤਾਰੀਖ਼ ਕੀਤੀ ਹੈ:-

**ਪੁੱਨ ਰਾਛਸ ਦਾ ਕਾਟਾ ਸੀਸਾ,**
**ਸ੍ਰੀ ਆਸਕੇਤ ਜਗਤ ਕੇ ਈਸਾ॥**

ਈਸਾ ਜੀ ਸਾਰੀ ਉਮਰ ਸ਼ਾਦੀ ਨਾ ਕੀਤੀ, ਅਸਮਾਨੀ ਬਾਦਸ਼ਾਹੀ ਦਾ ਸੁਨੇਹਾ ਸੁਣਾਇਆ। ਓਬਹ ਆਪਣੇ ਪੈਰੋਕਾਰਾਂ ਦੇ ਗੁਨਾਹ ਆਪਣੇ ਉੱਪਰ ਲੈਂ ਹੈ। ਉਸਦੇ ਪੈਰ ਪਕੜੋ। ਮੈਨੂੰ ਸਿੱਖ ਪੁੱਛਦੇ ਹਨ ਕਿ ਤੂੰ ਗੁਰੂ ਰਾਮ ਸਿੰਘ ਨੂੰ ਮੰਨਦਾ ਹੈ, ਅੱਜ ਈਸਾ ਦੇ ਪੈਰ ਫੜ ਲਏ ਹਨ। ਉਨ੍ਹਾਂ ਵਾਸਤੇ ਮੇਰਾ ਉੱਤਰ ਹੈ। ਗੁਰੂ ਰਾਮ ਸਿੰਘ ਦਾ ਰਾਹ ਬੜਾ ਔਖਾ ਹੈ, ਈਸਾ ਦਾ ਰਾਹ ਸੌਖਾ ਹੈ। ਗੁਰੂ ਰਾਮ ਸਿੰਘ ਦੀ ਮਰਿਯਾਦਾ ਬੜੀ ਕਰੜੀ ਹੈ, ਇੱਥੇ ਮੌਜਾਂ ਹੀ ਮੌਜਾਂ ਹਨ। ਹਜ਼ਰਤੇ ਯਸੂਹ ਬਿਨਾ ਨਾਮ ਜਪਣ ਦੇ ਬ੍ਰਹਿਮੰਡਾਂ ਵਿਚ ਪਹੁੰਚਾ ਦੇਂਦਾ ਹੈ। ਸਭ ਇਸ ਦਰਜੇ ਆਓ ਤੇ ਆਸਮਾਨੀ ਬਾਪ ਨਾਲ ਜੱਫੀਆਂ ਪਾਓ।

ਸੰਤਾਂ ਦੇ ਲੈਕਚਰਾਂ ਨੇ ਪਿੰਡਾਂ ਦੇ ਪਿੰਡ ਨੀਵੀਆਂ ਜਾਤੀਆਂ ਦੇ ਈਸਾਈ ਹੋ ਗਏ। ਕਰਤਾਰ ਸਿੰਘ ਝੱਬਰ ਤੇ ਹੋਰ ਅਕਾਲੀ ਅੱਗੇ ਹੀ ਇਸ ਤੋਂ ਦੁਖੀ ਸਨ। ਉਹ ਕਹਿਣ ਜੇ ਕਿਤੇ ਇਕੱਲਾ ਮਿਲ ਜਾਵੇ ਤਾਂ ਉੱਥੇ ਹੀ ਰੱਖੀਏ। ਸਰਕਾਰ ਵੱਲੋਂ ਅੱਠ-ਦਸ ਬੰਦੂਕਚੀ ਇਨ੍ਹਾਂ ਦੀ ਰਾਖੀ ਲਈ ਰਹਿਣ ਲੱਗੇ। ਸਿਆਲਕੋਟ ਈਸਾਈ ਮੱਤ ਵਾਲਿਆਂ ਦਾ ਭਾਰੀ ਜਲਸਾ ਹੋਇਆ। ਉੱਥੇ ਕੁਝ ਈਸਾਈਆਂ ਦੇ ਕਾਰਖਾਨੇ ਸਨ। ਸੰਤ ਬੋਲਣ ਉੱਠੇ ਤਾਂ ਪਹਿਲਾਂ ਕਾਰਖਾਨੇਦਾਰ ਤੇ ਵਰ੍ਹੇ ਤੇ ਆਖਿਆ, 'ਜਿਨ੍ਹਾਂ ਈਸਾਈਆਂ ਇਹ ਕਾਰਖਾਨੇ ਖੋਲ੍ਹੇ ਹਨ, ਉਹ ਦੋਜ਼ਖਾਂ ਦੀ ਅੱਗ ਵਿਚ ਸਾੜੇ ਜਾਣਗੇ। ਈਸਾਈਆਂ ਦਾ ਕੰਮ ਕਾਰਖਾਨੇ ਖੁਲ੍ਹਣਾ ਨਹੀਂ, ਇਨ੍ਹਾਂ ਦਾ ਕੰਮ ਆਸਮਾਨੀ ਬਾਦਸ਼ਾਹੀ ਦਾ ਸੁਨੇਹਾ ਸੁਨਾਣਾ। ਇਨ੍ਹਾਂ ਨੂੰ ਤਿਆਗੀ ਬਣਨਾ ਚਾਹੀਦਾ ਹੈ। ਥੋੜ੍ਹੇ ਸਮੇਂ ਉਪਰੰਤ ਇਨ੍ਹਾਂ ਤੋਂ ਪਾਬੰਦੀ ਟੁੱਟ ਗਈ ਤੇ ਇਨ੍ਹਾਂ ਰੰਗ ਬਦਲਣਾ ਸ਼ੁਰੂ ਕੀਤਾ। ਟਕੋਰਾਂ ਮਾਰਨ।

ਸੰਤਾਂ ਦੀ ਆਖ਼ਰੀ ਲੈਕਚਰ ਚੂਹੜਕਾਣੇ ਵਿਚ ਸੀ। ਉੱਥੇ ਇਨ੍ਹਾਂ ਅੰਦਰ ਕੂਕਾ ਕਾਰ ਦੀ ਕਾਂਗ ਆਈ ਤੇ ਈਸਾ ਨੂੰ ਖ਼ੂਬ ਭੰਡਿਆ। ਇਨ੍ਹਾਂ ਕਿਹਾ ਕਿ ਮਸੀਹ ਬਾਰੇ ਮਸ਼ਹੂਰ ਹੈ ਕਿ ਉਹ ਇਕੱਲਿਆਂ ਦੁਆ ਮੰਗਿਆ ਕਰਦੇ ਸੀ। ਪਰ ਜਾਣਦੇ ਹੋ ਅਸਲ ਗੱਲ ਕੀ ਹੈ? ਉਸ ਸਮੇਂ ਉਨ੍ਹਾਂ ਕੋਲ ਕੇਵਲ ਅਨਦਾੜ੍ਹੀਏ ਮੁੰਡੇ ਜਾ ਸਕਦੇ ਸਨ। ਪਹਿਰੇਦਾਰ ਵੀ ਨਹੀਂ ਰੋਕਦੇ ਸਨ। ਉਹ ਆਪ ਵੀ ਬਿਨਾ ਬਾਪ ਜੰਮਿਆ ਸੀ, ਦੂਜਿਆਂ ਨੂੰ ਕੀ ਰਾਹ ਵਖਾਣਾ ਸੀ। ਤੁਸੀਂ ਇਸ ਤੋਂ ਕੀ ਸਮਝਦੇ ਹੋ? ਇੱਥੇ ਬਿਲਕੁਲ ਸਾਫ਼ ਹੈ, ਉਹ ਵਿਆਹ ਕਰਾਣ ਦੇ ਯੋਗ ਨਾ ਰਿਹਾ। ਇਸ ਵਾਸਤੇ ਨਾ ਕੋਈ ਘਰ ਬਣਾਇਆ ਨਾ ਘਾਟ। ਉਸਦੇ ਪਿੱਛੇ ਲੱਗਣ ਵਾਲੇ ਸਭ ਦੋਜ਼ਖਾਂ ਦੀ ਅੱਗ ਵਿਚ ਸੁੱਟੇ ਜਾਣਗੇ। ਇਸੇ ਜਲਸੇ ਉਪਰੰਤ ਮਿਸ਼ਨ ਵਾਲੇ ਨਰਾਜ਼ ਹੋ ਗਏ ਤੇ ਬੰਗਲੇ ਵਿੱਚੋਂ ਨਕਲ ਜਾਣ ਦੀ ਧਮਕੀ ਦਿੱਤੀ। ਅੰਨ੍ਹੇ ਨੂੰ ਕੀ ਚਾਹੀਦਾ ਹੈ? ਦੋ ਅੱਖਾਂ। ਸੰਤਾਂ ਉਸੇ ਵੇਲੇ ਝੋਲਾ ਚੁੱਕਿਆ ਤੇ ਪਾਦਰੀ ਨੂੰ ਸਤਿ ਸ੍ਰੀ ਅਕਾਲ ਕਹਿ ਬੀਬੀ ਕੇਸਰੋ ਦੇ ਘਰ ਚਲੇ ਗਏ। ਉਹ ਬੜੀ ਪ੍ਰਸੰਨ ਹੋਈ। ਸਭ ਨਾਮਧਾਰੀ ਇਹ ਘਟਨਾ ਸੁਣ ਜਾਮਿਆਂ ਵਚ ਫੁੱਲੇ ਨਾ ਸਮਾਣ।

## ਭੇਖੀਆਂ ਨੂੰ ਸਿੱਧੇ ਰਾਹ

ਮਾਲਵੇ ਦੇ ਇੱਕ ਪਿੰਡ ਵਿਚ ਕੁਝ ਭੇਖੀ ਸਾਧਾਂ ਦਾ ਡੇਰਾ ਸੀ। ਉਨ੍ਹਾਂ ਪੂਜਾ ਵਾਸਤੇ ਇਕ ਮੰਦਰ, ਆਏ ਗਏ ਵਾਸਤੇ ਕੁਆਟਰ ਤੇ ਇੱਕ ਸਰੋਵਰ, ਚੰਗੀ ਲੀਲਾ ਬਣਾ ਰੱਖੀ ਸੀ। ਉਸ ਮਹੰਤ ਬਾਰੇ ਇਹ ਪ੍ਰਸਿੱਧ ਸੀ ਕਿ ਉਹ ਧੌਣਹਾਰੀ ਹੈ, ਭਜਨ ਬਾਣੀ ਵਿਚ ਲੀਨ ਰਹਿੰਦਾ ਹੈ। ਲੋੜਵੰਦਾਂ ਦੀਆਂ ਕਾਮਨਾਵਾਂ ਪੂਰੀਆਂ ਹੁੰਦੀਆਂ ਹਨ। ਦੁਨੀਆਂ ਵਿਚ ਭੇਡਚਾਲ ਹੈ। ਜੋ ਕਿ ਖੂਹ ਵਿਚ ਡਿੱਗੇ ਤਾਂ ਦੂਜੀ ਸੋਚਦੀ ਕੁਝ ਨਹੀਂ। ਉਹ ਵੀ ਘੜੰਮ ਅੰਨੇ ਖੂਹ ਵਿਚ

ਛਾਲ ਮਾਰਨੀ ਹੈ। ਉੱਥੇ ਆਮ ਲੋਕਾਂ ਦਾ ਤਾਂਤਾਂ ਬੱਝਾ ਰਹਿੰਦਾ। ਸ਼ਰਧਾਲੂ ਆਉਂਦੇ। ਚੜ੍ਹਾਵੇ ਚੜ੍ਹਦੇ। ਮਿੰਨਤਾਂ ਮੰਨਦ ਤੇ ਚੇਲੇ ਗੁਲਛੱਰੇ ਉਡਾਂਦੇ।

ਮਸਤਾਂ ਦੀ ਇਸ ਮੰਡਲੀ ਨੂੰ ਪਤਾ ਨਹੀਂ ਕੌਣ ਦੱਸ ਗਿਆ। ਇਹ ਮਸਤਾਂ ਦਾ ਟੋਲਾ, ਉਸ ਡੇਰੇ ਚਲਾ ਗਿਆ ਤੇ ਜਾ ਸਤਿ ਸ੍ਰੀ ਅਕਾਲ ਬੁਲਾਈ। ਸੇਵਾਦਾਰਾਂ ਕਮਰਾ ਖੋਲ੍ਹ ਦਿੱਤਾ, ਆਦਰ ਭਾ ਕੀਤਾ, ਸੇਵਾ ਟਹਿਲ ਵਾਸਤੇ ਅਰਜ਼ ਕੀਤੀ। ਪਰ ਇਏ ਲੱਗੇ ਮੇਰੀਆਂ ਭਾਲਣ ਤੇ ਭਾਂਡਾ ਭੰਨਣ ਦੀਆਂ ਵਿਉਤਾਂ ਸੋਚਣ। ਸੰਗਤ ਭਗਤ ਸਿੰਘ ਦੇ ਜ਼ਿੰਮੇ ਲੱਗਾ ਕਿ ਉਹ ਵੇਖਣ ਕਿ ਜੰਗਲ ਪਾਣੀ ਕਿੱਥੋਂ ਜਾਂਦਾ ਹੈ ਅਤੇ ਮੰਗਲ ਸਿੰਘ ਹੁਰਾਂ ਦੇ ਹਿੱਸੇ ਆਇਆ ਕਿ ਇਹ ਕੀ ਖਾਂਦਾ ਹੈ ਤੇ ਕਿਸ ਵੇਲੇ ਖਾਂਦਾ ਹੈ।

ਇਸ ਮਸਤ ਮੰਡਲੀ ਤਾੜ ਗਈ ਕਿ ਜਦ ਯਾਤਰੂ ਰਾਤ ਵੇਲੇ ਆਰਾਮ ਕਰਦੇ ਹਨ ਤੇ ਆਪਣਾ ਕੰਮ ਸਾਰ ਲੈਂਦਾ ਹੈ ਤੇ ਲੋਕਾਂ ਤੇ ਉੱਠਣ ਬਹਿਣ ਤੱਕ ਖਾ, ਪੀ ਵਿਹਲੇ ਹੋ ਬਹਿੰਦੇ ਹਨ ਤੇ ਸੰਤ ਭਗਤ ਸਿੰਘ ਸਵੇਰੇ ਉੱਠਿਆ, ਇਸ਼ਨਾਨ ਕੀਤਾ ਤੇ ਤਾੜ ਗਿਆ ਕਿ ਦਾਲ ਵਿਚ ਕਾਲਾ ਕਾਲਾ ਕੁਝ ਜ਼ਰੂਰ ਹੈ। ਹੁਣ ਉਨ੍ਹਾਂ ਨੂੰ ਪੱਕਾ ਯਕੀਨ ਹੋ ਗਿਆ ਕਿ ਇੱਥੇ ਨਿਰੀ ਚਾਰ ਸੌ ਵੀਹ ਹੈ, ਤੇ ਸੱਚ ਮਾਂਹ ਦ ਦਾਣੇ ਦੀ ਸਫ਼ੈਦੀ ਜਿੰਨੀ ਵੀ ਨਹੀਂ।

ਹੁਣ ਮੰਗਲ ਸਿੰਘ ਨੇ ਆਪਣਾ ਪਾਰਟ ਅਦਾ ਕਰਨਾ ਸੀ। ਉਹ ਉੱਠੇ ਤੇ ਉਸ ਕਮਰੇ ਵੱਲ ਗਿਆ, ਜਿੱਥੇ ਨਿੰਮੀ-ਨਿੰਮੀ ਰੌਸ਼ਨੀ ਸੀ। ਅਤੇ ਪਾਖੰਡੀ ਨਹਾ ਧੋ ਕੇ ਵੜਿਆ ਸੀ। ਉਨ੍ਹਾਂ ਦੇ ਮਗਰੇ ਹੀ ਮਸਤ ਮੰਡਲੀ। ਪਾਖੰਡੀ ਦ ਇੱਕ ਚਾੜਕੇ ਨੇ ਨਹਾਉਣ ਤੋਂ ਪਹਿਲਾਂ ਈ ਬਦਾਮਾਂ ਦੀਆਂ ਗਿਰੀਆਂ, ਪਿਸਤਾਂ ਤੇ ਹਰ ਤਾਕਤ ਵਾਲੀਆਂ ਵਸਤਾਂ ਦਾ ਭੋਜਨ ਤਿਆਰ ਕਰ ਰੱਖਿਆ ਸੀ। ਫ਼ਰਿਸ਼ਤਾ ਜੀ ਦਰਵਾਜ਼ੇ ਕੋਲ ਪੁੱਜੇ ਤੇ ਬਿੱਲੀ ਵਾਂਗੂੰ ਦਰਵਾਜ਼ੇ ਦੀਆਂ ਝੀਤਾਂ ਵਿੱਚੋਂ ਵੀ ਵੇਖਿਆ। ਕੁਦਰਤੀ ਭਿਤਾਂ ਨੂੰ ਕੁੰਡਾ ਨਹੀਂ ਲੱਗਿਆ ਸੀ। ਇਹ ਛਪਾ ਛਪਾ ਅੰਦਰ ਵੜ ਗਏ ਤ ਹੱਥ ਫੈਲਾ ਕਿਹਾ, 'ਮਹਾਰਾਜ! ਸੀਤ ਪ੍ਰਸ਼ਾਦ, ਸੀਤ ਪ੍ਰਸ਼ਾਦ ਦੀ ਕਿਰਪਾ ਕਰੋ ਅਤੇ ਆਖਦਿਆਂ ਆਖਦਿਆਂ ਭੋਜਨ ਵਾਲਾ ਕਚਕੌਲ ਫੜ ਲਿਆ ਤੇ ਫੱਕੇ ਮਾਰਦੇ ਬਾਹਰ ਆ ਗਏ ਤੇ ਬਾਕੀ ਮਸਤਾਨਿਆਂ, ਮਿੱਤ ਸਿੰਘ, ਮਿਲਖਾ ਸਿੰਘ ਨੂੰ ਵਤਤਾਣਾ ਸ਼ੁਰੂ ਕਰ ਦਿੱਤਾ। ਧੰਨ ਹਨ ਸੰਤ! ਸਾਡੇ ਵੱਡੇ ਭਾਗ, ਸਾਨੂੰ ਉਨ੍ਹਾਂ ਦਾ ਸੀਤ ਪ੍ਰਸ਼ਾਦ ਮਿਲਿਆ ਹੈ।

ਭੇਖੀ ਤਾੜ ਗਏ ਕਿ ਇਹ ਮੰਡਲੀਸਾਡੀ ਕਰਤੂਤ ਨੂੰ ਤਾੜ ਗਈ ਹੈ। ਉਨ੍ਹਾਂ ਹੱਥ ਜੋੜੇ ਤੇ ਆਖਿਆ, 'ਮਹਾਂ ਪੁਰਖੋ! ਤੁਸੀਂ ਜੋ ਲੈਣਾ ਹੈ ਲੈਵਹੁ, ਖਾਣਾ ਏ ਖਾਵਹ ਤੇ ਮਾਫ਼ ਕਰੋ।' ਫ਼ਰਿਸ਼ਤਾ ਜੀ ਕਿਹਾ, 'ਸਾਨੂੰ ਖਾਣ ਪੀਣ ਦੀ ਲੋੜ ਨਹੀਂ, ਤੂੰ ਪਾਖੰਡ ਛੱਡ ਦੇਹ। ਪਾਖੰਡੀ ਸੰਤਾਂ ਦੇ ਚਰਨਾਂ ਤੇ ਢਹਿ ਪਿਆ ਤੇ ਖਿਮਾ ਮੰਗੀ। ਸੰਤ ਮੰਡਲੀ ਸੱਤ ਧਰਮ ਦੇ ਉਪਦੇਸ਼ ਦ੍ਰਿੜਾਂਦਿਆਂ ਤੇ ਸ੍ਰੀ ਭੈਣੀ ਸਾਹਿਬ ਆ ਗਈ।

## ਭਤਰੀਆਂ ਦਾ ਸੁਧਾਰ

ਆਮ ਪ੍ਰਸਿੱਧ ਹੈ "ਜੈਸੀ ਸੰਗਤ ਵੈਸੀ ਰੰਗਤ।" ਸੰਤਾਂ ਦੇ ਭਤਰੀਆਂ ਤੇ ਗੁਆਂਢੀਆਂ ਦਾ ਰੰਗ ਚੜ੍ਹ ਗਿਆ, ਇਨ੍ਹਾਂ ਟੇਢੀਆਂ ਪੱਗਾਂ ਕਰ ਲਈਆਂ। ਸੰਤਾਂ ਨੂੰ ਬੁਰਾ ਲੱਗਾ। ਸੰਤ ਜੇਠ ਦੇ ਜੋੜ ਮੇਲੇ ਸਮੇਂ ਲਾਹੌਰ ਗਏ ਅਤੇ ਸਾਹਿਬਜ਼ਾਦਿਆਂ ਦੀਆਂ ਬਿਕਦੀਆਂ ਤਸਵੀਰਾਂ ਲੈ ਆਏ ਤੇ ਆਪਣੇ ਭਤਰੀਆਂ ਨੂੰ ਕੋਲ ਬਿਠਾ ਪੁੱਛਿਆ, 'ਭਲਾ ਦੱਸੋ, ਇਹ ਤਸਵੀਰਾਂ ਕਿਨ੍ਹਾਂ ਦੀਆਂ ਹਨ?' "ਜੀ! ਬਾਬਾ ਅਜੀਤ ਸਿੰਘ, ਜੁਝਾਰ ਸਿੰਘ, ਫਤਹਿ ਸਿੰਘ ਤੇ ਜੋਰਾਵਰ ਸਿੰਘ।" ਇਹ ਕੌਣ ਸਨ? 'ਜੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦੇ।' 'ਫੇਰ ਵੇਖੋ ਤੁਹਾਡੀਆਂ ਪੱਗਾਂ ਉਨ੍ਹਾਂ ਨਾਲ ਮਿਲਦੀਆਂ ਹਨ?' ਸਭ ਚੁੱਪ! 'ਸੁਣੋ! ਅਸਲ ਪੱਗਾਂ ਤਾਂ ਇਨ੍ਹਾਂ ਸਾਹਿਰਜ਼ਾਦਿਆਂ ਦੀਆਂ ਹਨ। ਇਨ੍ਹਾਂ ਤੋਂ ਵੱਧ ਪੱਗਾਂ ਮਨ ਮੁੱਖਾਂ ਦੀਆਂ ਹਨ। ਤੁਸੀਂ ਇਹੋ ਰੂਪ ਧਾਰਨ ਕਰੋ, ਜਿਹੜਾ ਇਨ੍ਹਾਂ ਸਾਹਿਬਜ਼ਾਦਿਆਂ ਦਾ ਹੈ। ਉਹ ਸਭ ਮੰਨ ਗਏ ਤੇ ਦਸਤਾਰਾਂ ਗੁਰਮੁਖੀ ਬਣਾ ਲਈਆਂ।

## ਗੁੱਲੂਸ਼ਾਹ ਦਾ ਮੇਲਾ

ਇਹ ਮਸਤਾਂ ਦੀ ਮੰਡਲੀ ਸ੍ਰੀ ਗੁਰੂ ਨਾਨਕ ਦੇਵ ਜੀ ਵਾਂਗੂੰ ਜਿੱਥੇ ਜਾਂਦੀ, ਆਪਣਾ ਪਿੜ ਬਣਾ ਲੈਂਦੀ ਸੀ ਦੜਪ ਵਿਚ ਗੁੱਲੂਸ਼ਾਹ ਦਾ ਮੇਲਾ ਮਸ਼ਹੂਰ ਸੀ ਉੱਥੇ ਢੋਲ ਢਮੱਕੇ ਵੱਜਦੇ, ਨਾਚੇ ਆਉਂਦੇ, ਛਿੰਜਾਂ ਪਾਂਦੀਆਂ, ਪਹਿਲਵਾਨ ਆਪਣੇ ਆਪਣੇ ਜੋਹਰ ਵਿਖਾਂਦੇ। ਪਾਦਰੀ ਲੋਕ ਅਜੇਹੇ ਮੇਲਿਆਂ ਤੇ ਜਾਂਦੇ ਤੇ ਭੋਲੇ ਭਾਲੇ ਲੋਕਾਂ ਨੂੰ ਕੁਝ ਈਸਾ ਦੇ ਗੁਣ ਦਸ, ਕੁਝ ਲਾਲਚ ਦੇ ਬੜੇ ਦਿਲਕਸ਼ ਢੰਗ ਨਾਲ ਲੋਕਾਂ ਨੂੰ ਈਸਾਈ ਧਰਮ ਵਿਚ ਲੈ ਆਉਂਦੇ। ਪਾਦਰੀ ਕਹਿਣਾ, ਈਸਾ ਖ਼ੁਦਾ ਦਾ ਪੁੱਤਰ ਹੈ, ਉਹ ਆਪਣੀਆਂ ਭੇਡਾਂ ਦੇ ਗੁਨਾਹ ਆਪਣੇ ਜ਼ਿੰਮੇ ਲੈਂਦਾ ਹੈ, ਤੇ ਉਨ੍ਹਾਂ ਵਾਸਤੇ ਬ੍ਰਹਿਮੰਡਾਂ ਦੇ ਦਰਵਾਜ਼ੇ ਖੁੱਲਦੇ ਹਨ। ਆਓ ਮਸੀਤ ਦਾ ਪੱਲਾ ਫੜੋ ਤੇ ਬਹਿਸ਼ਤਾਂ ਦੀ ਸੈਰ ਕਰੋ। ਉਸ ਜਲਸੇ ਵਿਚ ਇਹ ਮਸਤ ਮੰਡਲੀ ਵੀਜਾ ਦਰਸ਼ਨ ਦਿੱਤੇ ਤੇ ਸੰਤ ਭਗਤ ਸਿੰਘ ਜੀ ਉੱਠੇ ਪੈਰੀ ਪਊਏ, ਗਲ ਵਿਚ ਕੇਸ ਖੁੱਲੇ ਤੇ ਆਖਿਆ, 'ਪਾਦਰੀ ਸਾਹਿਬ, ਤੁਹਾਡਾ ਵਖਿਆਨ ਸੁਣਿਆ, ਜੇ ਹੁਕਮ ਹੋਵੇ ਤਾਂ ਮੈਂ ਵੀ ਕਹਾਂ।' ਪਾਦਰੀ ਵਿਚਾਰੇ ਕੀ ਕਹਿਣਾ ਸੀ, ਉਸ ਕਿਹਾ, ਹਾਂ ਹਾਂ ਜ਼ਰੂਰ ਕਹੋ। ਸੰਤ ਜੀ ਸਟੇਜ ਤੇ ਜਾ ਖੜੇ ਹੋਏ। ਲੰਮਾ ਕਦ, ਮੋਟੇ ਮੁਛਹਿਰੇ, ਭਰਵਾਂ ਸਰੀਰ, ਗੁਰ ਹਰੀ ਸਿੰਘ ਤੋਂ ਵਰੋਸਾਏ ਕਿਹਾ, 'ਸੁਣੋ ਉਇ ਭੋਲਿਓ ਲੋਕੋ! ਹਜ਼ਰਤ ਠੀਕ ਰੱਬ ਦਾ ਪੁੱਤਰ ਸੀ। ਪਰ ਮੈਜ ਖ਼ੁਦਾ ਦਾ ਜਵਾਈ ਹਾਂ, ਹੁਣ ਨਵਾਂ ਪੈਗ਼ਾਮ ਲੈ ਕੇ ਆਇਆ ਹਾਂ ਕਿ ਇਸ ਯੁੱਗ ਦਾ ਮਾਲਿਕ ਸਤਿਗੁਰੂ ਰਾਮ ਸਿੰਘ ਹੈ, ਉਹ ਸਾਰੇ ਸੰਸਾਰ ਤੇ ਸੁਨਹਿਰੀ ਯੁੱਗ

ਲਿਆਵੇਗਾ। ਮਸੀਹ ਉਸੇ ਵੇਲੇ ਦਾ ਪੈਗ਼ੰਬਰ, ਗੁਰੂ ਰਾਮ ਸਿੰਘ ਜੀ ਇਸ ਵੇਲੇ ਦਾ ਪੈਗ਼ੰਬਰ ਇਸਦੀ ਚਰਨੀ ਲੱਗੋ ਤੇ ਬਹਿਸ਼ਤਾਂ ਵਿਚ ਦਾਖ਼ਲ ਹੋਵੋ। ਪਾਦਰੀ ਨੇ ਕਿਹਾ 'ਕੂਕਾ ਝੂਠ ਬੋਲ ਰਿਹਾ ਹੈ। ਖ਼ੁਦਾ ਦਾ ਇੱਕੋ ਇੱਕ ਪੁੱਤਰ ਸੀ, ਯਸਹੂ ਉਹ ਹੀ ਬਹਿਸ਼ਤ ਦਾ ਮਾਲਕ ਹੈ। ਸੰਤਾਂ ਮੁੜ ਦੁਹਰਾਇਆ ਕਿ ਹਜ਼ਰਤ ਹੋਇਆ ਕੋਈ ਦੋ ਹਜ਼ਾਰ ਵਰ੍ਹੇ ਹੋ ਗਏ ਹਨ। ਰੱਬ ਦੇ ਘਰ ਧੀ ਜੰਮਿਆਂ ਕੋਈ ਸਾਲ ਹੋਏ ਹਨ। ਮੇਰਾ ਹੁਣੇ ਹੁਣੇ ਵਿਆਹ ਹੋਇਆ ਹੈ। ਰੱਬ ਮੇਰੀ ਗੱਲ ਵਧੇਰੇ ਸੁਣਦਾ ਹੈ ਉਹ ਪੁੱਤ ਦੀ ਗੱਲ ਨਹੀਂ ਮੰਨਦਾ, ਜਵਾਈ ਦੀ ਗੱਲ ਵਧੇਰੇ ਸੁਣੀ ਜਾਂਦੀ ਹੈ, ਤੁਸੀਂ ਸਤਿਗੁਰੂ ਰਾਮ ਸਿੰਘ ਜੀ ਦੀ ਚਰਨੀ ਲੱਗੋ, ਜਿਸਨੂੰ ਫ਼ਰਿਸ਼ਤੇ ਵੀ ਸਿਜਦੇ ਕਰਦੇ ਹਨ। ਪਾਦਰੀ ਸਾਹਿਬ ਟਿੰਡ-ਫ਼ੌਜੀ ਵਲੇਟ ਨੌ ਦੋ ਯਾਰ੍ਹਾਂ ਹੋ ਗਿਆ। ਸੰਤਾਂ ਉੱਚੀ ਸਾਰੀ ਹੇਕ ਲਾਇ. ਰੱਬੀ ਗੁਰੂ ਰਾਮ ਸਿਘ ਨੇ ਨਹੀਂ ਤਾਂ ਖਾਲਸੇ ਦੀ ਰੀਤ ਮਿਟ ਜਾਂਦੀ। ਮਸਤ ਮੰਡਲੀ ਇਹ ਧਾਰਨਾਂ ਪੜ੍ਹਦੀ, ਤੋੜੀ ਮਾਰਦੀ ਅੱਗੇ ਨਿਕਲ ਗਈ।

## ਅਨੋਖੇ ਟੋਟਕੇ

ਸੰਤ ਬੜੀ ਰੰਗੀਲੀ ਤਬੀਅਤ ਦੇ ਮਾਲਕ ਸਨ। ਉਨ੍ਹਾਂ ਦਾ ਸੰਤਿਕ ਉਨ੍ਹਾਂ ਦਾ ਆਪਣਾ ਹੀ ਸੀ। ਇੱਕ ਸਮੇਂ ਸੰਤ ਜੀ ਕਾਂਗਰਸੀਆਂ ਦੇ ਮੈਂਬਰਾ ਵਿਚ ਚਲ ਰਹੀ ਗੱਪ-ਸ਼ੱਪ ਵਿਚ ਬੈਠੇ ਸਨ। ਉੱਥੇ ਹਿੰਦੂ, ਮੁਸਲਮਾਨ ਅਤੇ ਸਿੱਖ ਸਭ ਮੌਜੂਦ ਸਨ। ਤਾਂ ਸੰਤਾਂ ਗਿਆਨੀ ਗੁਰਮੁਖ ਸਿੰਘ ਨੂੰ ਕਿਹਾ 'ਗਿਆਨੀ ਜੀ! ਤੁਸੀਂ ਘਰ ਬੈਠਿਆਂ ਹੀ ਅੰਦਾਜ਼ਾ ਲਗਾ ਸਕਦੇ ਹੋ ਕਿ ਸ਼ਹਿਰ ਦੇ ਕਿਹੜੇ ਹਿੱਸੇ ਵਿਚ ਮੁਸਲਮਾਨਾਂ ਦਾ ਹੈ? ਗਿਆਨੀ ਜੀ ਕਿਹਾ, 'ਮੈਂ ਨਹੀਂ ਦੱਸ ਸਕਦਾ।' ਸੰਤਾਂ ਮੁਸਕਰਾਂਦਿਆਂ ਮੁੜ ਕਿਹਾ, 'ਵਾਹ ਜੀ! ਇਹ ਵੀ ਕੋਈ ਵੱਡੀ ਗੱਲ ਏ? ਲਉ ਸੁਣੋ! ਤੁਸੀਂ ਅਕਾਸ਼ ਵੱਲ ਵੇਖੋ ਜਿਸ ਮਕਾਨ ਤੋਂ ਇੱਲ ਉਡਕੇ ਉਪਰ ਚੜ ਜਾਵੇ ਜਾਣੋ ਕਿਸੇ ਹਿੰਦੂ ਦਾ ਘਰ ਹੈ। ਜਿਸ ਮਕਾਨ ਤੇ ਇੱਕ-ਦੋ ਇੱਲਾਂ ਝਪਟ ਰਹੀਆਂ ਹੋਣ ਸਮਝੋ ਮੁਸਲਮਾਨ ਦਾ ਘਰ ਹੈ ਤੇ ਜਿਸ ਮਕਾਨ ਤੇ ਇੱਲਾਂ ਦਾ ਝੁਰਮੁਟ ਹੋਵੇ ਤਾਂ ਜਾਣ ਲਵੋ ਸਿੱਖਾਂ ਦਾ ਹੈ। 'ਕੀ ਮਤਲਬ?' ਸ੍ਰੋਤਿਆਂ ਕਿਹਾ। ਜਿਸ ਮਕਾਨ ਤੇ ਇੱਲ ਉਡਕੇ ਉਤਾਂਹ ਚਲੀ ਜਾਵੇ ਤੇ ਦੂਜਿਆਂ ਨੂੰ ਕਹਿੰਦੀ ਹੈ ਕਿ ਇਸ ਮਕਾਨ ਦੀ ਛੱਤ ਤੇ ਕੋਈ ਹੱਡੀ ਬੋਟੀ ਨਹੀਂ। ਨਾ ਹਿੰਦੂ ਐਸੀ ਵੈਸੀ ਚੀਜ਼ ਖਾਵੇ ਨਾ ਹੱਡੀ ਸੁੱਟੇ, ਉੱਥੇ ਜਾਣੀਦਾ ਹੈ ਕਿ ਇਹ ਹਿੰਦੂ ਦਾ ਘਰ ਹੈ। ਮੁਸਲਮਾਨ ਮਾਸ ਖਾ ਲੈਂਦੇ ਹਨ ਤੇ ਕੇਵਲ ਹੱਡੀਆਂ ਛੱਤ ਤੇ ਸੁੱਟਦੇ ਹਨ। ਇੱਲ ਸਿਰਖ਼ ਝਪਟ ਮਾਰਦੀ ਹੈ। ਪਰ ਸਿੰਘ ਸਰਦਾਰ ਖਾ ਪੀ ਉੱਤੇ ਬੋਤਲ ਸ਼ਰਾਬ ਦੀ ਚਾੜਦੇ ਹਨ, ਉਹ ਹਜਮ ਨਹੀਂ ਹੁੰਦਾ, ਖਾਂਦਿਆਂ ਖਾਂਦਿਆਂ ਥਾਲ ਵਿਚ ਹੀ ਉਲਟੀ ਕਰ ਦੇਂਦੇ ਹਨ। ਨੌਕਰ ਭਰੀ ਭਰਾਈ ਥਾਲੀ

ਛੱਤ ਤੇ ਰੱਖ ਆਉਂਦੇ ਹਨ ਤੇ ਇੱਲਾਂ ਗਿਰਜਾਂ ਦੀ ਦਾਵਤ ਉਡਦੀ ਹੈ। ਇਹ ਪੱਕੀ ਨਿਸ਼ਾਨੀ ਹੈ।

ਇੱਕ ਵਾਰ ਸੰਤ ਲਾਹੌਰ ਸਨਾਤਨੀ ਮੁਖੀਆਂ ਵਿਚਾਲੇ ਬੈਠੇ ਸਨ। ਹਾਸਾ ਠੱਠਾ ਹੋ ਰਿਹਾ ਸੀ, ਭਾਈ ਪਰਮਾਨੰਦ ਜੀ ਪੁੱਛਿਆ, 'ਸੰਤਾਂ ਕੂਕਿਆਂ ਦੀ ਗਿਣਤੀ ਕਿੰਨੀ ਕੁ ਹੈ? ਤਾਂ ਸੰਤਾਂ ਉੱਤਰ ਦਿੱਤਾ, 'ਭਾਈ ਜੀ! ਸਰਦੀਆਂ ਦੀ ਜਾਂ ਗਰਮੀਆਂ ਦੀ?' ਕੀ ਮਤਲਬ? ਮਤਲਬ ਗਮੀਆਂ ਵਿਚ ਸਭ ਸਣਕੇਸੀ ਇਸ਼ਨਾਨ ਕਰਦੇ ਹਨ, ਸਿੱਖ ਵੀ ਕਰਦੇ ਹਨ, ਹਿੰਦੂ ਵੀ ਕਰਦੇ ਹਨ। ਪਰ ਸਰਦੀਆਂ ਵਿਚ ਕੋਈ ਕੋਈ ਮਾਈ ਕਾ ਲਾਲ ਹੀ ਇਸ਼ਨਾਨ ਕਰਦਾ ਹੈ। ਸਿੱਖ ਵਾਸਤੇ ਜ਼ਰੂਰੀ ਹੈ ਇਸ਼ਨਾਨ, ਤੇ ਉਹ ਵੀ ਸਨਕੇਸੀ। ਤੁਸੀਂ ਆਪ ਈ ਨਿਰਣਾਂ ਕਰ ਲਵੋ ਕੂਕਿਆਂ ਦੀ ਗਿਣਤੀ ਕਿੰਨੀ ਕੁ ਹੋਵੇਗੀ।

ਭਾਈ ਜੀ ਫਿਰ ਪੁੱਛਿਆ, 'ਪਹਿਲੇ ਗੁਰੂਆਂ ਦੀਆਂ ਬੜੀਆਂ ਕਰਾਮਾਤਾਂ ਪ੍ਰਸਿੱਧ ਹਨ, ਤੁਸੀਂ ਆਪਣੀ ਕਰਾਮਾਤ ਦੱਸੋ। ਭਾਈ ਜੀ! ਤੁਸੀਂ ਵੀ ਭੋਲੇ ਹੋ। ਕੂਕਾ ਸਰਦੀਆਂ ਵਿਚ ਵੀ ਅੰਮ੍ਰਿਤ ਵੇਲੇ ਉਠਦਾ ਹੈ, ਖੂਹ ਹੋਵੇ ਜਾਂ ਨਹਿਰ ਸਨਕੇਸੀ ਇਸ਼ਨਾਨ ਕਰਦਾ ਹੈ, ਫਿਰ ਗੁੜਦੀ ਸ੍ਰਦਾਇ. ਰਗੜਕੇ ਪੀਂਦਾ ਹੈ। ਇਹ ਕੋਈ ਘੱਟ ਕਰਾਮਾਤ ਹੈ? ਤੁਸੀਂ ਕਰਕੇ ਵੇਖੋ। ਭਾਈ ਜੀ ਚੁੱਪੀ ਸਾਧ ਗਏ।

## ਅੰਤਮ ਸਮਾਂ

ਸੰਤ ਆਪਣੇ ਸਮੇਂ ਦਾਨੇ ਸਨ, ਮਸਤਾਨੇ ਸਨ। ਮੱਥਾ ਖਿੜਿਆ-ਖਿੜਿਆ, ਉਦਾਸੀ ਕਦੇ ਸੁਪਨੇ ਵਿਚ ਨਾ ਆਈ, ਮੁਸਕਾਨ ਨੂੰ ਹੱਥੋਂ ਕਦੀ ਜਾਣ ਨਹੀਂ ਦਿੱਤਾ। ਉਹ ਇਸ ਰੰਗਮੰਚ ਤੇ ਲਗਭਗ 80 ਵਰ੍ਹੇ ਖੇਡਦੇ ਰਹੇ। ਸਦਾ ਗੁਲਾਬ ਨਿਆਈਂ। ਅੰਤ ਸਤਿਗੁਰੂ ਰਾਮ ਸਿੰਘ ਜੀ ਦੇ ਬਗੀਚੇ ਦੇ ਟਹਿਕਦੇ ਫੁੱਲ, ਝੱਖੜਾਂ, ਝਾਜਿਆਂ, ਵਾ, ਠੱਕਿਆਂ, ਗੜਿਆਂ, ਗੋਲਿਆਂ ਕਹਿਰਾਂ ਤੇ ਤੂਫਾਨਾਂ ਨਾਲ ਟਕਰਾਂਦਾ ਮੁਸੀਬਤਾਂ ਨੂੰ ਮਸ਼ਕਰੀਆਂ ਕਰਦਾ 1957 ਦੀ ਦੀਵਾਲੀ ਵਾਲੇ ਦਿਨ ਇਸ ਪੰਜ ਭੂਤਕੀ-ਸ਼ਰੀਰ ਨੂੰ ਤਿਆਗ, ਪੌਣ ਨਾਲ ਪੌਣ, ਮਿੱਟੀ ਨਾਲ ਮਿੱਟੀ ਘੁਲ ਮਿਲ ਗਿਆ। ਵਾਹ! ਖੇੜਿਆਂ ਦੇ ਸੋਮਿਆਂ! ਤੂੰ ਢੋਲ ਢਮੱਕਿਆਂ ਵਾਲੀ ਵਿਸਾਖੀ ਦੇ ਦਿਨ ਇਸ ਮੰਡਲ ਤੇ ਆਇਉਂ ਤੇ ਅਨਾਰਾਂ, ਫੁੱਲ ਝੜੀਆਂ ਦੇ ਚਮਕਾਰੇ ਮਾਰਦੀ ਰੌਸ਼ਨੀ ਵਾਲੇ ਦਿਨ ਉਡਾਰੀ ਮਾਰ ਗਿਉਂ।

ਉਨ੍ਹਾਂ ਦੀ ਅੰਤਮ ਅਰਦਾਸ ਸਮੇਂ ਭਾਰੀ ਮੇਲਾ ਹੋਇਆ। ਵਿਦਵਾਨਾਂ ਭਰਵੀਂ ਸ਼ਰਧਾਂਜਲੀ ਅਰਪਨ ਕੀਤੀ। ਸੰਤਾਂ ਦੀ ਸਿੱਖੀ ਫਿਲਾਸਫੀ ਦਾ ਇਹ ਵਡਮੁੱਲਾ ਗੁਰ ਸਦਾ ਸਾਮ੍ਹਣੇ ਰੱਖਣਾ ਲੋੜੀਂਦਾ ਹੈ ਕਿ ਸਿੱਖ ਗੁਰੂ ਸਾਊਂਹੇ ਕੁੱਤੇ ਵਾਲੀ ਬਿਰਤੀ ਰੱਖੇ। ਜਦ ਉਹ ਪੁਚਕਾਰੇ ਤਾਂ ਚਰਨਾਂ ਵਿਚ ਆਕੇ ਲੇਟ ਜਾਵੇ, ਜੇ ਝਿੜਕੇ ਤਾਂ ਪੂਛਲ ਵਲੇਟ ਇੱਕ ਪਾਸੇ ਬਹਿ ਜਾਵੇ, ਪਰ ਦੂਰ ਨਾ ਹੋਵੇ।

# ਇੰਦਰ ਮੋਹਣੀਆਂ

**ਸੰਤ ਦੇ ਸੰਗ ਦੀ, ਨਾਮ ਵਾਲੇ ਰੰਗ ਦੀ,**
**ਮਹਿਮਾ ਕਿਆ ਕਹਿਐ, ਮਹਿਮਾ ਕਿਆ ਰਹੀਐ।**

ਸੰਤ ਉਹ ਮਹਾਂ ਪੁਰਖ ਹੁੰਦੇ ਹਨ, ਜਿਹੜੇ ਵਿਚਰਦੇ ਮਾਤ ਲੋਕ ਤੇ ਹਨ, ਮਗਰ ਉਡਾਰੀਆਂ ਸਦਾ ਅਰਸ਼ਾਂ ਤੇ ਲਾਂਦੇ ਹਨ। ਇਹ ਉਹ ਹੰਸਲੇ ਹਨ, ਜਿਹੜੇ ਆਪ ਸੁੱਚੇ ਮੋਤੀਆਂ ਦਾ ਚੋਗ ਚੁਗਦੇ ਹਨ, ਤੇ ਦੂਜਿਆਂ ਨੂੰ ਚੁਗਣ ਦੀ ਪ੍ਰੇਰਨਾ ਦੇਂਦੇ ਹਨ, ਸੰਤ ਉਹ ਪਾਰਸ ਹਨ, ਜਿਹੜੇ ਧਾਤਾਂ ਨੂੰ ਕੇਵਲ ਸੋਨਾ ਹੀ ਨਹੀਂ ਬਣਾਉਂਦੇ ਸਗੋਂ ਆਪਣੇ ਵਰਗਾ ਪਾਰਸ ਬਣਾ ਦੇਂਦੇ ਹਨ, ਚੰਦਨ ਤਾਂ ਕੇਵਲ ਲਾਗੇ ਦੇ ਰੁੱਖਾਂ, ਬ੍ਰਿਛਾਂ ਨੂੰ ਸੁਗੰਧਿਤ ਕਰਦਾ ਹੈ, ਪਰ ਬਾਂਸ ਨੂੰ ਸੁਗੰਧਿਤ ਨਹੀਂ ਬਣਾ ਸਕਦਾ, ਮਗਰ ਸਾਧੂ ਉਹ ਚੰਦਨ ਹਨ, ਜਿਹੜੇ ਬਾਂਸ ਦੇ ਰੰਗ ਨੂੰ ਸੁਗੰਧੀ ਨਾਲ ਪਰਪੂਰ ਕਰ ਦੇਂਦੇ ਹਨ, ਸੰਸਾਰ ਤੇ ਅਨੇਕ ਤੀਰਥ ਹਨ, ਜਿੱਥੇ ਪ੍ਰਾਣੀ ਜੀਵਨ ਦਾ ਉਧਾਰ ਸਮਝਦੇ ਹਨ, ਮਗਰ ਸਾਧੂ ਉਹ ਤੀਰਥ ਹਨ, ਜਿਹੜੇ ਚਲਦੇ ਫਿਰਦੇ ਸੰਸਾਰੀਆਂ ਵਿਚ ਮੁਕਤੀ ਵੰਡਦੇ ਫਿਰਦੇ ਹਨ ਅਤੇ ਜਿੱਥੇ ਉਹ ਚਰਨ ਰਖਦੇ ਹਨ, ਉੱਥੇ ਤੀਰਥ ਰੱਚ ਦੇਂਦੇ ਹਨ।

ਸਾਧੂ ਦੀ ਸੰਗਤ ਨਾਲ ਮਲੀਨਤਾ ਦੂਰ ਹੁੰਦੀ ਹੈ, ਜਨਮ ਜਨਮਾਂਤਰਾਂ ਦੇ ਰੋਗ ਕੱਟੇ ਜਾਂਦੇ ਹਨ। ਜੀਆਂ ਕਲ ਮਲ ਇਉਂ ਨਸਦੇ ਹਨ ਜਿਵੇਂ ਲੱਖਾਂ ਮਣ ਲੱਕੜ ਨੂੰ ਅਗਨੀ ਦੇਵਤਾ ਛਿੰਨ ਭੰਗਰ ਵਿਚ ਸਾੜ ਕੇ ਸਵਾਹ ਕਰ ਦੇਂਦੀ ਹੈ। ਸਾਧੂ ਦੇ ਸੰਗ ਨਾਲ ਚੀਚ ਤੋਂ ਨੀਚ ਵੀ ਰਿਸ਼ੀਆਂ ਮੁਨੀਆਂ ਤੁਲ ਹੋ ਜਾਂਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਸਾਧੂ ਦੀ ਉਪਮਾ ਇਉਂ ਕਰਦੇ ਹਨ:-

**ਸਾਧ ਕੀ ਸੋਭਾ ਊਚ ਤੇ ਊਚੀ,**
**ਸਾਧ ਕੀ ਸੋਭਾ ਮੂਚ ਤੇ ਮੂਚੀ,**
**ਸਾਧ ਕੀ ਸਾਭਾ ਸਧ ਬਨ ਆਈ,**
**ਨਾਨਕ ਸਾਧ ਪ੍ਰਭ ਭੇਦ ਨ ਭਾਈ।**

ਸਤਿਗੁਰੂ ਰਾਮ ਸਿੰਘ ਜੀ ਦੇ ਘਰ ਦੇ ਅਨੇਕ ਸਾਧੂਆਂ ਵਿੱਚੋਂ ਸੰਤ ਅਤਰ ਸਿੰਘ ਜੀ ਸਨ, ਜਿਨ੍ਹਾਂ ਦਾ ਜਨਮ ਸ੍ਰ: ਸੁੰਦਰ ਸਿੰਘ, ਮਾਤਾ ਅਮਰ ਕੌਰ, ਪਿੰਡ ਸੰਬੜਵਾਲ ਜ਼ਿਲ੍ਹਾ ਸਿਆਲਕੋਟ ਵਿਚ ਲਇਆ, ਮਗਰ ਜੀਵਨ ਪਰ ਰੱਬੀ ਬਾਣੀ ਦੇ ਮੋਤੀ ਵਰਤਾਂਦਿਆਂ ਬਤੀਤ ਕੀਤਾ।

ਭਾਗ ਚੰਗੇ ਹੋਣ ਤਾਂ ਸੰਗਤ ਚੰਗੀ ਮਿਲਦੀ ਹੈ; ਭਾਗ ਚੰਗੇ ਹੋਣ ਤਾਂ ਪਵਿੱਤਰ ਖ਼ਿਆਲਾਂ ਵਾਲੇ ਮਾਪਿਆਂ ਘਰ ਜਨਮ ਹੁੰਦਾ ਹੈ; ਭਾਗ ਚੰਗੇ ਹੋਣ

ਤਾਂ ਲਾਇਕ ਅਧਿਆਪਕ ਮਿਲਦੇ ਹਨ। ਸੰਤ ਅਤਰ ਸਿੰਘ ਨੂੰ ਕਰਮਾਂ ਵਾਲੀ ਮਾਤਾ ਭਰਖਰੀ ਦੀ ਮਾਤਾ ਵਰਗੀ ਮਿਲ ਗਈ, ਜਿਸ ਨੇ ਅਤਰ ਸਿੰਘ ਨੂੰ ਦੁਨਿਆਵੀ ਬਖੇੜਿਆਂ ਤੋਂ ਬਚਾ ਕੇ ਸੰਤ ਬੰਤਾ ਸਿੰਘ ਦੀ ਸੇਵਾ ਵਿਚ ਹਾਜਰ ਕਰ ਦਿੱਤਾ, ਜਿਨ੍ਹਾਂ ਦੇ ਦੁਆਲੇ ਸਦਾ ਸੱਚਖੰਡ ਬਣਿਆ ਰਹਿੰਦਾ। ਸੰਤ ਬੰਤਾਂ ਸਿੰਘ ਜੀ ਅਤਰ ਸਿੰਘ ਦੇ ਕੰਨ ਵਿਚ ਫੂਕ ਮਾਰੀ। ਵੁਹ ਫੂਕ ਕੇਹੀ ਸੀ? ਜੇਹੀ ਕਬੀਰ ਨੂੰ ਸਵਾਮੀ ਰਾਮਾਨੰਦ ਮਾਰੀ ਸੀ, ਜੈਸਾ ਬਾਲ ਥਰੂ ਨੂੰ ਵੱਜੀ ਸੀ; ਬਸ।

**ਬਾਬਾ ਮੇਰਾ ਆਉਣ ਜਾਣ ਰਹਿਓ,**
**ਤਪਤ ਕੜ੍ਹਾਹ ਬੁਜ ਗਿਆ ਗੁਰਸੀਤਲ ਨਾਮ ਦੀਓ।**

ਕਿੱਥੇ ਬਾਲ ਕਾਲ ਦੇ ਯੁਵਕ, ਜਿਨ੍ਹਾਂ ਬਾਰੇ ਬਾਣੀ ਵਿਚ ਆਇਆ ਹੈ:-

**ਤੀਜੇ ਭਈਆਂ ਭਾਰੀ ਬੇਬ,**
**ਚੌਥੇ ਪਿਆਰ ਉਪੰਨੀ ਖੇਡ।**
**ਪੰਜਵੇਂ ਖਾਣ ਪੀਣ ਕੀ ਧਾਤ,**
**ਛੇਵੇਂ ਕਾਮ ਨ ਪਛੇ ਜਾਹਿ।**

ਮਗਰ ਸੰਤ ਬੰਤਾਂ ਸਿੰਘ ਦਾ ਸੰਗਤਿ ਨਾਲ ਅਤਰ ਸਿੰਘ ਦੀ ਇਹ ਅਵਸਥਾ ਦੱਬੀਆਂ ਗਈਆਂ। ਇਨ੍ਹਾਂ ਨੂੰ ਖਾਣ ਨਾ ਪੀਣ ਅੱਠੇ ਪਹਿਰ ਸੇਵਾ ਜਾਂ ਬੰਦਗੀ। ਜਥੇਦਾਰ ਬਲਕਾਰ ਸਿੰਘ ਦੱਸਦੇ ਹਨ, ਕਿ ਸੰਤ ਬੰਤਾ ਸਿੰਘ ਜੀ ਜਦ ਚੌਕੜਾ ਮਾਰ ਭਜਨ ਕਰਨ ਬੈਠਣਾ ਤਾਂ ਅਤਰ ਸਿੰਘ ਵੀ ਲਾਗੇ ਚੌਕੜਾ ਮਾਰ ਬਹਿ ਜਾਣਾ। ਜੇ ਨੰਗੇ ਤੇ ਨੰਗੇ, ਭਾਵੇਂ ਗਰਮੀ ਭਾਵੇਂ ਸਬਦੀ; ਕਛਹਿਰਾ ਗਿੱਲਾ ਜਾਂ ਸੁੱਕਾ, ਕੋਈ ਪਰਵਾਹ ਨਹੀਂ। ਸੰਤ ਬੰਤਾ ਸਿੰਘ ਜਿਹੜੇ ਦੇਸ਼ ਦੀ ਸੈਰ ਨੂੰ ਜਾਣ, ਇਹ ਵੀ ਮਗਰੇ ਮਗਰ। ਜੇ ਸੰਤਾਂ ਦੀਵਾਨ ਲਾਣਾਂ ਤਾਂ ਅਤਰ ਸਿੰਘ ਛੈਣੇ ਫੜ ਮਸਤੀ ਦੇ ਸਾਗਰ ਵਿਚ ਖ਼ੂਬ ਪ੍ਰੇਮ ਨਾਲ ਟੁਬੀਆਂ ਮਾਰਨੀਆਂ; ਤੇ ਕੀਰਤਨ ਦਾ ਰੂਪ ਹੋ ਜਾਣਾ। ਸੰਤ ਬੰਤਾ ਸਿੰਘ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਬੰਦੇ ਬਹਾਦਰ ਦਾ ਖ਼ਿਤਾਬ ਬਖਸ਼ਿਆ ਹੋਇਆ ਸੀ, ਕਿਉਂਕਿ ਗੋਰੀ ਸਰਕਾਰ ਦੀ ਸੁਹਿ ਤੇ ਸਿੰਘ ਸਭੀਏ ਨਾਮਧਾਰੀਆਂ ਦੇ ਦੀਵਾਨਾਂ ਵਿਚ ਰੋਲਾ ਪਵਾਂਦੇ ਸਨ, ਮਗਰ ਸੰਤਾਂ ਦਾ ਜਥਾ ਜਿਧਰ ਮੂੰਹ ਕਰਦਾ ਧਮਕਾਂ ਪੈਦੀਆਂ ਜਾਂਦੀਆਂ। ਕਰਤਾਰ ਸਿੰਘ ਝਬਰ ਤੇ ਮੂਲ ਸਿੰਘ ਗਰਮੂਲੀਏ ਵਰਗੇ ਬੋਰੀਆ ਬਿਸਤਰ ਗੋਲ ਇਉਂ ਟੁਰ ਪੈਂਦੇ ਜਿਵੇਂ ਵਾ ਦੇ ਬੁਲੇ ਅੱਗੇ ਸੁੱਕੇ ਪੱਤੇ। ਸੰਤ ਅਤਰ ਸਿੰਘ ਸੰਤ ਬੰਤਾ ਸਿੰਘ ਦੀ ਲਗਪਗ ਪੰਦਰ੍ਹਾਂ ਵਰ੍ਹੇ ਸੇਵਾ ਕੀਤੀ। ਸੁਰਤੀ ਉੜ੍ਹਾ ਹੀ ਉੜ੍ਹਾ ਚੜ੍ਹਦੀ ਈ। ਗੁਡੀ ਦੀ ਡੋਰ ਢਿੱਲੀ ਨਹੀਂ ਹੋਣ ਦਿੱਤੀ, ਸਗੋਂ ਪੌਣ ਦੇ ਖਿਚਾਉ ਸਦਕਾ ਅਕਾਸ਼ ਵਲ ਵਧਦੀ ਗਈ।

ਇਨ੍ਹਾਂ ਪੰਦਰ੍ਹਾਂ ਸਾਲਾਂ ਵਿਚ ਸੰਤ ਅਤਰ ਸਿੰਘ ਜੀ ਨੂੰ ਪੂਰੇ ਖੰਭ ਨਿਕਲ ਆਏ। ਉਹ ਅਕਾਸ਼ਾਂ ਦੀ ਸੈਰ ਖ਼ਾਤਰ ਫੜਫੜਾਣ ਲੱਗੇ। ਮਾਤਾ ਤਾਂ ਕੇਵਲ ਅਤਰ ਸਿੰਘ ਨਾਉਂ ਦਿੱਤਾ ਸੀ, ਮਗਰ ਬੰਤਾ ਸਿੰਘ ਦੇ ਅੰਤਾਰ ਨੇ ਸਤਿਗੁਰੂ

ਪ੍ਰਤਾਪ ਸਿੰਘ ਜੀ ਦੀ ਕਿਰਪਾ ਨਾਲ ਇਨ੍ਹਾਂ ਨੂੰ ਹਰ ਪ੍ਰਕਾਰ ਦੇ ਅਤਰਾਂ ਦਾ ਸੋਮਾ ਬਣਾ ਦਿੱਤਾ। ਕੀ ਗੁਲਾਬ, ਕੀ ਚੰਬੇਲੀ, ਕੀ ਕਿਉੜਾ ਸਭ ਰੂਹ ਲਬਾ ਲਬ।

ਸੰਤਾਂ ਦਾ ਤਿੱਖਾ ਨੱਕ, ਰੂਹਾਨੀ ਮੱਥਾ, ਰੱਬੀ ਰੰਗ ਵਿਚ ਰੰਗਿਆ ਬੋਲ ਸੁੱਤੇ ਹੀ ਸ੍ਰੋਤਿਆਂ ਨੂੰ ਦਿਉਂ ਕੀਲੀ ਜਾਂਦਾ ਜਿਵੇਂ ਮਿਕਨਾਤੀਸ ਲੋਹੇ ਨੂੰ ਆਪਣੇ ਵਲ ਖਿੱਚ ਲੈਂਦਾ ਹੈ। ਇਨ੍ਹਾਂ ਦੀ ਢੋਲਕ ਵਿਚ ਰਸ, ਇਨ੍ਹਾਂ ਦੇ ਛੈਣਿਆਂ ਵਿਚ ਰੱਸ, ਇਨ੍ਹਾਂ ਦਾ ਇੰਦਰ ਮੋਹਣੀਆਂ ਵਿਚ ਜਾਦੂ, ਇਨ੍ਹਾਂ ਦੇ ਕੀਰਤਨ ਵਿਚ ਅੰਮ੍ਰਿਤ। ਢੋਲਕੀ ਤੇ ਥੱਪਾ ਵਜਿਆ ਨਹੀਂ ਕਿ ਕਲੈਜਿ ’ਚ ਧਰੂਹ ਪਈ ਨਹੀਂ; ਸ੍ਰੋਤੇ ਇਉਂ ਫੁਟਕ ਫੁਟਕ ਪੈਂਦੇ ਜਿਵੇਂ ਬੰਦੂਕ ਦੇ ਸ਼ੱਰਰੇ ਪੰਛੀਆਂ ਨੂੰ ਘਾਇਲ ਕਰ ਦੇਂਦੇ ਹਨ। ਇਨ੍ਹਾਂ ਦੇ ਦੀਵਾਨ ਵਿਚ ਮਸਤੀ ਦਾ ਆਕਾਸ਼ ਤਣ ਜਾਂਦਾ। ਇਨ੍ਹਾਂ ਦਾ ਕੀਰਤਨ ਕੋਈ ਲਿਫ਼ਾਫ਼ੇ ਦਾ ਕੀਰਤਨ ਨਹੀਂ ਸੀ, ਪੈਸੇ ਇਕੱਠੇ ਕਰਨ ਦਾ ਸਾਧਨ ਨਹੀਂ ਸੀ, ਇਨ੍ਹਾਂ ਦਾ ਕੀਰਤਨ ਸੀ, ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ ਖ਼ੁਸ਼ੀਆਂ ਵਾਸਤੇ। ਕਈ ਪ੍ਰਚਾਰਕ ਉਹ ਹਨ ਜਿਨ੍ਹਾਂ ਘੰਟਾ ਦੋ ਘੰਟੇ ਕੀਰਤਨ ਕਰਨਾ, ਮੁੜ ਬਸ, ਵਿਹਲੇ ਟਿਚਕਰਬਾਜੀ ਜਾਂ ਹੋਛਾਪਨ, ਮਗਰ ਇਏ ਕੀਰਤਨ ਵੀ ਕਰਦੇ ਤੇ ਨਿਤਨੇਮ ਵੀ ਪੂਰਾ ਨਿਭਾਉਂਦੇ। ਜੇ ਕਿਸੇ ਵੇਲੇ ਕੀਰਤਨ ਕਰਦਿਆਂ ਰਾਤ ਢਲ ਜਾਵੇ ਤਾਂ ਫਿਰ ਬ੍ਰਾਜਣਾ ਨਹੀਂ, ਇਸ਼ਨਾਨ ਪਾਨ ਕਰ, ਰਾਗੀਆਂ ਦੇ ਦੀਵਾਨ ਵਿਚ ਜਾ ਮਾਲਾ ਫੇਰਨੀ। ਇਨ੍ਹਾਂ ਦਾ ਜਥਾ ਭਾਵੇਂ ਧਰਮ-ਪੁੱਤਰੀ ਨਾਲ ਪਿਆਰ ਪਾਵੇ ਮਗਰ ਇਹ ਆਸ਼ਿਕ ਸਦਾ ਮਸ਼ੂਕ ਦੀਆਂ ਅਰਦਲ ਵਿਚ। ਇਨ੍ਹਾਂ ਦੀਆਂ ਇੰਦਰ ਮੋਹਣੀਆਂ (ਖੜਤਾਲਾਂ) ਵਿਚ ਜਾਦੂ, ਜਦ ਸੰਤਾਂ ਉਨ੍ਹਾਂ ਨੂੰ ਹੱਥ ਵਿਚ ਫੜ ਲੈਂਦਾ ਤੇ ਅਕਾਸ਼ ਵਲ ਝਾਕਣਾਂ ਤਾਂ ਇੰਦਰ ਰਾਜੇ ਹੱਥ ਜੋੜ ਹਾਜ਼ਰ ਹੋਣਾ। ਇਹ ਆਲਫ ਲਿਲਾ ਦੀ ਕਹਾਣੀ ਨਹੀਂ, ਅਜਮੂਦਾ ਹੈ ਅਜਮੂਦਾਹ। ਜਦ ਸੰਤਾਂ ਮਸਤੀ ਵਿਚ ਆ ਜਾਣਾ ਤਾਂ ਆਪਾ ਭੁੱਲ ਜਾਂਦੇ ਹਨ ਤੇ ਕੱਪੜੇ ਲੀਰੋ ਲੀਰ ਕਰ ਦੇਂਦੇ। ਸੰਤਾਂ ਨੇ ਆਪਣੇ ਸਮੇਂ ਵਿਚ ਮਾਝਾ, ਮਾਲਵਾ, ਦੁਆਬਾ, ਪੋਠੋਹਾਰ, ਕਸ਼ਮੀਰ, ਲਖਨਊ ਬੰਬਈ, ਕਾਨਪੁਰ, ਸਿੰਧ ਆਦਿ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਹੁਕਮ ਪਾ ਕੇ ਸਤਿਗੁਰੂ ਰਾਮ ਸਿੰਘ ਦੇ ਨਾਉਂ ਦਾ ਡੰਕਾ ਵਜਾਇਆ ਤੇ ਉਨ੍ਹਾਂ ਦੇ ਝੰਡੇ ਨੂੰ ਹੋਰ ਉਚੇਰਾ ਕੀਤਾ ਇਨ੍ਹਾਂ ਉਹ ਅਤਰ ਵਰਸ਼ਾ ਕੀਤੀ ਕਿ ਬਾਬੇ ਨਾਨਕ ਦੀ ਹੱਟੀ ਨੂੰ ਦੋਹੀ ਦੋਹੀ ਹੱਥੀਂ ਲੁਟਾਇਆ, ਹਜ਼ਾਰਾਂ ਨਰ-ਨਾਰੀਆਂ ਅੰਮ੍ਰਿਤ ਦੇ ਜਾਮ ਭਰ ਭਰ ਪੀਤੇ। ਸ਼ਰਾਬ, ਮਾਸ, ਚੋਰੀ ਯਾਰੀ ਤੋਂ ਜਗਤ ਝੂਠ ਤੋਂ ਤੌਬਾ ਕੀਤੀ। ਗੁਰੂ ਰਾਮ ਸਿੰਘ ਜੀ ਦੇ ਜਹਾਜ਼ ਦੇ ਟਿਕਟ ਲੈ ਕੇ ਦਿੱਤੇ। ਤੇ ਭਵ ਸਾਗਰੋਂ ਬੇੜਾ ਪਾਰ ਕੀਤਾ। ਇਸ ਸਭ ਕੁਝ ਦੇ ਬਾਵਜੂਦ ਮਾਣ ਨਹੀਂ ਹੋਇਆ; ਹੰਕਾਰ ਦੇ ਹਾਥੀ ਦੀ ਸਵਾਰੀ ਨਹੀਂ ਕੀਤੀ। ਸਦੇਵ ਨਿਮਰਤਾ ਦੇ ਕੋਮਲ ਫੁੱਲਾਂ ਦਾ ਅਨੰਦ ਮਾਣਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਚਰਨ ਧੂੜ ਨੂੰ ਮਖ਼ਮਲੀ ਗਦੇਲਿਆਂ ਨਾਲੋਂ ਵਿਸ਼ੇਸ਼ਤਾ ਦਿੱਤੀ। ਸ੍ਰੀ ਭੈਣੀ ਸਾਹਿਬ ਦੀਆਂ ਕੁਲੀਆਂ ਤੇ ਢਾਰਿਆਂ ਵਿਚ

ਰਾਜ ਮਹਲਾਂ ਤੇ ਅਟਾਰੀਆਂ ਨਾਲੋਂ ਵਧੇਰੇ ਸੁੱਖ ਪ੍ਰਤੀਤ ਕੀਤਾ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਇਸ਼ਾਰੇ ਨੂੰ ਇਉਂ ਸਮਝਿਆ ਜਿਵੇਂ ਸ਼ਹਿਨਸ਼ਾ ਦੇ ਹੁਕਮ ਨੂੰ ਉਸਦਾ ਅਰਦਲੀਆਂ ਇਹ ਉਸ ਵੇਲੇ ਪ੍ਰਤੱਖ ਹੋ ਸਾਮ੍ਹਣੇ ਆਇਆ, ਜਦ ਘਸੀਟ ਪੁਰ ਜ਼ਿਲ੍ਹਾ ਗੁਰਦਾਸ ਪੁਰ ਮਸਤੀ ਵਿਚ ਗਾਉਂਦਿਆਂ ਇਹ ਪੜ੍ਹਿਆ:-

ਲਗੀਆਂ ਵਾਲੇ ਜਾਣੇ ਬੇਦਰਦਾਂ ਨੂੰ ਕੀ.....ਸਵਾਸ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਅਰਪਨ ਕਰ ਸੱਚਖੰਡ ਵਿਚ ਜਾ ਆਸਣ ਜਮਾਏ।

ਇੱਕ ਵੇਰ ਸੰਤਾਂ ਸੁਧ ਸਿੰਘ ਝਭਾਲ ਜ਼ਿਲ੍ਹਾ ਅੰਮ੍ਰਿਤਸਰ ਜਾ ਦਰਸ਼ਨ ਦਿੱਤੇ। ਉੱਥੇ ਭਾਈ ਰੂੜ ਸਿੰਘ ਨਾਮਧਾਰੀ ਇਕੱਲਾ ਹੀ ਰਹਿੰਦਾ ਸੀ। ਉਸਦਾ ਚਾਚਾ ਵੀ ਉੱਥੇ ਵਸਦਾ ਸੀ, ਪਰ ਉਸਦੇ ਖ਼ਿਆਲ ਵੱਖਰੇ ਸਨ ਅੱਧਾ ਪਿੰਡ ਮੁਸਲਮਾਨਾਂ ਦਾ ਸੀ ਤੇ ਉਹ ਵੀ ਭੋਏ ਦੇ ਮਾਲਕ। ਬਾਕੀ ਸਿੰਘ ਸਭੀਆਂ ਦੇ ਅਸਰ ਹੇਠਾਂ ਸਨ। ਜਦ ਰਾਤ ਪਈ ਤਾਂ ਰੂੜ ਸਿੰਘ ਅਰਜ਼ ਕੀਤੀ, ਸੰਤ ਜੀ ਦੀਵਾਨ ਦੀ ਕਿਰਪਾ ਕਰੋ। ਪਰ ਲਾਈਏ ਕਿੱਥੇ? ਪਿੰਡ ਖੁਲਿਆ ਦਾ ਹੈ, ਅੱਧੇ ਮੁਸਲਮਾਨ ਹਨ। ਸੱਥ ਵਿਚ ਪੇਸ਼ ਨਹੀਂ ਜਾਣੀ' ਸੰਤਾਂ ਬਚਨ ਕੀਤਾ ਆਪਣੇ ਕੋਠੇ ਤੇ ਲਾਨੇ ਆਂ। ਗੁਰੂ ਕਾ ਜਸ ਕਰਨਾ ਏ, ਕਿਹੜੀ ਥਾਲੀ ਫੇਰਨੀ ਏ, ਰੂੜ ਸਿੰਘ ਦਾ ਮਨ ਹਰਾ ਹੋ ਗਿਆ। ਖੇਸ ਟਾਟ ਆਦਿ ਕੋਠੇ ਤੇ ਵਿਛਾ ਦਿੱਤੇ। ਸੰਤਾਂ ਦੇ ਜਥੇ ਢੋਲਕੀ ਖੋਲੀ ਤੇ ਵਜਾਣੀ ਸ਼ੁਰੂ ਕਰ ਦਿੱਤੀ। ਆਂਢ ਗੁਆਂਢ ਕੰਨ ਚੁੱਕ ਲਏ। ਸੁਰਤਾਂ ਖਿੱਚ ਗਈਆਂ।

ਬੰਦਨਾਂ ਉਪਰੰਤ ਸੰਤਾਂ ਧਾਰਨਾ ਲਈ ਦਿੱਤੀ:-

**ਬਾਂਗ ਨਹੀ ਜਗਦੇ, ਭਾਗ ਜਿਨਾਂ ਦੇ ਮਾੜੇ।**

ਬਾਂਗ ਦਾ ਸ਼ਬਦ ਸੁਣ, ਮੁਸਲਮਾਨ ਕੋਠਿਆਂ ਦੀਆਂ ਛੱਤਾਂ ਤੇ ਇਕੱਠੇ ਹੁੰਦੇ ਗਏ ਤੇ ਲਾਗੇ ਲਾਗੇ ਢੁੱਕਣ। ਸੰਤਾਂ ਵੀ ਪ੍ਰਕਰਣ ਮੁਸਲਮਾਨੀ ਅਰੰਭ ਦਿੱਤਾ ਗੁਰਬਾਣੀ ਦੇ ਅਧਾਰ ਤੇ:-

(ੳ) ਮੁਸਲਮਾਨ

(ਅ) ਪੰਜਨਵਾਂ ਜਾਂ ਪੰਜ ਨਾਉ

ਸੰਤਾਂ ਕਾਜ਼ੀ ਰੁਕਨਦੀਨ ਨਾਲ ਗੁਰੂ ਨਾਨਕ ਦੇਵ ਜੀ ਨਾਲ ਵਿਚਾਰ, ਮਦੀਨੇ ਦੇ ਗੋਸ਼ਟ ਦੇ ਪ੍ਰਸੰਗ, ਬਗ਼ਦਾਦ ਦੇ ਪੀਰ ਨਾਲ ਵਾਰਤਾਲਾਪ ਬੜੇ ਰੋਚਕ ਢੰਗ ਨਾਲ ਵਰਨਣ ਕੀਤੇ। ਸ੍ਰੋਤੇ ਬੁੱਤ ਬਣ ਸੁਣਦੇ ਗਏ। ਅੰਤ ਬੁੱਲ੍ਹੇਸ਼ਾਹ ਦੀ ਕਾਫੀਆਂ ਅਰੰਭ ਦਿੱਤੀਆਂ:-

**ਅਸਾਂ ਰੱਬ ਤੋਂ ਕੀ ਲੈਣਾਂ**
**ਸਾਨੂੰ ਯਾਰ ਮਿਲ ਗਿਆ।**

ਸਾਨੂੰ ਯਾਰ ਮਿਲ ਗਿਆ, ਸਾਨੂੰ ਯਾਰ ਮਿਲ ਗਿਆ ਨਾਲੇ ਨਿਰਤ, ਨਾਲ ਹੀ ਯਾਰ ਮਿਲ ਗਿਆ। ਸਭ ਦੇ ਮਨ ਧਰੂਹ ਲਏ। ਮੁਸਲਮਾਨਾਂ ਨੇ ਮੁਸਲਮਾਨੀਂ ਦੇ ਸਿਰ ਹਿਲਣੇ ਸ਼ੁਰੂ ਹੋ ਗਏ। ਸਭ ਪਾਸਿਉਂ ਅਲਾ ਹੂ, ਅਲਾ ਹੂ ਹੁੰਦੀ ਧੁਨੀ ਨਿਕਲੇ। ਇਸੇ ਵਜਦ ਵਿਚ ਦੀਵਾਨ ਦੀ ਸਮਾਪਤੀ ਹੋ ਗਈ।

ਅਗਲੇ ਦਿਨ ਸਿਆਣੇ ਸਿਆਣੇ ਮੁਸਲਮਾਨ ਰੂੜ ਸਿੰਘ ਦੇ ਘਰ ਆਏ ਤੇ ਆਖਿਆ ਰੂੜ ਸਿੰਘ! 'ਸੰਤਾਂ ਨੂੰ ਅਰਜ਼ ਕਰੋ, ਅੱਜ ਦੀਵਾਨ ਮੁੜ ਲੱਗੇ। 'ਕੋਲੋਂ ਸੰਤਾਂ ਕਿਹਾ, ਸਾਡੇ ਹੱਲ ਪੰਜਾਲੀਆਂ ਤਾਂ ਇਹੋ ਹਨ। ਅਸੀਂ ਦੀਵਾਨ ਲਾਵਾਂਗੇ, ਥਾਂ ਤੁਸੀਂ ਚੁਣ ਲਵੋ' 'ਜਗ੍ਹਾ ਚੁਣੀ ਚੁਣਾਈ ਏ ਪਿੰਡ ਦੀ ਸਥ। ਸਭ ਉੱਥੇ ਪਹੁੰਚ ਜਾਣਗੇ' ਪਰ ਤੁਸੀਂ ਨਹੀਂ ਜਾਣਦੇ? ਸਿੰਘ ਸਭੀਏ ਨਾਮਧਾਰੀਆਂ ਨਾਲ ਈਰਖਾ ਰਖਦੇ ਹਨ। ਉਨ੍ਹਾਂ ਸੰਤਾਂ ਦਾ ਦੀਵਾਨ ਨਹੀਂ ਲੱਗਣ ਦੇਣਾ। ਉਹ ਸੱਥ ਦੇ ਚਾਚੇ ਲੱਗਦੇ ਨੇ? ਅਸੀਂ ਵੀ ਪਿੰਡ ਵਿਚ ਵਸਦੇ ਹਾਂ, ਸਾਡਾ ਵੀ ਹਿੱਸਾ ਹੈ। ਸੰਤ ਜੀ! ਤੁਸੀਂ ਉੱਥੇ ਕਿਰਪਾ ਕਰੋ, ਤੁਸੀਂ ਕਿਹੜੀ ਹੀਰ ਪੜ੍ਹਨੀ ਏ? ਸਭ ਸਹਿਮਤ ਹੋ ਗਏ।

ਅਗਲੀ ਰਾਤ ਢੋਲਕੀ ਸੱਥ ਵਿਚ ਵੱਜੀ। ਦੂਜਾ ਭਾਈਚਾਰਾ ਵੀ ਆਇਆ। ਮੁਸਲਮਾਨ ਵੀ ਆਏ ਪਰ ਖ਼ਾਲੀ ਕੋਈ ਹੱਥ ਵੀ ਨਾ। ਕਿਸੇ ਕੋਲ ਲਾਠੀ, ਕਿਸੇ ਪਾਸ ਕੁਹਾੜੀ। ਜਿਹੜਾ ਆਵੇ ਪਹਿਲਾਂ ਸੰਤਾਂ ਨੂੰ ਨਮਸਕਾਰ ਕਰੇ, ਮੁੜ ਦੀਵਾਨ ਵਿਚ ਬੈਠੇ। ਖੁਲੇ ਭਰਾ ਵੇਖਣ ਤੇ ਹੈਰਾਨ ਹੋਣ, ਇਹ ਕੀ ਮਾਜਰਾ ਹੈ। ਕੀਰਤਨ ਹੁੰਦਾ ਗਿਆ। ਅੱਜ ਦਾ ਪ੍ਰਕਰਣ ਸੀ।

**'ਮਿਲਬੇ ਕੀ ਮਹਿਮਾ ਬੁਰਨ ਨ ਸਾਕੌਂ ਨਾਨਕ ਪਰੇ ਪ੍ਰੀਲਾ'**

ਸੰਤ ਬੜੇ ਪ੍ਰੇਮ ਨਾਲ ਕਹਿ ਰਹੇ ਸਨ; ਸਭ ਥਾਈਂ ਉਹ ਅਕਾਲ ਪੁਰਖ ਹੈ। ਸਭ ਵਿਚ ਉਸਦਾ ਜਲਵਾ ਹੈ; ਸਭ ਪਾਸੇ ਉਸਦਾ ਨੂਰ ਹੈ:

ਲੋਗਾ ਭਰਮ ਨ ਭੂਲੋ ਭਾਈ<br>ਖਾਲਿਕ ਖਲਕ, ਪਲਕ ਮਹਿ ਖਾਲਿਕ<br>ਪੂਰ ਰਹਿਉਂ ਸਭ ਠਾਈਂ

ਦੀਵਾਨ ਵਿਚ ਰੂੜ ਸਿੰਘ ਦਾ ਚਾਚਾ ਵੀ ਆਇਆ ਹੋਇਆ ਸੀ। ਤੇ ਡਾਂਗ ਦੇ ਸਿਰੇ ਤੇ ਠੋਡੀ ਰਖ ਖੜਾ ਸੀ। ਸਭ ਕੁਝ ਸੁਣ ਸੁਣਾ ਰਿਹਾ ਸੀ। ਪਰ ਕਰਤੇ ਐਸੀ ਕਿਰਪਾ ਕੀਤੀ, ਔਰ ਕਿ ਉਹ ਧੜਮ ਕਰਕੇ ਡਿੱਗਾ, ਸੰਤਾਂ ਦੇ ਚਰਨਾਂ ਤੇ ਜਾ ਢੱਠਾ। ਕਿਨਾਂ ਚਿਰ ਮਸਤੀ ਵਿਚ ਲੇਟਿਆ ਰਹਿਆ, ਪਰ ਜਦ ਹੋਸ਼ ਆਈ ਤਾਂ ਕਲਿਜੁਗ ਨੇ ਉਸ ਅੰਦਰ ਪ੍ਰਵੇਸ਼ ਕਰ, ਉਸ ਨੂੰ ਦੀਵਾਨ ਤੋਂ ਇਉਂ ਨਠਾਇਆ ਜਿਵੇਂ ਧਾੜਵੀਂ ਵਾਹਰ ਅੱਗੇ ਨੱਸਦੇ ਹਨ। ਮਗਰ ਪਿੰਡ ਦੇ ਅਨੇਕ ਸਿੱਖਾਂ, ਮੁਸਲਮਾਨਾਂ, ਖ਼ੱਤਰੀਆਂ ਮਹਿਰੀਆਂ ਮਾਸ, ਸ਼ਰਾਬ ਦਾ ਤਿਆਗ ਕਰ, ਭਜਨ ਪੁੱਛ ਦੇਵਤਿਆਂ ਦੀ ਸੰਗਤ ਨਾਲ ਜਾ ਰਲੇ।

ਇਸ ਸਮੇਂ ਸੰਤ ਜੀ ਤਪਿਆਂ ਦੇ ਕਟਲੇ ਜ਼ਿਲ੍ਹਾਂ ਸਿਆਲਕੋਟ ਦਰਸ਼ਨ ਦਿੱਤੇ। ਬਾਵਾ ਹਰਬੰਸ ਸਿੰਘ ਸੰਤਾਂ ਤੇ ਸ਼ਰਧਾ ਰਖਦੇ ਸੀ ਤੇ ਸੰਤਾਂ ਦਾ ਸੇਵਕ ਬਣੇ ਸੀ। ਉਸੇ ਨਗਰ ਇੱਕ ਮੁਸਲਮਾਨ ਨੌਜਵਾਨ, ਚਰਾਗਦੀਨ ਖੈਰਦੀਨ ਮਿਸਤਰੀ ਦਾ ਲੜਕਾ ਉਸ ਵੀ ਸੰਤਾਂ ਪਾਸੋਂ ਭਜਨ ਪੁੱਛਿਆ ਹੋਇਆ ਸੀ। ਭਾਗ ਆਪੋ ਆਪਣੇ ਚਰਾਗਦੀਨ ਨੂੰ ਭਜਨ ਦਾ ਬੜਾ ਸਵਾਦ ਆਇਆ। ਸਮਾਂ ਪਾਕੇ ਚਰਾਗਦੀਨ ਦੀ ਕੁੜਮਾਈ ਦਾ ਪ੍ਰਬੰਧ ਹੋ ਗਿਐ ਪਰ ਜਿੱਥੇ ਲੱਗੇ ਪ੍ਰੇਮ

ਤਮਾਚੇ ਘਰ ਦੇ ਕਮੋਂ ਗਈਆਂ। ਇਹੋ ਹਿਸਾਬ ਚਰਾਗਦੀਨ ਨਾਲ ਹੋਇਆ। ਕੁੜਮਾਈ ਵਾਲੇ ਦਿਨ ਸਾਕ ਸੰਬੰਧੀ ਆ ਜੁੜੇ, ਮਗਰ ਚਰਾਗਦੀਨ ਕਹੇ।

'ਚਾਚਾ! ਮੈਂ ਕੁੜਮਾਈ ਨਹੀਂ ਕਰਾਉਣੀ।'

'ਵਜਾ?'

'ਵਜਾ, ਮੇਰਾ ਪੀਰ ਨਹੀਂ ਆਇਆ।'

'ਕਿਹੜਾ ਪੀਰ?'

'ਉਹ ਖੜਤਾਲਾਂ ਵਜਾਉਣ ਤੇ ਮੀਹ ਪਵਾਉਣ ਵਾਲਾ।'

'ਪਾਗ਼ਲ ਸੁਹਰਾ! ਉਹ ਸਿੱਖ ਅਸੀਂ ਮੋਮਨ, ਇਹ ਠੀਕ ਹੈ? ਕਿ ਉਹ ਦਰਵੇਸ਼ ਹੈ, ਸਿੱਖਾਂ ਵਿਚ ਮੰਨਿਆ ਪ੍ਰਮੰਨਿਆ ਹੈ, ਪਰ ਅਸੀਂ ਰਸੂਲ ਵਾਲੇ ਹਾਂ, ਸਾਡਾ ਉਨ੍ਹਾਂ ਨਾਲ ਬਰ ਨਹੀਂ ਮਿਲਦਾ। ਇਸ ਕੰਮ ਵਿਚ ਕੀ ਵਾਸਤਾ?

'ਨਹੀਂ ਚਾਚਾ, ਮੈਂ ਉਨ੍ਹਾਂ ਪਾਸੋਂ ਕਲਮਾਂ ਪੁੱਛਿਆ ਹੋਇਆ ਹੈ।'

'ਕਿਹੜਾ ਕਲਮਾਂ?'

'ਦੱਸਣ ਦਾ ਹੁਕਮ ਨਹੀਂ।'

ਅਕਲ ਦੀ ਗੱਲ ਕਰ! ਘਰ ਰਿਸ਼ਤੇਦਾਰ ਆਏ ਹੋਏ ਹਨ! ਮਲਵੀ ਸਾਹਿਬ ਬੈਠੇ ਹਨ। ਉਨ੍ਹਾਂ ਦੇ ਸਾਮ੍ਹਣੇ ਇਹ ਭੰਡੀ ਚੰਗੀ ਨਹੀਂ ਲੱਗਦੀ।

'ਸਿੱਖਾਂ ਨੂੰ ਬੁਲਾਂਦੇ ਚੰਗੇ ਲੰਗਦੇ ਆਂ?'

'ਭਾਵੇਂ ਕੁਝ ਹੋਵੇ ਉਨ੍ਹਾਂ ਦੇ ਆਏ ਬਿਨਾਂ ਮੈਂ ਵੀ ਰੁਪਿਆ ਤਲੀ ਤੇ ਨਹੀਂ ਧਰਾਣਾ।' ਚਰਾਗਦੀਨ ਨੇ ਡੱਟ ਕੇ ਕਿਹਾ। 'ਵਿਚਾਰਾ ਖੈਰਦੀਨ ਮਜਬੂਰ ਹੋ ਗਿਆ। ਉਸ ਹਰਬੰਸ ਸਿੰਘ ਬਾਵੇ ਅੱਗੇ ਅਰਜ਼ ਕੀਤੀ, ਉਹ ਸੰਬੜਵਾਲ ਗਿਆ ਤੇ ਸੰਤਾਂ ਨੂੰ ਨਾਲ ਲੈ ਆਇਆ। ਜਦ ਸੰਤਾਂ ਦਾ ਜਥਾ ਕੋਟਲੇ ਦੇ ਲਾਗੇ ਆਇਆ ਤੇ ਢੋਲਕੀ ਵੱਜੀ ਤਾਂ ਨਰ-ਨਾਰੀ ਹੁਮ ਹੁਮਾ ਕੇ ਪੁੱਜੇ। ਚਰਾਗਦੀਨ ਢੋਲਕੀ ਦੀ ਆਵਾਜ਼ ਸੁਣਦਿਆਂ ਉੱਠ ਦੌੜਿਆ। ਖੈਰਦੀਨ ਦੇ ਸਾਕ ਸਨੇਹੀ ਵੀ ਮਗਰੇ ਮਗਰ ਗਏ। ਚਾਰਗਦੀਨ ਜਾ ਚਰਨੀਂ ਡਿੱਗਾ। ਸੰਤ ਸ਼ਬਦ ਪੜ੍ਹਦੇ ਹਰਬੰਸ ਸਿੰਘ ਦੇ ਡੇਰੇ ਪੁੱਜੇ। ਬੜਾ ਦੀਵਾਨ ਲੱਗਾ। ਚਰਾਗਦੀਨ ਬੇਨਤੀ ਕੀਤੀ, 'ਪੀਰ ਜੀ ਮੀਂਚ ਪੁਆਉ ਤਾਂ ਗੱਲ ਬਣਦੀ ਏ। ਮੈਨੂੰ ਅੱਜ ਛੁਆਰਾ ਲੱਗਣਾ ਏ। ਰਿਸ਼ਤੇਦਾਰ ਆਏ ਹੋਏ ਤੇ ਤੁਸੀਂ ਮੀਂਹ ਪੁਆ ਦਿਉ। ਮੀਂਹ ਤੁਹਾਡੇ ਵਸ ਏ।

ਨਗਰ ਵਾਸੀਆਂ ਆਕਾਸ਼ ਵੱਲ ਨਿਗਾਹ ਮਾਰੀ। ਉਹ ਬਿਲਕੁਲ ਨਿਰਮਲ ਸੀ। ਸੰਤਾਂ ਬੈਰਾੜਾ ਦਾ ਪ੍ਰਸੰਗ ਸ਼ੁਰੂ ਕੀਤਾ, ਉਸ ਸਮੇਂ ਦਾ ਪੂਰਾ ਨਕਸ਼ਾ ਖਿੱਚਿਆ। ਜਲਬਾਂ ਵੱਜ ਰਹੀਆਂ ਸਨ। ਸ੍ਰੋਤੇ ਬੁੱਤ ਬਣੀ ਬੈਠ ਸਨ। ਵੇਖਦਿਆ ਵੇਖਦਿਆਂ ਆਕਾਸ਼ ਬੱਦਲਾਂ ਨਾਲ ਘਿਰ ਗਿਆ। ਜਿਉਂ ਜਿਉਂ ਬੰਦਲ ਨੀਵੇਂ ਨੀਵੇਂ ਹੋਣ ਗੱਡਗੱਜ ਵਧਦੀ ਜਾਵੇ। ਸੰਤਾਂ ਰੰਗ ਵਿਚ ਪੜ੍ਹਿਆ:-

**ਮਿਲਕੇ ਸਾਰੇ ਬੈਰਾੜ ਇਹ ਕਹਿਣ ਲਗੇ।**

**ਅਸੀਂ ਮੁਫਤ ਦੀ ਖਟ ਹੁਣ ਹੋਕਣੀ ਨਹੀਂ**
**ਕਹਿੰਦੇ ਹੁੰਦ ਸਉ ਮੀਂਹ ਪਵਾ ਦਿਆਂਗੇ**
**ਅਤੇ ਕਣੀ ਪਈ ਚਰੋਕਣੀ ਨਹੀਂ।**
**ਕਲਗੀਵਾਲੇ ਨੇ ਸੋਚ ਕੇ ਇਹ ਕਹਿਆ**
**ਦਿਲੋਂ ਡੋਲੇ ਬੇਰਾੜਾਂ ਨੇ ਧੀਰ ਛਡਿਆ**
**ਚਿੱਲੇ ਚਾੜ੍ਹਿਆ ਪਤਾ ਨਹੀਂ ਕੀ ਕਹਿਕੇ**
**ਵਲ ਇੱਕ ਆਕਾਸ਼ ਦੇ ਤੀਰ ਛਡਿਆ।**

ਸੰਤ ਜੀ ਨਾਲੇ ਪੜ੍ਹ ਰਹੇ ਸਨ; ਦੂਜਾ ਭੁਜਾਵਾਂ ਦੀ ਕਮਾਨ ਬਨਾ ਤੀਰਅੰਦਾਜ਼ੀ ਦਾ ਕਰਤਬ ਵਖਾ ਰਹੇ ਸਨ। ਸ੍ਰੋਤਿਆਂ ਦੀਆਂ ਅੱਖਾਂ ਆਕਾਸ਼ ਵਲ ਤੇ ਕੰਨ ਸ਼ਦਬਦ ਵਲ ਸਨ।

**ਉਸਨੇ ਜਾਂਦਿਆਂ ਇਕੋ ਈ ਕੰਮ ਕੀਤਾ**
**ਮਾਨੋ ਇੰਦਰ ਦਾ ਕਾਲਜਾ ਚੀਰ ਛਡਿਆ**
**ਛਮਾ ਛਮ ਮੀਂਹ ਵਸਿਆ ਉਛਲੇ ਵਾਹੁਣ ਵੱਟਾਂ**
**ਰੱਜ ਰੱਜ ਕੇ ਭੋਇ ਨੇ ਨੀਰ ਛਡਿਆ**

ਇਸੇ ਸਮੇਂ ਬੂੰਦਾ ਬਾਂਦੀ ਸ਼ੁਰੂ ਹੋ ਗਈ ਤੇ ਘੜੀਆਂ ਖਲਾਂ ਵਿਚ ਸਰਲਾਟੇ ਵਸਣੇ ਅਰੰਭ ਹੋ ਗਏ। ਸੰਗਤ ਉਠਣ ਲੱਗੀ ਤਾਂ ਸੰਤਾਂ ਬਾਹੋਂ ਫੜ ਫੜ ਬੈਠਾਣਾ ਸ਼ੁਰੂ ਕਰ ਦਿੱਤਾ। ਮੀਂਹ ਪੈਂਦਾ ਜਾਵੇ ਤੇ ਸੰਤ ਜੀ ਰੰਗ ਵਿਚ ਤਰਾਨਾ ਉਡਾਈ ਜਾਣ।

**ਇਨੇ ਚਿਰ ਨੂੰ ਆਇਆ ਇਕ ਪ੍ਰੇਮੀ**
**ਉਸਨੇ ਮਾਇਆ ਦਸ਼ਮੇਸ਼ ਤੋਂ ਵਾਰ ਦਿਤੀ**
**ਮੇਰੇ ਸੋਢੀ ਸੁਲਤਾਨ ਨੇ ਘੜੀ ਅੰਦਰ**
**ਤਲਬ ਸਾਰੇ ਬੈਰਾੜਾਂ ਦੀ ਤਾਰ ਦਿਤੀ।**

ਉਧਰ ਤਲਬ ਤਰ ਗਈ, ਉਧਰ ਸੰਤਾਂ ਅਰਦਾਸਾ ਸੋਧ ਦਿੱਤਾ।

ਦੀਵਾਨ ਉਪਰੰਤ ਸੰਤ ਖੈਰਦੀਨ ਦੇ ਘਰ ਗਏ ਤੇ ਚਰਾਗਦੀਨ ਦੀ ਤਲੀ ਤੇ ਰੁਪਿਆ ਰਖਿਆ ਗਿਆ। ਛੁਹਾਰਾ ਮੂੰਹ ਲਾਇਆ ਸਭ ਹਿੰਦੂਆਂ, ਮੁਸਲਮਾਨਾਂ ਤੇ ਸਾਕਾਂ ਸੰਬੰਧੀਆਂ ਸ਼ਗਨਾਂ ਨਾਲ ਝੋਲੀ ਭਰ ਦਿੱਤੀ, ਸਭ ਵੱਲੋਂ ਵਧਾਈਆਂ ਸੰਤਾਂ ਨੂੰ ਆਇ.ਆਂ। ਖੈਰਦੀਨ ਯੱਥਾ ਸ਼ਕਤ ਮਾਇਆ ਸੰਤਾਂ ਦੇ ਚਰਨਾਂ 'ਚ ਰਖੀ ਤੇ ਖ਼ੁਸ਼ੀਆਂ ਲਈ ਬੇਨਤੀ ਕੀਤੀ। ਪਰਿਵਾਰ ਵਿਚ ਖ਼ੂਬ ਰੰਗ ਰਲੀਆਂ ਮਨਾਈਆਂ ਗਈਆਂ ਸਭ ਦੀ ਚੰਗੀ ਸੇਵਾ ਹੋਈ।

ਇੱਕ ਸਮੇਂ ਕਰਾਚੀ ਦੀਆਂ ਸੰਗਤਾਂ ਵੱਲੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਬੇਨਤੀ ਪੁੱਜੀ ਕਿ ਵਿਸਾਖੀ ਦੇ ਪੂਰਬ ਸਮੇਂ ਕਿਸੇ ਜਥੇ ਨੂੰ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ। ਸਤਿਗੁਰੂ ਜੀ ਨੇ ਅਤਰ ਸਿੰਘ ਜੀ ਨੂੰ ਹੁਕਮ ਲਾ ਦਿੱਤਾ। ਸੰਤ ਜੀ ਉਸੇ ਵੇਲੇ ਤਿਆਰ ਹੋ ਪਏ। ਸੰਤਾਂ ਦੇ ਨਾਲ ਹੀ ਸੰਤ ਹਰਨਾਮ ਸਿੰਘ, ਭਗਤ ਸਿੰਘ ਨਿਰਵੈਰ, ਭਗਤ ਸਿੰਘ ਲਾਂਗਰੀ, ਪਿਆਰਾ

ਸਿੰਘ ਦਾਦੂ ਬਾਜਵਾ, ਹਰਨਾਮ ਸਿੰਘ ਧਰਮੂਕੋਟੀਆ, ਸਾਧੂ ਸਿੰਘ ਢੋਲਕੀਆ ਤੇ ਪੰਡਿਤ ਗੋਪਾਲ ਸਿੰਘ ਤਿਆਰ ਹੋਏ। ਲਾਹੌਰੋਂ ਗੱਡੀ ਤੇ ਸਵਾਰ ਹੋਏ ਤੇ ਨਾਲ ਹੀ ਬੋਰੀਆਂ ਵਿਚ ਸੋਧ ਦਾ ਜਲ ਘੜਿਆਂ ਵਿਚ ਰਖ ਲਿਆ। ਗੱਡੀ ਸਟੇਸ਼ਨ ਤੋਂ ਰਵਾਨਾ ਹੋਈ ਤਾਂ ਸਿੰਘਾਂ ਜੈਕਾਰੇ ਛੱਡ।

ਗੱਡੀ ਵਿਛੜਿਆਂ ਨੂੰ ਮਿਲਾਉਂਦੀ, ਗਲਵੱਕੜੀਆਂ ਪਵਾਂਦੀ ਹਵਾ ਨਾਲ ਗੱਲਾਂ ਕਰਦੀ ਮੰਜ਼ਿਲ ਵਲ ਵਧਦੀ ਗਈ। ਗੱਡੀ ਵਿਚ ਮੁਸਲਮਾਨ ਈਸਾਈ, ਹਿੰਦੂ, ਸਿੱਖ ਸਭ ਸਵਾਰ ਸਨ। ਇਨ੍ਹਾਂ ਮੁਸਾਫ਼ਰਾਂ ਵਿਚ ਇੱਕ ਫ਼ੌਜੀ ਸਿਪਾਹੀ, ਪਠਾਣ ਗੋਰੇ ਰੰਗ ਦਾ, ਲੰਮਾ ਉੱਚਾ, ਛੱਤੇ ਵਾਹੇ ਹੋਏ ਕੁੱਲੇ ਵਾਲੀ ਪੱਗ ਤਖਤੇ ਤੇ ਰਖੀ, ਛੁੱਟੀ ਕਟ ਡਿਉਟੀ ਤੇ ਜਾ ਰਿਹਾ ਸੀ, ਪਹਿਲਾਂ ਤਾਂ ਉਹ ਲੰਮਾ ਪਿਆ ਰਿਹਾ, ਉਠਿਆ ਤੇ ਡੱਬੇ ਵਿਚ ਪੂਰੀ ਗੋਹ ਨਾਲ ਝਾਤ ਮਾਰੀ। ਇਨ੍ਹਾਂ ਸਾਧੂਆਂ ਨੂੰ ਵੇਖ ਪਠਾਣੀ ਰੁਅਬ ਜਮਾਣ ਲਈ, ਨੱਕੋ ਠੂਹੇ ਡੇਗਦਾ, ਟੱਟੀ ਖਾਨੇ ਗਿਆ ਤੇ ਬਾਹਰ ਆਇਆ। ਸੰਤਾਂ ਬੜੇ ਫਰੰਮੇ ਨਾਲ ਕਿਹਾ, 'ਖ਼ਾਨ ਸਾਹਿਬ! ਖ਼ਿਆਲ ਨਾਲ ਲੰਘਣਾ, ਇਹ ਪੀਣ ਵਾਲਾ ਜਲ ਹੈ। ਅਸੀਂ ਸੋਧੀ ਹਾਂ, ਨਲਕੇ ਦਾ ਪਾਣੀ ਨਹੀਂ ਵਰਤਦੇ।' ਸੰਤਾਂ ਦੀ ਨਰਮਾਈ ਵੇਖ ਉਹ ਆਕਾਸ਼ ਤੇ ਚੜ੍ਹਕੇ ਬੋਲਿਆ 'ਤੁਮ ਕੌਣ ਹੋ?' 'ਅਸੀਂ ਗੁਰੂ ਕੇ ਸਿੰਘ, 'ਯਿਹ ਗਾਡੀ ਹੈ। ਸਭ ਨੇ ਇਸ ਮੇਂ ਸਫਰ ਕਰਨਾ ਹੈ, ਤੁਮ ਆਪਣਾ ਘੜਾ ਸੰਭਾਲ ਕਰ ਰਖੋ।' ਸੰਤਾਂ ਮੁੜ ਨਿਮਰਤਾ ਵਬਤੀ, ਮਗਰ ਪਠਾਣ ਦੇ ਸਿਰ ਤੇ ਭੂਤ ਸਵਾਰ ਸੀ। ਘੜੇ ਨੂੰ ਜਾਣਕੇ ਚੱਪਲ ਲਾ ਫੱਟੇ ਤੇ ਚੜਨ ਲੱਗਾ ਤਾਂ ਸਿੰਘਾਂ ਨੂੰ ਜੋਸ਼ ਚੜ੍ਹ ਗਿਆ। ਉਸਨੂੰ ਹੇਠਲੇ ਸਿੰਘਾਂ ਟੰਗਾਂ ਤੇ ਉਪਰਲੇ ਬੈਠੇ ਸਿੰਘਾਂ ਬੌਦਿਆਂ ਤੋਂ ਫੜ ਲਿਆ। ਲੱਗੀ ਖਿਚਾਈ ਹੋਣ। ਇੱਕ ਦੋ ਨੇ ਤਾਂ ਘਸੁੰਨ ਜੜ ਦਿੱਤੇ ਫੇਰ ਤਾਂ ਉਹ ਇਉਂ ਸਹਿਮ ਗਿਆ। ਜਿਵੇਂ ਸੂਰ ਸੋਟੇ ਖਾਕੇ। ਗੱਡੀ ਚੱਲਦੀ ਗਈ, ਚੱਲਦੀ ਗਈ ਤੇ ਸੱਖਰ ਦਾ ਸਟੇਸ਼ਨ ਆ ਗਿਆ। 'ਪੁੱਤਰੋ! ਤਗੜੇ ਹੋ ਜਾਓ, ਇਹ ਬੁੜਬੜਾਂਦਾ ਬਾਹਰ ਚਲਾ ਗਿਆ ਅਤੇ ਇਕ ਪੁਲਸੀਏ ਨੂੰ ਨਾਲ ਲੈ ਮੁੜਿਆ। ਉਸਦੇ ਬਾਹਰ ਜਾਣ ਦੀ ਦੇਰ ਸੀ, ਸੰਤਾਂ ਸਿੰਘਾਂ ਨੂੰ ਕਿਹਾ, 'ਤੁਸੀਂ ਸਭ ਮਾਲਾ ਫੇਰੋ। ਬੋਲਿਉ ਨਾ। ਮੈਂ ਜਵਾਬ ਦਿਆਂਗਾ। ਡੱਬੇ ਦੇ ਸਭ ਮੁਸਾਫ਼ਰਾਂ ਅੱਖਾਂ ਨਾਲ ਵੇਖਿਆ ਸੀ। ਪੁਲਿਸ ਦਾ ਸਾਰਜੈਂਟ ਆਇਟਾ ਤੇ ਪੁੱਛਿਆ, 'ਕਿਆ ਬਾਤ ਹੈ?' ਫ਼ੌਜੀ ਕੋ ਕਿੰਨੇ ਲੋਗੋਂ ਨੇ ਮਾਰਾ ਹੈ?' 'ਜਥੇ ਵਾਲੇ ਸਾਰੇ ਚੁੱਪ' ਇੱਕ ਵਾਰੀ, ਦੋ ਵਾਰੀ, ਤੀਜੀ ਵਾਰੀ ਪੁੱਛਣ ਤੇ ਸਭ ਖ਼ਾਮੋਸ਼। ਜਦ ਪੁਲਸੀਆ ਤੀਜੀ ਵਾਰ ਕੜਕ ਕੇ ਬੋਲਿਆ ਤਾਂ ਫ਼ੌਜੀ ਨੇ ਸਿੱਖਾਂ ਵਲ ਇਸ਼ਾਰਾ ਕਰਦਿਆਂ ਕਿਹਾ 'ਯਿਹ ਬਦਮਾਸ਼ ਲੋਗ ਹੈ। ਅਬ ਬਗਲੇ ਭਗਤ ਬਨ ਬੈਠੇ ਹੈਂ' ਅਸਲ ਵਿਚ ਜਦ ਰੱਬ ਵਲ, ਸਾਰਾ ਦੇਸ਼ ਉਸ ਵਲ, ਸੰਤਾਂ ਨੂੰ ਬੋਲਣ ਦੀ ਲੋੜ ਨਾ ਰਹੀ, ਸਤਿਗੁਰੂ ਆਪ ਮੁਸਾਫ਼ਰਾਂ ਵਿੱਚੋਂ ਬੋਲਿਆ। ਉਨ੍ਹਾਂ ਕਿਹਾ, 'ਜਨਾਬ! ਸਿੰਘਾਂ ਦਾ ਕੋਈ ਦੋਸ਼ ਨਹੀਂ। ਸਾਰੀ ਸ਼ਰਾਰਤ ਇਸੇ ਪਠਾਣ ਦੀ ਏ। ਇਸ ਨੇ ਪੀਣ ਵਾਲੇ

ਪਾਣੀ ਘੜਿਆਂ ਨੂੰ ਜਾਣ ਬੁੱਧ ਕੇ ਚਮੜੇ ਦੀ ਚੱਪਲ ਲਾਇਆ ਏ। ਫੇਰ ਝਗੜਾ ਹੋ ਗਿਆ। ਬਸ। ਇਹ ਗੱਲ ਸੁਣ ਸਾਰਜੈਂਟ ਕੰਨ ਵਲੇਟ ਚਲਾ ਗਿਆ ਅਤੇ ਪਠਾਣ ਆਪਣਾ ਮੂੰਹ ਲੈਕੇ ਬਹਿ ਗਿਆ।

ਗੱਡੀ ਸੱਖਰ ਤੇ ਚਲ ਪਈ ਤੇ ਹਵਾ ਨਾਲ ਗੱਲਾਂ ਕਰਦੀ, ਆਖ਼ਰੀ ਪੜਾ ਤੇ ਪੁੱਜੀ। ਕਰਾਚੀ ਦੀ ਛਾਉਣੀ ਸੀ। ਇਸ ਪਠਾਣ ਨੇ ਸਾਮਾਨ ਚੁੱਕਿਆ ਤੇ ਹੇਠਾਂ ਲਾਇਆ। ਤੇ ਇੱਕ ਸੂਬੇਦਾਰ ਨੂੰ ਨਾਲ ਲੈ ਮੁੜਿਆ। ਸੂਬੇਦਾਰ ਆਉਂਦਿਆਂ ਹੀ ਰੁਆਬ ਨਾਲ ਕੜਕਿਆ 'ਕਿਹੜੇ ਬਦਮਾਸ਼ ਹਨ ਇਹ ਫ਼ੌਜੀ ਜਵਾਨ ਨੂੰ ਮਾਨ ਵਾਲੇ। ਪਠਾਣ ਨੇ ਮੁੜ ਬੁੜ ਬੁੜ ਕਰਦਿਆਂ ਸਿੱਖਾਂ ਵਲ ਇਸ਼ਾਰਾ ਕੀਤਾ ਸੰਤਾਂ ਕਿਹਾ 'ਡੱਬੇ ਵਾਲਿਆਂ ਨੂੰ ਪੁੱਛ ਲਵੋ ਉਹ ਇੱਕ ਜਬਾਨ ਹੋ ਕੇ ਬੋਲੇ 'ਜਨਾਬ! ਇਹ ਤਾਂ ਸਾਧੂ ਹਨ। ਲਾਹੌਰੋਂ ਚਲੇ ਹਨ। ਇਨ੍ਹਾਂ ਦਾ ਪੀਣ ਵਾਲਾ ਪਾਣੀ ਇਨ੍ਹਾਂ ਦੇ ਕੋਲ ਸੀ। ਇਸ ਜਵਾਨ ਨੇ ਜੁੱਤੀ ਵਾਲਾ ਪੈਰ ਲਾ ਦਿੱਤਾ। ਗੱਲ ਵਧ ਗਈ। ਇੰਨੀ ਗੱਲ ਸੁਣਦਿਆਂ ਈ ਸੂਬੇਦਾਰ ਲੋਹਾ ਲਾਖਾ ਹੋ ਗਿਆ ਤੇ ਪਠਾਣ ਨੂੰ ਬੋਦਿਆਂ ਤੋਂ ਫੜ ਘਸੀਟਦਾ ਬਾਹਰ ਲੈ ਗਿਆ। ਦੋ ਤਿੰਨ ਹੰਟਰ ਜੜਦਿਆਂ ਕਿਹਾ 'ਤੁਮ ਖ਼ੁਦ ਬਦਮਾਸ਼ ਹੋ। ਸਿਵਲੀਅਨ ਕੋ ਖਾਹਮ ਖਾਹ ਤਗ ਕਰਤੇ ਹੋ। ਤੁਮੇਂ ਕੁਆਰਟਰ ਗਾਰਦ ਕਰਾਇਆ ਜਾਵੇਗਾ।'

ਜਥੇ ਆਪਣਾ ਆਪਣਾ ਸਾਮਾਨ ਸੰਭਾਲਿਆ ਗੱਡੀਉਂ ਉਤਰੇ, ਢੋਲਕੀ ਛੈਣੇ ਖੋਲ ਲਗੇ ਤੇ ਲਗੇ ਸ਼ਬਦ ਕੀਰਤਨ ਕਰਨ। ਉਸ ਦਿਨ ਗੁਰਦੁਆਰੇ ਸ੍ਰ: ਤੇਜਾ ਸਿੰਘ ਕਸਟਮ ਆਫ਼ੀਸਰ ਤੇ ਮੁਬਾਰਕ ਸਿੰਘ ਆਏ ਹੋਏ ਸਨ। ਸੰਗਤਾਂ ਦੀ ਗਹਿਮੋ ਗਹਿਮੀ ਸੀ। ਕੂਕਿਆਂ ਦੀ ਢੋਲਕੀ ਵਜਦੀ ਸੁਣੀ ਤੇ ਛੈਣਿਆਂ ਦੀਆਂ ਗੂੰਜਾਰਾਂ ਕੰਨੀਂ ਪਈਆਂ ਤਾਂ ਚੰਗਾ ਖਾਸਾ ਜਲੂਸ ਬਣ ਗਿਆ। ਢੋਲਕੀ ਦੀ ਆਵਾਜ਼ ਸੁਣ ਸ੍ਰ: ਤੇਜਾ ਸਿੰਘ ਮਸਤਾਨਾ ਹੋ ਗਿਆ ਤੇ ਪੈਂਟ ਕੋਟ ਨਾਲ ਹੀ ਸੰਗਤਾਂ ਨੂੰ ਮੋਢਿਆਂ ਤੇ ਚੁੱਕ ਲਿਆ। ਸਭ ਹੱਕੇ ਬੱਕੇ ਹੋ ਗਏ। ਖ਼ੈਰ ਜਥਾ ਗੁਰਦੁਆਰੇ ਪੁੱਜਾ ਤੇ ਸੰਤਾਂ ਅਰਦਾਸਾ ਸੋਧਿਆ ਤੇ ਜਲ ਪ੍ਰਸ਼ਾਦ ਛੱਕਣ ਚਲੇ ਗਏ। ਸ੍ਰ: ਤੇਜਾ ਸਿੰਘ ਰਾਤ ਦੇ ਦੀਵਾਨ ਦਾ ਐਲਾਨ ਕਰ ਦਿੱਤਾ।

ਰਾਤ ਨੂੰ 8 ਵਜੇ ਦੇ ਕਰੀਬ ਦੀਵਾਨ ਅਰੰਭ ਹੋਇਆ। ਪੰਡਿਤ ਗੋਪਾਲ ਸਿੰਘ ਜੀ ਨੇ ਉਨ੍ਹੀਂ ਦਿਨੀਂ ਨਵੇਂ ਨਵੇਂ ਉਠੇ ਸਨ। ਇਨ੍ਹਾਂ ਪਹਿਲ ਕੀਤੀ। ਸਭ ਅਸ਼ ਅਸ਼ ਕਰ ਉੱਠੇ। ਮੁੜ ਸੰਤਾਂ ਸ਼ਬਦ ਸ਼ੁਰੂ ਕੀਤਾ। ਸੰਤਾਂ ਮਿਲਬੇ ਕੀ ਮਹਿਮਾ, ਦੇਹਧਾਰੀ ਗੁਰੂ ਸੰਬੰਧੀ ਤੇ ਮੁੜ ਕ੍ਰਿਸ਼ਨ ਲੀਲਾ ਦਾ ਨਕਸ਼ਾ ਖਿੱਚਿਆ। ਆਪ ਛਾਲ ਮਾਰ, ਸਿਰ ਤੇ ਗੜਵਾ ਰਖ, ਇੱਕ ਕੰਧ ਤੇ ਚੜ ਨਿਰਤਕਾਰੀ ਕਰਨ ਲੱਗ ਪਏ। ਸਿੰਘ ਸਭੀਏ ਇਹ ਵੇਖ ਲੂਸ ਗਏ। ਪਰ ਪੇਸ਼ ਕੋਈ ਨਾ ਜਾਏ। ਸਿੰਧੀ ਵੀਰ ਬਹੁਤ ਪ੍ਰਸੰਨ ਸਨ। ਅਗਲੀ ਸਵੇਰ ਸਿੰਘ ਸਭੀਆਂ ਵੱਲੋਂ ਦੀਵਾਨ ਦਾ ਐਲਾਨ ਹੋਇਆ ਤੇ ਅੰਮ੍ਰਿਤ ਪ੍ਰਚਾਰ ਵਾਸਤੇ ਵੀ ਸੂਚਨਾ

ਦਿੱਤੀ ਗਈ।

ਵਿਸਾਖੀ ਵਾਲੇ ਦਿਨ ਸਿੰਘ ਸਭੀਆਂ ਦੇ ਪ੍ਰਚਾਰਕਾਂ ਵੱਲੋਂ ਦੀਵਾਨ ਹੋਇਆ; ਮਗਰ ਟਾਂਈ ਟਾਂਈ ਫਸ਼। ਉਨ੍ਹਾਂ ਅੰਮ੍ਰਿਤ ਤਿਆਰ ਕੀਤਾ ਪਰ ਕੋਈ ਪ੍ਰਭਾਵ ਨਾ ਪਿਆ। ਰਾਤ ਨੂੰ ਮੁੜ ਸਿੰਘ ਸਭਾ ਗੁਰਦੁਆਰੇ ਵਿਚ ਸੰਤਾਂ ਦੀਵਾਨ ਲਾਇਆ ਕੁਝ ਨਿਹੰਗ ਤਲਵਾਰਾਂ ਲੈ ਕਹਿਣ ਲੱਗੇ ਵੇਖਨੇਆਂ ਅੱਜ ਗੁਰੂ ਗ੍ਰੰਥ ਸਾਹਿਬ ਦੇ ਸਾਮ੍ਹਣੇ ਕੌਣ ਨੱਚਦਾ ਹੈ। ਪਰ ਜਦ ਜੋਤ ਜਗ ਪਏ ਤਾਂ ਪ੍ਰਵਾਨਿਆਂ ਨੂੰ ਕੌਣ ਰੋਕੇ। ਸੰਤਾਂ ਅੰਦਰ ਐਸੀ ਕਾਰ ਆਈ ਕਿ ਉਹ ਮਸਤ ਹੋ ਗਏ ਤੇ ਵੇਖਦਿਆਂ ਵੇਖਦਿਆਂ ਨੰਗੀ ਤਲਵਾਰਾਂ ਵਾਲੇ ਨਿਹੰਗਾਂ ਦੇ ਮੋਢਿਆਂ ਤੇ ਪੈਰ ਰਖ ਛਾਲ ਮਾਰ ਉਛਲ ਪਏ। ਮਸਤਾਨਿਆਂ ਨਾਲ ਹਾਲ ਭਰ ਗਿਆ। ਕੋਈ ਨਿਹੰਗ ਸ਼ਥਰਕ ਨਾ ਸਕਿਆ। ਸਭ ਪਾਸੇ ਜੈ ਜੈਕਾਰ ਹੋਈ। ਇਸਦੇ ਨਾਲ ਹੀ ਐਲਾਨ ਕੀਤਾ ਗਿਆ ਕਿ ਅਗਲਾ ਦੀਵਾਨ ਸ੍ਰ: ਲਾਭ ਸਿੰਘ ਬੈਸੇਵਾਲੇ ਦੇ ਘਰ ਲੱਗੇਗਾ। ਤੇ ਅੰਮ੍ਰਿਤ ਪ੍ਰਚਾਰ ਵੀ ਹੋਵੇਗਾ। ਸਤਿਗੁਰੂ ਦੀ ਕਿਰਪਾ ਨਾਲ ਲਾਭ ਸਿੰਘ ਦੇ ਘਰ ਸੰਗਤਾਂ ਹੁਮ ਹੁਮਾ ਕੇ ਪੁੱਜੀਆਂ। ਕਿਤੇ ਤਿਲ ਧਰਨ ਨੂੰ ਥਾਂ ਨਾ ਰਹੀ। ਸਤਿਗੁਰੂ ਪ੍ਰਤਾਪ ਸਿੰਘ ਜੀ ਆਪ ਅੰਦਰ ਹੋ ਵਸੇ ਫੇਰ ਤਾਂ ਪ੍ਰਵਾਨੇ ਈ ਪ੍ਰਵਾਨੇ ਦਿੱਸੇ। ਕੰਧਾਂ, ਕੋਠ, ਛੱਤਾਂ, ਰੁੱਖ, ਬ੍ਰਿਧ ਸਭ ਵਜਦ ਤਾਰੀ ਹੋ ਗਿਆ। ਸੰਤਾਂ ਅੰਮ੍ਰਿਤ ਦੀ ਜਗਤੀ ਦੱਸੀ, ਅੰਮ੍ਰਿਤ ਦਾ ਫਲ ਦ੍ਰਸਾਇਆ, ਫੇਰ ਕਿਹੜਾ ਇਸਤਰੀ ਪੁਰਸ਼ ਸੀ, ਜਿਹੜਾ ਅੰਮ੍ਰਿਤ ਨਾ ਛੱਕਦਾ। ਸੰਗਤਾਂ ਅੰਦਰ ਅਗਾਧ ਉਤਸ਼ਾਹ ਸੀ। ਲਗਪਗ 350 ਨਰ-ਨਾਰੀਆਂ ਅੰਮ੍ਰਿਤ ਛੱਕਿਆ। ਸੰਤ ਦੋ ਮਹੀਨੇ ਕਰਾਚੀ ਰਹੇ। ਸੰਤ ਪਿਆਰਾ ਸਿੰਘ ਨੂੰ ਜਥੇਦਾਰ ਥਾਪਿਆ ਤੇ ਪੰਜਾਬ ਨੂੰ ਮੁੜੇ। ਸਤਿਗੁਰਾਂ ਦੇ ਦਰਸ਼ਨ ਕੀਤੇ। ਸਾਰਾ ਹਾਲ ਦੱਸਿਆ ਬੜੀਆਂ ਖੁਸ਼ੀਆਂ ਮਿਲੀਆਂ।

ਇਹ ਦੰਦ ਕਥਾ ਹੈ, ਕਿ ਗੁਰੂ ਗੋਬਿੰਦ ਸਿੰਘ ਜੀ ਕਿਹਾ ਸੀ ਕਿ ਸੁਨਿਆਰਾ ਸਿੰਘ ਨਹੀਂ, ਪਰ ਇਹ ਮੰਨਣ ਵਿਚ ਨਹੀਂ ਆਉਂਦਾ। ਅਸੀਂ ਵੇਖਦੇ ਹਾਂ, ਕਿ ਬਾਰ੍ਹਵੇਂ ਜਾਮੇ ਵਿਚ ਸੁਨਿਆਰੇ ਸਿੱਖਾਂ ਨੂੰ ਉਹ ਮਾਣ ਪ੍ਰਾਪਤ ਹੈ, ਕਿ ਇਤਿਹਾਸ ਲਿਸ਼ਕਾਰੇ ਮਾਰਨ ਲੱਗ ਪੈਂਦਾ ਹੈ। ਸੰਤ ਧਿਆਨ ਸਿੰਘ ਸਿਆਮ ਵਿਚ ਵਸਦੇ ਸਨ। ਉਨ੍ਹਾਂ ਅਮੀਰ ਘਰਾਣਿਆਂ ਨੂੰ ਸਿੱਖੀ ਦਾ ਰਾਹ ਵਖਾਇਆ। ਵੱਡੇ ਵੱਡੇ ਪਾਮਰਾਂ ਤੋਂ ਤੌਬਾ ਕਰਵਾਈ! ਅਨੇਕਾਂ ਨੂੰ ਮਾਸ, ਸ਼ਰਾਬ ਦੀ ਚੰਦਰੀ ਆਦਰ ਤੋਂ ਮੁਕਤਿ ਕਰਾਇਆ। ਸੰਤ ਟਹਿਲ ਸਿੰਘ ਸੇਖਮਾਂ ਕਰੜੀਆਂ ਪਾਬੰਦੀਆਂ ਸਮੇਂ ਸਤਿਗੁਰੂ ਰਾਮ ਸਿੰਘ ਜੀ ਦੇ ਜੰਗੂਨ ਜਾਕੇ ਦਰਸ਼ਨ ਕੀਤੇ। ਅਜੇਹੇ ਹੀ ਗੁਰੂ ਕੇ ਲਾਲਾਂ ਵਿੱਚੋਂ ਸੰਤ ਬੇਲਾ ਸਿੰਘ ਕਾਦਰਾਬਾਦ ਜ਼ਿਲ੍ਹਾਂ ਗੁਜਰਾਤ (ਪਾਕਿਸਤਾਨ) ਰਹਿੰਦੇ ਸਨ, ਜਿਨਾਂ ਇੱਕ ਮੇਲੇ ਦੀ ਅਰਦਾਸ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਕੀਤੀ ਜਿਹੜੀ ਪ੍ਰਵਾਨ ਹੋਈ।

ਭਾਈ ਬੇਲਾ ਸਿੰਘ ਸਾਧ ਸੰਗਤ ਨੂੰ ਦਰਸ਼ਨ ਦੇਣ ਲਈ ਚਿੱਠੀਆਂ ਲਿਖ

ਭੇਜੀਆਂ। ਸ੍ਰੀ ਸਤਿਗੁਰੂ ਜੀ ਨੀਯਤ ਦਿਨ ਤੇ ਰਾਵਲਪਿੰਡੀ ਤੋਂ ਕਾਦਰਾਬਾਦ ਦਰਸ਼ਨ ਦਿੱਤੇ। ਸੰਤ ਅਤਰ ਸਿੰਘ ਦਾ ਬੜਾ ਪ੍ਰਭਾਵਸ਼ਾਲੀ ਦੀਵਾਨ ਲੱਗਾ। ਗ੍ਰੰਥ ਾਹਿਬ ਦੇ ਭੋਗ ਪਏ। ਕੜਾਹ ਪ੍ਰਸ਼ਾਦ ਇਤਨਾ ਬਣਾਇਆ ਕਿ ਸੰਗਤਾਂ ਪਾਸੋਂ ਛੱਕਿਆ ਨਾ ਗਿਆ। ਸੰਗਤਾਂ ਟੁਰਨ ਲੱਗੀਆਂ ਤਾਂ ਬੋਲਾ ਸਿੰਘ ਅਰਜ਼ ਕੀਤੀ 'ਸਾਧ ਸੰਗਤ ਜੀ! ਇਹ ਪਦਾਰਥ ਆਪਦਾ ਹੈ ਆਪ ਹੀ ਲੈ ਕੇ ਜਾਓ। ਸਾਧ ਸਾਧਾਂ ਗੜਵੇ ਭਰ ਲਏ। ਇਲਾਕੇ ਦੇ ਹਿੰਦੂ, ਮੁਸਲਮਾਨਾਂ ਵੀ ਪ੍ਰਸੰਨ ਹੋ ਛੱਕਿਆ।' ਸਤਿਗੁਰੂ ਜੀ ਆਪ ਤਾਂ ਸ੍ਰੀਗੋਧਿਓਂ ਹੋ ਹਾਫਜਾਬਾਦ ਪੁੱਜਣ ਵਾਸਤੇ ਕਹਿ ਗਏ ਤੇ ਸੰਗਤਾਂ ਨੂੰ ਬੇੜੀ ਰਾਹੀਂ ਹਾਫਜਾਬਾਦ ਪੁੱਜਣ ਵਾਸਤੇ ਆਦੇਸ਼ ਦੇ ਗਏ। ਸੰਗਤਾਂ ਹਾਫਜਾਬਾਦ ਵਾਸਤੇ ਵਹੀਰਾਂ ਘਤ ਦਿੱਤੀਆਂ।

ਬਾਰਸ਼ਾਂ ਦੇ ਦਿਨ ਸਨ। ਨਦੀ ਨਾਲੇ ਚੜ੍ਹੇ ਹੋਏ ਸਨ। ਸੰਤ ਦਰਨ ਸਿੰਘ, ਖਜਾਨ ਸਿੰਘ ਤੇ ਬਾਕੀ ਕੁਝ ਸਮਾਨ ਭਿੱਜ ਭਿਜਾ ਵਾਪਸ ਮੁੜ ਆਏ। ਪਰੰਤੂ ਸੰਤ ਅਤਰ ਸਿੰਘ ਕਿਹਾ, 'ਮੈਜ ਇੰਜਣ ਬਣਦਾ ਹਾਂ, ਤੁਸੀਂ ਡੱਬੇ ਬਣੋ। ਇੱਕ ਦੂਜੇ ਦੇ ਪੱਲ ਫੜੋ ਤੇ ਭਜਨ ਕਰਦੇ ਮਗਰ ਮਗਰ ਟੁਰਦੇ ਆਓ। ਇਕ ਮਸਤਾਨੀ ਨੇ ਇੱਕ ਸਿੰਘ ਦਾ ਪੱਲਾ ਨਾ ਫੜਿਆ, ਉਹ ਰੁੜਨ ਲੱਗੀ ਤੇ ਲੱਗੀ ਗੋਤੇ ਖਾਣ। ਮੁੜ ਸੰਤਾਂ ਬਚਨ ਕੀਤਾ ਮਸਤਾਨੀ ਰੁੜ ਰਹੀ ਹੈ, ਇਸਨੂੰ ਬਚਾਓ, ਜਿਹੜਾ ਜੀਊਂਦੀ ਨੂੰ ਕੱਢ ਲਿਆਇਆ, ਇਸਦਾ ਉਸੇ ਨਾਲ ਅਰਦਾਸਾ ਕਰ ਦਿੱਤਾ ਜਾਵੇਗਾ। ਗਿਲਾਂ ਤੋਂ ਕਿਸ਼ਨ ਸਿੰਘ ਸਿਹਰਾ ਸਿੱਖ ਸੀ, ਉਸ ਛਾਲ ਮਾਰ ਨਾਲੇ ਵਿਚ ਚਲਾ ਗਿਆ ਤੇ ਬਾਹੋਂ ਫੜਕੇ ਮਸਤਾਨੀ ਨੂੰ ਕੱਢ ਲਿਆਇਆ। ਜਦ ਸੰਤ ਅਰਦਾਸਾ ਕਰਨ ਲੱਗੇ ਤਾਂ ਮਸਤਾਨੀ ਇਨਕਾਰ ਕਰ ਦਿੱਤਾ। ਪਰ ਜਥਾ ਭਜਨ ਬਾਣੀ ਕਰਦਾ ਅੱਗੇ ਵੱਧਦਾ ਗਿਆ।

ਮੂਸਾ ਨੱਠਾ ਮਤ ਤੋਂ ਅੱਗੇ ਮੌਤ ਖੜੀ। ਇੱਕ ਨਾਲਾ ਲੰਘਿਆ ਅੱਗੇ ਝਨਾਂ ਠਾਠਾਂ ਮਾਰ ਰਿਹਾ ਸੀ। ਬੇੜੀ ਦਾ ਪੂਰ ਠਿਲ ਚੁੱਕਾ ਸੀ ਇਹ ਲੱਗੇ ਵਾਜਾਂ ਮਾਰਨ। ਮਲਾਹ ਇਸ਼ਾਰਾ ਕੀਤਾ ਆਉਂਦੇ ਹਾਂ। ਇਨ੍ਹਾਂ ਸਮਝਿਆ ਬੁਲਾ ਰਹੇ ਹਨ। ਵਾਹੋਦਾਰਹੀ ਬੇੜੀ ਕੋਲ ਪੁੱਜੇ ਤੇ ਆਓ ਵੇਖਿਆ ਨਾ ਤਾਓ, ਪੈਰੇ ਧਰ ਧਲਾ ਮਾਰ ਬੇੜੀ ਵਿਚ ਚੜ ਬੈਠੇ। ਕਮਜ਼ੋਰੀ ਨੂੰ ਵੀ ਖਿੱਚ ਬਿਠਾਇਆ। ਮਸਤਾਨੀ ਨੂੰ ਧਰੂ ਕੇ ਚੜਾਇਆ। ਬੁੱਢੇ ਬਥੇਰਾ ਰੌਲਾ ਪਾਇਆ ਸਿਖੜਿਓ ਬੇੜੀ ਡਬੋਂਦੀ ਏ! ਦੂਈ ਵੇਰ ਘਿਨਸਾ। ਸਬਰ ਕਰੋ ਪਰ ਖਾਲਸਾ ਸੀ ਕੌਣ ਸੁਣੇ। ਸੰਤ ਆਖਿਆ, 'ਸਾਰਾ ਕੜਾਹ ਪ੍ਰਸ਼ਾਦ ਵੰਡ ਦਿਓ।' ਸਾਧਾਂ ਗੜਵੇ ਖ਼ਾਲੀ ਕਰ ਦਿੱਤੇ। ਮੁਸਾਫ਼ਿਰ ਖ਼ੁਸ਼ ਵੀ ਹੋਏ ਤੇ ਭੈਭੀਤ ਵੀ। ਕੜਾਹ ਪ੍ਰਸ਼ਾਦ ਮੂੰਹ ਲਿਸ਼ਕਾ ਦਿੱਤੇ, ਪਰ ਪਾਣੀ ਦੀਆਂ ਲਹਿਰਾਂ ਡੁੱਬਣ ਤੋਂ ਪਹਿਲਾਂ ਕਈਆਂ ਨੂੰ ਡੋਬਾ ਦਿੱਤਾ। ਸੰਤਾਂ ਹੇਕ ਲਾ ਦਿੱਤੀ।

**'ਮੇਰਾ ਪਾਤ ਖੜਾ ਮਾਹੀਵਾਲ, ਨਦੀਏ ਤੂੰ ਜ਼ੋਰ ਨਾ ਕਰੀਂ।'**

ਲੈ ਲਹਿਰਾਂ ਨੂੰ ਚੀਰਦੀ, ਸੁਹਣੀ ਦੀ ਰੂਹ ਨੂੰ ਵਧਾਈਆਂ ਦੇ ਰਹੀ ਸੀ,

ਮਗਰ ਮਲਾਹਾਂ ਨੂੰ ਭਲਾ ਚੈਨ ਕਿੱਥੇ। ਬੁੱਢਾ ਆਖੇ ਪੁਠਿਆਂ ਵਾਲਾਂ ਵਾਲਿਆਂ ਦੀ ਪੁੱਠੀ ਮੱਤ। ਬੇੜੀ ਬੁਜੇਂਦੀ ਏ, ਇਏ ਕੂਕੇ ਦੇ ਨੇ। ਸੰਤ ਬੇੜੀ ਦੀ ਮੁੰਨੀ ਤੇ ਜਾ ਬੈਠੇ ਤੇ ਮਲਾਹਾਂ ਨੂੰ ਕਿਹਾ 'ਮੈਜ ਵੀ ਮਲਾਹ ਹਾਂ ਬੇੜੀ ਦੇ ਮਲਾਹਾਂ ਦਿਲ ਛੱਡ ਦਿੱਤਾ। ਜਦ ਬੇੜੀ ਮੰਝਧਾਰ ਪੁੱਜੀ, ਤਾਂ ਪਾਣੀ ਬੇੜੀ ਵਿਚ ਭਰਦਾ ਜਾਵੇ। ਬੁੱਢੇ ਕਿਹਾ, 'ਕੋਈ ਵਾਹ ਨਹੀਂ ਅੱਲਾ ਅੱਲਾ ਕਰੋ।' ਸੰਤਾਂ ਕਿਹਾ 'ਬਾਬਾ! ਮੈਂ ਅੱਲਾ ਅੱਲਾ ਕਰਦਾ ਹਾਂ। ਤੰ ਨਹੀਂ ਕਰਦਾ।' ਮੁੰਡੇ ਵਿਚਾਰੇ ਪਾਣੀ ਸਿੰਵਸਿੰਵ ਰੂੰ ਦੇਣੇ ਪਰ-ਪਾਣੀ ਜੋਰ ਕਰੀ ਜਾਵੇ। ਸੰਤਾਂ ਕੱਪੜੇ ਲਾਹ ਦਿੱਤੇ। ਕੁੜਤੀ ਪਾ ਲਈ ਤੇ ਖਲੋ ਗਏ। ਮਲਾਹ ਵੇਖਿਆ ਕੋਈ ਪੇਸ਼ ਨਹੀਂ ਜਾਂਦੀ ਤਾਂ ਖਲਾਂ ਭਰ ਲਈਆਂ ਤੇ ਛਾਲਾਂ ਮਾਰਨ ਹਿਤ ਤਿਆਰ ਹੋ ਪਏ। ਸੰਤਾਂ ਖਲਾਂ ਖੁਹ ਲਈਆਂ। ਫੂਕ ਕੱਢ ਦਰਿਆ ਵਿਚ ਸੁੱਟ ਦਿੱਤੀਆਂ ਤੇ ਆਖਿਆ 'ਜਿੱਥੇ ਅਸਾਂ ਮੰਗਾਂਗੇ ਉੱਥੇ ਤੁਸੀਂ ਵੀ ਮਰੋਂ। ਸਾਰਾ ਪੂਰ ਹੱਕਾ ਬੱਕਾ ਸੀ। ਕਿ ਕੈਸੇ ਬੰਦੇ ਹਨ। ਸੰਤਾਂ ਅੱਖਾ ਲਾਲ ਕਰ ਲਈਆਂ। ਰੱਸਾ ਕਮਰ ਨਾਲ ਬੰਨ ਲਿਆ। ਇੱਕ ਸਿਰਾ ਬੇੜੀ ਨਾਲ ਬੰਨ ਦਿੱਤਾ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਅਰਦਾਸਾ ਸੋਧਿਆ ਤੇ ਜੈਕਾਰਾ ਛਡਿਆ 'ਜੋ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਕਹਿ ਦਰਿਆ ਵਿਚ ਛਾਲ ਮਾਰ ਦਿੱਤੀ। ਬੁੱਢਾ ਆਖੇ ਸਿਖੜਾ ਮਰੇਸੀ ਤ ਬਕੀਆਂ ਨੂੰ ਵੀ ਡੁਬੇਸੀ। ਸਾਰਾ ਪੂਰ ਅਕੀਦੇ ਅਨੁਸਾਰ, ਅੱਲਾ ਅੱਲਾ, ਰਾਮ ਰਾਮ ਕਰੀ ਜਾਂਦੇ ਸਨ। ਸਭ ਦੀਆਂ ਸੁਰਤਾਂ ਅਕਾਲ ਪੁਰਖ ਦੇ ਚਰਨਾਂ ਵਿਚ ਜੁੜੀਆਂ ਸਨ। ਇਤਨੇ ਨੂੰ ਬੇੜੀ ਅੱਗਾਂ ਨੂੰ ਹਿਲੀ ਮਲਾਹ ਦੇ ਨਾਲ ਰਲਕੇ ਮੁਸਾਫ਼ਰਾਂ ਵੀ ਪਾਣੀ ਕੱਢਣ ਲੱਗ ਪਏ। ਬੇੜੀ ਚਲਣੀ ਸ਼ੁਰੂ ਹੋ ਗਈ। ਹੁਣ ਬੇੜੀ ਚਲਦੀ ਗਈ ਚਲਦੀ ਗਈ ਅੰਤ ਕੰਢੇ ਜਾ ਲੱਗੀ। ਸੰਤ ਗਾਰੇ ਮਿੱਟੀ ਨਾਲ ਲਿਬੜੇ ਜਾ ਬੈਠੇ। ਨੇਤਰ ਬੰਦ ਸਨ। ਸਾਰੇ ਕਹਿਣ 'ਇਹ ਬੰਦਾ ਨਹੀਂ, ਇਹ ਤਾਂ ਅੱਲਾ ਦਾ ਪਿਆਰ ਹੈ। ਕੋਈ ਵੱਲੀ ਹੈ, ਕੋਇ. ਕਰਾਮਾਤੀ ਹੈ, ਜਿਸਨੇ ਬੇੜੀ ਪਾਰ ਲਾ ਦਿੱਤੀ ਹੈ। ਇਹ ਆਦਮ-ਜਾਤ ਕਮ ਨਹੀਂ ਇਹਨੀ ਲੰਮੀ ਚੁੱਭੀ: ਇਤਨਾ ਲੰਮਾ ਸਾਹ! ਇਨੇ ਪੂਰ ਨੂੰ ਖਿੱਚਣਾ, ਫਿਰ ਪਾਣੀ ਵਿਚ, ਇਏ ਹਵਾ ਦੇ ਪੁੱਤ ਦਾ ਕਮ ਨਹੀਂ ਇਹ ਤਾਂ ਖਾਜਾ ਪੀਰ ਏ।' ਹਿੰਦੂ ਕਹਿਣ 'ਇਹ ਹਨੂੰਮਾਨ ਏ' ਸਿੰਘ ਕਹਿਣ 'ਬੰਦਾ ਸਿੰਘ ਏ' ਖ਼ੈਰ ਜਿਉਂ ਜਿਉਂ ਬੇੜੀ ਖ਼ਾਲੀ ਹੋਵੇ, ਮਰਦ ਜ਼ਨਾਨੀਆਂ ਸੰਤਾਂ ਦੇ ਆਲੇ ਦੁਆਲੇ ਹੋ ਗਏ। ਕਈ ਮੁੰਡੇ ਘੁੱਟਣ, ਨੱਪਣ ਲੱਗੇ। ਕਿੰਨਾਂ ਚਿਰ ਇਸ ਵਹੀਰ ਘੇਰੀ ਰਖਿਆ। ਮਲਾਹ ਸੰਤਾਂ ਦੇ ਪੈਰ ਚੁੰਮੇ, ਸਿਰ ਨਵਾਇਆ, ਮਾਫ਼ੀ ਮੰਗੀ। ਸੰਤਾਂ ਇਸ਼ਨਾਨ ਕੀਤਾ ਬਸਤਰ ਪਹਿਨ ਟੁਰ ਪਏ।

ਸੰਤਾਂ ਪੁੱਛਿਆ, 'ਕਿਤੇ ਖੂਹ ਹੈ?' ਮਲਾਹ ਨੇ ਕਿਹਾ, 'ਔਹ ਰੁੱਖਾਂ ਦੇ ਵਿਚਾਲੇ, ਝੁੱਗੀਆਂ ਲਾਗੇ। ਸੰਗਤਾਂ ਉਸ ਪਾਸੇ ਚਾਲੇ ਪਾ ਦਿੱਤੇ। ਕੇਸਰ ਸਿੰਘ, ਵਿਰਸਾ ਸਿੰਘ ਤੇ ਬੰਤਾ ਸਿੰਘ ਵਾਹੋ ਦਾਹੀ ਗਏ ਤੇ ਗੜਵੇ ਮਾਂਜ, ਪੰਜ ਇਸ਼ਨਾਨ ਕਰ ਜਲ ਛੱਕਣ ਲੱਗੇ ਤਾਂ ਝੁੱਗੀਆਂ ਵਿੱਚੋਂ ਬਾਹਰ ਆ ਗਈ।

'ਠਹਿਰੋ! ਠਹਿਰੋ!! ਕਾਫਰੋ!! ਕਾਫਰੋ!! ਤੁਸੀਂ ਖੂਹ ਪਲੀਤ ਕਰ ਘਤਿਆ ਏ' ਜਿਹੜਾ ਆਵੇ ਸੋਟੇ ਡਾਂਗਾਂ ਉਲਾਰਦਾ ਆਵੇ। ਸਾਰੇ ਸਿੰਘ ਹੱਕੇ ਬੱਕੇ ਰਹਿ ਗਏ। ਐਵੇਂ ਨਹੀਂ ਕਿਸੇ ਕਿਹਾ 'ਆਪਣੀ ਗਲੀ ਕੁੱਤੀ ਵੀ ਸ਼ੇਰਨੀ ਹੁੰਦੀ ਏ। ਮੁਸਲਮਾਨੀ ਇਲਾਕਾ ਸੀ, ਉਨ੍ਹਾਂ ਦਾ ਜ਼ੋਰ ਸੀ। ਉਹ ਜਾਣਦੇ ਸਨ ਸਿੱਖ ਝਟਕਾ ਖਾਂਦੇ ਹਨ। ਹਰਾਮ ਖਾਣ ਵਾਲਿਆਂ ਦੇ ਨਾਲ ਤੂਹਣ ਨਾਲ ਪਲੀਤ ਹੋ ਜਾਈਦਾ ਹੈ। ਇਨ੍ਹਾਂ ਗ਼ਰੀਬਾਂ ਨੂੰ ਕੀ ਪਤਾ ਇਹ ਕੂਕੇ ਹਨ। ਇਨ੍ਹਾਂ ਵਾਸਤੇ ਮਾਸ, ਸ਼ਰਾਬ, ਝਟਕਾ, ਹਲਾਲ ਸਭ ਪਲੀਤ ਹੈ ਪਰ ਅਣਜਾਣ ਵਸ ਪੈ ਸੋਧੀ ਲੀਤ ਬਣ ਖਲੋਤੇ। ਉਨ੍ਹਾਂ ਆਉਂਦਿਆਂ ਹੀ ਸਿੰਘਾਂ ਨੂੰ ਬਾਹੋ ਫੜ, ਧੱਕੇ ਮਾਰ ਖੂਹੀ ਤੋਂ ਹੇਠਾਂ ਉਤਾਰ ਦਿੱਤਾ। ਦੂਰੋਂ ਇਹ ਰੌਲਾ ਗੌਲਾ ਮਲਾਹਾਂ ਵੀ ਵੇਖਿਆ ਉਹ ਸਿਰ ਤੇ ਪੈਰ ਰਖ ਝੁੱਗੀਆਂ ਵਲ ਦੌੜੇ ਤੇ ਦੁਹਾਈ ਪਾਂਦੇ ਆਉਣ, 'ਓਏ ਮੁਲਖਾ! ਇਨ੍ਹਾਂ ਨੂੰ ਕੁਝ ਨਾ ਆਖਿਓ, ਇਹ ਤਾਂ ਫ਼ਰਿਸ਼ਤੇ ਹਨ। ਇਹ ਰਸੂਲ ਦੇ ਬੰਦੇ ਹਨ, ਇਹ ਅੱਲਾ ਦੇ ਪਿਆਰੇ ਹਨ। ਇਨ੍ਹਾਂ ਦੇ ਪੀਰ ਡੁਬਦੀ ਬੇੜੀ ਨੂੰ ਪਾਰ ਕਰ ਦਿੱਤਾ, ਇਹ ਤਾਂ ਦਰਵੇਸ਼ ਲੋਕ ਹਨ; ਵਾਸਤਾ ਏ ਪਾਕ ਰਸੂਲ ਦਾ ਇਨ੍ਹਾਂ ਨੂੰ ਹੱਥ ਨਾ ਲਾਇਓ' ਮਲਾਹ ਦੇ ਮੁੰਡਿਆਂ ਭਜਿਆ ਆਉਂਦਿਆਂ ਅਤੇ ਦੁਹਾਈ ਪਾਂਦਿਆਂ ਵੇਖ, ਜਿੱਥੇ ਕੋਈ ਹੈ ਸੀ ਉੱਥੇ ਖਲੋ ਗਏ। ਲੜਾਈ ਟਲ ਗਈ। ਮਲਾਹ ਮੁੰਡਿਆਂ ਸਾਰੀ ਵਾਰਤਾ ਸੁਣਾਈ। ਸੰਤ ਰੰਗ 'ਚ ਆ ਗਏ। ਉਨ੍ਹਾਂ ਕਿਹਾ ਜਿਸ ਅੱਲਾ ਦੀ ਤੁਸੀਂ ਬੰਦਗੀ ਕਰਦੇ ਹੋ, ਉਹ ਛਾਤੀ ਵਲ ਇਸ਼ਾਰਾ ਕਰਦਿਆਂ ਇੱਥੇ ਵਸਦਾ ਏ। ਤੁਸੀਂ ਕੀ ਜਾਣੋ ਨਮਾਜ, ਤੁਸੀਂ ਕੀ ਜਾਣ ਮੁਸਲਮਾਨੀ।

ਸੰਤਾਂ ਦਾ ਉਪਦੇਸ਼ ਸੁਣ ਸਭ ਮੁਸਲਮਾਨ ਹੋਲੇ ਫੁਲ ਹੋ ਗਏ। ਡਾਂਗਾਂ ਹੱਥੋਂ ਡਿੱਗ ਪਈਆਂ ਪਿੰਡ ਦੇ ਵਢੇਰਿਆਂ ਪੱਗਾਂ ਲਾਹ ਸੰਤਾਂ ਦੇ ਚਰਨਾਂ ਤੇ ਰਖੀਆਂ। ਬਹੁਤਿਆਂ ਹੁੱਕਾ ਛੱਡ ਭਜਨ ਲੈ ਲਿਆ। ਉਨ੍ਹਾਂ ਲੰਗਰ ਕਰਨ ਲਈ ਕਿਹਾ। ਰਸਦ ਸੁੱਕੀ ਪੇਸ਼ ਕੀਤੀ, ਤੇ ਹੱਥ ਬੰਨ ਬੇਨਤੀ ਕੀਤੀ, 'ਰਾਤ ਇੱਥੇ ਕੱਟੋ' ਸੰਤਾਂ ਕਿਹਾ, 'ਸਾਡੇ ਮੁਰਸ਼ਦ ਹਾਫਜਾਬਾਦ ਆਏ ਨੇ। ਅਸਾਂ ਉਨ੍ਹਾਂ ਪਾਸ ਜਾਣਾ ਏ' ਇਤਨਾ ਕਹਿ ਜਲ ਪਾਣੀ ਛੱਕ ਸੰਗਤਾਂ ਕੂਚ ਕਰ ਦਿੱਤਾ। ਸੂਰਜ ਛਿੱਪਣ ਵਾਲਾ ਸੀ। ਸਾਰੇ ਦੀਵਾਨ ਵਿਚ ਜਾ ਪੁੱਜੇ। ਸਤਿਗੁਰੂ ਦੇ ਚਰਨਾਂ ਤੇ ਸੀਸ ਰਖਿਆ ਸੂਬਾ ਹਰੀ ਸਿੰਘ ਸਾਰੀ ਵਾਰਤਾ ਸੁਣਾਈ ਸਤਿਗੁਰੂ ਜੀ ਥਾਪੜਾ ਦੇਂਦਿਆਂ ਖ਼ੁਸ਼ੀਆਂ ਬਖਸ਼ੀਆਂ ਤੇ ਬਚਨ ਕੀਤਾ, 'ਸਮਾਂ ਵੇਖ ਲਿਆ ਕਰੋ। ਇਹ ਵੇਲਾ ਨਹੀਂ ਸੀ।' ਸੰਤਾਂ ਦੇ ਨੇਤਰਾਂ ਵਿੱਚੋਂ ਨੀਰ ਚੱਲ ਪਿਆ। ਮੁੱੜ ਚਰਨਾਂ ਤੇ ਡਿੱਗ ਪਏ। ਸਤਿਗੁਰਾਂ ਆਪ ਬਾਹੋਂ ਫੜ ਉਠਾਇਆ ਤੇ ਕੰਢ ਤੇ ਕਰ ਕਮਲ ਫੇਰਦਿਆਂ ਮਿਹਰਾਂ ਭਰੇ ਨੇਤਰਾਂ ਨਾਲ ਨਿਹਾਲ ਕਰ ਦਿੱਤਾ। ਸੰਤ ਬੁੱਕਲ ਮਾਰ ਭਜਨ ਕਰਨ ਲੱਗ ਪਏ।

ਬਸੰਤ ਪੰਚਮੀ ਦਾ ਪਵਿੱਤਰ ਦਿਹਾੜਾ ਸੀ। ਕੁਦਰਤ ਮੌਲ ਰਹੀ ਸੀ।

ਵੰਨ ਸੁਵੰਨੇ ਫੁੱਲ ਗੁਟਕਦੇ ਅਰਸ਼ੀ ਪ੍ਰੀਤਮ ਦੇ ਸੁਨੇਹੇ ਸੁਣਾ ਰਹੇ ਸਨ। ਅੰਮ੍ਰਿਤ ਵੇਲੇ ਤੋਂ ਆਸਾ ਦੀ ਵਾਰ ਦੇ ਕੀਰਤਨ ਉਪਰੰਤ ਸੰਤਾਂ ਜਲ ਪਾਣ ਛੱਕ ਸ਼ੇਖੂਪੁਰੇ ਦੀ ਧਰਮਸ਼ਾਲਾ ਵਿਚ ਅਰਦਾਸਾ ਸੋਧ ਦੀਵਾਨ ਅਰੰਭਿਆ। ਸੰਤ ਗੁਰਬਖਸ਼ ਸਿੰਘ ਢੋਲਕੀ ਤੇ ਧੱਪਾ ਮਾਰਿਆ ਤੇ ਬਲੀ ਸਿੰਘ, ਗੁਰਦਿਆਲ ਸਿੰਘ, ਗਆਨ ਸਿੰਘ, ਧਿਆਨ ਸਿੰਘ, ਭਗਤ ਸਿੰਘ, ਕਿਰਪਾਲ ਸਿੰਘ, ਜਗੀਰ ਸਿੰਘ ਤਿਗੜੀ ਤੇ ਇੰਦਰ ਸਿੰਘ ਸਮਸੇ ਨੇ ਛੈਣਿਆਂ ਨੂੰ ਸੰਭਾਲਿਆ। ਲੱਗੀਆਂ ਗੂੰਜਾਂ ਉੱਠਣ। ਸੀਂ ਬੰਦਨਾਂ ਉਪਰੰਤ ਧਾਰਨਾ ਅਰੰਭੀ:-

**ਗੁਰੂ ਰਾਮ ਸਿੰਘ ਜਗ ਵਿਚ ਆਇਆ**
**ਪਾਪੀਆਂ ਦੇ ਤਾਰਨੇ ਨੂੰ।**

ਇਸ ਸ਼ਬਦ ਦੀ ਵਿਆਖਿਆ ਕਰਦਿਆਂ, ਸੰਤ ਜੀ ਪੰਜੇ ਐਬ ਸੁਰਈ ਦਰਬਾਰਾ ਸਿੰਘ ਜਿਹੜਾ ਪਰਲੇ ਦਰਜੇ ਦਾ ਵੈਲੀ, ਮਾਸ, ਸ਼ਰਾਬੀ ਤੇ ਅਫੀਮੀ ਸੀ, ਤੇ ਜਿਹੜਾ ਲਾਹਣ ਤਿਆਰ ਕਰਨ ਸਮੇਂ ਪੰਜ ਪੰਜ ਸੌ ਚਿੜੇ ਸੌ ਸੌ ਮੁਰਗਾ, ਪੰਜ ਪੰਜ ਬੱਕਰਿਆਂ ਦਾ ਮਾਸ ਪਕਾਇਆ ਕਰਦਾ ਸੀ, ਜਦ ਚੀਨੀ ਵਾਲੇ ਪਾਤਸ਼ਾਹ ਮਿਹਰ ਦ੍ਰਿਸ਼ਟੀ ਕੀਤੀ ਤਾਂ ਇੱਕ ਦਮ ਬੱਕਰਿਆਂ ਦੇ ਗਲੇ ਤੋਂ ਰੱਸੀਆਂ ਖੋਲ ਦਿੱਤੀਆਂ ਕੁੱਕੜਾਂ ਦੇ ਡਾਲੇ ਤੋੜ ਦਿੱਤੇ। ਸ਼ਰਾਬ ਦੀਆਂ ਬੋਤਲਾਂ ਭੰਨ ਦਿੱਤੀਆਂ। ਲਾਹਣ ਡੋਲ੍ਹ ਦਿੱਤੀ। ਇੱਕ ਦਮ ਦੇਵਤਾ ਬਣ ਗਿਆ ਤੇ ਪ੍ਰਤਾਪ ਸਿੰਘ ਖ਼ੁਸ਼ਹਾਲ ਸਿੰਘ ਲੁੱਚੇ ਲਫੰਗੇ ਜਿਹੜੇ ਕੀਰਤਨ ਵਾਲੇ ਥਾਂਈਂ ਰੰਗ ਵਿਚ ਭੰਗ ਪਾਇਆ ਕਰਦੇ ਸਨ, ਸਤਿਗੁਰੂ ਜੀ ਦਾ ਇਸ਼ਾਰਾ ਪਾ ਕੇ ਮਸਤ ਬਣ ਖਲੋਤਿਆਂ ਦੀਆਂ ਸਾਖੀਆਂ ਸੁਣਾਈਆਂ ਤਦੋਂ ਪਸ਼ੂ ਪੰਛੀ ਹੁਲਾਰੇ ਲੈਣ ਲੱਗੇ।

ਧਰਮਸ਼ਾਲਾ ਦੇ ਲਾਗੇ ਮੜੀਆਂ ਵਿਚ ਇੱਕ ਥੜੇ ਤੇ ਇੱਕ ਸੱਤ ਫੁਟਾ ਜਟਾਧਾਰੀ, ਤੀਹ-ਪੈਂਤੀ ਸਾਲਾ ਗਭਰੋਟਾ ਨਾਗਾ ਸਾਧੂ ਬੈਠਾ ਸੀ। ਕਾੜ੍ਹਨੀਆਂ ਦਾ ਦੁੱਧ ਪੀ ਪੀ ਇਤਨਾ ਮੋਟਾ ਹੋ ਚੁੱਕਾ ਸੀ ਕਿ ਬੋਹੜ ਦੇ ਤਨੇ ਤੇ ਸਾਧੂ ਦੇ ਪੇਟ ਵਿਚ ਕੋਈ ਫ਼ਰਕ ਨਹੀਂ ਸੀ ਜਾਪਦਾ। ਸਾਹਨੇ ਵਾਂਗੂੰ ਧੌਣ ਅਕੜਾਈ, ਬੇਧਿਆਨਾ ਹੋ ਸ਼ਬਦ ਕੀਰਤਨ ਵੱਲੋਂ ਲਾਪਰਵਾਹੀ ਦਸ ਰਿਹਾ ਸੀ। ਇਸ ਦੀਵਾਨ ਵਿੱਚੋਂ ਇੱਕ ਸਿੰਘ ਉੱਠਿਆ ਤੇ ਨਾਗੇ ਪਾਸ ਜਾਕੇ ਹੱਥ ਜੋੜ ਬੇਨਤੀ ਕੀਤੀ 'ਸੰਤ ਜੀ! ਕੀਰਤਨ ਹੋ ਰਿਹਾ ਹੈ, ਤੁਸੀਂ ਉੱਚੇ ਥਾਂ ਸ਼ੋਭਦੇ ਨਹੀਂ।' ਬੱਗਾ ਸਿੰਘ ਅਜੇ ਨਾਉਂ ਦਾ ਬੱਗਾ ਸਿੰਘ ਤੇ ਅੰਦਰੋਂ ਕਾਲਾ ਧੂਤ ਸੀ, ਨੱਕ ਚਾੜ ਬੋਲਿਆ 'ਹਮ ਨਾਨਕ ਕੋ ਨਹੀਂ ਮਾਨਤੇ ਤੁਮ ਨਾਨਕ ਕੇ ਹੋ ਪੜ੍ਹੋ ਨਾਨਕ ਕੀ ਬਾਣੀ। ਹਮਾਰੇ ਕਾਮ ਮੇਂ ਦਖਲ ਮਰ ਦੋ।'

ਸਿੰਘ ਮੁੜ ਆਇਆ ਤੇ ਸੰਤਾਂ ਕਿਹਾ 'ਵੇਖੋ! ਕਰਤਾਰ ਦੇ ਰੰਗ।' ਇਤ ਕਹਿ ਸੰਤਾਂ ਇੰਦਰ ਮੋਹਣੀਆਂ ਫੜ ਲਈਆਂ ਤੇ ਲੱਗੇ ਜਲਾਲ ਵਿਚ ਆਉਣ। ਲੱਗੇ ਆਲੇ ਦੁਆਲੇ ਨੂੰ ਮਸਤੀ ਵੰਡਣ। ਦੀਵਾਨ ਲਾਗਿਉ ਇੱਕ ਗ਼ੈਰ-

ਨਾਮਧਾਰੀ ਸਿੰਘ ਲੰਘਿਆ ਤੇ ਟਿਚਕਰ ਕਰਦਿਆਂ ਕਿਹਾ, 'ਕੂਕੇ ਕੜਾਹ ਖਾ ਖਾ, ਗਾੜੀਆਂ ਸ਼ਰਦਾਈਆਂ ਪੀ ਪੀ ਖੜਤਾਲਾਂ ਨੂੰ ਇੰਦਰ ਮੋਹਣੀਆਂ ਕਹਿ ਰਹੇ ਹਨ। ਕਦੇ ਭੇਡਾਂ ਵੀ ਹੂਰਾਂ ਬਣੀਆਂ ਹਨ?' ਸੰਤ ਇਹ ਬਚਨ ਸੁਣਿਆ ਤੇ ਬਾਹੋਂ ਫੜ ਦੀਵਾਨ ਵਿਚ ਬਿਠਾ ਲਿਆ ਤੇ ਆਖਿਆ, 'ਵੇਖ ਸਤਿਗੁਰ ਦੇ ਰੰਗ' ਗੱਭਰੂ ਵੀ ਬਹਿ ਗਿਆ ਤੇ ਨਾਗਾ ਵੀ ਗੋਡੇ ਤੇ ਲੱਤ ਰੱਖ ਲੇਟ ਆਿ।

ਇੱਕ ਵਜ ਚੁੱਕਾ ਸੀ ਤੇ ਸੰਤ ਸਤਿਗੁਰੂ ਰਾਮ ਸਿੰਘ ਜੀ ਦੇ ਚਜ ਗੁਰੂ ਹਰੀ ਸਿੰਘ ਜੀ ਦੀਆਂ ਮਿਹਰਾਂ ਤੇ ਸਤਿਗੁਰੂ ਪ੍ਰਤਾਪ ਸਿੰਘ ਦੀਆਂ ਬਖਸ਼ਾਂ ਦਰਸ਼ਾਂ, ਸਾਧ ਸੰਗਤ ਨੂੰ ਸੱਚਖੰਡ ਦੇ ਨਜ਼ਾਰੇ ਦਰਸਾ ਰਹੇ ਸਨ। ਇਸੇ ਤਰ੍ਹਾਂ ਸੈਦ ਖ਼ਾਂ ਦਾ ਗੁਰੂ ਗੋਬਿੰਦ ਸਿੰਘ ਜੀ ਦੀ ਚਰਨੀ ਲਗਣਾ, ਗੁਰੂ ਰਾਮ ਸਿੰਘ ਜੀ ਦੇ ਨਿਹੰਗ ਦੇ ਵਲ ਕੱਢਣੇ, ਅਨੇਕ ਪਾਮਰਾਂ ਨੂੰ ਦੇਵਤੇ ਬਣਾਨ ਦੇ ਪ੍ਰਸੰਗ ਸੁਣ, ਜਨਮ ਜਨਮਾਂਤਰਾਂ ਦੀ ਮੈਲ ਕੱਟ ਰਹੇ ਸਨ। ਹੁਣ ਇੰਦਰ ਮੋਹਣੀਆਂ, ਸੰਤਾਂ ਹੱਥ ਵਿਚ ਲੈ ਲਈਆਂ ਤੇ ਸਿਰ ਤੇ ਗੜਵਾ ਰਖ ਕਦੇ ਦੀਵਾਨ ਦੇ ਚੜਦੇ ਪਾਸੇ, ਕਦੇ ਨਾਗੇ ਵਲ, ਕਦੇ ਕੰਧਾਂ ਤੇ ਸਸਤੀ ਵਿਚ ਛਾਲਾਂ ਮਾਰ ਚੜਨ ਤੇ ਛੱਤਾਂ ਤੋਂ ਛਾਲਾਂ ਮਾਰਨ ਮਗਰ ਮਟਕੀ ਸਿਰ ਤੋਂ ਹਿੱਲੇ ਸਾਰੀ ਸੰਗਤ ਤੇ ਵੈਰਾਗ ਦਾ ਹੜ ਚੜ ਆਇਆ:-

**ਮੇਰੇ ਸਿਰ ਤੇ ਮਟਕੀ ਵੇ, ਮੈਂ ਵੇਚਾਂ ਦੁਧ ਦਹੀ,**
**ਮੇਰੇ ਸਿਰ ਤੇ ਮਟਕੀ ਵੇ, ਲੈ ਲਓ ਦੁਧ ਦਹੀ।**

ਗੂੰਜਾਰਾਂ ਉੱਠ ਰਹੀਆਂ ਸਨ। ਚੰਗਾ ਰੰਗ ਬੱਝਾ। ਖਾਣਾ, ਪੀਣਾ ਸਭ ਨੂੰ ਭੁੱਲਾ ਪਿਆ ਸੀ।

ਇਤਨੇ ਨੂੰ ਪੂਰਬ ਵੱਲੋਂ ਇੱਕ ਬਦਲੀ ਨਿਕਲ ਆਈ ਤੇ ਮਗਰ ਮਗਰ ਉਸਦੀਆਂ ਸਖੀਆਂ ਸਹੇਲੀਆਂ ਆ ਝੁਰਮਟ ਪਾਇਆ। ਲੱਗੀ ਕਣ ਮਣ ਹੋਣੇ ਹੁਣ ਤਮਾਸ਼ਬੀਨ ਲੱਗੇ ਖਿਲਰਨ। ਪਰ ਜਿਹੜਾ ਉਠੇ, ਸੰਤ ਉਸੇ ਨੂੰ ਬਾਹੋਂ ਫੜ ਬਿਠਾ ਦੇਣ। ਏਧਰ ਮਸਤਾਨਿਆਂ ਨਾਲ ਦੀਵਾਨ ਭਰ ਗਿਆ। ਸੰਤ ਵੀ ਗੇੜੇ ਲਾਈ ਜਾਣ ਤੇ ਮਸਤਾਨੇ ਵੀ ਲੋਟਣ ਕਬੂਤਰ ਬਣਦੇ ਜਾਣ। ਇੱਕ ਵੇਰ ਸੰਤਾਂ ਬੱਦਲਾਂ ਵਲ ਕਮਲ ਮੁਖੜਾ ਕਰਕੇ ਇਤਨਾ ਕਿਹਾ:-

**ਵਰਖੋ! ਵਰਖੋ!! ਵਰਖੋ!!! ਕਿਰਪਾ ਧਾਰ**

ਬਸ ਇੱਕ ਦਮ ਛਰਲਾਟੇ ਛੁਟ ਪਏ। ਵਿਰਦ ਭਲਵਾਨ ਦੀ ਬੰਦੂਕ ਔਹ ਜਾ ਪਈ। ਦਸਤਾਰ ਦਾ ਪਤਾ ਨਾ ਲੱਗੇ। ਜਟਾ ਵਾਲਾ ਸਾਧੂ ਲੇਟਣੀਆਂ ਖਾਂਦਾ ਦੀਵਾਨ ਵਲ ਇਉਂ ਆ ਗਿਆ ਸੀ, ਜਿਵੇਂ ਸ਼ੇਸ਼ ਕੀਲਿਆ ਖੀਰ ਸਮੁੰਦਰ ਨੂੰ ਚੀਰਦਾ ਆ ਰਿਹਾ ਹੈ। ਸੰਤਾਂ ਇੱਕ ਵੇਰ ਨੇਤਰ ਖੋਲ੍ਹ ਬੱਗੇ ਵਲ ਵੇਖਿਆ, ਬੱਗਾ ਸਿੰਘ ਨਾਗਿਆਂ ਦੀ ਜਮਾਤ ਦਾ ਇੱਕ ਮਾਨੀਯਾ ਤੇ ਕਰਾਮਾਤੀ ਸਾਧੂ ਸੀ। ਗੁਰਮੁਖ ਸਿੰਘ ਸੰਤ ਨਗਰ ਨੂੰ ਬੁਖਾਰ ਸੀ ਤੇ ਬੁਖਾਰ ਵੀ ਜ਼ੋਰ ਦਾ ਸੀ, ਬੱਗੇ ਨੇ ਛਾਤੀ ਤੇ ਪੈਰ ਰਖਿਆ ਤੇ ਬੁਖਾਰ ਜਾਂਦਾ ਨਹੀਂ ਲੱਭਾ ਤੇ 40 ਸਾਲ

ਦੀ ਉਮਰ ਤਕ ਨਹੀਂ ਚੜ੍ਹਿਆ, ਅਜੇਹੇ ਸਿਧ ਪੁਰਸ਼ ਨੂੰ ਵੀ ਸਤਿਗੁਰੂ ਜੀ ਦੀ ਮਿਹਰ ਨਾਲ ਸੰਤਾਂ ਸਤਿਗੁਰੂ ਰਾਮ ਸਿੰਘ ਦੇ ਘਰ ਵਿਚ ਸ਼ਾਮਲ ਹੋਣ ਵਿਚ ਪ੍ਰਸੰਨਤਾ ਹੋਈ ਤੇ ਬੱਗਾ ਸਿੰਘ ਧਨ ਭਾਗ ਸਮਝੇ, ਬੱਗੇ ਦੀ ਹੰਗਤਾ ਦੀ ਮੈਲ ਪਾਣੀ ਦੀਆਂ ਧਾਰਾਂ ਵਿਚ ਹੀ ਕਿਤੇ ਬਹਿ ਗਈ ਜਲ ਥੱਲ ਹੋ ਗਿਆ। ਸੰਤਾਂ ਬੱਗਾ ਸਿੰਘ ਦੇ ਕੰਨਾਂ ਵਿਚ ਫੂਕ ਮਾਰ ਦਿੱਤੀ। ਬੱਗਾ ਸਿੰਘ ਠੀਕ ਅੰਦਰੋਂ ਬਾਹਰੋਂ, ਬੱਗਾ ਹੋ ਗਿਆ ਤੇ ਬਾਕੀ ਦਾ ਜੀਵਨ ਬਗਿਆਂ ਵਿਚ ਗੁਜ਼ਰਿਆ। ਨਾਗੇ ਨੂੰ ਭਜਨ ਲੈਂਦਿਆਂ ਤਕ ਕੇ ਅਨੇਕ ਤੰਬਿਆਂ ਤੇ ਧੋਤੀਆਂ ਵਾਲਿਆਂ ਭਜਨ ਪੁੱਛ ਲਿਆ। ਮਾਸ ਅਤੇ ਸ਼ਰਾਬ ਛੱਡਣ ਦਾ ਪ੍ਰਣ ਕਰ ਦੇਵਤਿਆਂ ਨਾਲ ਰਲ ਗਏ।

(**ਗੁਰਬਖਸ਼ ਸਿੰਘ,** ਸੰਤ ਨਗਰ)

ਗਰਮੀ ਦੀ ਰੁਤ ਸੀ, ਸਤਿਗੁਰੂ ਜੀ ਸੰਤ ਬਹਾਦਰ ਸਿੰਘ, ਵਜ਼ੀਰ ਸਿੰਘ, ਰਤਨ ਸਿੰਘ, ਮੁਹਕਮ ਸਿੰਘ, ਸੰਤ ਨਿਧਾਨ ਸਿੰਘ, ਇੰਦਰ ਸਿੰਘ ਚੱਕਰਵਰਤੀ, ਸੰਤ ਮੰਗਲ ਸਿੰਘ ਫ਼ਰਿਸ਼ਤੇ ਤੇ ਸੰਤ ਅਤਰ ਸਿੰਘ ਆਦਿ ਨਿਉ ਕਸਟਮ ਹਾਊਸ ਬੰਬਈ ਵਿਚ ਜਾ ਦਰਸ਼ਨ ਦਿੱਤੇ। ਸ੍ਰ: ਤੇਜਾ ਸਿੰਘ ਮੁਬਾਰਕ ਸਿੰਘ, ਦਲੀਪ ਸਿੰਘ ਤੇ ਕੇਸਰ ਸਿੰਘ ਜਾਮਿਆਂ ਵਿਚ ਫੁੱਲੇ ਨਾ ਸਮਾਉਣ। ਦੁਪਹਿਰ ਉਪਰੰਤ ਸ੍ਰੀ ਆਲਿਮ ਜੀ, ਚੱਕਰਵਰਤੀ ਜੀ, ਫ਼ਰਿਸ਼ਤਾ ਜੀ, ਆਲਮਾਨਾਂ ਤੇ ਅੱਗਮੀ ਵਾਰਤਾਲਾਪ ਨਾਲ ਸ੍ਰੋਤਿਆਂ ਨੂੰ ਅਰਸ਼ਾਂ ਦੀਆਂ ਉਡਾਰੀਆਂ ਲਵਾਈਆਂ। ਰਾਤ ਨੂੰ ਇੰਦਰ ਮੋਹਣੀਆਂ ਨਾਲ ਸੰਤ ਅਤਰ ਸਿੰਘ ਦੀਵਾਨ ਲਾਇਆ ਸਭ ਰੰਗ ਵਿਚ ਰੰਗੇ ਗਏ।

ਮਜ ਵਿਚ ਸੰਤ ਸ਼ਿਕਾਗੂ ਕੰਪਨੀ ਦੀ ਲਾਗੇ ਦੀ ਦੀਵਾਰ ਤੇ ਚੜ ਏ ਤੇ ਨਿਰਤਕਾਰੀ ਅਰੰਭ ਦਿੱਤੀ ਦਰਸ਼ਕ ਹੈਰਾਨ ਸਨ। ਤੇ ਡਰ ਸੀ ਕਿ ਕਿਤੇ ਸੰਤ ਡਿੱਗ ਨਾ ਪੈਣ ਮਤਾ ਹੱਡੀ ਪਸਲੀ ਟੁੱਟ ਜਾਵੇ। ਹੋਸ਼ਾਂ ਵਾਲੇ ਆਲੇ ਦੁਆਲੇ ਚਾਦਰਾਂ ਪਕੜ ਖਲੋ ਗਏ। ਪਰ ਜਿਹੜੇ ਮਾਲਕ ਨਾਲ ਰੱਚੇ ਮਿੱਚੇ ਹੋਣ, ਉਹ ਡਿੱਗਦੇ ਨਹੀਂ, ਤੇ ਜੇ ਡਿੱਗ ਪੈਣ ਤਾਂ, ਪੱਥਰ ਫੁੱਲਾਂ ਵਿਚ ਬਦਲ ਜਾਂਦੇ ਹਨ। ਸੰਤਾਂ ਧਾਰਨਾ ਲਾਈ:-

**ਤੱਪ ਹੋਸ ਗਿਆ ਤਪੱਸੀਆ ਪੂਰਾ**
**ਫੇਰਾ ਪਾ ਪੰਜਾਬ ਦੇਸ਼ ਨੂੰ**

ਇਸ ਦੇ ਪ੍ਰਮਾਣ ਵੱਜੋਂ ਸੰਤਾਂ ਨੇ ਮਨ ਦੀ ਅਵਸਥਾ ਵਰਨਣ ਕਰਦਿਆਂ ਇਕ ਤੁਕ ਪੜ੍ਹੀ:-

**ਕਾਪੜ ਤਨ ਨ ਸੁਖਾਵੈ, ਮਰੀ ਐਹ ਵੈ**
**ਦਾਮਨ ਚਮਕ ਡਰਾਵੈ**
**ਫੇਰਾ ਪਾ ਪੰਜਾਬ ਦੇਸ਼ ਨੂੰ। 'ਕਾਪੜ ਤਨ ਨ ਸੁਖਾਵੈ।'**

ਕਹਿਣ ਦੇ ਨਾਲ ਹੀ ਕੁੜਤੇ ਨੂੰ ਲੀਰੋ ਲੀਹ ਕਰ ਦਿੱਤਾ। ਇਸ ਦ੍ਰਿਸ਼ ਨੇ ਸ੍ਰ: ਤੇਜਾ ਸਿੰਘ ਅੰਦਰ ਵੈਰਾਗ ਦਾ ਕਟਕ ਚਾੜ ਦਿੱਤਾ ਤੇ ਉਹ ਵੀ ਲੱਗਾ

ਬੰਨੇ ਚੰਨੇ ਤੋੜਨ। ਸ੍ਰ: ਪਤਲੂਣ ਕੋਟ ਉਤਾਰ ਕੇ ਜਾ ਮਸਤਾਨਿਆਂ ਵਿਚ ਸ਼ਾਮਲ ਹੋਏ। ਇਨ੍ਹਾਂ ਦੇ ਸੁਤਰੀ ਹੋਣ ਦੀ ਦੇਰ ਸੀ, ਕਿ ਨੀਲੀਆਂ ਪੀਲੀਆਂ ਪੱਗਾਂ ਹਿੱਲਣ ਲੱਗ ਪਈਆਂ। ਸ੍ਰ: ਜੀ ਬਿਰਹਾ ਕੁੱਠੇ ਹਾਲੋ ਬੇਹਾਲ ਹੋ, ਕੰਨ ਤੇ ਹੱਥ ਧਰ ਸੰਗਤ ਨੂੰ ਸੰਬੋਧਨ ਕਰਦਿਆਂ ਸੂਫ਼ੀਆਂ ਦਾ ਇਹ ਕਲਾਮ ਸ਼ੁਰੂ ਕਰ ਦਿੱਤਾ:-

**ਖਬਰਦਾਰ ਨਾਮ ਇਸ਼ਕ ਦਾ ਲੈ ਨ ਬਹੀਂ ਵੇ।**
**ਜੇ ਆਸ਼ਿਕ ਭੀ ਹੈ, ਤਾਂ ਮੂੰਹੋਂ ਕਹਿ ਨਾ ਬਹੀਂ ਵੇ।**
**ਖਤਰਨਾਕ ਮੰਜ਼ਿਲ ਸਫਰ ਦੂਰ ਦਾ**
**ਇਰਾਦਾ ਬੁਰਾ ਤੇਰੇ ਦਸਤੂਰ ਦਾ**
**ਤੇਰੀ ਜ਼ਿੰਦਗੀ ਨਾਮ ਕਾਫੂਰ ਦਾ**
**ਤੂੰ ਬਚ ਹਿਰਸ ਦੇ ਸ਼ਹਿਰ 'ਚ ਬਹਿ ਨ ਰਹੀਂ ਵੇ**
**ਜਬਹ ਕਿਬਲ ਆਸ਼ਿਕ ਹੋਏ ਬਾਜਰਾਂ!**
**ਤੂੰ ਭੀ ਬਨ ਆਸ਼ਿਕ ਸਰ ਨੂੰ ਕਟਾ!**
**ਜੇ ਮਬਦੇ ਖੁਦਾ ਹੈ ਤਾਂ ਕਰਕੇ ਵਖਾ!**
**ਪਰ ਇਹ ਦੁਨੀਆਂ ਈ ਤਿਲਕਣੀ;**
**ਕਿਤੇ ਢਹਿ ਨ ਪਈਂ ਵੇ**
**ਜਿਵੇਂ ਤੇਰੀ ਗੁਜਰੇ ਤੂੰ ਸਦਕੇ ਲੰਘਾ**
**ਸਬਰ ਕਰ ਨ ਪਰਦਾ ਸਜਣ ਦਾ ਉਠਾ**
**ਇਹੀ ਫੱਕਰ ਦਰਵੇਸ ਦਾ ਹੈ ਸਦਾ**
**ਤੂੰ ਬੱਚ ਝੂਠ ਤੋਂ ਸੱਚ ਵੀ ਕਹਿ ਨ ਬਹੀਂ ਵੇ**
**ਕੋਈ ਸ਼ਹਿਰ ਲੇਲਾ ਦੇ ਫਿਰਦਾ ਰਹਿਆ**
**ਕੋਈ ਹੈਦਰੀ ਸੂਲੀ ਤੇ ਰਹਿ ਗਿਆ।**
**ਖਬਰਦਾਰ ਨਾਮ ਇਸ਼ਕ ... ...**

ਸ੍ਰ: ਜੀ ਦੇ ਇਹ ਸ਼ਬਦ ਕੀ ਸਨ? ਪ੍ਰੇਮ ਚੰਗਾੜੇ ਸਨ ਜਿਸਨੇ ਰਾਮ ਵਜੋਗੀਆਂ ਅੰਦਰ ਭਾਂਬੜ ਮਚਾ ਦਿੱਤੇ। ਕੋਈ ਰੂਹ ਹੋਵੇਗੀ, ਜਿਹੜੀ ਇਹ ਨਜ਼ਾਰਾ ਤਕ ਪੁਕਾਰ ਨਾ ਉਠੀ ਹੋਵੇ। ਇਸ ਵੇਲੇ ਤਾਂ ਹੋਸ਼ਾਂ ਵਾਲਿਆਂ ਦੇ ਹੋਸ਼ ਗੁਮ ਸਨ, ਉਹ ਕੀ ਜਾਨਣ, ਇਹ ਕੀ ਮਾਜਰਾ ਹੈ?

ਲਾਗੇ ਹੀ ਪਾਰਸੀਆਂ ਦਾ ਬੰਗਲਾ ਸੀ। ਇਕ ਪਾਰਸਨ ਨਵਯੁਵਤੀ ਦੌੜੀ ਦੌੜੀ ਆਈ ਤੇ ਮਾਤਾ ਲਛਮੀ ਨੂੰ ਘਬਰਾਂਦੀ ਹੋਈ ਕਹਿਣ ਲੱਗੀ 'ਬਾਈ! ਬਾਈ!! ਢੋਲਕ ਬੰਦ ਕਰਾਓ, ਹਮਾਰੇ ਤੋ ਬੱਚੋਂ ਕੇ ਸਿਰ ਹਿਲਨੇ ਸ਼ੁਰੂ ਹੋ ਗਏ ਹੈਂ।'

ਬਾਈ! ਘਬਰਾਓ ਮਤ, ਕੁਝ ਨਹੀਂ ਹੁੰਦਾ। ਰੱਬ ਦਾ ਨਾਉਂ ਲੈ ਰਹੇ ਹਨ। ਨਹੀਂ, ਨਹੀਂ ਬਾਤ ਕੋਈ ਜ਼ਰੂਰ ਹੈ। ਮੇਰੇ ਬੱਚੇ ਕੇ ਸਿਰ ਚਕਰਾ ਰਹੈ, ਔਹ ਮੇਰੇ ਕੋ ਭੀ ਕੁਝ ਹੋ ਰਹਾ ਹੈ। ਮੈਂ ਹਾਥ ਜੋੜਤੀ ਹੂੰ, ਢੋਲਕ ਬੰਦ

ਕਰਾਓ। ਭੈਣ ਲਛਮੀ ਨੇ ਆਖਿਆ, 'ਕੋਈ ਐਸੀ ਗੱਲ ਨਹੀਂ। ਈਸ਼ਰ ਦੀ ਬਾਣੀ ਪੜ੍ਹ ਰਹੇ ਹਨ। ਭਗਤੀ ਕਰ ਰਹੇ ਹਨ। ਜੇ ਹੋਇਆ ਤਾਂ ਅਸੀਂ ਵੀ ਤੇਰੇ ਕੋਲ ਹਾਂ।' ਉਹ ਵਿਚਾਰੀ ਚੁੱਪ ਕਰ ਗਈ, ਮਗਰ ਚੈਨ ਨਾ ਆਵੇ। ਖ਼ੈਰ ਉਸ ਰਾਤ 12-1 ਵਜੇ ਭੋਗ ਪਿਆ। ਸੰਤ ਤਾਂ ਇਸ਼ਨਾਨ ਕਰ ਆਸਾ ਦੀ ਵਾਰ ਦੇ ਕੀਰਤਨ ਵਿਚ ਬਹਿ ਗਏ।

ਸਵੇਰ ਸਾਰ ਜਲ ਪ੍ਰਸ਼ਾਦ ਸ੍ਰ: ਤੇਜਾ ਸਿੰਘ ਦੇ ਘਰ ਹੀ ਛੱਕਿਆ। ਆਲਾ ਦੁਆਲਾ ਵਾਹ ਵਾਹ ਕਰੇ। ਮਗਰ ਸਾਰੇ ਪ੍ਰੇਮੀ ਨਹੀਂ ਹੁੰਦੇ ਤੇ ਨਾ ਹੀ ਸਾਰੇ ਅਪ੍ਰੇਮੀ। ਕੁਝ ਪੱਛਮੀ ਤਹਿਜੀਬ ਹੇਠ ਆਇਆ ਮਿਸਟਰ ਹਾਜ, ਵੱਡੇ ਕਸਟਮ ਆਫ਼ੀਸਰ ਪਾਸ ਸ਼ਿਕਾਇਤ ਕੀਤੀ ਕਿ ਰਾਤ ਨੂੰ ਢੋਲਕ ਛੈਣਿਆਂ ਦੀ ਆਵਾਜ਼ ਨੇ ਅੱਧੀ ਰਾਤ ਤਕ ਅਰਾਮ ਨਹੀਂ ਕਰਨ ਦਿੱਤਾ। ਨੀਂਦ ਨਹੀਂ ਆਈ। ਸਵੇਰੇ ਡੀਊਟੀ ਸਮੇਂ ਉਂਘ ਆਵੇਗੀ ਤੇ ਸਰਕਾਰੀ ਕੰਮ ਵਿਚ ਵਿਘਨ ਪਵੇਗਾ। ਪਰ ਮਿਸਟਰ ਹਜ ਨੂੰ ਬੜਾ ਅਨੰਦ ਆਇਆ ਸੀ, ਉਸਨੇ ਮਨ ਵਿਚ ਕਿਹਾ 'ਝੂਠ ਬਕਤੇ ਹੈਂ ਯਿਹ ਲੋਗ, ਮੁਝੇ ਤੋ ਬਹੁਤ ਖੁਸ਼ੀ ਹੂਈ। ਉਸਨੇ ਉਨ੍ਹਾਂ ਉੱਤਰ ਦਿੱਤਾ' ਤੁਮ ਘਬਰਾਓ ਮਟ, ਮੈਂ ਸ੍ਰ: ਤੇਜਾ ਸਿੰਘ ਕੋ ਬੋਲ ਡੂੰਗਾ, ਕਿ ਬਹੁਤ ਡੇਰ ਤਕ ਕੀਰਤਨ ਨਾ ਕਰਾਏ। ਏਵੇਂ ਕਈ ਦਿਨ ਮੰਗਲਾਚਰਨ ਵਿਚ ਬਤੀਤ ਹੋਏ। ਸਤਿਗੁਰੂ ਜੀ ਕਈ ਘਰੀਂ ਚਰਨ ਪਾਏ। ਉਨ੍ਹਾਂ ਦੇ ਗ੍ਰਹਿ ਪਵਿੱਤਰ ਕੀਤੇ। ਉਨ੍ਹਾਂ ਦੀਆਂ ਮਨੋ ਕਾਮਨਾਵਾਂ ਪੂਰੀਆਂ ਕਰਕੇ ਸਵੇਰ ਸ਼ਾਮ ਦਰਸ਼ਨ ਦੇ ਚਕੋਰ ਨੇਤਰਾਂ ਨੂੰ ਠੰਡਕ ਬਖਸ਼ਦੇ।

ਸੰਤਾਂ ਨੂੰ ਜੇ ਦੀਵਾਨ ਦਾ ਇਕ ਕਹਿ ਲਈਏ ਤਾਂ ਮੁਬਾਲਗਾ ਨਹੀਂ। ਇੱਕ ਵੇਰ ਸੰਤ ਜੀ ਸਤਿਗੁਰੂ ਜੀ ਦੇ ਦੌਰੇ ਨਾਲ ਸਨ। ਮਗਰ ਸਰੀਰ ਢਿੱਲਾ ਹੋ ਗਿਆ। ਬੁਖਾਰ ਚੜ ਗਿਆ। ਇਕ ਸਿੱਖ ਨੇ ਸਤਿਗੁਰੂ ਜੀ ਦੇ ਚਰਨਾਂ ਵਿਚ ਅਰਜ਼ ਕੀਤੀ, ਗ਼ਰੀਬ ਨਿਵਾਜ਼ ਸੰਤਾਂ ਦਾ ਸਰੀਰ ਢਿੱਲਾ ਹੈ। ਬੁਖਾਰ ਹੋ ਗਿਆ ਹੈ, ਦੀਵਾਨ ਕੌਣ ਲਾਏ? ਸਤਿਗੁਰੂ ਜੀ ਸੁਭਾਵਕ ਬਚਨ ਕੀਤਾ। ਸਤ ਲਾਉਣਗੇ ਹੋਰ ਕੌਣ ਲਾਇਆ? ਜਥੇਵਾਲੇ ਸੰਤਾਂ ਨੂੰ ਬਿਨਾ ਦੱਸੇ ਢੋਲਕੀ ਵਜਾਉਣੀ ਸ਼ੁਰੂ ਕਰ ਦਿੱਤੀ ਤੇ ਬੰਦਨਾਂ ਅਰੰਭ ਦਿੱਤੀ। ਢੋਲਕੀ ਵੱਜਣ ਦੀ ਦੇਰ ਸੀ, ਸੰਤ ਜੀ ਮੰਜੇ ਤੇ ਉਠ ਕੇ ਬਹਿ ਗਏ। ਪੰਜ ਇਸ਼ਨਾਨਾ ਕੀਤਾ ਤੇ ਦੀਵਾਨ ਵਿਚ ਜਾ ਪੁੱਜੇ। ਬਸ ਫਿਰ ਉਹੋ ਰੰਗ ਤੇ ਉਹੋ ਮਸਤੀ। ਢੱਲੀ ਰਾਤ ਤੱਕ ਦੀਵਾਨ ਲੱਗਾ। ਇਹ ਵਰਨਣ ਕਰਨ ਦੀ ਕੋਈ ਲੋੜ ਨਹੀਂ ਕਿ ਘਸੀਟਪੁਰਾਂ ਜ਼ਿਲ੍ਹੇ ਗੁਰਦਾਸਪੁਰ ਵਿਚ 2 ਹਾੜ 2008 ਜਦ ਕੀਰਤਨ ਕਰ ਰਹੇ ਸਨ, ਮਸਤੀ ਨਾਲ ਵਾਯੂ ਮੰਡਲ ਸਰ ਸਾਰ ਸੀ। ਸੰਤਾਂ ਦੀ ਰਸਨਾ ਤੇ ਸੀ:-

**'ਲਗੀਆਂ ਬਾਲ ਜਾਣਦੇ, ਬੇਦਰਦਾਂ ਨੂੰ ਕੀ'**

ਠੀਕ ਉਨ੍ਹਾਂ ਨੂੰ ਬਾਣੀ ਦੇ ਬਾਣ ਲੱਗੇ ਹੋਏ ਸਨ, ਉਨ੍ਹਾਂ ਬਾਂ ਦੀ ਸੇਜ ਉੱਤੇ ਹੀ ਬਿਰਾਜ ਗਏ, ਤੇ ਆਪਣੇ ਮਾਹੀ ਦੀਆਂ ਖ਼ੁਸ਼ੀਆਂ ਕਲਾਵੇ ਭਰ ਭਰ ਲਈਆਂ।

ਸੰਤ ਜੀ ਪੂਰਨ ਸੰਤ ਤੇ ਸੁੱਚੇ ਪ੍ਰਚਾਰਕ ਸਨ। ਉਹ ਆਮਿਲ ਸਨ; ਉਹ ਸਾਦਿਕ ਸਨ। ਜੇ ਕੀਰਤਨ ਕਰਦਿਆਂ ਰਾਤ ਬੀਤ ਜਾਵੇ ਤਾਂ ਪਰਵਾਹ ਨਹੀਂ। ਨਿਤਨੇਮ ਪੂਰਾ। ਉਸੇ ਵੇਲੇ ਇਸ਼ਨਾਨ ਕਰ, ਦੀਵਾਨ ਵਿਚ ਹਾਜ਼ਰ ਹੋ, ਚੌਕੜਾ ਮਾਰ ਭਜਨ ਵਿਚ ਲੀਨ ਹੋ ਜਾਂਦੇ। ਜਦ ਤਕ ਨਿਤਨੇਮ ਸੰਪੂਰਨ ਨਾ ਹੋ ਜਾਵੇ, ਕੋਈ ਗੱਲ ਨਾ ਕਰਦੇ ਤੇ ਨਾ ਕੁਝ ਛੱਕਦੇ। ਉਨ੍ਹਾਂ ਦੀ ਯਾਦ ਵਿਚ ਸ਼ਹਿਰ ਸ਼ਹਿਰ, ਗ੍ਰਾਂ ਗ੍ਰਾਂ ਮੇਲੇ ਹੋਏ ਤੇ ਉਨ੍ਹਾਂ ਨੂੰ ਸ਼ਰਧਾਂਜਲੀ ਅਰਪਨ ਕੀਤੀ ਗਈ, ਇਹ ਕੇਵਲ ਨਾਂ ਮਾਤਰ ਪ੍ਰਸੰਨ ਹਨ। ਸਾਰੀ ਕਥਾ ਅਗਾਧ ਹੈ, ਸਾਗਰ ਵਿੱਚੋਂ ਬੂੰਦ ਨਿਆਈਂ।

# ਸੰਤ ਰਤਨ ਸਿੰਘ ਜੀ

ਸੰਤ ਰਤਨ ਸਿੰਘ ਦਾ ਜਨਮ ਸੰਤ ਠਾਕੁਰ ਸਿੰਤ ਦੇ ਘਰ ਮਾਤਾ ਜਵਾਲਾ ਦੀ ਕੁੱਖੋਂ ਪਿੰਡ ਪੱਦੀ ਜ਼ਿਲ੍ਹਾ ਜਲੰਧਰ ਸੰਮਤ 1969 ਵਿਚ ਹੋਇਆ। ਸਤਿਗੁਰਾਂ ਦੀ ਕ੍ਰਿਪਾ ਦੇ ਨਾਲ। ਬਾਬਾ ਠਾਕੁਰ ਸਿੰਘ ਜੀ ਨਗਰ ਵਾਸੀਆਂ ਦੀ ਸੇਵਾ ਵਾਸਤੇ। ਬਗ਼ੈਰ ਕਿਸੇ ਚੋਣ ਤੋਂ ਸਰਪੰਚ ਚੁਣੇ ਜਾਂਦੇ ਰਹੇ। ਇਨ੍ਹਾਂ ਵਿਚ ਸਤਿਗੁਰਾਂ ਦੀ ਕ੍ਰਿਪਾ ਨਾਲ ਖ਼ਾਸ ਗੁਣ ਸੀ ਕਿ ਸੱਚੇ ਨੂੰ ਸੱਚਿਆਂ ਤੇ ਝੂਠੇ ਨੂੰ ਝੂਠਿਆਂ ਕਰਨਾ। ਕਦੀ ਕਿਸੇ ਦੇ ਪੱਖ ਪਾਕ ਵਿਚ ਨਹੀਂ ਸਨ ਆਏ। ਸਾਰੇ ਨਗਰ ਨਿਵਾਸੀ ਬੜਾ ਆਦਰ ਤੇ ਮਾਣ ਕਰਿਆ ਕਰਦੇ ਸਨ। ਇਨ੍ਹਾਂ ਦੀ ਮਾਤਾ ਜਵਾਲਾ ਕੌਰ ਜੀ ਤੇ ਵੀ ਸਤਿਗੁਰੂ ਦੀ ਅਪਾਰ ਕਿਰਪਾ ਸੀ। ਅੰਮ੍ਰਿਤ ਵੇਲੇ ਉਠਕੇ ਇਸ਼ਨਾਨ ਪਾਣੀ ਕਰਕੇ। ਨਾਮ ਦਾ ਸਿਮਰਨ ਕਰਨਾ। ਔਦੇ ਜਾਂਦੇ ਸਿੱਖ ਸਾਧ ਦੀ ਸੇਵਾ ਆਪਣੇ ਹੱਥੀ ਕਰਨੀ। ਆਪਣਿਆਂ ਬੱਚਿਆਂ ਨੂੰ ਸ਼ੁਭ ਉਪਦੇਸ਼ ਦੀਆਂ ਲੋਰੀਆਂ ਦਿਆਂ ਕਰਨੀਆਂ।

ਇਨ੍ਹਾਂ ਸਾਰਿਆਂ ਲੜਕਕਿਆਂ ਵਿੱਚੋਂ ਰਤਨ ਸਿੰਘ ਜੀ ਜਦ ਪੰਜ ਸਾਲ ਦੀ ਉਮਰ ਹੋਈ। ਬਾਬਾ ਠਾਕੁਰ ਸਿੰਘ ਜੀ ਨੇ ਨਗਰ ਦੇ ਸਕੂਲ ਵਿਚ ਪੜ੍ਹਾਈ ਕਰਨ ਵਾਸਤੇ ਛਡ ਆਏ। ਰਤਨ ਸਿੰਘ ਨੇ ਆਪਣੀ ਪੜ੍ਹਾਈ ਵਲ ਇਸ ਤਰ੍ਹਾ ਧਿਆਨ ਦਿੱਤਾ। ਦੂਸਰਿਆਂ ਲੜਕਿਆਂ ਦੇ ਨਾਲੋਂ ਅਬਲ ਔਦੇ ਰਹੇ। ਬਚਪਨ ਤੋਂ ਹੀ ਸਾਧਾ ਅਤੇ ਸਿਧਾ ਸੁਭਾਅ ਬਣ ਗਿਆ। ਰਤਨ ਸਿੰਘ ਜੀ 7 ਜਮਾਤਾਂ ਦੀ ਪੜ੍ਹਾਈ ਕਰਕੇ 12-13 ਸਾਲ ਦੀ ਉਮਰ ਤਕ ਪਹੁੰਚ ਗਏ। ਉਸ ਵਕਤ ਸਤਿਗੁਰਾਂ ਦੀ ਕਿਰਪਾ ਨਾਲ। ਦੁਆਲੇ ਦੇ ਸੂਬੇ ਦੁਸੰਦਾ ਸਿੰਘ ਜੀ ਸਨ। ਰਤਨ ਸਿੰਘ ਸੂਬਾ ਜੀ ਦੀ ਸੰਗਤ ਕਰਨ ਲਗ ਪਏ, ਸੂਬਾ ਜੀ ਨੇ ਗੁਰੂ ਘਰ ਦੇ ਬਚਨ ਸੁਣਾਇਆਂ ਕਰਨ। ਸੂਬਾ ਜੀ ਦੇ ਬਚਨਾਂ ਦਾ ਰਤਨ ਸਿੰਘ ਤੇ ਅਸਰ ਹੁੰਦਾ ਗਿਆ। ਸੂਬਾ ਜੀ ਨੇ ਸੰਮਤ 1978 ਬਿ: ਵਿਚ ਭਜਨ ਦੇ ਦਿੱਤਾ, ਉਸ ਵਕਤ ਰਤਨ ਸਿੰਘ ਦੀ ਉਮਰ 14 ਸਾਲ ਦੀ ਸੀ। ਅਤੇ ਰਤਨ ਸਿੰਘ ਦੀ ਰੁਚੀ ਗੁਰੂ ਘਰ ਵਲ ਵਧਨੀ ਸ਼ੁਰੂ ਹੋ ਗਈ। ਸੂਬਾ ਜੀ ਰਤਨ ਸਿੰਘ ਦੀ ਰੁਚੀ ਨੂੰ ਦੇਖਕੇ ਇਸੇ ਸੰਮਤ 1989 ਵਿਚ ਨਾਲ ਲੈ ਕੇ ਸ੍ਰੀ ਭੈਣੀ ਸਾਹਿਬ ਪਹੁੰਚ ਗਏ। ਰਤਨ ਸਿੰਘ ਜੀ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਕਰਕੇ ਚਰਨਾਂ ਤੇ ਨਮਸਕਾਰ ਜਾ ਕੀਤੀ। ਜਦੋਂ ਰਤਨ ਸਿੰਘ ਸਤਿਗੁਰਾਂ ਨੂੰ ਨਮਸਕਾਰ ਕੀਤੀ। ਸਤਿਗੁਰਾਂ ਬੜੇ ਪਿਆਰ ਦੇ ਨਾਲ ਰਤਨ ਸਿੰਘ ਵਲ ਤਕਿਆ। ਅਤੇ ਬਚਨ ਕੀਤਾ, ਇਹ ਤਾਂ ਸਾਡੇ ਦਿਲ ਅੰਦਰ ਸਾਰਾ ਹੀ ਵਸਿਆ ਹੋਇਆ ਹੈ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਰਤਨ ਸਿੰਘ ਨੂੰ

ਆਪਣੇ ਚਰਨੀ ਲਗਾ ਕੇ ਮੇਹਰ ਭਰਿਆ ਹੱਥ ਸਿਰ ਤੇ ਰਖ ਦਿੱਤਾ। ਉਸ ਵਕਤ ਸਤਿਗੁਰਾਂ ਦੇ ਲੰਗਰ ਦੀ ਸੇਵਾ ਸੰਤ ਕ੍ਰਿਪਾ ਸਿੰਘ ਜੀ ਕਰਿਆ ਕਰਦੇ ਸਨ। ਸਤਿਗੁਰਾਂ ਕ੍ਰਿਪਾ ਕਰਦਿਆਂ ਹੋਇਆ। ਰਤਨ ਸਿੰਘ ਨੂੰ ਸੰਤ ਕ੍ਰਿਪਾ ਸਿੰਘ ਜੀ ਦੇ ਨਾਲ ਲੰਗਰ ਦੀ ਸੇਵਾ ਤੇ ਲਗਾ ਦਿੱਤਾ। ਇਸ ਵਕਤ ਭਾਈ ਮੰਗਲ ਸਿੰਘ ਜੀ ਵੀ ਸਤਿਗੁਰਾਂ ਦੇ ਲੰਗਰ ਦੀ ਸੇਵਾ ਕਰਿਆ ਕਰਦੇ ਸਨ।

ਭਾਈ ਮੰਗਲ ਸਿੰਘ ਜੀ ਨੂੰ ਸਤਿਗੁਰਾਂ ਕ੍ਰਿਪਾ ਕਰਕੇ ਆਪਣੇ ਚਰਨੀ ਲਾ ਲਿਆ। ਰਤਨ ਸਿੰਘ ਜੀ ਸਤਿਗੁਰਾਂ ਦੀ ਸੇਵਾ ਕਰਨ ਤੇ ਜੁਟ ਗਏ। ਰਤਨ ਸਿੰਘ ਜੀ ਆਪਣਾ ਮਨ ਇਸ ਜਗ੍ਹਾ ਤੇ ਟਿਕਾ ਲਿਆ। ਜੋ ਸੇਵਾ ਸਤਿਗੁਰੂ ਜੀ ਹੁਕਮ ਕਰਨਾ ਸੋ ਕਰੀ ਜਾਣੀ। ਇਸ ਪੰਗਤੀ ਨੂੰ ਮੁੱਖ ਰਖਕੇ। ਸਾ ਸੇਵਾ ਕੀਤੀ ਸਫ਼ਲ ਹੈ ਜਿਤ ਸਤਿਗੁਰ ਕਾ ਮਨ ਮਨੇ।

ਇਸ ਦਾ ਕੋਈ ਪਤਾ ਨਹੀਂ ਹੈ ਕਿ ਜੇਹੜੀ ਸੇਵਾ ਕਰਦਿਆਂ ਸਤਿਗੁਰਾਂ ਦਾ ਮਨ ਮਨਿ ਜਾਣਾ ਹੈ। ਆਪਣਾ ਮਨ ਸੇਵਾ ਤੇ ਜੋੜਕੇ ਰਾਤ ਦਿਨ ਦੀ ਕੋਈ ਪਛਾਣ ਨਹੀਂ ਸੀ ਰਖੀ। ਸਤਿਗੁਰਾਂ ਦੇ ਨਾਲ ਦੇਸ਼ਾਂ ਅਤੇ ਪ੍ਰਦੇਸ਼ਾਂ ਵਿਚ ਵੀ ਜਾਂਦੇ ਰਹੇ। ਰਤਨ ਸਿੰਘ ਜੀ ਇਸ ਪੰਗਤੀ ਨੂੰ ਘੜਿਆਂ ਕਰਦੇ ਸਨ:-

**ਗੁਰ ਪੀਰਾ ਕੀ ਚਾਕਰੀ ਮਹਾ ਕਰੜੀ।**

ਮੈਂ ਇੱਕ ਵਾਰ ਸੰਤਾਂ ਕੋਲ ਅਰਜ਼ ਕੀਤੀ। ਸੰਤ ਜੀ ਅੱਗੇ ਵੀ ਪੜ੍ਹ ਛੱਡੋ। ਸੁਖ ਸਾਰ ਸੰਤਾਂ ਨੇ ਉੱਤਰ ਦਿੱਤਾ:-

**ਅਜੇਸ ਨਾਉ ਸਮੁੰਦ ਮੈ ਕਿਆ ਜਾਨੋ ਕਿਆ ਹੋਏ।**

ਸੰਤਾਂ ਦਾ ਭਾਵ ਸੀ ਕਿ ਅਜੇ ਬੇੜੀ ਸਮੁੰਦਰ ਵਿਚ ਪਈ ਹੋਈ ਹੈ। ਪਤਾ ਨਹੀਂ ਪਾਰ ਹੋਈ ਹੈ ਕਿ ਨਹੀਂ। ਜੇ ਪਾਰ ਹੋ ਗਈ ਤਾਂ ਸੇਵਾ ਸੁਖ ਸਾਰ ਹੋ ਜਾਵੇਗੀ। ਹਾਲੀ ਤਾਂ ਕਰੜੀ ਹੈ। ਸੰਤਾਂ ਆਖਿਆ ਜਦੋਂ ਸਤਿਗੁਰਾਂ ਦਾ ਮਨ ਮਨਿ ਹੋ ਜਾਵੇਗਾ ਤਾਂ ਸੁਖ ਸਾਰ ਹੈ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮੰਡੀ ਦੀ ਸਾਧ ਸੰਗਤ ਤੇ ਗਰਮੀਆਂਦੇ ਦੋ-ਢਾਈ ਮਹੀਨੇ ਦਰਸ਼ਨ ਦੇਣ ਦੀ ਹਮੇਸ਼ਾਂ ਕਿਰਪਾ ਕਰਿਆ ਕਰਦੇ ਸਨ। ਸੇਵਾ ਵਾਸਤੇ ਭਾਈ ਵਜ਼ੀਰ ਸਿੰਘ ਜੀ, ਸੰਤ ਰਤਨ ਸਿੰਘ ਜੀ ਤੇ ਸੰਤ ਮੁਹਕਮ ਸਿੰਘ ਜੀ ਅਤੇ ਹੋਰ ਸਰੀਰ ਵੀ ਹੋਇਆ ਕਰਦੇ ਸਨ। ਉਸ ਵਕਤ ਆਮ ਦੀਵਾਨ ਸਤਿਗੁਰਾਂ ਦੀ ਕੋਠੀ ਹੋਇਆ ਕਰਦੇ ਸਨ। ਸਤਿਗੁਰਾਂ ਦੇ ਬਰਾਜਨ ਵਾਲਾ ਜੋ ਪਲੰਗ ਸੀ। ਉਸ ਦੀ ਲੰਬਾਈ, ਚੌੜਾਈ ਉਚਾਈ ਦੂਸਰਿਆਂ ਪਲੰਗਾਂ ਦੇ ਨਾਲੋਂ ੁਆਿਦਾ ਸੀ। ਆਸਾ ਦੀ ਵਾਰ ਦਾ ਕੀਰਤਨ ਕਰਨ ਵਾਸਤੇ ਸਤਿਗੁਰਾਂ ਦੀ ਕਿਰਪਾ ਨਾਲ 2 ਵਜੇ ਕੋਠੀ ਪਹੁੰਚ ਜਾਇਆ ਕਰਦੇ ਸਾਂ। ਕਈ ਵੇਰਾਂ ਜਾਕੇ ਵੇਖਣਾ ਸਤਿਗੁਰੂ ਜੀ ਅਜੇ ਬਿਰਾਜੇ ਹੋਣਾ। ਸਿਰਹਾਨੇ ਦੇ ਵਲ ਦੇ ਪਾਵਿਆਂ ਨੂੰ, ਇੱਕ ਨੂੰ ਭਾਈ ਜੀ ਨੇ ਕਰੰਗੜੀ ਪਾਕੇ ਬੈਠੇ ਹੋਣਾਂ ਤੇ ਦੂਸਰੇ ਨੂੰ ਸੰਤ ਰਤਨ ਸਿੰਘ ਨ। ਸਾਰੀ ਸਾਰੀ ਰਾਤ ਇਸੇ ਤਰ੍ਹਾਂ ਲੰਘ ਜਾਣੀ। ਇਯ ਵਾਸਤੇ ਕਿ ਪਤਾ ਨਹੀਂ ਸਤਿਗੁਰੂ ਜੀ ਕਿਹੜੇ ਵਕਤ ਆਵਾਜ਼ ਮਾਰ ਦੇਣ। ਸਤਿਗੁਰਾਂ

ਵਾਰੇ ਵਿਚ ਆਕੇ ਸਾਡੇ ਨਾਲ। ਭਾਈ ਜੀ ਨੂੰ ਅਤੇ ਸੰਤ ਰਤਨ ਸਿੰਘ ਜੀ ਨੂੰ ਆਪਣੇ ਪਾਸ ਬਿਠਾਲ ਕੇ ਸ਼ਬਦ ਪੜ੍ਹਨੇ। ਉਸ ਵਕਤ ਦੇ ਰਸ ਨੂੰ ਉਹੀ ਸਰੀਰ ਜਾਣਦੇ ਨੇ। ਜਿਨ੍ਹਾਂ ਨੇ ਉਸ ਵਕਤ ਦੇ ਵਾਰੇ ਸੁਣੇ, ਵਾਰੇ ਤੋਂ ਮਗਰੋਂ ਸਤਿਗੁਰਾਂ ਆਖਣਾ, ਭਾਈ ਰਤਨ ਇਨ੍ਹਾਂ ਨੂੰ ਸਰਦਾਈ ਛਕਾ, ਕਈ ਵੇਰਾਂ ਸਤਿਗੁਰਾਂ ਸਾਡੇ ਨਾਲ ਆਪ ਵੀ ਛੱਕਣੀ। ਇੱਕ ਵਾਰੀ ਮੈਂ ਸਰਦਾਈ ਛੱਕ ਰਿਹਾ ਸਾਂ। ਸਤਿਗੁਰੂ ਜੀ ਨੇ ਲਾਡ ਦੇ ਨਾਲ ਮੇਰੇ ਖੱਬੇ ਪਾਸੇ ਮੂੰਹ ਤੇ ਚਪੇੜ ਮਾਰਕੇ ਆਖਿਆ ਜਥੇਦਾਰ ਜੀ ਹੁਣ ਤਾਂ ਤੁਸੀਂ ਸਰਦਾਈਆਂ ਛੱਕਦੇ ਹੋ। ਯਾਦ ਰੱਖੋ ਅਸੀਂ ਤੁਹਾਨੂੰ ਰੋਵਾਲ ਸਰ। ਅੱਠੀ ਪਹਿਰੀ ਇੱਕ ਇੱਕ ਮੁੱਠ ਛੋਲਿਆਂ ਦੀ ਦਿਆਂ ਕਰਨੀ ਹੈ। ਮੈਜ ਅਰਜ਼ ਕੀਤੀ ਗ਼ਰੀਬ ਨਿਵਾਜ਼ੀ ਇੱਕ ਮੁੱਠ ਵੀ ਕੀ ਕਰਨੀ ਹੈ। ਆਪ ਜੀ ਦੀ ਨਿਗਾਹ ਹੀ ਕਾਫ਼ੀ ਹੈ। ਨਹੀਂ ਭਾਈ ਦੇਹ ਦਾ ਹਦਾਰ ਕਰਨਾ ਪੈਂਦਾ ਹੈ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸਾਵਣ ਭਾਦਰੋਂ ਦੇ ਦਿਨਾਂ ਵਿਚ ਮੰਡੀ ਦੀ ਸਾਧ ਸੰਗਤ ਨੂੰ ਦਰਸ਼ਨ ਦੇਣ ਦੀ ਕਿਰਪਾ ਕਰ ਰਹੇ ਸਨ। ਇਨ੍ਹਾਂ ਦਿਨਾਂ ਵਿਚ ਪਹਾੜਾਂ ਵਿਚ ਇੱਕ ਬਗੂ ਗੋਛਾ ਫਲ ਹੋਇਆ ਕਰਦਾ ਹੈ। ਜੇਹੜਾ ਕੇ ਖ਼ਾਸ ਕਰਕੇ ਬਜ਼ੁਰਗਾਂ ਨੂੰ ਛੱਕਣ ਵਾਸਤੇ ਚੰਗਾ ਲੱਗਦਾ ਹੈ। ਛੱਕਣ ਵਿਚ ਨਰਮ ਤੇ ਸੁਵਾਦ ਵਿਚ ਮਿੱਠਾ ਹੋਇਆ ਕਰਦਾ ਹੈ। ਸੇਠ ਸੇਵਾ ਸਿੰਘ ਜੀ ਬੈਂਕਿਆਂ ਦੇ ਰਹਿਣ ਵਾਲੇ। ਜੋ ਕਿ ਸੇਠ ਦਿਆਲ ਸਿੰਘ ਜੀ ਗੁਜਰਾਂਵਾਲਿਆਂ ਦੇ ਭਣਵ.ਏ ਸਨ। ਕੋਈ ਚਾਰ ਵਜੇ ਦੇ ਵਕਤ ਬਜ਼ਾਰ ਗਏ। ਅੱਗੇ ਬੜੇ ਸੋਹਣੇ ਪੱਕੇ ਬਗੂ ਗੋਛੇ ਵਿਕ ਰਹੇ ਸਨ। ਸੇਠ ਜੀ ਨੂੰ ਚੰਗੇ ਲੱਗੇ ਜਿੰਨੇ ਕੁ ਦਿਲ ਕੀਤਾ। ਸੀੇਠ ਜੀ ਲੈ ਕੇ ਘਰ ਚਲੇ ਗਏ ਸੇਠ ਜੀ ਦੇ ਘਰੋਂ ਮਾਤਾ ਵੀਰਾ ਦੇਈ ਜੀ ਨੇ ਸੇਠ ਜੀ ਕੋਲੋਂ ਪੁੱਛਿਆ, ਏ ਬਗੂ ਗੋਛੇ ਕਿਸ ਦੇ ਛੱਕਣ ਵਾਸਤੇ ਲੈ ਆਂਦੇ ਜੇ। ਸੇਠਾ ਆਖਿਆ ਸਾਨੂੰ ਚੰਗੇ ਲੱਗੇ ਸੀ, ਅਸੀਂ ਆਪਣੇ ਛੱਕਣ ਵਾਸਤੇ ਲੈ ਆਂਦੇ ਜੇ। ਸੇਠਾ ਆਖਿਆ ਸਾਨੂੰ ਚੰਗੇ ਲੱਗੇ ਸੀ ਅਸੀਂ ਆਪਣੇ ਛੱਕਣ ਦੇ ਵਾਸਤੇ ਲਿਆਂਦੇ ਨੇ। ਮਾਤਾ ਜੀ ਨ ਆਖਿਆ ਇਹ ਬਗੂ ਗੋਛੇ ਬੜੇ ਪੱਕੇ ਤੇ ਮਿੱਠੇ ਨੇ। ਇਹ ਤੁਹਾਡੇ ਛੱਕਣ ਵਾਲੇ ਨਹੀਂ ਹਨ। ਤਾਂ ਸਤਿਗੁਰਾਂ ਦੇ ਛੱਕਣ ਵਾਲੇ ਨੇ।

ਜਿਸ ਵਕਤ ਮਾਤਾ ਜੀ ਨੇ ਇਸ ਤਰ੍ਹਾਂ ਆਖਿਆ, ਸੇਠ ਜੀ ਉਸੇ ਵਕਤ ਬਗੂ ਗੋਛੇ ਲੈ ਕ ਸਤਿਗੁਰਾਂ ਦੀ ਕੋਠੀ ਨੂੰ ਚਲ ਪਏ। ਆਪਣੇ ਅੰਦਰ ਇਸ ਭਾਵ ਨੂੰ ਰਖ ਲਿਆ ਕਿ ਇਹ ਹੁਣ ਸਤਿਗੁਰੂ ਜੀ ਨੂੰ ਹੀ ਛਕਾਉਣੇ ਨੇ ਸੇਠ ਜੀ ਜਿਸ ਵਕਤ ਕੋਠੀ ਪੁੱਜੇ। ਸਤਿਗੁਰੂ ਜੀ ਕੋਠੀ ਨਹੀਂ ਸਨ। ਸੇਠ ਜੀ ਸੋਚਣ ਲੱਗ ਪਏ ਸੱਚੇ ਪਾਤਸ਼ਾਹ ਜੀ ਆਪ ਏਥੇ ਹੈ ਨਹੀਂ। ਜੇ ਮੈਂ ਕਿਸੇ ਸਿੱਖ ਨੂੰ ਦੇ ਦਿੱਤੇ। ਹੋ ਸਕਦਾ ਹੈ ਕਿ ਸਿੱਖ ਹੀ ਛੱਕ ਜਾਣ। ਸਤਿਗੁਰੂ ਜੀ ਨਾ ਛੱਕਣ। ਸੇਠ ਜੀ ਨੇ ਕਿਸੇ ਸਿੱਖ ਨਾਲ ਕੋਈ ਬਚਨ ਨਾ ਕੀਤਾ। ਤੇ ਸਤਿਗੁਰਾਂ ਦੀ

ਉਡੀਕ ਰਖ ਕੇ ਬੈਠ ਗਏ। ਕਿਸੇ ਹੋਰ ਨੂੰ ਦੇਣ ਵਾਸਤੇ ਦਿਲ ਨਹੀਂ ਸੀ ਕਰਦਾ। ਕਾਫ਼ੀ ਇੰਤਜ਼ਾਰ ਕਰਨ ਤੇ ਵੀ ਸਤਿਗੁਰੂ ਜੀ ਨਾ ਆਏ। ਹਾਰ ਕੇ ਸੇਠ ਜੀ ਨੇ ਵਿਚਾਰ ਬਣਾਈ। ਸੰਤ ਰਤਨ ਸਿੰਘ ਜੀ ਨੂੰ ਦੇ ਦਿੰਦੇ ਹਾਂ। ਉਹ ਤਾਂ ਸਤਿਗੁਰਾਂ ਨੂੰ ਛਕਾ ਦੇਣਗੇ।

ਸੇਠ ਸੇਵਾ ਸਿੰਘ ਜੀ ਨੇ ਸੰਤ ਰਤਨ ਸਿੰਘ ਜੀ ਨੂੰ ਬਗੂ ਗੋਛੇ ਦੇਣ ਲੱਗਿਆਂ ਨਾ ਰਹਿ ਸਕੇ ਤੇ ਅਰਜ਼ ਕਰ ਹੀ ਦਿੱਤੀ। ਸੰਤ ਰਤਨ ਸਿੰਘ ਜੀ ਇਹ ਬਗੂ ਗੋਛੇ ਸਤਿਗੁਰਾਂ ਦੇ ਛੱਕਣ ਵਾਸਤੇ ਮੈਂ ਲਿਆਂਦੇ ਨੇ। ਸੰਤ ਰਤਨ ਸਿੰਘ ਜੀ ਨੇ ਫੜਕੇ ਸੇਠ ਜੀ ਦੇ ਸਾਹਮਣੇ ਇਕ ਸ਼ੀਸ਼ੇ ਦੇ ਵਰਤਮਾਨ ਵਿਚ ਪਾ ਦਿੱਤੇ ਤੇ ਸੇਠ ਜੀ ਘਰ ਆ ਗਏ। ਆਕੇ ਮਾਤਾ ਜੀ ਨੂੰ ਸਾਰੀ ਗੱਲ ਦੱਸਦਿਆਂ ਹੋਇਆਂ ਆਖਿਆ ਮੈਂ ਸੰਤ ਰਤਨ ਸਿੰਘ ਜੀ ਨੂੰ ਬਗੂ ਗੋਛੇ ਦੇ ਆਇਆ ਹਾਂ। ਪਤਾ ਨਹੀਂ ਸਤਿਗੁਰੂ ਜੀ ਛੱਕਦੇ ਨੇ ਕਿ ਨਹੀਂ।

ਇਸ ਤੋਂ ਅਗਲੀ ਸਵੇਰ ਨੂੰ ਮੰਡੀ ਪੁਰਾਣੀ ਧਰਮਸ਼ਾਲਾ ਸਤਿਗੁਰਾਂ ਵੱਲੋਂ ਸਾਨੂੰ ਵਾਰਾ ਲੈਣ ਦਾ ਹੁਕਮ ਸੀ। ਰਾਤ ਨੂੰ ਐਸੀ ਖੇਡ ਵਰਤੀ। ਬਾਹਰ ਬਾਰਛ ਹੋਈ ਤੇ ਸਤਿਗੁਰਾਂ ਦੀ ਕੋਠੀ ਤਕ ਦਰਿਆ ਦਾ ਪਾਣੀ ਆ ਗਿਆ। ਰਾਤੀ ਕੋਈ ਇਕ ਵਜੇ ਦੇ ਟਾਇਮ ਤੇ ਮੰਡੀ ਸਤਿਗੁਰਾਂ ਦਾ ਸੁਨੇਹਾ ਪੁੱਜਾ ਕਿ ਕੋਠੀ 'ਚ ਪਾਣੀ ਆ ਗਿਆ ਹੈ। ਦਸ-ਬਾਰ੍ਹਾਂ ਸਰੀਰ ਪੁੱਜੇ ਸਮਾਨ ਕੱਢਣਾ ਹੈ। ਅਸੀਂ ਜਥੇ ਵਾਲੇ ਸਰੀਰ ਵਾਰਾਂ ਲੈਣ ਵਾਸਤੇ ਅੰਗੇ ਤਿਆਰ ਸਾਂ। ਉਸ ਵਕਤ ਜਿੰਨੇ ਸਰੀਰ ਸੀ ਕੋਠੀ ਨੂੰ ਤੁਰ ਪਏ। ਅੱਗੇ ਦਰਿਆ ਦਾ ਪਾਣੀ ਬਹੁਤ ਜ਼ਿਆਦਾ ਹੋਣ ਕਰਕੇ ਪੁਲ ਤੇ ਪੁਲਿਸ ਦਾ ਪਹਿਰਾ ਸੀ। ਉਹ ਕਿਸੇ ਨੂੰ ਪੁਲ ਲੰਘਣ ਨਹੀਂ ਸੀ ਦਿੰਦੇ। ਪੁਲਿਸ ਨੇ ਸਾਨੂੰ ਵੀ ਰੋਕਿਆ ਪਰ ਅਸੀਂ ਧੱਕੇ ਨਾਲ ਲੰਘ ਗਏ। ਤੇ ਕੋਠੀ ਪੁੱਜੇ ਸਤਿਗੁਰਾਂ ਬਚਨ ਕੀਤਾ ਆਪਾਂ ਏਥੇ ਇਕ ਪੱਥਰ ਰਖਕੇ ਦੇਖ ਲੈਂਦੇ ਹਾਂ ਕਿ ਪਾਣੀ ਅੱਗੇ ਆਉਂਦਾ ਹੈ ਕਿ ਪਿੱਛੇ ਜਾਂਦਾ ਹੈ। ਸਤਿਗੁਰੂ ਦੀ ਐਸੀ ਕ੍ਰਿਪਾ ਹੋਈ। ਪਾਣੀ ਪਿੱਛੇ ਨੂੰ ਜਾਣ ਲੱਗ ਪਿਆ।

ਸਤਿਗੁਰਾਂ ਸੰਤ ਰਤਨ ਸਿੰਘ ਜੀ ਨੂੰ ਆਖਿਆ, ਰਤਨ ਹੁਣ ਇਸ ਤਰ੍ਹਾਂ ਜਾਪਦਾ ਹੈ ਪਾਣੀ ਪਿਛਾਂ ਨੂੰ ਜਾਣ ਲੱਗ ਪਿਆ ਹੈ। ਅੱਗੇ ਨਹੀਂ ਆਵੇਗਾ। ਸਾਨੂੰ ਵਾਰੇ ਦਾ ਉੱਥੇ ਹੁਕਮ ਹੋਇਆ। ਵਾਰਾ ਕੋਠੀ ਲੱਗਾ। ਸਤਿਗੁਰੂ ਜੀ ਵਾਰੇ ਵਿਚ ਦਰਸ਼ਨ ਦੇਣ ਦੀ ਕਿਰਪਾ ਕੀਤੀ। ਪਰ ਸਾਧ ਸੰਗਤ ਥੋੜ੍ਹੀ ਪਹੁੰਚ ਸਕੀ ਸੀ। ਵਾਰੇ ਦੀ ਸਮਾਪਤੀ ਹੁੰਦਿਆਂ ਤਕ ਪਾਣੀ ਕਾਫ਼ੀ ਉਤਰ ਗਿਆ ਸੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਕੋਠੀ ਤੋਂ ਸਾਧ ਸੰਗਤ ਨਾਲ ਬਚਨ ਕਰਦੇ ਹੋਏ ਮੰਡੀ ਨੂੰ ਪੈਦਲ ਚਲਕੇ ਰੱਸਿਆਂ ਵਾਲੇ ਪੁਲ ਕੋਲ ਆਕੇ ਰੁਕ ਗਏ। ਜਿਸ ਜਗ੍ਹਾ ਤੇ ਆਕੇ ਸਤਿਗੁਰੂ ਜੀ ਰੁੱਕੇ ਸਨ। ਇਹ ਜਗ੍ਹਾ ਸੇਠ ਸੇਵਾ ਸਿੰਘ ਜੀ ਦੇ ਘਰੋਂ ਸਾਰੀ ਦਿੱਸਦੀ ਸੀ। ਸੇਠ ਸੇਵਾ ਸਿੰਘ ਜੀ ਆਪਣੇ ਘਰ ਬੈਠਿਆਂ ਹੀ ਸਤਿਗੁਰਾਂ ਦੇ ਦਰਸ਼ਨ ਕਰਕੇ। ਛੇਤੀ ਨਾਲ ਉਠਕੇ ਸਤਿਗੁਰਾ ਕੋਲ ਆ ਗਏ ਤੇ ਨਮਸਕਾਰ ਕੀਤੀ। ਸਤਿਗੁਰੂ ਜੀ ਨੇ ਦਰਿਆ ਦੀਆਂ ਲਹਿਰਾਂ ਦੇਖਕੇ

ਸਾਧ ਸੰਗਤ ਨੂੰ ਹੁਕਮ ਕੀਤਾ। ਤੁਸੀਂ ਜਾਓ ਆਪਣੇ ਵਿਹਾਰ ਕਰੋ। ਅਸੀਂ ਕੋਠੀ ਨੂੰ ਜਾਂਦੇ ਹਾਂ। ਸਾਧ ਸੰਗਤ ਨੇ ਸਤਿਗੁਰਾਂ ਨੂੰ ਨਮਸਕਾਰ ਕੀਤੀ। ਸਤਿਗੁਰੂ ਜੀ ਕੋਠੀ ਨੂੰ ਤੁਰ ਪਏ। ਅਸੀਂ ਸਾਰੇ ਸ਼ਹਿਰ ਨੂੰ ਤੁਰ ਪਏ। ਸੇਠ ਸੇਵਾ ਸਿੰਘ ਦੇ ਅੰਦਰ ਗੱਲ ਆਈ ਕਿ ਮੈਂ ਸੰਤ ਰਤਨ ਸਿੰਘ ਨੂੰ ਪੁੱਛਾਂ ਕਿ ਸੰਤ ਜੀ ਸਤਿਗੁਰਾਂ ਨੇ ਬਗੂ ਗੋਛੇ ਛੰਕੇ ਨੇ ਕਿ ਨਹੀਂ। ਪਰ ਪੁੱਛ ਨਾ ਸਕੇ ਸਾਡੇ ਨਾਲ ਪਿੱਛਾਂ ਨੂੰ ਮੁੜ ਪਏ। ਪਰ ਬਗੂ ਗੋਛਿਆਂ ਵਾਲੀ ਗੱਲ ਅੰਦਰ ਟਿਕੀ ਹੋਈ ਹੈ। ਘਰ ਜਾਣ ਨੂੰ ਦਿਲ ਨਹੀਂ ਕਰਦਾ।

ਅੰਤਰਵਾਮੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਤੁਰਿਆਂ ਜਾਂਦਿਆਂ ਪਿਛਾਂ ਨੂੰ ਚੇਹਰਾ ਕਰਕੇ ਆਵਾਜ਼ ਦਿੱਤੀ। ਸੇਠ ਸੇਵਾ ਸਿੰਘ ਜੀ ਤੁਸੀਂ ਸਾਡੇ ਨਾਲ ਆ ਜਾਵੋ। ਸੇਠ ਜੀ ਨੇ ਜਦੋਂ ਸਤਿਗੁਰਾਂ ਦੀ ਆਵਾਜ਼ ਸੁਣੀ। ਇਸ ਖ਼ੁਸ਼ੀ ਨੂੰ ਸੇਠ ਜੀ ਜਾਣਦੇ ਸਨ। ਸੇਨ ਜੀ ਸਤਿਗੁਰਾਂ ਦੇ ਨਾਲ ਨਾ ਕੋਠੀ ਵਲ ਨੂੰ ਤੁਰੇ ਗਏ। ਪਰ ਅੰਦਰ ਬਗੂ ਗੋਛੇ ਜਾਗਦੇ ਸਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਕੋਠੀ ਆਕੇ ਅੰਦਰਲੇ ਬਰਾਂਡੇ ਵਿਚ ਇਕ ਚੌਕੀ ਤੇ ਬੈਠ ਗਏ। ਸੇਠ ਸੇਵਾ ਸਿੰਘ ਜੀ ਕੋਲ ਇਕ ਸਫ ਤੇ ਬਿਠਾ ਲਿਆ। ਤੇ ਬਚਨ ਬਿਲਾਸ ਕਰਨ ਲੱਗ ਪਏ। ਸਤਿਗੁਰਾਂ ਬਚਨ ਬਿਲਾਸ ਕਰਦਿਆਂ, ਸਤ ਰਤਨ ਸਿੰਘ ਜੀ ਨੂੰ ਆਵਾਜ਼ ਮਾਰ ਕੇ ਕੋਲ ਸਦਿਆ, ਸੰਤ ਰਤਨ ਸਿੰਘ ਜੀ ਨੇ ਅਰਜ਼ ਕੀਤੀ। ਗ਼ਰੀਬ ਨਿਵਾਜ਼ ਜੀ ਕੀ ਹੁਕਮ ਹੈ। ਰਤਨ ਸਿੰਘ ਕੁਝ ਛੱਕਣ ਨੂੰ ਦਿਲ ਕਰਦਾ ਹੈ। ਕੋਈ ਫਲ ਜਾਂ ਕੋਈ ਹੋਰ ਚੀਜ਼ ਹੈ, ਲਿਆ ਛੱਕੀਏ।

ਸੰਤ ਰਤਨ ਸਿੰਘ ਜੀ ਨੇ ਅਰਜ਼ ਕੀਤੀ। ਗ਼ਰੀਬ ਨਿਵਾਜ਼ ਜੀ! ਇਹ ਸੇਠ ਸੇਵਾ ਸਿੰਘ ਜੀ ਆਪ ਜੀ ਦੇ ਛੱਕਣ ਵਾਸਤੇ ਕੱਲ੍ਹ ਦੇ ਬਗੂ ਗੋਛੇ ਦੇ ਗਏ ਨੇ ਉਹ ਛੱਕ ਲਵੋ। ਸੰਤ ਰਤਨ ਸਿੰਘ ਜੀ ਦਾ ਬਚਨ ਸੁਣ ਦੇ ਸੇਠ ਜੀ ਦੀਆਂ ਅੱਖੀਆਂ ਜਲ ਨਾਲ ਭਰ ਆਈਆਂ। ਸੰਤ ਰਤਨ ਸਿੰਘ ਜੀ ਨੇ ਬਗੂ ਗੋਛੇ ਸੋਧ ਦੇ ਜਲ ਨਾਲ ਧੋ ਕੇ ਚੀਰ ਕੇ ਸਤਿਗੁਰਾਂ ਨੂੰ ਛੱਕਣ ਵਾਸਤੇ ਦਿੱਤੇ। ਸਤਿਗੁਰਾਂ ਪਹਿਲੀ ਫਾੜੀ ਸੇਠ ਜੀ ਨੂੰ ਛੱਕਣ ਦੇ ਵਾਸਤੇ ਦਿੱਤੀ, ਸਤਿਗੁਰਾਂ ਕੋਲੋਂ ਫਾੜੀ ਫੜਦਿਆਂ ਹੀ ਸੇਠ ਜੀ ਦੀਆਂ ਬੇ ਬੁਹਾਈਆਂ ਭੁੱਬਾ ਨਿਕਲ ਗਈਆਂ ਤੇ ਵੈਰਾਗੀ ਹੋ ਗਏ। ਸੰਤ ਰਤਨ ਸਿੰਘ ਜੀ ਸਤਿਗੁਰਾਂ ਨੂੰ ਚੀਰ ਕੇ ਦੇਈਗੇ। ਜਿੰਨੇ ਸਤਿਗੁਰਾਂ ਛੱਕਨੇ ਸੀ ਛੱਕ ਲਏ ਬਾਕੀ ਹੋਰ ਸਰੀਰਾਂ ਨੇ ਛੱਕੇ। ਸਤਿਗੁਰਾਂ ਛੱਕਦਿਆਂ ਬਚਨ ਕੀਤਾ। ਇਹ ਤਾਂ ਬੜੇ ਨਰਮ ਤੇ ਮਿੱਠੇ ਨੇ। ਉਸ ਵਕਤ ਸੇਠ ਜੀ ਦੀ ਖ਼ੁਸ਼ੀ ਦੀ ਕੋਈ ਹਦ ਨਹੀਂ ਸੀ। ਸੰਤੋਖੀ ਸੇਵਕ ਸਤ ਰਤਨ ਸਿੰਘ ਜੀ ਨੇ ਸੇਠ ਹੋਰਾਂ ਦੇ ਬਗੂ ਗੋਛੇ ਰਖ ਕੇ। ਸਤਿਗੁਰਾਂ ਨੂੰ ਛਕਾ ਕੇ ਸੇਠ ਜੀ ਦੇ ਅੰਦਰ ਦੀ ਮਨਸ਼ਾ ਪੂਰੀ ਕੀਤੀ।

ਇਕ ਦਿਨ ਸਤਿਗੁਰਾਂ ਨੇ ਸਾਧ ਸੰਗਤ ਵਿਚ ਬਚਨ ਕਰਦਿਆਂ ਆਖਿਆ। ਸਾਡੀ ਮਰਜ਼ੀ ਹੈ। ਅਸੀਂ ਪੰਜ ਚਾਰ ਸਿੰਘ ਆਪਣੇ ਲੈਕੇ।

ਅੰਮ੍ਰਿਤਸਰ ਜਾਕੇ ਮਿਲਟਰੀ ਦੀਆਂ ਗੱਡੀਆਂ ਲੈਕੇ। ਆਪਣੇ ਸਿੰਘ ਨਾਲ ਦੇਕੇ। ਪਾਕਿਸਤਾਨ ਵਿੱਚੋਂ ਆਪਣੇ ਸਿੰਘ ਕੱਢੀਏ। ਸਤਿਗੁਰਾਂ ਦਾ ਬਚਨ ਸੁਣਕੇ। ਅਸੀਂ ਤਿੰਨ ਚੌਹ ਸਰੀਰਾਂ ਨੇ ਨਾਮ ਲਿਖਵਾ ਦਿੱਤੇ। ਇਹ 15 ਅਗਸਤ ਦੇ ਥੋੜ੍ਹੇ ਦਿਨ ਮਗਰੋਂ ਦਾ ਵਕਤ ਸੀ। ਇਸੇ ਦਿਨ ਹੀ ਸਤਿਗੁਰੂ ਜੀ ਤਿਆਰੀ ਕਰਕੇ ਮੰਡੀ ਤੋਂ ਦੋ ਵਜੇ ਚੱਲ ਪਏ ਸਨ।

ਇਕ ਵੱਡੀ ਜੀਪ ਸਤਿਗੁਰੂ ਕੋਲ ਸੀ ਛੋਟੀ ਜੀਪ 'ਚ ਹੋਰ ਸਰੀਰ ਸਨ। ਮੰਡੀ ਤੋਂ ਚੱਲਕੇ ਰਾਤੀ ਦਸ ਵਜੇ ਬਣੀ ਬੱਗੀ ਬਾਬਾ ਲਹਿਣਾ ਸਿੰਘ ਦੇ ਘਰ ਪੁੱਜ ਗਏ। ਬਾਬਾ ਲਹਿਣਾ ਸਿੰਘ ਜੀ ਨੂੰ ਅਤੇ ਉਨ੍ਹਾਂ ਦੀ ਮਾਤ ਜੀ ਨੂੰ ਬੜੀਆਂ ਖ਼ੁਸ਼ੀਆਂ ਚੜ ਗਈਆਂ ਕਿ ਸਤਿਗੁਰਾਂ ਆਪ ਦਰਸ਼ਨ ਦੇਣ ਦੀ ਕਿਰਪਾ ਕੀਤੀ ਹੈ। ਉਸ ਵਕਤ ਸੰਤ ਰਤਨ ਸਿੰਘ ਜੀ ਨੇ ਝੱਟਪਟ ਆਟਾ ਗੁੰਨਕੇ ਤੰਦੂਰੇ ਪ੍ਰਸ਼ਾਦੇ ਲਾਕੇ ਸਾਧ ਸੰਗਤ ਨੂੰ ਅਚਾਰ ਨਾਲ ਛਕਾਏ। ਸਾਨੂੰ ਸਮਝ ਨਹੀਂ ਆਈ ਕਿ ਸੰਤ ਰਤਨ ਸਿੰਘ ਜੀ ਨੇ ਐਡੀ ਛੇਤੀ ਪ੍ਰਸ਼ਾਦੇ ਬਣਾਕੇ ਏਨਾ ਵਿਚ ਸੁਵਾਦ ਕਿੱਥੋਂ ਭਰ ਦਿੱਤਾ। ਉਨ੍ਹਾਂ ਪ੍ਰਸ਼ਾਦਿਆਂ ਦੇ ਛੱਕਣ ਦਾ ਇਤਨਾ ਰਸ ਆਇਆ। ਸਾਰੇ ਛੱਕਣਣ ਵਾਲੇ ਆਖੀ ਜਾਣ ਪਤਾ ਨਹੀਂ ਲੱਗਦਾ ਕਿ ਸਤਿਗੁਰਾਂ ਨੇ ਸੰਤ ਰਤਨ ਸਿੰਘ ਦੇ ਹੱਥਾਂ 'ਚ ਕੀ ਪਾ ਦਿੱਤਾ ਹੈ। ਇਸ ਤਰ੍ਹਾਂ ਘਰ ਕਦੀ ਪ੍ਰਸ਼ਾਦੇ ਦਾ ਰਸ ਨਹੀਂ ਆਇਆ ਮੈਂ ਉਸ ਵਕਤ ਸੁਵਾਦ ਦਾ ਮਾਰਿਆ ਪ੍ਰਸ਼ਾਦਾ ਵਧ ਛੱਕ ਗਿਆ ਸੀ। ਘਰ ਭਾਵੇਂ ਕਿੰਨੇ ਪਦਾਰਥ ਬਣੇ ਹੋਣ। ਪਰ ਤੰਦੂਰ ਦੇ ਪ੍ਰਸ਼ਾਦਿਆਂ ਵਾਲਾ ਰਸ ਕਦੀ ਨਹੀਂ ਅਇਆ। ਇਹ ਸੰਤ ਰਤਨ ਸਿੰਘ ਜੀ ਦੇ ਪ੍ਰਸ਼ਾਦੇ ਦਾ ਰਸ ਸੀ।

ਰਾਤ ਬਣੀ ਬੱਗੀ ਰਹਿ ਕੇ ਸਵੇਰੇ ਇਸ਼ਨਾਨ ਕਰ ਕੇ ਸਤਿਗੁਰਾਂ ਜੀਪਾਂ ਅੱਗੇ ਨੂੰ ਤੋਰ ਦਿੱਤੀਆਂ। ਮੈਂ ਤੇ ਡਾਕਟਰ ਸੁਰਜੀਤ ਸਿੰਘ ਜੀ ਅਸੀਂ ਦੋਵੇਂ ਸਤਿਗੁਰਾਂ ਦੀ ਜੀਪ ਵਿਚ ਸਾਂ। ਬਣੀ ਬੱਗੀ ਤੋਂ ਚਲਕੇ ਊਨੇ ਆਏ। ਉਸ ਵੇਲੇ ਵਕਤ ਦਸ ਵਜੇ ਦਾ ਸੀ। ਊਨੇ ਵਿਚ ਦਾਖ਼ਲ ਹੋਣ ਲੱਗਿਆਂ ਸਤਿਗੁਰਾਂ ਸੰਤ ਲਾਲ ਸਿੰਘ ਜੀ ਨੂੰ ਹੁਕਮ ਕੀਤਾ। ਲਾਲ ਸਿੰਘ ਤੂੰ ਜੀਪ ਬਾਹਰ ਬਾਹਰ ਲੈ ਚਲ, ਅਸੀਂ ਮਾਈ ਜੱਟੋ ਨੂੰ ਮਿਲਕੇ ਆਉਂਦੇ ਹਾਂ। ਸੰਤ ਲਾਲ ਸਿੰਘ ਸਤ ਬਚਨ ਆਖ ਦਿੱਤਾ। ਸਤਿਗੁਰਾਂ ਉਸ ਵਕਤ ਸੰਤ ਰਤਨ ਸਿੰਘ ਜੀ ਨਾਲ ਬਚਨ ਕੀਤਾ ਰਤਨ ਸਿੰਘ ਜੇ ਅਸੀਂ ਮਾਈ ਕੋਲੋਂ ਨਾ ਹੋਕੇ ਗਏ। ਸਾਥੋਂ ਸਵਾ ਨਹੀਂ ਲੰਘੀ ਜਾਣੀ, ਇੱਕ ਤੂੰ ਤੇ ਭਾਈ ਜੀ ਤੁਸੀਂ ਦੋਵੇਂ ਮੇਰੇ ਨਾਲ ਚਲੋ, ਹੋਰ ਕੋਈ ਨਾ ਆਵੇ। ਮੇਰਾ ਨਾਲ ਜਾਣ ਨੂੰ ਦਿਲ ਕਰੇ। ਪਰ ਹੁਕਮ ਅੱਗੇ ਕੋਈ ਜ਼ੋਰ ਨਹੀਂ ਹੈ। ਸਤਿਗੁਰੂ ਜੀ ਭਾਈ ਜੀ ਨੂੰ ਸੰਤ ਰਤਨ ਸਿੰਘ ਜੀ ਨੂੰ ਨਾਲ ਲੈਕੇ ਤੁਰ ਪਏ। ਮੇਰੀ ਨਾਲ ਜਾਣ ਵਾਲੀ ਖਿੱਚ ਅੰਦਰੋਂ ਬੜੀ ਤੇਜ਼ ਹੋ ਗਈ।

ਸ੍ਰੀ ਸਤਿਗੁਰੂ ਜੀ ਥੋੜ੍ਹਾ ਅੱਗੇ ਜਾਕੇ ਖਲੋ ਕੇ ਮੈਨੂੰ ਆਵਾਜ਼ ਦਿੱਤੀ ਜਥੇਦਾਰ ਜੀ ਤੁਸੀਂ ਵੀ ਆ ਜਾਵੋ। ਅਸੀਂ ਮਾਤਾ ਦੇ ਘਰ ਪੁੱਜੇ ਤਾਂ ਕੀ ਦੇਖਿਆ। ਉਸ ਮਾਤਾ ਨੇ ਚੁਬਾਰੇ ਵਿਚ ਮੰਜਾ ਡਾਹ ਕੇ ਉਪਰ ਚਿੱਟਾ ਖੇਸ ਵਿਛਾ

ਕੇ ਥਾਲ ਵਿਚ ਬਦਾਮਾਂ ਦੀਆਂ ਗਿਰਲਾਂ ਤੇ 5 ਰੁਪਏ ਰੱਖ ਕੇ ਸਤਿਗੁਰਾਂ ਨੂੰ ਯਾਦ ਕਰ ਰਹੀ ਹੈ। ਸਾਨੂੰ ਦੇਖ ਕੇ ਹੈਰਾਨ ਹੋਈ ਕਿ ਇਸਨੂੰ ਪਹਿਲੋਂ ਪਤਾ ਸੀ ਕਿ ਮੇਰੇ ਸਤਿਗੁਰਾਂ ਜੀ ਆ ਰਹੇ ਨੇ।

ਮੇਰਾ ਸਤਿਗੁਰਾਂ ਦੇ ਨਾਲ ਜਾਣ ਦਾ ਪਹਿਲਾ ਮੌਕਾ ਸੀ। ਸਤਿਗੁਰੂ ਜੀ ਮੰਜੇ ਤੇ ਜਾਕੇ ਬੈਠ ਗਏ। ਮਾਤਾ ਜੀ ਨੇ ਉਹ ਰਖਿਆ ਹੋਇਆ ਪ੍ਰਸ਼ਾਦ ਸਤਿਗੁਰਾਂ ਦੇ ਅੱਗੇ ਰਖਕੇ ਨਮਸਕਾਰ ਕੀਤੀ। ਹੁਕਮ ਅਨੁਸਾਰ ਪ੍ਰਸ਼ਾਦ ਵਰਤਾ ਦਿੱਤਾ ਗਿਆ। ਸਤਿਗੁਰਾਂ ਮਾਤਾ ਜੀ ਨੂੰ ਆਖਿਆ ਚੰਗਾ ਅਸੀਂ ਹੁਣ ਜਾਈਏ, ਮਾਤਾ ਆਪਣੇ ਗਲ ਵਿਚ ਪੱਲਾ ਪਾਕੇ ਅਰਜ਼ ਕੀਤੀ। ਲੰਗਰ ਏ ਕਰ ਲਵੋ। ਸਤਿਗੁਰਾਂ ਆਖਿਆ, ਜਰਾ ਬੱਦਲਾਂ ਵਲ ਤਾਂ ਦੇਖ ਸੁਵਾ ਦੇ ਵਿਚ ਪਾਣੀ ਆਉਣ ਵਾਲਾ ਹੈ। ਅਸੀਂ ਤੇਰੇ ਪ੍ਰਸ਼ਾਦੇ ਵਲ ਦੇਖੀਏ ਕੇ ਸੁਵਾ ਵਲ। ਮਾਤਾ ਨੇ ਫੇਰ ਬੜੀ ਨਮਾਣੀ ਹੋ ਕੇ ਅਰਜ਼ ਕੀਤੀ ਨਹੀਂ ਛੱਕਣਾ ਤੇ ਨਾ ਛੱਕੋ ਪਰ ਗੁੱਸੇ ਤਾਂ ਨਾ ਹੋਵੋ। ਘਰੋਂ ਬਾਹਰ ਆ ਕੇ ਮੈਂ ਸੰਤ ਰਤਨ ਸਿੰਘ ਜੀ ਦੇ ਨਾਲ ਬਚਨ ਕੀਤਾ।

ਸੰਤ ਜੀ ਇਸ ਮਾਤਾ ਦੇ ਅੰਦਰ ਬੜਾ ਸੁਆਦ ਹੈ। ਜੇਹੜਾ ਸਤਿਗੁਰਾਂ ਇਸ ਘਰ ਆਉਣ ਤੋਂ ਸਵਾ ਲੰਘਣ ਵਾਲਾ ਬਚਨ ਪਹਿਲੋਂ ਹੀ ਕਰ ਦਿੱਤਾ ਸੀ। ਠੀਕ ਹੀ ਜਾਪਦਾ ਹੈ ਅੱਗੋਂ ਸੰਤ ਰਤਨ ਸਿੰਘ ਜੀ ਨੇ ਬਚਨ ਕੀਤਾ ਜਥੇਦਾਰ ਜੀ ਜੇਹੜੀ ਸਤਿਗੁਰਾਂ ਮਾਤਾ ਨੂੰ ਪ੍ਰਸ਼ਾਦੇ ਵੱਲੋਂ ਨਾ ਕੀਤੀ ਹੈ। ਅਜੇ ਵੀ ਕੋਈ ਪਤਾ ਨਹੀਂ ਜੋ ਕਿ ਅਸੀਂ ਸੁਵਾ ਲੰਘ ਸਕੀਏ। ਵਕਤ ਅਜੇ ਸੁਵਾ ਦਾ ਪੁਲ ਨਹੀਂ ਸੀ ਬਣਿਆ। ਸਾਰੀਆਂ ਗੱਡੀਆਂ ਸੁਵਾਦੇ ਵਿੱਚੋਂ ਦੀ ਲੰਘਿਆਂ ਕਰਦੀਆਂ ਸਨ।

ਅਸੀਂ ਕੋਈ ਇਕ ਵਜੇ ਸੁਵਾ ਤੇ ਪੁੱਜੇ ਤਾਂ ਸੁਵਾ ਦੇ ਵਿਚ ਬੇ ਬਹਾ ਪਾਣਾ ਆ ਗਿਆ ਬਗ਼ੈਰ ਬਾਰਸ਼ ਤੋਂ ਦੇਖਣ ਵਾਲੇ ਲੋਕ ਆਖ ਰਹੇ ਸਨ। ਬੜੀ ਹੈਰਾਨੀ ਦੀ ਗੱਲ ਹੈ ਕਿ ਬਾਰਸ਼ ਤੋਂ ਬਗ਼ੈਰ ਇਤਨਾ ਪਾਣੀ ਕਿੱਥੇ ਆ ਗਿਆ ਹੈ। ਅੱਜ ਤਕ ਬਾਰਸ਼ ਦੇ ਹੁੰਦਿਆਂ ਵੀ ਇਤਨਾ ਪਾਣੀ ਕਦੀ ਨਹੀਂ ਸੀ ਆਇਆ। ਸੁਵਾ ਦਾ ਪਾਣੀ ਦੇਖ ਕੇ ਸਤਿਗੁਰਾਂ ਸੰਤ ਰਤਨ ਸਿੰਘ ਜੀ ਨੂੰ ਆਖਿਆ, ਰਤਨ ਕੋਈ ਮੰਜੀ ਲਿਆ। ਜਿੰਨਾ ਚਿਰ ਪਾਣੀ ਨਹੀਂ ਵੁਤਰਦਾ ਉਨਾਂ ਚਿਰ ਅਰਾਮ ਕਰ ਲਈਏ। ਸੰਤ ਰਤਨ ਸਿੰਘ ਨੇ ਮੰਜਾ ਲਿਆ ਕੇ ਇਕ ਰੁੱਖ ਦੇ ਥੱਲੇ ਡਹਾ ਕੇ ਕੱਪੜਾ ਵਛਾ ਦਿੱਤਾ। ਸਤਿਗੁਰੂ ਜੀ ਲੰਮੇ ਪੈ ਗਏ। ਅਸੀਂ ਸਾਰੇ ਪਾਣੀ ਦੀਆਂ ਲਹਿਰਾਂ ਦੇਖਣ ਲੱਗ ਪਏ।

ਅੰਦਰੋਂ ਮਾਤਾ ਜੱਟੋ ਨੂੰ ਪਤਾ ਹੋ ਗਿਆ ਕਿ ਸੁਵਾ ਵਿਚ ਪਾਣੀ ਆ ਗਿਆ ਹੈ। ਸਤਿਗੁਰੂ ਜੀ ਪਾਰ ਨਹੀਂ ਲੰਘੇ। ਨੰਗੇ ਪੈਰੀਂ ਭੱਜੀ ਭੱਜੀ ਸਵਾ ਤੇ ਆ ਗਈ। ਸਤਿਗੁਰੂ ਜੀ ਦਰੱਖ਼ਤ ਦੇ ਥੱਲੇ ਛਾਵੇਂ ਬਰਾਜੇ ਹੋਏ ਸਨ। ਮਾਤਾ ਉਸ ਪਾਸੇ ਤਾਂ ਨਾ ਗਈ। ਮੇਰੇ ਕੋਲ ਆਕੇ ਆਖਦੀ ਹੈ। ਸੰਤ ਜੀ ਸਤਿਗੁਰਾਂ

ਨੂੰ ਆਖੋ ਹੁਣ ਤਾਂ ਪ੍ਰਸ਼ਾਦਾ ਛੱਕ ਲਵੇ। ਮੈਂ ਮਾਤਾ ਨੂੰ ਸੰਤ ਰਤਨ ਸਿੰਘ ਜੀ ਕੋਲ ਲੈ ਗਿਆ, ਮਾਤਾ ਜੀ ਨੇ ਸੰਤਾਂ ਕੋਲ ਅਰਜ਼ ਕੀਤੀ ਰਤਨ ਸਿੰਘ ਜਾ ਹੁਣ ਤਾਂ ਅਰਜ਼ ਕਰ ਕਿ ਪ੍ਰਸ਼ਾਦਾ ਛੱਕ ਲੈਣ। ਸੰਤ ਰਤਨ ਸਿੰਘ ਜੀ ਮਾਤਾ ਨੂੰ ਆਖਿਆ ਸੱਚੇ ਪਾਤਸ਼ਾਹ ਜੀ ਬਰਾਜੇ ਹੋਏ ਨੇ, ਅਸੀਂ ਤਾਂ ਨਹੀਂ ਜਗਾਉਣਾ ਤੂੰ ਜਗਾ ਲੈ। ਮਾਤਾ ਨੇ ਆਖਿਆ ਜਗਾ ਤਾਂ ਮੈਂ ਲਵਾਂਗੀ ਪਰ ਇਏ ਦਸ ਗੁੱਸੇ ਤਾਂ ਨਹੀਂ ਹੋਵੇਗਾ ਸੰਤਾਂ ਆਖਿਆ ਨਾਲੇ ਮਗਰ ਆਉਣਾ ਤੇ ਨਾਲੇ ਡਰਨਾ। ਦੋ ਗੱਲਾਂ ਕਿਸ ਤਰ੍ਹਾਂ ਹੋ ਸਕਦੀਆਂ ਨੇ। ਮਾਤਾ ਨੇ ਆਖਿਆ ਰਤਨ ਸਿੰਘ ਤੂੰ ਵੀ ਮੇਰੇ ਨਾਲ ਚਲ। ਸੰਤ ਰਤਨ ਸਿੰਘ ਵੀ ਤੁਰ ਪਏ। ਮੈਂ ਵੀ ਤੁਰ ਪਿਆ ਅੱਗੇ ਸਤਿਗੁਰੂ ਜੀ ਐਨ ਚਾਦਰ ਤਾਣ ਕੇ ਬਰਾਜੇ ਹੋਏ ਨੇ। ਮਾਤਾ ਸਤਿਗੁਰਾਂ ਦੇ ਚਰਨਾਂ ਵਲ ਖਲੋਕੇ ਚਰਨ ਫੜਕੇ ਚੰਗੀ ਤਰ੍ਹਾਂ ਹਲਾਇਆ। ਸਤਿਗੁਰੂ ਜੀ ਤ੍ਰਬਕ ਕੇ ਜਾਗ ਪਏ। ਸਤਿਗੁਰੂ ਜੀ ਚੇਹਰੇ ਤੋਂ ਚਾਦਰ ਲਾਹ ਕੇ ਆਖਿਆ ਕੀ ਗੱਲ ਹੈ। ਸਾਨੂੰ ਸੁੱਤਿਆਂ ਨੂੰ ਅਵਾ ਜਾਰ ਕੀਤਾ ਈ। ਮਾਤਾ ਨੇ ਆਖਿਆ ਸੁਵਾ ਦੇ ਵਿਚ ਪਾਣੀ ਆ ਗਿਆ ਹੈ। ਹੁਣ ਤਾਂ ਲੰਗਰ ਕਰ ਲੈ। ਸਤਿਗੁਰਾਂ ਸੰਤ ਰਤਨ ਸਿੰਘ ਨੂੰ ਹੁਕਮ ਕੀਤਾ ਜਾ ਪ੍ਰਸ਼ਾਦਾ ਬਣਾਕੇ ਏਥੇ ਲੈ ਆ। ਜੇ ਅਸੀਂ ਇਸ ਦਾ ਘਰ ਹੀ ਆਖਾ ਮੰਨ ਲੈਂਦੇ ਤਾਂ ਸੁਵਾ ਦੇ ਵਿਚ ਪਾਣੀ ਨਹੀਂ ਸੀ ਆਉਣਾ। ਰਤਨ ਸਿੰਘ ਨੂੰ ਮਾਤਾ ਨਾਲ ਲੈ ਕੇ ਘਰ ਨੂੰ ਚਲੀ ਗਈ।

ਸਤਿਗੁਰੂ ਜੀ ਫੇਰ ਬਿਰਾਜ ਗਏ। ਕੋਈ ਦੋ ਵਜੇ ਦੇ ਟਾਇਮ ਨੂੰ ਸੰਤ ਰਤਨ ਸਿੰਘ ਜੀ ਕੋਈ 20-25 ਸਰੀਰਾਂ ਦਾ ਪ੍ਰਸ਼ਾਦਾ ਬਣਾ ਕੇ ਲੈ ਆਏ। ਮਾਤਾ ਫੇਰ ਵੀ ਨਾਲ ਆ ਗਈ। ਇਧਰੋਂ ਸੁਵਾ ਦਾ ਪਾਣੀ ਉਤਰਨਾ ਸ਼ੁਰੂ ਹੋ ਗਿਆ। ਸਤਿਗੁਰਾਂ ਇਸ਼ਨਾਨ ਕਰਕੇ ਪ੍ਰਸ਼ਾਦਾ ਛੱਕ ਲਿਆ। ਹੋਰ ਵੀ ਸਾਰਿਆਂ ਸਰੀਰਾਂ ਨੇ ਛੱਕਿਆ। ਸਤਿਗੁਰਾਂ ਮਾਤਾ ਜੀ ਨੂੰ ਆਖਿਆ ਹੁਣ ਠੀਕ ਹੈ। ਮਾਤਾ ਨੇ ਆਖਿਆ ਜਾ ਹੁਣ ਲੰਘ ਜਾ। ਉਸ ਵਕਤ ਸੁਵਾ ਵਿਚ ਗੋਡੇ ਗੋਡੇ ਪਾਣੀ ਹੋ ਗਿਆ ਸੀ।

ਦੋਵੇਂ ਜੀਪਾਂ ਪਾਰ ਲੰਘ ਗਈਆਂ। ਇਹ ਤਿੰਨ ਵਜੇ ਦਾ ਵਕਤ ਸੀ। ਸੰਤ ਰਤਨ ਸਿੰਘ ਜੀ ਨੇ ਜੇਹੜਾ ਸਵਾ ਲੰਘਣ ਵਾਲੇ ਮੇਰੇ ਨਾਲ ਬਚਨ ਕੀਤਾ ਸੀ। ਸੋ ਪੂਰਾ ਹੋ ਗਿਆ। ਮਾਤਾ ਦਾ ਪ੍ਰਸ਼ਾਦਾ ਛੱਕਿਆ। ਤਾਂ ਸਵਾ ਪਾਰ ਲੰਘੇ। ਸੰਤਾਂ ਆਖਿਆ ਸੀ ਸਤਿਗੁਰਾਂ ਮਾਤਾ ਦੇ ਪ੍ਰਸ਼ਾਦੇ ਵਾਲੇ ਅਰਜ਼ ਨਹੀਂ ਮੰਨੀ। ਪਤਾ ਨਹੀਂ ਪਾਰ ਲੰਘਦੇ ਹਾਂ ਕਿ ਨਹੀਂ। ਵੁਹ ਬਚਨ ਪੂਰਾ ਹੋਇਆ।

ਸੰਮਤ 2004 ਬਿ: ਤੇ 31 ਸਾਵਣ ਦਾ ਦਿਨ ਸੀ। ਸੰਤ ਰਤਨ ਸਿੰਘ ਜੀ ਮੰਡੀ ਸਤਿਗੁਰਾਂ ਦੀ ਕੋਠੀ ਲੰਗਰ ਤਿਆਰ ਕਰ ਰਹੇ ਸਨ। ਸਤਿਗੁਰੂ ਜੀ ਗੁਰਦੇਵ ਸਿੰਘ ਜੀ ਪਾਸੋਂ ਉਪਰ ਆਪਣੇ ਕਮਰੇ ਵਿਚ ਮਾਲਸ਼ ਕਰਵਾ ਰਹੇ ਸਨ। ਨਾਲੇ ਸਤਿਗੁਰਾਂ ਦਾ ਉਦੋਂ ਸਰੀਰ ਵੀ ਬੜਾ ਕਮਜ਼ੋਰ ਸੀ। ਮੈਂ ਸਤਿਗੁਰਾਂ ਪਾਸੋਂ ਥੱਲੇ ਆਇਆ। ਭਾਈ ਜੀ ਰਤਨ ਸਿੰਘ ਨੂੰ ਆਪਣੀ ਜੱਫੀ ਦੇ ਵਿਚ

ਲੈਕੇ ਰੋਈ ਜਾਂਦੇ ਨੇ। ਨਾਲ ਰਤਨ ਸਿੰਘ ਵੀ ਰੋਈ ਜਾਂਦਾ ਸੀ। ਭਾਈ ਜੀ ਨੇ ਆਖਿਆ ਰਤਨ ਜੋ ਮੇਰੀ ਨਿਗਾ ਵਿਚ ਆ ਰਿਹਾ ਹੈ। ਸੋ ਮੈਂ ਤੈਨੂੰ ਦੱਸਦਾ ਹਾਂ। ਸਤਿਗੁਰਾਂ ਹੁਣ ਦੇਹ ਦਾ ਔਲਾ ਕਰ ਜਾਣਾ ਹੈ। ਰਤਨ ਸਾਡਾ ਬੁਰਾ ਹਾਲ ਹੋਵੇਗਾ। ਅਸੀਂ ਜੀਉਂਦੇ ਵੀ ਮਰਿਆ ਦੇ ਨਾਲੋਂ ਭੈੜੇ ਹੋਵਾਂਗੇ। ਰਤਨ ਬਚੜੀਏ ਸਾਡਾ ਕਖ ਨਹੀਂ ਰਹਿਣਾ। ਅਸੀਂ ਇਸ ਦੇ ਵਿਛੋੜੇ ਨੂੰ ਸਹਾਰ ਨਹੀਂ ਸਕਣਾ। ਇਸ ਛਲੀਏ ਨੂੰ ਛਲ ਜਾਣਾ ਹੈ। ਰਤਨ ਸਾਨੂੰ ਇਸ ਤੋਂ ਪਹਿਲੇ ਮੌਤ ਆ ਜਾਵੇ ਤਾਂ ਚੰਗਾ ਹੈ। ਨਹੀਂ ਤਾਂ ਅਸੀਂ ਮਗਰੋ ਰੋ ਰੋ ਕੇ ਮਰ ਜਾਵਾਂਗੇ।

ਇਸ ਤੋਂ ਪਹਿਲੋਂ ਦਰਗਾਹ ਵਿਚ ਜਾਈਏ ਤਾਂ ਚੰਗਾ ਹੈ। ਸੰਤ ਬਤਟ ਸਿੰਘ ਜੀ ਨੇ ਰੋਂਦਿਆਂ ਭਾਈ ਜੀ ਨੂੰ ਆਖਿਆ। ਭਾਈ ਜੀ ਕੋਈ ਯਤਨ ਕਰੋ ਕਿ ਸਤਿਗੁਰੂ ਜੀ ਇਸ ਤਰ੍ਹਾਂ ਨਾ ਕਰਨ। ਸਾਡੇ ਹਾਲ ਤੇ ਰਹਿਮ ਕਰਨ। ਰਤਨ ਇਸਨੇ ਕਿਸੇ ਦੀ ਨਹੀਂ ਮੰਨਣੀ। ਜੋ ਕਰਨਾ ਹੈ ਸੋ ਕਰ ਜਾਣਾ ਹੈ। ਇਸ ਨੇ ਸਰੀਰ ਛੱਡਣ ਦਾ ਪੱਕਾ ਵਿਚਾਰ ਬਨਾ ਲਿਆ ਹੈ। ਬਚੜੀਏ ਹੁਣ ਤਾਂ ਥੋੜ੍ਹੇ ਦਿਨ ਬਾਦੀ ਨਜ਼ਰ ਆਉਂਦੇ ਨੇ।

ਭਾਈ ਜੀ ਕੋਈ ਚਾਰਾ ਕਰੀਏ ਭਲਾ ਜੇ ਮੰਨ ਜਾਣ। ਰਤਨ ਇਕ ਚਾਰਾ ਹੈ। ਜੇ ਮੰਨ ਜਾਣ ਤਾਂ ਇਸ ਦੀ ਮਰਜ਼ੀ ਮੰਡੀ ਪਹਾੜਾਂ ਵਿਚ ਸਰੀਰ ਛੱਡਣ ਦੀ ਹੈ। ਜਿਸ ਵਕਤ ਇਹਨਾਂ ਮੰਡੀ ਸਰੀਰ ਛੱਡਿਆ। ਏਥੇ ਉਨ੍ਹੀਂ ਸਾਧ ਸੰਗਤ ਇਕੱਠੀ ਨਹੀਂ ਹੋ ਸਕਣੀ। ਅਰਜ਼ ਕਰੀਏ ਜੇ ਮੰਨ ਜਾਣ ਤਾਂ ਸ੍ਰੀ ਭੈਣੀ ਸਾਹਿਬ ਚਲੇ ਚੱਲਣ। ਉਥੇ ਸਾਥ ਸੰਗਤ ਕਾਫ਼ੀ ਇਕੱਠੀ ਹੋ ਜਾਵੇਗੀ। ਹੋਰ ਕੋਈ ਚਾਰਾ ਨਹੀਂ ਹੈ। ਇਸ ਨੇ ਸਰੀਰ ਛਡ ਜਾਣਾ ਹੈ। ਭਾਈ ਵਜ਼ੀਰ ਸਿੰਘ ਤੇ ਰਤਨ ਸਿੰਘ ਜੀ ਇਹ ਵਿਚਾਰ ਬਣਾਕੇ ਅਰਜ਼ ਕਰਨ ਦੇ ਵਾਸਤੇ ਤੁਰ ਪਏ।

ਦੋਵਾਂ ਦੇ ਨਾਲ ਮੈਂ ਵੀ ਤੁਰ ਪਿਆ। ਅਸੀਂ ਤਿੰਨੇ ਸਰੀਰ ਸਤਿਗੁਰਾਂ ਦੇ ਕੋਲ ਉਪਰ ਗਏ। ਭਾਈ ਜੀ ਅਜੇ ਚੁੱਪ ਹੀ ਸਨ। ਸਤਿਗੁਰਾਂ ਆਪ ਪੁੱਛ ਲਿਆ। ਭਾਈ ਜੀ ਕੀ ਗੱਲ ਹੈ। ਭਾਈ ਜੀ ਨੇ ਗੱਲ ਅਰਮਾਲੀ ਪਾ ਹੱਥ ਜੋੜ ਅਰਜ਼ ਕੀਤੀ। ਗ਼ਰੀਬ ਨਿਵਾਜ਼ ਜੀ ਅਰਜ਼ ਹੈ ਕਿ ਮੁਰੱਬਿਆਂ ਵਿਚ ਗਿਆ ਨੂੰ ਬੜਾ ਚਿਰ ਹੋ ਗਿਆ ਹੈ। ਮੁਰੱਬਿਆਂ ਨੂੰ ਚਲੀਏ। ਸਤਿਗੁਰਾਂ ਆਖਿਆ, ਭਾਈ ਜੀ ਮੈਂ ਮੁਰੱਬਿਆਂ ਵਿਚ ਨਹੀਂ ਜਾਣਾ। ਸਿੱਖ ਗੁਰੂ ਮੰਨਕੇ ਮੈਨੂੰ ਮੱਥਾ ਟੇਕਦੇ ਨੇ। ਨਾਲੇ ਮੈਨੂੰ ਕਚਹਿਰੀ ਚਾੜਨ ਵਾਸਤੇ ਤਿਆਰ ਨੇ। ਭਾਈ ਸਵਾਦ ਨਹੀਂ ਰਿਹਾ।

ਸੱਚੇ ਪਾਤਸ਼ਾਹ ਫੇਰ ਸ੍ਰੀ ਭੈਣੀ ਸਾਹਿਬ ਚਲੇ ਚਲੀਏ। ਸਤਿਗੁਰਾਂ ਉਂਗਲਾਂ ਉਪਰ ਕੁਛ ਗਿਣਾ ਕੇ ਆਖਿਆ ਭਾਈ ਜੀ ਦਿਨ ਤਾਂ ਠੀਕ ਹੈ। ਸਤਿਗੁਰੂ ਜੀ ਉਂਗਲਾਂ ਦੇ ਨਿਸ਼ਾਨਾ ਦੀ ਗਿਣਤੀ ਤੋਂ ਪੰਜਾਂ ਤੋਂ ਅੱਗੇ ਨਹੀਂ ਸਨ ਲੰਘੇ। ਤੇ ਬਚਨ ਕੀਤਾ ਚੰਗਾ ਭਾਈ ਜੀ ਕੱਲ੍ਹ ਪਹਿਲੀ ਭਾਦਰੋ ਹੈ। ਕੱਲ੍ਹ ਆਪਾਂ ਕੋਟਲੇ ਜਾ ਆਉਂਦੇ ਹਾਂ ਪਰਸੋ ਸ੍ਰੀ ਭੈਣੀ ਸਾਹਿਬ ਨੂੰ ਚਲੇ ਚਲਾਂਗੇ। ਇਸ

ਵਕਤ ਸਤਿਗੁਰਾਂ ਇਸ਼ਨਾਨ ਕਰ ਲਿਆ ਹੋਇਆ ਸੀ। ਸੰਤ ਰਤਨ ਸਿੰਘ ਜੀ ਨੇ ਸਤਿਗੁਰਾਂ ਨੂੰ ਪ੍ਰਸ਼ਾਦਾ ਛਕਾਇਆ, ਪਰ ਅੰਦਰੋਂ ਦੋਹਾਂ ਦੇ ਦਿਲ ਛੱਡੇ ਹੋਏ ਸਨ।

ਮੰਡੀ ਵਿਚ ਸਭ ਤੋਂ ਪਹਿਲੋਂ ਭਾਇ. ਵਜ਼ੀਰ ਸਿੰਘ ਜੀ ਨੇ ਸੰਤ ਰਤਨ ਸਿੰਘ ਜੀ ਦੇ ਨਾਲ ਸਤਿਗੁਰਾਂ ਦਾ ਦੇਹ ਛੱਡਣ ਵਾਲਾ ਬਚਨ ਕੀਤਾ। ਅਗਲੇ ਪਹਿਲੀ ਭਾਦਰੋਂ ਦੇ ਦਿਨ ਸਤਿਗੁਰੂ ਜੀ ਗੁਪਾਲ ਐਕਸੀਨ ਦੀ ਜੀਪ ਵਿਚ ਕੋਟਲੇ ਗਏ। ਜਿਹੜੇ ਸਰੀਰ ਨਾਲ ਗਏ ਉਨ੍ਹਾਂ ਵਿਚ ਸੰਤ ਰਤਨ ਸਿੰਘ ਜੀ ਵੀ ਨਾਲ ਸਨ। ਜਿਸ ਵਕਤ ਸਤਿਗੁਰੂ ਜੀ ਕੋਟਲੇ ਪੁੱਜੇ ਤਾਂ ਸਰੀਰ ਢਿੱਲਾ ਹੋਕੇ ਹੈਜੇ ਦੀ ਸ਼ਿਕਾਇਤ ਹੋ ਗਈ। ਸੰਤ ਰਤਨ ਸਿੰਘ ਜੀ ਨੇ ਪਿਆਜ਼ ਦਾ ਪਾਣੀ ਕੱਢਕੇ ਨਾਲ ਹੋਰ ਦਵਾਈ ਪਾ ਕੇ ਦਿੱਤਾ। ਪਰ ਉਪਰ ਦਰਿਆ ਦੀ ਠੰਡੀ ਹਵਾ ਹੋਣ ਕਰਕੇ ਕੁਛ ਫ਼ਰਕ ਨਾ ਪਿਆ। ਸ਼ਾਮ ਨੂੰ ਸਤਿਗੁਰੂ ਜੀ ਆਪਣੀ ਕੋਠੀ ਆ ਗਏ।

ਸੰਤ ਰਤਨ ਸਿੰਘ ਜੀ ਆਵਾਜ਼ ਮਾਰਨ ਤੋਂ ਪਹਿਲਾਂ ਹੀ ਦਵਾਈ ਲੈ ਕੇ ਉਪਰ ਆ ਰਹੇ ਸਨ। ਰਤਨ ਸਿੰਘ ਨੇ ਸਤਿਗੁਰਾਂ ਨੂੰ ਦਵਾਈ ਦਿੱਤੀ। ਉਹ ਉਸੇ ਵਕਤ ਦਵਾਈ ਨਿਕਲ ਗਈ ਸੀ। ਸਤਿਗੁਰਾਂ ਆਖਿਆ ਕਾਕਾ ਦਵਾਈ ਨਿਕਲ ਗਈ ਹੈ। ਰਤਨ ਸਿੰਘ ਜੀ ਨੇ ਅਰਜ਼ ਕੀਤੀ। ਸੱਚੇ ਪਾਤਸ਼ਾਹ ਰੀ ਦਵਾਈ ਹੋਰ ਲੈ ਲਵੋ। ਸਤਿਗੁਰਾਂ ਰਸਨਾ ਤੋਂ ਬਚਨ ਕਰਕੇ ਆਖਿਆ, ਰਤਨ ਸਾਡਾ ਅੱਜ ਤੋਂ ਛੱਕਣਾ ਮੁੱਕ ਗਿਆ ਹੈ ਤੇ ਹੋਰ ਦਵਾਈ ਨਾ ਛੱਕੀਂ। 2 ਭਾਦਰੋਂ ਨੂੰ ਅਸੀਂ ਹੁਕਮ ਅਨੁਸਾਰ ਵਾਰਾ ਕੋਠੀ ਲਾਇਆ। ਵਾਰੇ ਦੇ ਭੋਗ ਦੇ ਮਗਰੋਂ ਸ੍ਰੀ ਭੈਣੀ ਸਾਹਿਬ ਜਾਣ ਦਾ ਹੁਕਮ ਹੋ ਗਿਆ। ਸੰਤ ਰਤਨ ਸਿੰਘ ਜੀ ਨੇ ਸਮਾਨ ਤਿਆਰ ਕਰਕੇ ਨਾਲ ਦਵਾਈਆਂ ਵੀ ਰਖ ਲਈਆਂ। ਸਤਿਗੁਰਾਂ ਦੇ ਅਰਾਮ ਦੇ ਨਾਲ ਸਫ਼ਰ ਕਰਨ ਵਾਸਤੇ ਕਾਰ ਦੀ ਪਿਛਲੀ ਸੀਟ ਤੇ ਰਜ਼ਾਈ ਰਖ ਕੇ ਜਗ੍ਹਾ ਬਣਾ ਦਿੱਤੀ ਗਈ।

ਇਸ ਵਕਤ ਸਤਿਗੁਰਾਂ ਦਾ ਸਰੀਰ ਕਾਫ਼ੀ ਢਿੱਲਾ ਸੀ। ਸਤਿਗੁਰੂ ਜੀ ਪਿਛਲੀ ਸੀਟ ਤੇ ਲੰਮੇ ਪੈ ਗਏ। ਬਾਕੀ ਦੇ ਹੋਰ ਸਰੀਰਾਂ ਦੇ ਨਾਲ ਸਤ ਰਤਨ

---

**ਨੋਟ:** ਕੋਟਲ ਜਾਣਦਾ ਪੂਰਾ ਹਾਲ ਸੰਤ ਪ੍ਰੀਤਮ ਸਿੰਘ ਜੀ ਪਦੀ ਵਾਲਿਆਂ ਦੇ ਜੀਵਨ ਵਿੱਚੋਂ ਪੜ੍ਹੋ।

ਸੰਤ ਰਤਨ ਸਿੰਘ ਜੀ ਨੇ ਹੁਕਮ ਅਨੁਸਾਰ ਹੋਰ ਦਵਾਈ ਦੇ ਦਿੱਤੀ। ਸਤਿਗੁਰੂ ਜੀ ਮੰਜੇ ਤੇ ਲੰਮੇ ਪੈ ਗਏ। ਸੰਤ ਪ੍ਰੀਤਮ ਸਿੰਘ ਜੀ ਨੇ ਘੁਟਣਾ ਸ਼ੁਰੂ ਕਰ ਦਿੱਤਾ। ਸਤਿਗੁਰਾਂ ਨੂੰ ਨੀਂਦਰ ਆ ਗਈ ਤੇ ਬਰਾਜ ਗਏ। ਜਦੋਂ ਰਾਤੀ ਦੋ ਕੁ ਵਜੇ ਦਾ ਵਕਤ ਹੋਇਆ। ਸੰਤ ਹਰਦਿਆਲ ਸਿੰਘ ਜੀ ਸਤਿਗੁਰਾਂ ਕੋਲ ਕੋਠੀ ਪਹੁੰਚ ਗਏ। ਸਤਿਗੁਰਾਂ ਨੇਤਰ ਖੋਲ੍ਹ ਕੇ ਆਖਿਆ ਰਤਨ ਨੂੰ ਆਖੋ ਸਾਨੂੰ ਦਵਾਈ ਦੇਵੇ।

ਸਿੰਘ ਜੀ ਵੀ ਕਾਰ ਦੇ ਵਿਚ ਬੈਠ ਗਏ। ਮੰਡੀ ਦੀ ਸਾਧ ਸੰਗਤ ਨੂੰ ਸਤਿਗੁਰੂ ਜੀ 2 ਭਾਦਰੋਂ ਸੰਮਤ (2016) ਨੂੰ ਸਤਿ ਸ੍ਰੀ ਅਕਾਲ ਬੁਲਾ ਕੇ ਚੱਲ ਪਏ। ਸਤਿਗੁਰੂ ਜੀ ਰਾਤ ਨਗਰੋਟੇ ਠਹਿਰੇ। ਅਗਲੇ ਦਿਨ 3 ਭਾਦਰੋਂ ਨੂੰ ਰਤਨ ਸਿੰਘ ਜੀ ਦੇ ਨਗਰ ਆਕੇ ਇਕ ਬਾਹਰ ਖੂਹ ਤੇ ਲੰਗਰ ਕੀਤਾ।

ਸਤਿਗੁਰਾਂ ਸੰਤ ਪ੍ਰੀਤਮ ਸਿੰਘ ਜੀ ਦਾ ਬਚਨ ਪੂਰਾ ਕਰਨ ਵਾਸਤੇ ਥੋੜ੍ਹਾ ਪ੍ਰਸ਼ਾਦਾ ਛੱਕਿਆ। ਸੰਤ ਰਤਨ ਸਿੰਘ ਜੀ ਨੇ ਪ੍ਰਸ਼ਾਦਾ ਨਹੀਂ ਸੀ ਛੱਕਿਆ। ਏਥੇ ਪ੍ਰਸ਼ਾਦਾ ਨਾ ਛੱਕਣ ਵਾਲਾ ਬਚਨ ਸੰਤ ਰਤਨ ਸਿੰਘ ਜੀ ਨੇ ਮੇਰੇ ਨਾਲ ਮੇਰੇ ਘਰ ਮੰਡੀ ਪ੍ਰਸ਼ਾਦਾ ਛੱਕਣ ਲੱਗਿਆਂ ਕੀਤਾ। ਜਦੋਂ ਸਾਡੇ ਪਿੰਡ ਖੂਹ ਤੇ ਸਤਿਗੁਰਾਂ ਲੰਗਰ ਕੀਤਾ ਸੀ। ਉਸ ਵਕਤ ਮੈਨੂੰ ਪਤਾ ਲੱਗ ਗਿਆ ਸੀ ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਜਾਕੇ ਜੋਤੀ ਜੋਤਿ ਸਮਾ ਜਾਣਾ ਹੈ। ਮੇਰੇ ਕੋਲੋਂ ਪ੍ਰਸ਼ਾਦਾ ਨਹੀਂ ਸੀ ਛੱਕਿਆ ਗਿਆ। ਇਸੇ ਦਿਨ ਸ੍ਰੀ ਭੈਣੀ ਸਾਹਿਬ ਪਹੁੰਚ ਕੇ ਗੋਲ ਮੰਦਰ ਵਿਚ ਡੇਰਾ ਕਰ ਲਿਆ। ਸੰਗਤਾਂ ਦਰਸ਼ਨ ਕਰਨ ਵਾਸਤੇ ਆਉਣ ਲੱਗ ਪਈਆਂ। ਸਤਿਗੁਰਾਂ ਸੰਤ ਰਤਨ ਸਿੰਘ ਨੂੰ ਪਾਸ ਬੁਲਾ ਕੇ ਹੁਕਮ ਕੀਤਾ। ਸਾਡੇ ਦਰਸ਼ਨਾਂ ਨੂੰ ਕੋਈ ਨਾ ਆਵੇ। ਇਸ ਬਚਨ ਨੂੰ ਮੰਨਦੇ ਹੋਏ ਸੰਤ ਪ੍ਰੀਤਮ ਸਿੰਘ ਜੀ ਪਹਿਰੇ ਤੇ ਖੜ੍ਹੇ ਹੋ ਗਏ।

ਸੰਤ ਰਤਨ ਸਿੰਘ ਜੀ ਸਤਿਗੁਰਾਂ ਦੀ ਸੇਵਾ ਵੱਲੋਂ ਇਕ ਮਿੰਟ ਵੀ ਲਾਂਬੇ ਨਹੀਂ ਸਨ ਹੁੰਦੇ। ਮਹਾਰਾਜ ਬੀਬ ਸਿੰਘ ਮੰਡੀ ਤੋਂ ਨਾਲ ਸਨ ਤੇ ਸ੍ਰੀ ਭੈਣੀ ਸਾਹਿਬ ਵੀ ਆ ਕੇ ਸਵੇ ਵਿਚ ਰਹੇ। ਸੇਵਾ ਵਿਚ ਕੋਈ ਕਸਰ ਨਾ ਛੱਡੀ।

ਉਹ ਬਚਨ ਸੰਮਤ (2016) ਅਤੇ 5 ਭਾਦਰੋਂ ਦੀ ਰਾਤ ਨੂੰ 12 ਵਜਕੇ 5 ਮਿੰਟ ਤੇ ਪੂਰਾ ਹੋ ਗਿਆ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਜੋਤੀ ਜੋਤਿ ਸਮਾ ਗਏ। ਸਤਿਗੁਰਾਂ ਦੇ ਦਰਸ਼ਨ ਸਾਧ ਸੰਗਤ ਪਾਸੋਂ ਸਦਾ ਵਾਸਤੇ ਔਲੇ ਹੋ ਗਏ। 6 ਭਾਦਰੋਂ ਸ਼ਾਮ ਨੂੰ ਮਰਯਾਦਾ ਅਨੁਸਾਰ ਸਤਿਗੁਰਾਂ ਦੇ ਸਰੀਰ ਦਾ ਸੰਸਕਾਰ ਕੀਤਾ ਗਿਆ। ਇਸ ਸਾਰੀ ਸੇਵਾ ਵਿਚ ਸੰਤ ਰਤਨ ਸਿੰਘ ਜੀ ਹਾਜ਼ਰ ਰਹੇ। ਪਰ ਏਨਾਂ ਉੱਤੇ ਉਹ ਪੰਗਤੀ ਵਰਤਮਾਨ ਹੋ ਗਈ:-

**ਜਿਸ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ।**
**ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ।**

ਇਹ ਹਾਲਤ ਸਤਿਗੁਰਾਂ ਦੇ ਸੇਵਕਾਂ ਦੀ ਹੋਈ। ਜਿਸ ਵਿੱਚੋਂ ਸੰਤ ਰਤਨ ਸਿੰਘ ਜੀ ਵੀ ਨਾ ਬਚ ਸਕੇ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ 25 ਭਾਦਰੋਂ ਵਾਲੇ ਦਿਨ ਭਾਈ ਵਜ਼ੀਰ ਸਿੰਘ ਜੀ ਅਤੇ ਠਾਕੁਰ ਦਲੀਪ ਸਿੰਘ ਜੀ ਨੇ ਜਦੋਂ ਦਸਤਾਰ ਭੇਟ ਕੀਤੀ। ਸੰਤ ਰਤਨ ਸਿੰਘ ਜੀ ਵੀ ਨਾਲ ਸਨ। ਉਹ ਦਸਤਾਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਜਾ ਲਈ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਦਾ ਸਾਧ ਸੰਗਤ ਦੇ ਬੜਾ ਬੈਰਾਗ ਸੀ।

ਉੱਥੇ ਇਸ ਬੈਰਾਗ ਨੇ ਸੰਤ ਰਤਨ ਸਿੰਘ ਜੀ ਨੂੰ ਬਿਮਾਰ ਕਰ ਦਿੱਤਾ। ਮਸਤਾਨਗੜ੍ਹ ਬੈਠ ਕੇ ਦਿਨ ਕੱਢੀ ਗਏ। ਸਰੀਰ ਦੀ ਕਮਜ਼ੋਰੀ ਹੋਣ ਕਰਕੇ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੇਵਾ ਵਿਚ ਹਾਜ਼ਰ ਨਾ ਹੋ ਸਕੇ। ਇਸ ਰੋਗ ਦੀ ਦਵਾਈ ਵੀ ਕੋਈ ਨਹੀਂ ਸੀ। ਕੁਛ ਅਰਸੇ ਦੇ ਬਾਅਦ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੇਵਾ ਵਿਚ ਹਾਜ਼ਰ ਹੋਕੇ ਸੇਵਾ ਕਰਨ ਲੱਗ ਪਏ। ਪਰ ਅੰਦਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਵੈਰਾਗ ਬੜਾ ਸੀ। ਸੰਤ ਰਤਨ ਸਿੰਘ ਜੀ ਕਿਸੇ ਦੇ ਨਾਲ ਬਚਨ ਨਹੀਂ ਸੀ ਕਰ ਸਕਦੇ। ਜੇ ਕਰਦੇ ਸਨ ਤਾਂ ਹੱਥ ਆ ਜਾਂਦਾ ਸੀ। ਸਤਿਗੁਰਾਂ ਦੇ ਜੋਤੀ ਜੋਤਿ ਸਮਾਉਣ ਦੇ ਮਗਰੋਂ ਸੰਤ ਰਤਨ ਸਿੰਘ ਜੀ ਨੂੰ ਕਦੀ ਹਾਸਾ ਵੀ ਨਹੀਂ ਸੀ ਆਇਆ। ਨਾ ਕਿਸੇ ਦੇ ਨਾਲ ਜ਼ਿਆਦਾ ਬੋਲਦੇ ਸਨ। ਸਤਿਗੁਰਾਂ ਦੀ ਯਾਦ ਅੰਦਰੋਂ ਨਹੀਂ ਸੀ ਭੁੱਲਦੀ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਮੰਡੀ ਦੀ ਸਾਧ ਸੰਗਤ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਉਸ ਵਕਤ ਸੰਤ ਰਤਨ ਸਿੰਘ ਜੀ ਵੀ ਨਾਲ ਸਨ। ਅਤੇ ਸੰਤ ਬਲਕਾਰ ਸਿੰਘ ਜੀ ਵੀ ਨਾਲ ਸਨ। ਮੈਂ ਸਤਿਗੁਰਾਂ ਪਾਸ ਲੰਗਰ ਦੀ ਅਰਜ਼ ਕੀਤੀ। ਸਤਿਗੁਰਾਂ ਮਨਜ਼ੂਰੀ ਦੇ ਦਿੱਤੀ। ਅਗਲੇ ਦਿਨ ਸ੍ਰੀ ਸਤਿਗੁਰੂ ਜੀ ਆਸਾ ਦੀ ਵਾਰ ਦੇ ਮਗਰੋਂ ਜਲ ਪਾਣੀ ਛੱਕ ਕੇ ਕੋਠੀ ਚਲੇ ਗਏ। ਸੰਤ ਰਤਨ ਸਿੰਘ ਜੀ ਸਾਡੇ ਲੰਗਰ ਕਰਨ ਲੱਗ ਗਏ। ਉਸ ਵਕਤ ਸਾਡੀ ਵੀ ਮਰਯਾਦਾ ਸੀ ਅਸੀਂ ਵੀ ਨਾਲ ਲੱਗ ਗਏ। ਸੰਤ ਰਤਨ ਸਿੰਘ ਜੀ ਨੇ ਸਤਿਗੁਰਾਂ ਦੇ ਛੱਕਣ ਦੇ ਵਕਤ ਨੂੰ ਸਾਰਾ ਲੰਗਰ ਤਿਆਰ ਕਰ ਲਿਆ।

ਸ੍ਰੀ ਸਤਿਗੁਰੂ ਜੀ ਦੀ ਮਾਤਾ ਜੀ ਅਤੇ ਹੋਰ ਸਰੀਰ ਵੀ ਪ੍ਰਸ਼ਾਦਾ ਛੱਕਣ ਵਾਸਤੇ ਆ ਗਏ। ਸੰਤ ਰਤਨ ਸਿੰਘ ਜੀ ਨੇ ਪਹਿਲੋਂ ਸਤਿਗੁਰਾਂ ਨੂੰ ਤੇ ਮਾਤਾ ਜੀ ਨੂੰ ਪ੍ਰਸ਼ਾਦਾ ਛਕਾਇਆ। ਫਿਰ ਸਾਰੀ ਸਾਧ ਸੰਗਤ ਨੂੰ ਛਕਾਇਆ। ਜਦੋਂ ਸਾਰੀ ਸਾਧ ਸੰਗਤ ਨੇ ਪ੍ਰਸ਼ਾਦਾ ਛੱਕ ਲਿਆ। ਸੰਤਾਂ ਫੇਰ ਵੀ ਅਰਜ਼ ਕੀਤੀ ਸਾਧ ਸੰਗਤ ਆਓ ਪ੍ਰਸ਼ਾਦਾ ਛੱਕੋ। ਮੈਂ ਸੰਤਾਂ ਕੋਲ ਅਰਜ਼ ਕੀਤੀ ਸੰਤ ਜੀ ਸਾਰੀ ਸਾਧ ਸੰਗਤ ਨੇ ਪ੍ਰਸ਼ਾਦਾ ਛੱਕ ਲਿਆ ਹੈ। ਹੁਣ ਮੈਂ ਤੁਹਾਨੂੰ ਛਕਾਉਂਦਾ ਹਾਂ। ਸੰਤਾਂ ਆਪੇ ਦੋ ਪ੍ਰਸ਼ਾਦੇ ਹੱਥ ਤੇ ਰੱਖ ਲਏ ਬਾਅਦ ਵਿਚ ਦਾਲਾ ਭਾਜੀ ਜੋ ਵੀ ਬਣਿਆ ਸੀ ਇੱਕੋ ਥਾਂ ਸਾਰਾ ਇਕੱਠੇ ਕਰਕੇ ਕੋਲ ਇਕ ਜਲ ਦਾ ਗਲਾਸ ਰੱਖ ਕੇ ਛੱਕਣ ਲੱਗ ਪਏ। ਸੰਤਾਂ ਦੇ ਛੱਕਦਿਆਂ ਅੱਧੇ ਪ੍ਰਸ਼ਾਦੇ ਵਿੱਚੋਂ ਦੋ ਗਰਾਈ ਰਹਿ ਗਈਆਂ। ਸੰਤਾਂ ਦੇ ਨੇਤਰਾਂ ਵਿਚ ਜਲ ਆ ਗਿਆ। ਨਾਲ ਹੀ ਇਹ ਆਵਾਜ਼ ਨਿਕਲੀ ਹਾਏ ਸਤਿਗੁਰੂ ਪ੍ਰਤਾਪ ਸਿੰਘ ਜੀ ਸੰਘ ਦੇ ਵਿਚ ਗਰਾਈ ਫਸ ਗਈ। ਊਥੂ ਆ ਗਿਆ। ਸੰਤਾਂ ਨੇ ਜਲ ਦਾ ਘੁੱਟ ਭਰਕੇ ਗਰਾਈ ਅੰਦਰ ਨਾ ਗਈ। ਇਸ ਹਾਲਤ ਵਿਚ ਸੰਤਾਂ ਪਾਸੋਂ ਪ੍ਰਸ਼ਾਦਾ ਨਾ ਛੱਕਿਆ ਗਿਆ। ਮੈਂ ਅਰਜ਼ ਕੀਤੀ ਸੰਤ ਜੀ ਪ੍ਰਸ਼ਾਦਾ ਛੱਕੋ। ਸੰਤਾਂ ਆਖਿਆ ਜਥੇਦਾਰ ਅੰਦਰ ਨਹੀਂ ਜੋ ਲੰਘਦਾ। ਸਤਿਗੁਰਾਂ ਦੀ ਯਾਦ ਵਿਚ ਪ੍ਰਸ਼ਾਦਾ ਨਹੀਂ ਛੱਕਿਆ ਗਿਆ।

ਸੰਤ ਰਤਨ ਸਿੰਘ ਦੇ ਅੰਦਰੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਦਾ ਕਦੀ ਫ਼ਰਕ ਨਹੀਂ ਸੀ ਪੈਂਦਾ। ਸੰਤ ਕਦੇ ਕਿਸੇ ਨਾਲ ਸਤਿਗੁਰਾਂ ਦੇ ਬਚਨ

ਨਹੀਂ ਸੀ ਕਰਿਆ ਕਰਦੇ। ਜੇ ਕਦੀ ਕਿਸੇ ਦੇ ਨਾਲ ਕਰਨ ਲੱਗਦੇ ਬਚਨ ਕਰਿਆ ਨਹੀਂ ਸੀ ਜਾਂਦਾ। ਗਲੇ ਦੇ ਵਿਚ ਉਬੂ ਆ ਜਾਂਦਾ ਸੀ। ਸਤਿਗੁਰਾਂ ਦਾ ਕੋਈ ਬਚਨ ਕਰ ਨਹੀਂ ਸੀ ਸਕਦੇ। ਕਿਉਂਕਿ ਸਤਿਗੁਰਾਂ ਦੇ ਨਾਲ ਸੰਤਾਂ ਦਾ ਪਿਆਰ ਬਹੁਤ ਸੀ। ਇਸ ਪਿਆਰ ਨੂੰ ਮੁੱਖ ਰੱਖਦਿਆਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੀ ਰਸਨਾ ਤੋਂ ਕਈ ਵੇਰਾਂ ਬਚਨ ਕੀਤਾ ਕਿ ਸਾਡੀ ਐਸੀ ਰਾਸ ਰਲੀ ਹੈ। ਸਾਨੂੰ ਕਦੀ ਕੋਈ ਚੀਜ਼ ਮੰਗਣ ਦੀ ਲੋੜ ਨਹੀਂ ਪਈ। ਜੇ ਫਿੱਕੇ ਪਾਣੀ ਨੂੰ ਦਿਲ ਕੀਤਾ, ਤਾਂ ਫਿੱਕਾ ਪਾਣੀ ਮਿਲ ਗਿਆ ਹੈ। ਜੇ ਮਿੱਠੇ ਪਾਣੀ ਨੂੰ ਦਿਲ ਕੀਤਾ ਹੈ ਤਾਂ ਇਹਨਾਂ ਨੇ ਮਿੱਠਾ ਲਿਆ ਦਿੱਤਾ ਹੈ। ਸੰਤ ਰਤਨ ਸਿੰਘ ਜੀ ਦੀ ਇਸ ਤਰ੍ਹਾਂ ਦੀ ਰਾਸ ਸਤਿਗੁਰਾਂ ਦੇ ਨਾਲ ਮਿਲੀ ਹੋਈ ਸੀ।

ਸੇਠ ਭਜਨ ਸਿੰਘ ਜੀ ਮੰਡੀ ਵਾਲਿਆਂ ਨੇ ਕੋਠੀ ਜਾ ਕੇ ਸੰਤਾਂ ਪਾਸ ਅਰਜ਼ ਕੀਤੀ। ਸੰਤ ਜੀ ਬੱਚੇ ਦੀ ਆਸ ਬਣਦੀ ਹੈ। ਪਰ ਪੂਰੀ ਨਹੀਂ ਹੁੰਦੀ। ਹੁਣ ਆਸ ਬਣੀ ਹੋਈ ਹੈ। ਤੁਸੀਂ ਕਿਰਪਾ ਕਰਕੇ ਕੋਈ ਦਵਾਈ ਦਿਓ ਸਾਡੀ ਬੱਚੇ ਦੀ ਆਸ ਪੂਰੀ ਹੋ ਜਾਵੇ। ਸੰਤਾਂ ਅੱਗੋਂ ਉੱਤਰ ਦਿੰਦਿਆਂ ਆਖਿਆ ਸੇਠ ਜੀ ਏਥੇ ਦਵਾਈਆਂ ਦੀ ਕੋਈ ਲੋੜ ਨਹੀਂ। ਤੁਸੀਂ ਜਾ ਕੇ ਸਤਿਗੁਰਾਂ ਕੋਲ ਅਰਜ਼ ਕਰੋ। ਸੇਠ ਭਜਨੀਕ ਸਿੰਘ ਜੀ ਨੇ ਸੰਤਾਂ ਦਾ ਬਚਨ ਮੰਨਦਿਆਂ ਹੋਇਆਂ ਸਤਿਗੁਰਾਂ ਕੋਲ ਜਾ ਅਰਜ਼ ਕੀਤੀ। ਸਤਿਗੁਰਾਂ ਵੀ ਸੰਤਾਂ ਵਾਲਾ ਬਚਨ ਕਰ ਦਿੱਤਾ। ਭਜਨੀਕ ਸਿੰਘ ਜੀ ਏਥੇ ਦਵਾਈਆਂ ਦੀ ਕੋਈ ਲੋੜ ਨਹੀਂ ਹੈ। ਸਤਿਗੁਰਾਂ ਕਿਰਪਾ ਕਰਨਗੇ। ਏਹ ਰਾਸ ਗਲੀ ਦਾ ਬਚਨ ਹੈ। ਜੇਹੜਾ ਸੰਤਾਂ ਨੇ ਬਚਨ ਕੀਤਾ ਸਤਿਗੁਰਾਂ ਨੇ ਵੀ ਉਹੀ ਕਰ ਦਿੱਤਾ।

ਜ਼ਿਲ੍ਹਾਂ ਅੰਮ੍ਰਿਤਸਰ ਵਿਚ ਇੱਕ ਨਗਰ ਸਤਿਗੁਰੂ ਜੀ ਦਰਸ਼ਨ ਦੇਣ ਦੀ ਕਿਰਪਾ ਕੀਤੀ ਤੇ ਸੰਤ ਰਤਨ ਸਿੰਘ ਜੀ ਲੰਗਰ ਦੀ ਕਰ ਰਹੇ ਸਨ। ਇੱਕ ਮਾਤਾ ਨੇ ਸਾਗ ਲਿਆ ਕੇ ਸੰਤਾਂ ਨੂੰ ਆਖਿਆ, ਸੰਤ ਜੀ ਆ ਲੋ ਸਾਗ ਇਸਨੂੰ ਵੀ ਬਣਾ ਲਵੋ। ਸੰਤਾਂ ਮਾਤਾ ਜੀ ਹੁਣ ਸਾਗ ਦੀ ਕੋਈ ਲੋੜ ਨਹੀਂ ਹੈ। ਲੰਗਰ ਤਿਆਰ ਹੋ ਗਿਆ ਹੈ। ਭਾਈ ਵਜ਼ੀਰ ਸਿੰਘ ਜੀ ਨੇ ਸੁਣ ਕੇ ਆਖਿਆ ਰਤਨ ਸਾਗ ਲੈ ਲੈ ਕੀ ਪਤਾ ਹੁੰਦਾ ਹੈ। ਸੰਤ ਰਤਨ ਸਿੰਘ ਜੀ ਨੇ ਭਾਈ ਜੀ ਦਾ ਬਚਨ ਮੰਨਕੇ ਸਾਗ ਲੈਕੇ ਸੰਤਾਂ ਆਖਿਆ ਭਾਈ ਜੀ ਸਾਰਗ ਬਣਾ ਲੈਂਦੇ ਹਾਂ ਖ਼ਬਰੇ ਸਤਿਗੁਰੂ ਜੀ ਮੰਗ ਹੀ ਲੈਣ। ਰਤਨ ਤੇਰੀ ਮਰਜ਼ੀ ਤਾਂ ਠੀਕ ਹੈ ਬਣਾ ਲੈ। ਇਏ ਰਾਸ ਰਲੀ ਦੀਆਂ ਗੱਲਾਂ ਨੇ। ਸੰਤ ਰਤਨ ਸਿੰਘ ਜੀ ਨੇ ਸਾਗ ਚੀਰ ਚਾਰਕੇ ਸਤਿਗੁਰਾਂ ਦੇ ਪ੍ਰਸ਼ਾਦਾ ਛੱਕਣ ਤੋਂ ਪਹਿਲਾਂ ਪਹਿਲਾਂ ਸਾਗ ਤਿਆਰ ਕਰਕੇ ਰੱਖ ਲਿਆ ਸੀ।

ਸ੍ਰੀ ਸਤਿਗੁਰੂ ਜੀ ਇਸ਼ਨਾਨ ਕਰਕੇ ਪ੍ਰਸ਼ਾਦ ਛੱਕਣ ਬੈਠੇ। ਰਤਨ ਸਿੰਘ ਨੇ ਪ੍ਰਸ਼ਾਦਾ ਛੱਕਣ ਵਾਸਤੇ ਅੱਗੇ ਜਾ ਰਖਿਆ। ਸਤਿਗਰਾਂ ਪ੍ਰਸ਼ਾਦੇ ਵਲ ਦੇਖਕੇ

ਬਚਨ ਕੀਤਾ ਰਤਨ ਅੱਜ ਸਾਡਾ ਦਿਲ ਸਾਗ ਛੱਕਣ ਨੂੰ ਕਰਦਾ ਸੀ। ਸੰਤਾਂ ਅਰਜ਼ ਕੀਤੀ ਗ਼ਰੀਬ ਨਿਵਾਜ਼ ਜੀ ਸਾਗ ਹੈਗਾ ਏ ਮੈਂ ਹੁਣੇ ਲੈ ਆਉਂਦਾ ਹਾਂ ਜੀ। ਸੰਤਾਂ ਕੌਲੇ ਵਿਚ ਸਾਗ ਪਾ ਕੇ ਸਤਿਗੁਰਾਂ ਨੂੰ ਛੱਕਣ ਦੇ ਵਾਸਤੇ ਦਿੱਤਾ। ਸਤਿਗੁਰੂ ਜੀ ਸਾਗ ਛੱਕ ਕੇ ਬੜੇ ਪ੍ਰਸੰਨ ਹੋਏ। ਇਹ ਰਾਸ ਰਲੀ ਦੀਆਂ ਗੱਲਾਂ ਨੇ। ਇਸ ਵਾਸਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਕਈ ਵਾਰ ਬਚਨ ਕਰਿਆ ਕਰਦੇ ਸੀ ਕਿ ਸਾਡੀ ਰਾਸ ਰਲੀ ਹੋਈ ਹੈ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਗਰਮੀਆਂ ਵਿਚ ਜਦੋਂ ਮੰਡੀ ਦਰਸ਼ਨ ਦੇਣ ਦੀ ਕਿਰਪਾ ਕਰਿਆ ਕਰਦੇ ਸਨ, ਉਸ ਵਕਤ ਆਮ ਦੀਵਾਨ ਕੋਠੀਚ ਹੋਇਆ ਕਰਦੇ ਸਨ। ਸਾਡੇ ਨਾਲ ਵਾਰੇ ਵਿਚ ਜਦੋਂ ਸਤਿਗੁਰਾਂ ਭਾਈ ਜੀ ਨੂੰ ਤੇ ਸੰਤ ਰਤਨ ਸਿੰਘ ਜੀ ਨੂੰ ਨਾਲ ਲੈਕੇ ਸ਼ਬਦ ਪੜ੍ਹਨੇ, ਪਤਾ ਨਹੀਂ ਸੀ ਲੱਗਦਾ ਕਿ ਤਿੰਨ ਸਰੀਰ ਬੋਲਦੇ ਕਿ ਇੱਕੋ ਹੀ ਬੋਲਦਾ ਹੈ। ਸੁਰਾਂ ਵਿਚ ਕੋਈ ਫ਼ਰਕ ਨਹੀਂ ਸੀ ਜਾਪਦਾ। ਐਸੀ ਏਹਨਾਂ ਦੀ ਰਾਸ ਰਲੀ ਸੀ। ਸੰਤ ਰਤਨ ਸਿੰਘ ਜੀ ਨੇ ਸਤਿਗੁਰਾਂ ਦੀ ਸੇਵਾ ਨੂੰ ਮੁੱਖ ਰੱਖ ਕੇ, ਹਰ ਇਕ ਸੇਵਾ ਕਰੀ ਜਾਣੀ। ਪਤਾ ਨਹੀਂ ਕਿਸ ਸੇਵਾ ਤੇ ਸਤਿਗੁਰਾਂ ਦਾ ਮਨ ਮੰਨ ਜਾਣਾ ਹੈ। ਮੇਰੇ ਸਾਰੇ ਪਾਪਾਂ ਦਾ ਨਾਸ਼ ਹੋ ਜਾਵੇਗਾ। ਸੰਤਾਂ ਨੇ ਸੇਵਾ ਕਰਨ ਵਾਲੀ ਜਗ੍ਹਾ ਤੇ ਖੜ੍ਹੇ ਹੋਕੇ ਆਪਣੇ ਬਸਤਰ ਵੀ ਸੇਵਕਾਂ ਵਾਲੇ ਹੀ ਰਖੇ ਸੀ।

ਸੰਤ ਰਤਨ ਸਿੰਘ ਜੀ ਨੇ ਸਾਰੀ ਉਮਰ ਪੂਰੀਆਂ ਬਾਹਾਂ ਵਾਲਾ ਕੁੜਤਾ ਤੇ ਪਜਾਮਾ ਕਦੀ ਨਹੀਂ ਸੀ ਪਾਇਆ। ਇਕ ਪੱਗ ਇਕ ਕੁੜਤੀ ਤੇ ਕੁੜਤਾ, ਦੋ ਕਛਹਿਰੇ, ਪਰਨਾ, ਇਕ ਚਾਦਰ ਤੋਂ ਬਗ਼ੈਰ ਹੋਰ ਕੋਈ ਕੱਪੜਾ ਨਹੀਂ ਸੀ ਰੱਖਿਆ। ਮੈਂ ਸੰਤਾਂ ਦੇ ਇਸੇ ਤਰ੍ਹਾਂ ਹੀ ਦਰਸ਼ਨ ਕਰਦਾ ਰਿਹਾ ਹਾਂ। ਏਥੇ ਸੰਤੋਖੀਆਂ ਵਾਲੀ ਪੰਗਤੀ ਪੂਰੀ ਵਰਤਮਾਨ ਹੁੰਹੀ ਹੈ ਕਿ ਅੰਦਰ ਕਿਸੇ ਕਿਸਮ ਦੀ ਕੋਈ ਮੰਗ ਹੀ ਨਹੀਂ ਜਾਗਦੀ ਅੱਗੇ (ਦੁਨੀਆਂ ਤੋੜੇ ਬੰਦਨਾਂ) ਸਾਰਿਆਂ ਦੇ ਨਾਲੋਂ ਤੋੜ ਕੇ ਬੰਦਨ ਛੱਕਦੇ ਇਕ ਸਤਿਗੁਰਾਂ ਦੇ ਨਾਲ ਜੋੜਕੇ ਆਪਣੀ ਜ਼ਿੰਦਗੀ ਲੰਘਾ ਗਏ। ਹੋਰ ਕਿਸੇ ਪਾਸੇ ਵਲ ਧਿਆਨ ਨਹੀਂ ਕੀਤਾ। ਸੰਤ ਰਤਨ ਸਿੰਘ ਜੀ ਦਾ ਅਮੀਰਾਂ ਤੇ ਗ਼ਰੀਬਾਂ ਦੇ ਘਰ ਵਿਚ ਮਾਈਆ ਤੇ ਬੀਬੀਆਂ ਨਾਲ ਲੰਗਰ ਦਾ ਸਾਰਾ ਕੰਮ ਹੋਇਆ ਕਰਦਾ ਸੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕਿਰਪਾ ਦੇ ਨਾਲ ਸੰਤ ਇਸ ਤਰ੍ਹਾਂ ਨਿਕਲੇ ਜਿਸ ਤਰ੍ਹਾਂ ਮੱਖਣ ਦੇ ਵਿੱਚੋਂ ਵਾਲ ਨਿਕਲਦਾ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਾਲ ਸੰਤ ਰਤਨ ਸਿੰਘ ਜੀ ਮਨਾਲੀ ਗਏ। ਸਤਿਗੁਰਾਂ ਮਨਾਲੀ ਜਾਕੇ ਅਖੰਡ ਪਾਠ ਰਖਿਆ। ਸੰਤ ਰਤਨ ਸਿੰਘ ਜੀ ਰਾਤ ਨੂੰ ਭੁੰਜੇ ਇੱਕ ਪਤਲੀ ਸਫ ਵਛਾ ਕੇ ਉਪਰ ਆਪਣੀ ਪੁਰਾਣੀ ਚਾਦਰ ਲੈ ਕੇ ਬਰਾਜ ਗਏ। ਮੈਂ ਅਰਜ਼ ਕੀਤੀ ਸੰਤ ਜੀ ਏਥੇ ਠੰਡ ਹੈ। ਕੱਪੜਾ ਹੋਰ ਲੈ ਲਵੋ ਨਾਲੇ ਮੰਜੇ ਤੇ ਬਰਾਜ ਜਾਵੋ ਮੈਨੂੰ ਪਤਾ ਨਹੀਂ ਲੱਗਾ ਸੰਤਾਂ ਨੂੰ

ਕੀ ਹੋਇਆ। ਇੱਕ ਵੇਰਾ ਹਾਏ ਆਖਿਆ ਤੇ ਰੋਣ ਲੱਗ ਪਏ। ਮੈਂ ਸੰਤਾਂ ਨੂੰ ਪੁੱਛਣ ਜੋਗਾ ਨਹੀਂ ਰਿਹਾ ਸੰਤ ਜੀ ਕਿਉਂ ਰੋਂਦੇ ਹੋ ਸੰਤਾਂ ਵਲ ਦੇਖਕੇ ਮੇਰਾ ਮਨ ਭਰ ਆਇਟਾ। ਸੰਤਾਂ ਆਪੇ ਆਖਿਆ ਜਥੇਦਾਰ ਜੀ ਮੈਂ ਹੁਣ ਮੰਜੇ ਤਸ ਸੌਣ ਜੋਗਾ ਨਹੀਂ ਰਿਹਾ। ਏ ਸੰਤਾਂ ਦੀ ਆਦਤਾਂ ਸੀ ਮੈਨੂੰ ਉਸ ਵਕਤ ਕਬੀਰ ਜੀ ਦੀ ਪੰਗਤੀ ਯਾਦ ਆ ਗਈ।

**ਲਾਗੀ ਹੋਏ ਸੋ ਜਾਨੇ ਪੀੜ॥**

ਅਖੰਡ ਪਾਠ ਦੇ ਸਲੋਕ ਪੜ੍ਹਨੇ ਸ਼ੁਰੂ ਹੋ ਗਏ। ਸਤਿਗੁਰਾਂ ਆਖਿਆ ਰਤਨ ਸਿੰਘ ਪ੍ਰਸ਼ਾਦ ਲਿਆਓ। ਸਤ ਬਚਨ ਜੀ! ਮੈਂ ਸੰਤਾਂ ਦੇ ਨਾਲ ਲੰਗਰ ਵਿਚ ਸਾਂ। ਪ੍ਰਸ਼ਾਦ ਦਾ ਅਜੇ ਕੋਈ ਨਾਂ ਥੇ ਨਹੀਂ ਸੀ। ਸੰਤਾਂ ਲੰਗਰ ਵਿਚ ਆਕੇ ਮੈਨੂੰ ਆਖਿਆ ਜਥੇਦਾਰ ਜੀ ਤੁਸੀਂ ਜਰਾ ਲੰਭੇ ਹੋ ਜਾਵੋ। ਸੰਤਾਂ ਇਕ ਕੜਾਈ ਵਿਚ ਆਟਾ, ਖੰਡ, ਘਿਓ ਅੰਦਾਜ਼ੇ ਨਾਲ ਹੀ ਪਾਕੇ ਭੁੰਨਣ ਲੱਗ ਪਏ। ਪੰਜਾਂ ਸਤਾਂ ਮਿੰਟਾਂ ਦੇ ਵਿਚ ਆਟਾ ਭੁੱਨ ਗਿਅ। ਲਾਗੇ ਗਰਮ ਜਲ ਪਿਆ ਸੀ ਉਸਦੇ ਵਿੱਚੋਂ ਪਾਈ ਗਏ, ਹਲਾਈ ਗਏ ਦਸ ਮਿੰਟ ਲੱਗੇ ਸਨ। ਸੰਤ ਪ੍ਰਸ਼ਾਦ ਬਣਾ ਕੇ ਲੈ ਗਏ। ਏ ਸੰਤਾਂ ਤੇ ਸਤਿਗੁਰਾਂ ਦੀ ਕਿਰਪਾ ਸੀ। ਸੰਤ ਰਤਨ ਸਿੰਘ ਜੀ ਹਰ ਇਕ ਚੀਜ਼ ਬਣਾਉਣ ਵਿਚ ਬੜੇ ਹੁਸ਼ਿਆਰ ਸਨ।

ਇਕ ਦਫ਼ਾ ਸੰਤ ਰਤਨ ਸਿੰਘ ਜੀ ਨੂੰ ਸਰਪ ਨੇ ਲੱਤ ਦੇ ਉਪਰ ਡੰਗ ਮਾਰਿਆ। ਜ਼ਖ਼ਮ ਕਾਫ਼ ਵੱਡਾ ਹੋ ਗਿਆ ਸੀ। ਪਰ ਸੰਤ ਜੀ ਇਸ ਜ਼ਖ਼ਮ ਦੀ ਪਰਵਾਰ ਨਾ ਕਰਦੇ ਹੋਏ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੇਵਾ ਵਿਚ ਉਸੇ ਤਰ੍ਹਾਂ ਲੱਗੇ ਰਹੇ ਸਨ। ਇਤਨੀ ਤਕਲੀਫ਼ ਹੁੰਦਿਆਂ ਹੋਇਆਂ ਵੀ ਸੇਵਾ ਦੇ ਵਿਚ ਕੋਈ ਫ਼ਰਕ ਨਾ ਪੈਣ ਦਿੱਤਾ। ਸੰਤ ਰਤਨ ਸਿੰਘ ਜੀ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ ਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਸੇਵਾ ਕਰਦਿਆਂ ਨੇ 35 ਸਾਲ ਗੁਜ਼ਾਰੇ ਅਤੇ ਤਨ ਮਨ ਲਗਾ ਕੇ ਸੇਵਾ ਕੀਤੀ। ਆਖ਼ਰ ਉਹ ਵਕਤ ਆ ਗਿਆ ਜੋ ਸਤਿਗੁਰਾਂ ਲਿਖਿਆ ਹੈ:-

**ਜਾ ਆਇਆ ਸੋ ਚਲਸੀ ਸਭਿ ਕੋ ਵਾਰੀ ਆ॥**

ਜੋ ਵੀ ਇਸ ਮਾਤ ਲੋਕ ਤੇ ਆਇਆ ਹੈ ਉਸਨੇ ਜਾਣਾ ਜ਼ਰੂਰ ਹੈ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਦੇ 12 ਸਾਲ ਮਗਰੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੇਵਾ ਕਰਦੇ ਹੋਏ ਸੰਮਤ (2028) ਬਿ: ਨੂੰ ਸੰਨ 1972 ਵਿਚ 49 ਸਾਲ ਦੀ ਉਮਰ ਭੋਗਕੇ 10 ਚੇਤਕ ਨੂੰ ਦਿੱਲੀ ਸੇਠ ਤਰਲੋਕ ਸਿੰਘ ਜੀ ਦੀ ਕੋਠੀ ਚੜ੍ਹਾਈ ਕਰ ਗਏ।

ਸੰਤਾਂ ਦੀ ਚੜ੍ਹਾਈ ਕਰ ਜਾਣ ਦੇ ਮਗਰੋਂ 25 ਚੇਤਰ ਸੰਮਤ (2028) ਨੂੰ ਸੇਠ ਤਰਲੋਕ ਸਿੰਘ ਜੀ ਦੀ ਕੋਠੀ ਪੂਸਾ ਰੋਡ, ਦਿੱਲੀ ਮੇਲਾ ਕੀਤਾ ਗਿਆ। ਜਿਸ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਸੰਤ ਦਰਸ਼ਨ ਸਿੰਘ ਜੀ ਤੇ ਸੰਤ ਖਜਾਨ ਸਿੰਘ ਜੀ ਨੇ ਕੀਤਾ। ਦਿਨੇ ਹਲੇ ਦੇ ਦੀਵਾਨ ਸੰਤ ਕਰਮ ਜੀ ਬਾਲਮ, ਗਿਆਨੀ

ਗੁਰਬਖਸ਼ ਸਿੰਘ ਜੀ, ਦਿੱਲੀ ਜਥੇਦਾਰ ਦਲੀਪ ਸਿੰਘ ਜੀ ਦਿੱਲੀ, ਜਥੇਦਾਰ ਪ੍ਰੀਤਮ ਸਿੰਘ ਜੀ, ਜਥੇਦਾਰ ਦਲੀਪ ਸਿੰਘ ਜੀ ਸੰਤ ਨਗਰ, ਜਥੇਦਾਰ ਸੰਤ ਪੂਰਨ ਸਿੰਘ ਜੀ ਨੇ ਭਧਾਨੇਆ ਵਾਲਿਆਂ ਨੇ ਤੇ ਸਾਰੇ ਜਥੇਦਾਰਾਂ ਨੇ ਸੰਤ ਰਤਨ ਸਿੰਘ ਜੀ ਦੀ ਯਾਦ ਵਿਚ ਕੀਰਤਨ ਕੀਤਾ।

ਸ਼ਾਮ ਦੇ ਵਕਤ ਸਤਿਗੁਰਾਂ ਦੀ ਹਜ਼ੂਰੀ ਵਿਚ ਸੰਤ ਦਰਸ਼ਨ ਸਿੰਘ ਜੀ ਤੇ ਸੰਤ ਖਜਾਨ ਸਿੰਘ ਜੀ ਨੇ ਕੀਰਤਨ ਦਾ ਰੰਗ ਬੰਨਿਆ। ਅੰਤਮ ਪਾਠਾਂ ਦੇ ਭੋਗ ਪਾਏ ਗਏ। ਸਭ ਰਸਨਾ ਤੇ ਸੰਤਾਂ ਦੀ ਸੇਵਾ ਦੀ ਚਰਚਾ ਸੀ।

(**ਜਥੇਦਾਰ ਸੇਵਾ ਸਿੰਘ**, ਮੰਡੀ)

# ਸੰਤ ਪ੍ਰੀਤਮ ਸਿੰਘ ਜੀ
## (ਤਿਨ ਧਨਿ ਜਲੇਦੀ ਮਾਓ ਆਏ ਸਫ਼ਲ ਸੇ)

ਫ਼ਰੀਦ ਜੀ ਨੇ ਆਪਣੀ ਬਾਣੀ ਵਿਚ ਦੱਸਿਆ ਹੈ ਕਿ ਉਹ ਮਾਤਾਵਾਂ ਧੰਨਤਾਯੋਗ ਹਨ ਤੇ ਉਹਨਾਂ ਦਾ ਦੁਨੀਆਂ ਤੇ ਆਉਣਾ ਸਫ਼ਲ ਹੈ, ਜਿਹਨਾਂ ਦੇ ਪੁੱਤਰ ਨਾਮ ਜਪਦੇ ਹਨ। ਨਾਮ ਜਪਕੇ ਆਪਣਾ ਜਨਮ ਸਫ਼ਲਾ ਕਰ ਜਾਂਦੇ ਹਨ। ਦੁਨੀਆਂ ਵਿਚ ਉਹਨਾਂ ਦਾ ਸਦਾ ਵਾਸਤੇ ਨਾਮ ਰਹਿ ਜਾਂਦਾ ਹੈ।

ਜਿਹੜਾ ਵੀ ਬੱਚਾ ਭਜਨ ਬੰਦਗੀ ਕਰਨ ਵਾਲਾ, ਚੰਗੇ ਨੇਕ ਖ਼ਿਆਲਾਂ ਵਾਲਾ ਸਤਿਗੁਰਾਂ ਦੀ ਹਾਜ਼ਰੀ ਵਿਚ ਰਹਿਕੇ ਸੇਵਾ ਤੇ ਭਗਤੀ ਕਰਨ ਵਾਲਾ ਹੋਵੇ। ਤਨ, ਮਨ ਤੇ ਧਨ ਆਪਣੇ ਸਤਿਗੁਰਾਂ ਤੋਂ ਵਾਰਨ ਵਾਲਾ ਹੋਵੇ ਉਸ ਬੱਚੇ ਦਾ ਦੁਨੀਆਂ ਉਪਰ ਆਉਣਾ ਸਫ਼ਲ ਹੈ। ਉਹਨਾਂ ਦੀਆਂ ਮਾਤਾਵਾਂ ਦਾ ਵੀ ਦੁਨੀਆਂ ਉਪਰ ਆਉਣਾ ਸਫ਼ਲ ਹੈ। ਸਦਾ ਵਾਸਤੇ ਦੁਨੀਆਂ ਉਪਰ ਨਾਮ ਰੌਸ਼ਨ ਹੋਇਆ ਕਰਦਾ ਹੈ। ਉਹਨਾਂ ਬੱਚਿਆਂ ਤੇ ਮਾਤਾਵਾਂ ਦਾ ਜਿਨ੍ਹਾਂ ਦੇ ਬੱਚਾ ਹੀ ਕੋਈ ਨਹੀਂ ਹੈ, ਉਹ ਮਾਤਾਵਾਂ ਧੰਨਤਾ ਤੋਂ ਰਹਿ ਗਈਆਂ ਅਤੇ ਨਾ ਬੱਚਿਆਂ ਨੂੰ ਸਫ਼ਲਤਾ ਮਿਲ ਸਕੀ।

ਇਸ ਅਕਾਲ ਪੁਰਖ ਦੀ ਰਚਨਾ ਵਿਚ ਜ਼ਿਲ੍ਹੇ ਜਲੰਧਰ ਵਿਚ ਪੱਦੀ ਖਾਲਸਾ ਨਗਰ ਹੈ। ਇਸੇ ਨਗਰ ਦੇ ਰਹਿਣ ਵਾਲੇ ਬਾਬਾ ਦਲੇਲ ਸਿੰਘ ਜੀ, ਇਹਨਾਂ ਦੇ ਘਰੋਂ ਮਾਤਾ ਅਤਰ ਕੌਰ ਜੀ ਸਨ। ਜਿਹਨਾਂ ਦੇ ਉਦਜ ਤੋਂ ਇਕ ਲੜਕੇ ਦਾ ਜਨਮ ਹੋਇਆ ਜਿਸ ਦਾ ਨਾਮ ਠਾਕੁਰ ਸਿੰਘ ਰੱਖਿਆ ਗਿਆ। ਜ਼ਿਲ੍ਹਾ ਜਲੰਧਰ ਦੇ ਨਗਰ ਦੁਸਾਝਾਂ ਛੋਟੀਆਂ ਦੇ ਰਹਿਣ ਵਾਲੇ ਬਾਬਾ ਰੀਡਾ ਸਿੰਘ ਜੀ, ਇਹਨਾਂ ਦੇ ਘਰੋਂ ਮਾਤਾ ਪ੍ਰਮੇਸਰੀ ਜੀ ਦੇ ਉਦਰ ਤੋਂ ਇਕ ਲੜਕੀ ਦਾ ਜਨਮ ਹੋਇਆ ਜਿਸ ਦਾ ਨਾਮ ਜਵਾਲਾ ਕੌਰ ਰੱਖਿਆ ਗਿਆ। ਇਸ ਜਵਾਲਾ ਕੌਰ ਜੀ ਦਾ ਅਨੰਦ ਪੱਦੀ ਖਾਲਸਾ ਰਹਿਣ ਵਾਲੇ ਠਾਕੁਰ ਸਿੰਘ ਜੀ ਨਾਲ ਹੋਇਆ। ਅੱਗੋਂ ਇਹਨਾਂ ਦੇ ਗ੍ਰਹਿ ਵਿਖੇ 6 ਲੜਕੇ ਤੇ ਇਕ ਲੜਕੀ ਦਾ ਜਨਮ ਹੋਇਆ। ਪਹਿਲੇ ਸੰਤ ਪ੍ਰੀਤਮ ਸਿੰਘ ਜੀ ਤੇ ਸੰਤ ਰਤਨ ਸਿੰਘ ਜੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸੇਵਕ ਲਾਂਗਰੀ। ਬੀਬੀ ਰਤਨ ਕੌਰ, ਸੰਤ ਅਜੀਤ ਸਿੰਘ ਜੀ, ਸੰਤ ਬੁਧ ਸਿੰਘ ਜੀ, ਸੰਤ ਗੁਰਮੀਤ ਸਿੰਘ ਜੀ ਤੇ ਸੰਤ ਅਵਤਾਰ ਸਿੰਘ ਜੀ।

ਸੰਤ ਪ੍ਰੀਤਮ ਸਿੰਘ ਜੀ ਦਾ ਜਨਮ ਨਾਨਕ ਨਗਰ ਦੁਸਾਝਾਂ ਛੋਟੀਆਂ ਵਿਖੇ (ਸੰਮਤ 1964 ਬਿ:) ਸੰਤ 1907 ਮਾਘੀ ਵਾਲੇ ਦਿਨ ਨਾਨਕੇ ਘਰ ਹੋਇਆ, ਜਨਮ ਸਮੇਂ ਸੰਤ ਪ੍ਰੀਤਮ ਸਿੰਘ ਜੀ ਨੂੰ ਸੰਤ ਅਨੋਖ ਸਿੰਘ ਜੀ ਮਜਬੀ ਪਿੰਡ ਭਰਮ ਮੁਜਾਰਾ ਦੇ ਰਹਿਣ ਵਾਲਿਆਂ ਨੇ ਭਜਨ ਦਿੱਤਾ।

ਦੁਨਿਆਵੀ ਮਰਯਾਦਾ ਅਨੁਸਾਰ ਵੱਡੇ ਲੜਕੇ ਦੀ ਮਾਤਾ ਪਿਤਾ ਜੀ ਵੱਲੋਂ ਖ਼ੁਸ਼ੀ ਜ਼ਿਆਦਾ ਮਨਾਈ ਜਾਇਆ ਕਰਦੀ ਹੈ। ਇਸ ਵਾਸਤੇ ਸੰਤ ਪ੍ਰੀਤਮ ਸਿੰਘ ਜੀ ਦੇ ਜਨਮ ਦੀ ਮਾਤਾ ਪਿਤਾ ਵੱਲੋਂ ਖ਼ੁਸ਼ੀ ਬੜੀ ਮਨਾਇ. ਗਈ। ਰਿਸ਼ਤੇਦਾਰਾਂ ਸੰਬੰਧੀਆਂ ਬੜੀਆਂ ਖ਼ੁਸ਼ੀਆਂ ਭਰੀਆਂ ਆਣ ਆਣਕੇ ਵਧਾਈਆਂ ਦਿੱਤੀਆਂ। ਖ਼ੁਸ਼ੀ ਵਿਚ ਗੁੜ ਤੇ ਪਤਾਸੇ ਵੰਡੇ ਗਏ।

**ਪੁੱਤੀ ਗੰਢ ਪਵੈ ਸੰਸਾਰ**

ਵਾਲੀ ਪੰਗਤੀ ਸਫ਼ਲ ਹੋਈ। ਸੰਤਾਂ ਨੂੰ ਪਿਤਾ ਜੀ ਨੇ ਛੋਟੀ ਅਵਸਥਾ ਵਿਚ ਸਕੂਲੇ ਪੜ੍ਹਨੇ ਪਾ ਦਿੱਤਾ। ਸੱਤ ਕੁ ਜਮਾਤਾਂ ਸੰਤਾਂ ਨੇ ਪੜ੍ਹਾਈ ਕੀਤੀ ਫੇਰ ਲੱਕੜੀ ਦਾ ਕੰਮ ਕਰਨ ਲੱਗ ਪਏ। ਇਸ ਅਵਸਥਾ ਵਿਚ ਸੰਤਾਂ ਨੇ ਜਿੱਥੇ ਕਿਤੇ ਵੀ ਬੈਠਣਾ ਆਪਣੇ ਪੱਟਾਂ ਤੇ ਹੱਥ ਮਾਰਕੇ ਸ਼ਬਦ ਪੜ੍ਹਦੇ ਰਿਹਾ ਕਰਨਾ। ਸ਼ਬਦ ਪੜ੍ਹਨ ਦਾ ਸ਼ੌਕ ਬਚਪਨ ਤੋਂ ਹੀ ਸੰਤਾਂ ਨੂੰ ਸੀ। ਫਿਰ ਸੂਬੇ ਦਸੌਧਾ ਸਿੰਘ ਜੀ ਦੀ ਸੰਗਤ ਕਰਨ ਲੱਗ ਪਏ। ਸੂਬਾ ਜੀ ਨਾਲ ਦੀਵਾਨਾਂ ਵਿਚ ਜਾਣ ਆਉਣ ਲੱਗ ਪਏ। ਸ਼ਬਦ ਪੜ੍ਹਨ ਦਾ ਸ਼ੌਕ ਤਾਂ ਪਹਿਲਾਂ ਹੀ ਸੀ ਆਸਤੇ 2 ਸ਼ਬਦ ਪੜ੍ਹਨ ਲੱਗ ਪਏ। ਸਤਿਗੁਰਾਂ ਦੀ ਕਿਰਪਾ ਦੇ ਨਾਲ ਸੁਰ ਨਿੱਕੇ ਹੁੰਦਿਆਂ ਤੋਂ ਹੀ ਬੜਾ ਰਸੀਲਾ ਸੀ। ਜੋ ਅਖ਼ੀਰ ਤਕ ਰਿਹਾ।

ਜਿਸ ਵਕਤ ਸੰਤਾਂ ਦੀ ਉਮਰ 15 ਸਾਲ ਦੀ ਹੋਈ। ਧੰਨੋਵਾਲੀ ਦੇ ਰਹਿਣ ਵਾਲੇ ਬਾਬਾ ਲੱਖਾ ਸਿੰਘ ਜੀ ਉਨ੍ਹਾਂ ਦੇ ਘਰੋਂ ਮਾਤਾ ਮਾਲਾ ਜੀ ਦੀ ਕੁੱਖੋਂ ਇਕ ਲੜਕੀ ਦਾ ਜਨਮ ਸੰਤ 1911 (ਸੰਮਤ 1968) ਵਿਚ ਹੋਇਆ, ਜਿਸ ਦਾ ਨਾਮ ਅਮਰ ਕੌਰ ਰੱਖਿਆ। ਇਸ ਬੀਬੀ ਦੀ ਮੰਗਣੀ 11 ਸਾਲ ਦੀ ਉਮਰ ਵਿਚ ਸੰਤ ਪ੍ਰੀਤਮ ਸਿੰਘ ਜੀ ਨਾਲ ਹੋ ਗਈ। ਇਸ ਤੋਂ ਮਗਰੋਂ ਸੰਤਾਂ ਦਾ ਅਨੰਦ ਕਾਰਜ (ਸੰਮਤ 1982) ਸੰਨ 1924 ਵਿਚ ਸੇਹਰੇ ਬਨ ਕੇ ਵਾਜਿਆਂ ਨਾਲ ਹੋਇਆ। ਸੰਤਾਂ ਵੱਲੋਂ ਅਨੰਦ ਦੇ ਸਮੇਂ ਤੇ ਕੀਰਤਨ ਕੀਤਾ ਗਿਆ ਸੀ। ਦੂਸਰੇ ਪਾਸੇ ਬਾਬਾ ਲੱਖਾ ਸਿੰਘ ਜੀ ਵੱਲੋਂ ਵੇਸਵਾ ਦਾ ਚਾਰ ਹੋਇਆ ਤੇ ਚਕਲਾਂ ਕਰਵਾਈਆਂ ਗਈਆਂ। ਸੰਤਾਂ ਦੇ ਫੇਰੇ ਉਸ ਵਕਤ ਸ੍ਰੀ ਗ੍ਰੰਥ ਸਾਹਿਬ ਨਾਲ ਕੀਤੇ ਗਏ ਸਨ। ਸੰਤਾਂ ਦੇ ਸਹੁਰੇ ਢ਼ੀ ਖੁੱਲ੍ਹੇ ਸਿੰਘ ਸਨ। ਅਨੰਦ ਤੋਂ ਇਕ ਸਾਲ ਮਗਰੋਂ ਸੰਤਾਂ ਨੇ ਸੂਬਾ ਦਸੌਧਾ ਸਿੰਘ ਜੀ ਪਾਸੋਂ ਭਜਨ ਪੁੱਛ ਲਿਆ ਸੀ। ਸੰਨ 1929 (ਸੰਮਤ 1986 ਬਿ:) ਵਿਚ ਸੰਤਾਂ ਦਾ ਮੁਕਲਾਵਾ ਆ ਗਿਆ ਤੇ ਸੰਤ ਗ੍ਰਿਸਤੀ ਬਣ ਜੀਵਨ ਵਿਚ ਰੁੱਧ ਗਏ।

---

**ਨੋਟ:** ਜਿਸ ਵਕਤ ਸੰਤਾਂ ਦਾ ਜਨਮ ਹੋਇਆ ਸੀ ਉਸ ਵਕਤ ਸੰਤ ਅਨੋਖ ਸਿੰਘ ਜੀ ਨੇ ਪਿੰਡ ਵਿਚ ਦੀਵਾਨ ਲਗਾਇਆ ਹੋਇਆ ਸੀ। ਉਸ ਦੀਵਾਨ ਵਿਚ ਵੱਜਦੀ ਢੋਲਕੀ ਦੀ ਆਵਾਜ਼ ਸੰਤਾਂ ਦੇ ਕੰਨਾਂ ਵਿਚ ਘਰ ਕਰਕੇ ਬੈਠ ਗਈ ਸੀ।

ਸੰਤ ਫਿਰ ਸੂਬਾ ਦਸੌਧਾ ਸਿੰਘ ਜੀ ਨਾਲ ਦੀਵਾਨਾਂ ਵਿਚ ਆਉਣ ਜਾਣ ਲੱਗ ਪਏ ਤੇ ਪੱਗ ਸਿੱਧੀ ਕਰ ਲਈ ਤੇ ਕੀਰਨ ਵੀ ਕਰਨ ਲੱਗ ਪਏ। ਸੰਤਾਂ ਦੇ ਸਹੁਰੇ ਬਾਬਾ ਲੱਖਾ ਸਿੰਘ ਜੀ ਨੂੰ ਪਤਾ ਲੱਗਾ ਕਿ ਪ੍ਰੀਤਮ ਸਿੰਘ ਨਮਧਾਰੀ ਬਣ ਗਿਆ ਹੈ। ਉਸਨੇ ਆਪਣੀ ਲੜਕੀ ਨੂੰ ਮਿਲਣਾ ਛੱਡ ਦਿੱਤਾ ਸੀ। ਸੰਤ ਜੀ ਜਦੋਂ ਵੀ ਸਹੁਰੇ ਘਰ ਜਾਂਦੇ ਸਹੁਰਿਆਂ ਦੇ ਘਰ ਕਦੀ ਵੀ ਪ੍ਰਸ਼ਾਦਾ ਨਾ ਛੱਕਦੇ।

ਸੰਤਾਂ ਦੇ ਸਹੁਰਿਆਂ ਦੇ ਘਰ ਦੇ ਕੋਲ ਇਕ ਨਾਮਧਾਰੀ ਸੰਤ ਰਤਨ ਸਿੰਘ ਜੀ ਦਾ ਘਰ ਸੀ। ਜਦੋਂ ਵੀ ਸਹੁਰੇ ਘਰ ਜਾਂਦੇ ਪ੍ਰਸ਼ਾਦਾ ਸੰਤ ਰਤਨ ਸਿੰਘ ਜੀ ਦੇ ਘਰੋਂ ਛੱਕਿਆ ਕਰਦੇ ਸਨ। ਸੰਤਾਂ ਦਾ ਸਹੁਰਾ ਬਾਬਾ ਲੱਖਾ ਸਿੰਘ ਜੀ ਲੜਕਦੀ ਦਾ ਅਨੰਦ ਹੋਣ ਤੋਂ 22 ਸਾਲ ਪਿੱਛੋਂ ਚੜ੍ਹਾਈ ਕਰਨ ਤੋਂ ਥੋੜ੍ਹਾ ਚਿਰ ਪਹਿਲਾਂ ਲੜਕੀ ਦੇ ਘਰ ਆਕੇ ਲੜਕੀ ਨੂੰ ਮਿਲਿਆ, ਇਸ ਘਰ ਦੀ ਰਹਿਣੀ ਬਹਿਣੀ ਤੇ ਮਰਯਾਦਾ ਦੇਖਕੇ ਬੜਾ ਪ੍ਰਸੰਨ ਹੋਇਆ ਤੇ ਆਪਣੀ ਘਰ ਵਾਲੀ ਨੂੰ ਆਖਿਆ 'ਮਾਲਾ ਅਸੀਂ ਤਾਂ ਇਤਨਾ ਚਿਰ ਬੜੇ ਭੁਲਦੇ ਫਿਰਦੇ ਰਹੇ ਹਾਂ।' ਮੇਰੀ ਨਿਗ੍ਹਾ ਵਿਚ ਸਾਰੀ ਦੁਨੀਆ ਤੇ ਨਾਮਧਾਰੀਆਂ ਵਰਗਾ ਉੱਚਾ ਤੇ ਸੁੱਚਾ ਹੋਰ ਕੋਈ ਪੰਥ ਨਜ਼ਰ ਨਹੀਂ ਆਇਆ। ਜੇਹੜੀ ਨਾਮਧਾਰੀਆਂ ਦਾ ਸੁੱਚ ਸੋਧ ਹੈ। ਨਲਕੇ ਦਾ ਪਾਣੀ ਨਹੀਂ ਪੀਂਦੇ। ਕਿਸੇ ਦਾ ਹੱਥ ਦਾ ਨਹੀਂ ਛੱਕਦੇ। ਭਜਨ ਬੰਦਗੀ ਕਰਦੇ ਹਨ। ਇਹ ਕੁਝ ਦੇਖਕੇ ਮੇਰਾ ਮਨ ਬੜਾ ਪ੍ਰਸੰਨ ਹੋਇਆ ਹੈ। ਇਸ ਤਰ੍ਹਾਂ ਦੇ ਬਚਨ ਕਰਨ ਤੋਂ ਥੋੜ੍ਹੇ ਸਮੇਂ ਪਿੱਛੋਂ ਬਾਬਾ ਲੱਖਾ ਸਿੰਘ ਜੀ ਚੜ੍ਹਾਈ ਕਰ ਗਏ।

ਸੰਤਾਂ ਉਪਰ ਸੂਬਾ ਜੀ ਦੀ ਸੰਗਤ ਦਾ ਬੜਾ ਅਸਰ ਪਿਆ। ਸੂਬਾ ਜੀ ਨੇ ਕ੍ਰਿਪਾ ਕਰਦਿਆਂ ਹੋਇਆਂ ਸੰਤਾਂ ਨੂੰ ਨਾਲ ਖੜ੍ਹਕੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਕਰਵਾ ਦਿੱਤੇ ਤੇ ਨਾਮਧਾਰੀ ਪੰਥ ਵਿਚ ਸੰਤਾਂ ਦਾ ਆਉਣਾ ਜਾਣਾ ਬਣ ਗਿਆ। ਸੰਤ ਜੀ ਲਕੜੀ ਦੇ ਕੰਮ ਦੇ ਬੜੇ ਕਾਰੀਗਰ ਸਨ ਤੇ ਆਪਣਾ ਕੰਮ ਕਾਰ ਕਰਨ ਲਈ ਦੂਸਰੇ ਸ਼ਹਿਰਾਂ ਵਿਚ ਵੀ ਜਾਂਦੇ ਰਹਿੰਦੇ ਸਨ। ਜੇਹਲਮ, ਲਾਹੌਰ, ਰਾਵਲਪਿੰਡੀ ਆਦਿ ਸ਼ਹਿਰਾਂ ਵਿਚ ਕਾਫ਼ੀ ਸਮਾਂ ਕੰਮ ਕੀਤਾ। ਐਸੇ ਹੀ ਸਮੇਂ ਵਿਚ ਥੋੜ੍ਹੇ ਥੋੜ੍ਹੇ ਸ਼ਬਦ ਵੀ ਪੜ੍ਹਨ ਲੱਗ ਪਏ। ਸ੍ਰੀ ਸਤਿਗੁਰਾਂ ਦੀ ਕਿਰਪਾ ਹੋਣ ਲੱਗ ਪਈ। ਜਥਾ ਬਣਾਕੇ ਨਾਲੇ ਕੰਮ ਕਰਨਾ ਅਤੇ ਨਾਲੇ ਕੀਰਤਨ ਕਰਨਾ।

ਇਹ ਸੰਤਾਂ ਦੀ ਇਕ ਖੁਰਾਰ ਬਣ ਗਈ ਸੀ। ਦਿਨੇ ਕੰਮ ਕਰਨਾ ਰਾਤ ਨੂੰ ਕੀਰਤਨ ਕਰਨਾ। ਸਤਿਗੁਰਾਂ ਦੀ ਬੜੀ ਕਿਰਪਾ ਹੋ ਗਈ ਸੰਤਾਂ ਦਾ ਜਥਾ ਚੰਗਾ ਬਣ ਗਿਆ ਸੀ। ਫੇਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ ਕੀਰਤਨ ਕਰਨ ਵਾਲੇ ਬਣ ਗਏ ਤੇ ਕੀਰਤਨ ਕਰਨ ਲੱਗ ਪਏ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂਬੜੀਆਂ ਖ਼ੁਸ਼ੀਆਂ ਮਿਲਣ ਲੱਗ ਪਈਆਂ। ਸਾਰਾ

ਨਾਮਧਾਰੀ ਪੰਥ ਸੰਤਾਂ ਦਾ ਜਾਣੂ ਹੋ ਗਿਆ। ਸੰਤਾਂ ਦੇ ਕੀਰਤਨ ਦੀਆਂ ਸਾਰੇ ਨਾਮਧਾਰੀ ਪੰਥ ਵਿਚ ਧੁੰਮਾਂ ਪੈ ਗਈਆਂ। ਸਤਿਗੁਰਾਂ ਨੂੰ ਆਪਣੇ ਵੱਲ ਖਿੱਚਦਾ ਸੀ।

ਸੰਨ 1947 (ਸੰਮਤ 2004 ਬਿ:) ਦਾ ਸਮਾਂ ਸੀ ਜਦੋਂ ਮੈਂ ਸੰਤਾਂ ਦਾ ਕੀਰਤਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ ਅੰਮ੍ਰਿਤਸਰ ਨਾਮਧਾਰੀ ਧਰਮਸ਼ਾਲਾ ਦੇ ਵਿਚ ਸੁਣਿਆ ਸੀ। ਸੰਤਾਂ ਦੇ ਕੀਰਤਨ ਦਾ ਮੇਰੇ ਹਿਰਦੇ ਤੇ ਇਤਨਾ ਅਸਰ ਪਿਆ ਕਿ ਮੇਰਾ ਦਿਲ ਕਰੇ ਕਿ ਮੈਂ ਸੰਤਾਂ ਦੇ ਨਾਲ ਹੀ ਚਲਿਆ ਜਾਵਾਂ। ਨਾਲ ਜਾਣ ਵਾਲੀ ਗੱਲ ਤੋਂ ਤਾਂ ਮੈਂ ਰਹਿ ਗਿਆ ਪਰ ਸੰਤਾਂ ਦਾ ਵਾਰਾ ਮੇਰੇ ਅੰਦਰ ਚੰਗੀ ਤਰ੍ਹਾਂ ਵਸ ਗਿਆ ਸੀ। ਮੈਨੂੰ ਵੀ ਵਾਰਾ ਲਾਉਣ ਦੀ ਲਗਣ ਲੱਗ ਗਈ ਤੇ ਸਿਖਣਾ ਸ਼ੁਰੂ ਕਰ ਦਿੱਤਾ। ਦੂਸਰੀ ਵਾਰ ਲਾਹੌਰ ਸਿੰਘ ਪੂਰੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ ਬਸੰਤ ਪੰਚਮੀਂ ਦਾ ਮੇਲਾ ਸੀ। ਸੰਤਾਂ ਦੇ ਵਾਰੇ ਦੇ ਰਸ ਦਾ ਖਿੱਚਿਆ ਹੋਇਆ ਮੈਂ ਅੰਮ੍ਰਿਤਸਰ ਤੋਂ ਵਾਰੇ ਦਾ ਕੀਰਤਨ ਸੁਣਨ ਗਿਆ ਸਾਂ। ਐਸੇ ਤਰ੍ਹਾਂ ਸੰਤ ਸ਼ਹਿਰਾਂ ਤੇ ਨਗਰਾਂ ਵਿਚ ਕੀਰਤਨ ਕਰਦੇ ਸਨ। ਸ੍ਰੀ ਭੈਣੀ ਸਾਹਿਬ ਵੱਡਿਆਂ ਵੱਡਿਆਂ ਮੇਲਿਆਂ ਵਿਚ ਸੰਤ ਆਸਾ ਦੀ ਵਾਰ ਦਾ ਕੀਰਤਨ ਵਾਰੇ ਦੇ ਰੂਪ ਵਿਚ ਕਰਿਆ ਕਰਦੇ ਸਨ। ਉਸ ਵਕਤ ਸੰਤਾਂ ਦੇ ਜਥੇ ਵਿਚ ਲੋਹਾਰਾਂ ਵਾਲੇ ਸਾਰੇ ਸਰੀਰ, ਭਧਾਣਿਆਂ ਵਾਲੇ, ਸ਼ਾਹਪੁਰ ਵਾਲੇ ਤੇ ਪੱਦੀ ਖਾਲਸਾ ਵਾਲੇ ਸੰਤਾਂ ਦੇ ਭਰਾ ਅਤੇ ਫਗਵਾੜੇ ਵਾਲੇ ਇਹ ਸਾਰੇ ਸਰੀਰ ਹੋਇਆ ਕਰਦੇ ਸਨ।

ਸ਼ੁਰੂ ਵਿਚ ਸੰਤਾਂ ਦੇ ਕੀਰਤਨ ਕਰਨ ਸਮੇਂ ਸੰਤ ਗੁਰਦਿਆਲ ਸਿੰਘ ਜੀ ਵਾਜਾ ਵਜਾਇਆ ਕਰਦੇ ਸਨ। ਇਹ ਸੰਤ ਗੁਰਦਿਆਲ ਸਿੰਘ ਜੀ ਲੋਹਾਰੇ ਦੇ ਸਨ। ਸੰਤਾਂ ਦੇ ਨਾਲ ਕੀਰਤਨ ਵਿਚ ਗਿਆਨੀ ਗਿਆਨ ਸਿੰਘ ਜੀ ਭਧਾਣਿਆਂ ਵਾਲੇ ਆਮ ਤੌਰ ਤੇ ਢੋਲਕੀ ਵਜਾਇਆ ਕਰਦੇ ਸਨ। ਗਿਆਨੀ ਜੀ ਦੀ ਢੋਲਕ ਵੀ ਸਰੋਤਿਆਂ ਦੇ ਆਂਦਰਾਂ ਨੂੰ ਖਿੱਚ ਪਾਇਆ ਕਰਦੇ ਸਨ। ਸੰਤ ਗੁਰਦਿਆਲ ਸਿੰਘ ਜੀ ਦੇ ਵਾਜੇ ਦੀਆਂ ਰੀਤਾਂ ਤੇ ਸ਼ਾਨਾਂ ਕਈ ਸੋਰਤਿਆਂ ਨੂੰ ਮਸਤਾਨਿਆਂ ਕਰ ਦੇਂਦੀਆਂ ਸਨ। ਇਸ ਮਸਤੀ ਵਿਚ ਆਕੇ ਸੰਤ ਮੋਹਣ ਸਿੰਘ ਜੀ ਨੇ ਆਪਣੇ ਪੈਰਾਂ ਨਾਲ ਘੁੰਗਰੂ ਬੰਨਕੇ ਵਾਰੇ ਦੇ ਰੰਗ ਵਿਚ ਮਸਤ ਹੋਕੇ ਨਿਰਤਕਾਰੀ ਕਰਨੀ ਤੇ ਰੰਗ ਵਿਚ ਆਕੇ ਆਖਣਾ ਵਾਹ ਵਾਹ ਵਾਹ ਏ ਸੰਤਾਂ ਦੇ ਵਾਰੇ ਦਾ ਰਸ। ਜਿਸਦੇ ਕੰਨਾਂ ਵਿਚ ਸੁਣਾਈ ਦੇਂਦੀ ਸੀ। ਸੰਤਾਂ ਦੇ ਵਾਰੇ ਦੀ ਆਵਾਜ਼ ਉਹ ਬੜੀ ਦੂਰ ਤੋਂ ਹੀ ਖਿੱਚੇ ਆਉਂਦੇ ਸਨ।

ਮੈਨੂੰ ਯਾਦ ਹੈ ਸ੍ਰੀ ਭੈਣੀ ਸਾਹਿਬ ਮੇਲਾ ਸੀ ਉਸ ਵਕਤ ਜਥੇਦਾਰ ਦੀ ਮਰਯਾਦਾ ਸੀ ਕਿ ਸ੍ਰੀ ਭੈਣੀ ਸਾਹਿਬ ਵਿਚ ਕੀਰਤਨ ਕਰਦਿਆ ਜਾਣਾ ਪਹਿਲੇ ਉਸ ਦਿਨ ਸੰਤ ਅਤਰ ਸਿੰਘ ਜੀ ਆਪਣੇ ਜਥੇ ਸਮੇਤ ਆਪ ਸ਼ਬਦ ਪੜ੍ਹਦੇ ਸ੍ਰੀ ਭੈਣੀ ਸਾਹਿਬ ਆਏ। ਉਸ ਵਕਤ ਸੰਤਾਂ ਦੀ ਧਾਰਨਾਂ ਸੀ:-

**ਕਰ ਕਿਰਪਾ ਮੇਲੋ ਰਾਮਾ ਵਿਛੜੇ ਹਾਂ ਜਨਮਾਂ ਦੇ**

ਸੰਤ ਅਤਰ ਸਿੰਘ ਜੀ ਦੇ ਸ਼ਬਦ ਦਾ ਰਸ ਅਜੇ ਵੀ ਪੁਰਾਣੇ ਨਾਮਧਾਰੀਆਂ ਨੂੰ ਨਹੀਂ ਭੁਲਿਆ। ਸੰਤਾਂ ਨੇ ਸ਼ਬਦ ਪੜ੍ਹਦਿਆਂ ਆਉਂਦਿਆਂ ਨੇ ਹਰੀ ਮੰਦਰ ਦੇ ਕੋਲ ਆਕੇ ਆਪਣੇ ਸ਼ਬਦ ਦਾ ਭੋਗ ਪਾਕੇ ਅਰਦਾਸ ਕੀਤੀ। ਥੋੜ੍ਹੇ ਸਮੇਂ ਬਾਅਦ ਸੰਤ ਪ੍ਰੀਤਮ ਸਿੰਘ ਜੀ ਵਾਜਾ ਢੋਲਕ ਛੈਣਿਆਂ ਨਾਲ ਆਪਣੇ ਸਾਰੇ ਜਥੇ ਦੇ ਨਾਲ ਸ਼ਬਦ ਪੜ੍ਹਦੇ ਸ੍ਰੀ ਭੈਣੀ ਸਾਹਿਬ ਨੂੰ ਆ ਰਹੇ ਸਨ। ਮੇਰਾ ਖ਼ਿਆਲ ਹੈ ਕਿ ਸੰਤਾਂ ਨੇ ਜਥੇ ਸਮੇਤ ਅਕਾਲ ਬੁੰਗੇ ਅਰਦਾਸ ਕਰਕੇ ਸ਼ਬਦ ਪੜ੍ਹਨੇ ਸ਼ੁਰੂ ਕਰ ਦਿੱਤੇ ਅਤੇ ਇਸ ਜਥੇ ਦੀਆਂ ਸੁਰਾਂ ਦੇ ਨਾਲ ਪੜ੍ਹੀ ਹੋਈ ਧਾਰਨਾ।

**ਸਖੀਏ ਮੇਰਾ ਲਾਲ ਬਹੁਵਿਦ ਰੰਗਲਾ ਹੈ**

ਅਕਾਲ ਬੁੰਗੇ ਤੋਂ ਇਹ ਰਸ ਭਰੀ ਆਵਾਜ਼ ਨਿਕਲੀ ਤੇ ਭੈਣੀ ਸਾਹਿਬ ਵਿਚ ਅੱਖਰ ਅੱਖਰ ਸੁਣਾਈ ਦੇ ਰਿਹਾ ਸੀ। ਜਦੋਂ ਸੰਗਤਾਂ ਦੇ ਕੰਨਾਂ ਵਿਚ ਇਹ ਆਵਾਜ਼ ਪਈ ਤਾਂ ਸੰਗਤਾਂ ਅਕਾਲ ਬੁੰਗੇ ਨੂੰ ਧਾਈਆਂ ਕਰ ਦਿੱਤੀਆਂ। ਉਸ ਵਕਤ ਸ੍ਰੀ ਅਕਾਲ ਬੁੰਗੇ ਵੱਲੋਂ ਸ੍ਰੀ ਭੈਣੀ ਸਾਹਿਬ ਵਾਲੇ ਵੱਡੇ ਫਾਟਕ ਤੋਂ ਵੱਡੇ ਲੰਗਰ ਦੇ ਨਾਲ ਨਾਲ ਬਾਜ਼ਾਰ ਦਾ ਰਸਤਾ ਆਮ ਐਣ ਜਾਣ ਵਾਸਤੇ ਹੋਇਆ ਕਰਦਾ ਸੀ। ਅੱਗੇ ਮੋੜ ਤੇ ਸਿੰਘ ਗੜੇ ਬਣਾਇਆ ਕਰਦੇ ਸੀ। ਸੰਤਾਂ ਦੇ ਜਥੇ ਨਾਲ ਸ੍ਰੀ ਅਕਾਲ ਬੁੰਗੇ ਤੋਂ ਥੋੜ੍ਹਾ ਸ੍ਰੀ ਭੈਣੀ ਸਾਹਿਬ ਵਲ ਆਕੇ ਕਾਫ਼ੀ ਸੰਗਤ ਹੋ ਗਈ ਸੀ। ਉਸ ਵਿਚ ਮੇਰਾ ਸਰੀਰ ਵੀ ਹੈ ਸੀ। ਜਿਸ ਵਕਤ ਸੰਤਾਂ ਨੇ ਫਾਟਕ ਲੰਘਦਿਆਂ ਸੁਰਾਂ ਲਾਈਆਂ ਤੇ ਪੜ੍ਹਿਆ:-

**ਸਖੀਏ ਮੇਰਾ ਲਾਲ ਬਹੁਵਿਦ ਰੰਗਲਾ**

ਪਤਾ ਨਹੀਂ ਕਿ ਲੱਗਾ ਇਤਨੇ ਮਸਤਾਨੇ ਕਿਧਰੋਂ ਆ ਇਕੱਠੇ ਹੋਏ ਸਾਧ ਸੰਗਤ ਦਾ ਇਤਨਾ ਇਕੱਠ ਹੋ ਗਿਆ ਕਿ ਤਿਲ ਸੁਟਿਆ ਜ਼ਮੀਨ ਤੇ ਨਹੀਂਸੀ ਪੈਂਦਾ। ਉਸ ਰਸ ਭਰੇ ਨਜ਼ਾਰੇ ਦੇ ਜਿਨ੍ਹਾਂ ਨੇ ਦਰਸ਼ਨ ਕੀਤੇ ਸੀ ਉਹ ਜਾਣਦੇ ਨੇ ਕਿ ਪਤਾ ਨਹੀਂ ਸੰਤਾਂ ਦੇ ਸਾਰੇ ਜਥੇ ਨੂੰ ਸੁਰਾਂ ਕਿੱਥੋਂ ਮਿਲੀਆਂ ਜਾਂ ਕਿਸ ਦਿੱਤੀਆਂ। ਸ਼ਬਦ ਦਾ ਰਸ ਇਤਨਾ ਕਿੱਥੋਂ ਆ ਰਿਹਾ ਸੀ। ਉਸ ਵਕਤ ਇਸ ਤਰ੍ਹਾਂ ਜਾਪਦਾ ਸੀ ਕਿ ਸ੍ਰੀ ਸਾਹਿਬ ਵਿਚ ਕੋਈ ਸਿੰਘ ਜਾਂ ਸਰੀਰ ਹੋਵੇਗਾ ਜਿਸ ਦੇ ਕੰਲਾ ਤਕ ਸੰਤਾਂ ਦੇ ਸ਼ਬਦ ਦੀ ਆਵਾਜ਼ ਨਾ ਪਹੁੰਚੀ ਹੋਵੇ। ਸੰਤਾਂ ਤੇ ਸੰਤਾਂ ਦੇ ਜਥੇ ਨਾਲ ਬਹੁਤ ਖ਼ਾਸਾ ਜਲੂਸ ਬਣ ਗਿਆ ਸੀ ਤੇ ਮਸਤਾਨੇ ਕਾਫ਼ੀ ਫੁਮਰਾ ਪਾ ਰਹੇ ਸਨ।

ਇਸ ਰਸ ਵਿਚ ਸੰਤ ਪ੍ਰੀਤਮ ਸਿੰਘ ਜੀ ਜਥੇ ਨਾਲ ਸ਼ਬਦ ਪੜ੍ਹਦੇ ਪੜ੍ਹਦੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰ ਭਬੇਲੇ ਅੱਗੇ ਪਹੁੰਚ ਗਏ। ਆਪਣੇ ਰੰਗੀਲੇ ਲਾਲ ਨੂੰ ਆਵਾਜ਼ਾਂ ਮਾਰਨੀਆਂ ਸ਼ੁਰੂ ਕੀਤੀਆਂ ਹੋਈਆਂ ਸਨ। ਇਸ ਪ੍ਰੇਮ ਭਰੀ ਆਵਾਜ਼ ਨੇ ਅੰਦਰ ਜਾ ਕੇ ਰੰਗੀਲੇ ਲਾਲ ਦੇ ਹਿਰਦੇ ਨੂੰ ਜਾ ਐਸੀ ਖਿੱਚ ਪਾਈ ਕਿ ਉਸਨੂੰ ਅੰਦਰ ਕੋਠੀ ਵਿਚ ਰੁਕਣਾ ਮੁਸ਼ਕਲ ਹੋ ਗਿਆ। ਜਿਹੜੀ ਸਤਿਗੁਰਾਂ ਨੂੰ ਅੰਦਰ ਰੁਕਣ ਨਹੀਂ ਸੀ ਦੇਂਦੀ। ਇਸ ਸੰਤਾਂ ਦੀ ਰਸੀਲੀ

ਆਵਾਜ਼ ਦੀ ਖਿੱਚ ਸੀ ਜਿਸ ਨੇ ਖਿੱਚਕੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਬਾਹਰ ਲਿਆਕੇ ਸਾਧ ਸੰਗਤ ਨੂੰ ਦਰਸ਼ਨ ਕਰਵਾਏ। ਸਤਿਗੁਰੂ ਜੀ ਨੇ ਸੰਤਾਂ ਨੂੰ ਆਪਣੀ ਜੱਫੀ ਵਿਚ ਲੈਕੇ ਸੰਤਾਂ ਤੇ ਸੰਤਾਂ ਦੇ ਜਥੇ ਨੂੰ ਖ਼ੁਸ਼ੀਆਂ ਬਖਸ਼ੀਆਂ।

ਅੱਧੀ ਰਾਤ ਲੰਘੀ ਤੇ ਸ੍ਰੀ ਭੈਣੀ ਸਾਹਿਬ ਦੇ ਖੂਹਾਂ ਦੇ ਉਪਰ ਗੜਵੇ ਖੜਕਣ ਲੱਗ ਪਏ। ਹਰ ਇਕ ਦੇ ਮਨ ਵਿਚ ਇਹ ਉਤਸ਼ਾਹ ਸੀ ਕਿ ਸੰਤ ਪ੍ਰੀਤਮ ਸਿੰਘ ਜੀ ਪੱਦੀ ਵਾਲਿਆਂ ਦਾ ਵਾਰਾ ਲੱਗਣਾ ਹੈ, ਹੋਵੇ ਨਾ ਕਿਤੇ ਸਾਰੇ ਜਗ੍ਹਾ ਮੱਲੀ ਜਾਵੇ ਤੇ ਮੈਨੂੰ ਬੈਠਣ ਲਈ ਕਿਤੇ ਜਗ੍ਹਾ ਪਿਛਾਂ ਹੀ ਨਾ ਮਿਲੇ। ਇਸ ਚੀਜ਼ ਨੂੰ ਮੁੱਖ ਰੱਖਦਿਆਂ ਸੰਗਤਾਂ ਨੇ ਵਾਰਾਂ ਲੱਗਣ ਤੋਂ ਪਹਿਲਾਂ ਹੀ ਸਾਰਾ ਪੰਡਾਲ ਭਰ ਦਿੱਤਾ। ਠੀਕ ਦੋ ਵਜੇ ਸੰਤ ਪ੍ਰੀਤਮ ਸਿੰਘ ਜੀ ਨੇ ਜਥੇ ਸਮੇਤ ਆ ਲਹਿਰਾ ਵਜਾਇਆ। ਜਦੋਂ ਸੰਤ ਦਿਆਲ ਸਿੰਘ ਜੀ ਨੇ ਆਸਾ ਰਾਗ ਦੀ ਛਾਨ ਵਜਾਈ। ਗਿਆਨੀ ਜੀ ਨੇ ਢੋਲਕ ਤੇ ਹੱਥ ਮਾਰਿਆ ਨਾਲ ਛੈਣਿਆਂ ਦੀਆਂ ਜੋੜੀਆਂ ਵੱਜੀਆਂ। ਲਹਿਰਾ ਵਜਨਾ ਸ਼ੁਰੂ ਹੋਇਆ ਤਾਂ ਇਸ ਲਹਿਰੇ ਨੇ ਦੀਵਾਨ ਅਸਥਾਨ ਨੂੰ ਖਚਾਖਚ ਭਰ ਦਿੱਤਾ। ਸੰਤਾਂ ਨੇ ਬੰਦਨਾਂ ਕਰਕੇ ਆਸਾ ਰਾਗ ਵਿਚ ਪੜਣਾ ਸ਼ੁਰੂ ਕੀਤਾ:-

**ਨਿਸ ਬਾਸਰ ਜੀ ਆਰਾਧ ਪਿਆਰੇ।**

**ਝਲਾਗੇ ਉਠ ਨਾਮੁ ਜਪੁ ਨਿਸ ਬਾਸਰ ਜੀ ਆਰਾਧ ਪਿਆਰੇ॥**

ਇਸ ਪੰਗਤੀ ਨੇ ਕਈਆਂ ਨੂੰ ਸੁੱਤਿਆਂ ਨੂੰ ਜਗਾ ਦਿੱਤਾ। ਅੱਗੇ ਚਲਕੇ ਸੰਤਾਂ ਨੇ ਪਹਾੜੀ ਵਿਚ ਪੜ੍ਹਿਆ।

**ਹਉ ਵਾਰੇ ਵਾਰੇ ਜਾਵਾਂ॥**

ਸੰਤਾਂ ਦੇ ਇਸ ਤਰ੍ਹਾਂ ਵਾਰ ਵਿਚ ਪੜ੍ਹਦਿਆਂ ਪੜ੍ਹਦਿਆਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆ ਦਰਸ਼ਨ ਦਿੱਤੇ। ਸਤਿਗੁਰਾਂ ਦੇ ਆਉਣ ਦੀ ਖ਼ੁਸ਼ੀ ਵਿਚ ਸਾਧ ਸੰਗਤ ਨੇ ਬੜੀ ਉੱਚੀ ਆਵਾਜ਼ ਵਿਚ ਜੈਕਾਰਾ ਗਜਾਇਆ। ਸ੍ਰੀ ਸਤਿਗੁਰੂ ਜੀ ਆਪਣੇ ਵਿਛੇ ਹੋਏ ਆਸਣ ਤੇ ਚੌਕੜਾ ਮਾਰਕੇ ਸਸ਼ੋਬਤ ਹੋ ਗਏ ਤੇ ਸਾਧ ਸੰਗਤ ਨਮਸਕਾਰਾ ਕਰਕੇ ਦਰਸ਼ਨ ਕੀਤੇ। ਜਿਸ ਵਕਤ ਸ੍ਰੀ ਸਤਗੁਰੂ ਸੱਚੇ ਪਾਤਸ਼ਾਹ ਜੀ ਵਾਰ ਵਿਚ ਆਏ ਸੰਤ ਪ੍ਰੀਤਮ ਸਿੰਘ ਜੀ ਇਹ ਸ਼ਬਦ ਪੜ੍ਹ ਰਹੇ ਸਨ।

**ਪ੍ਰੀਤਮ ਪਿਆਰਾ ਕੋਈ ਆਣ ਕੇ ਮਿਲਾਵੈ।**

ਸ੍ਰੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਉਸੇ ਵਕਤ ਆ ਮਿਲੇ। ਸ੍ਰੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਨਾਲ ਭਾਈ ਵਜ਼ੀਰ ਸਿੰਘ ਜੀ, ਸੰਤ ਰਤਨ ਸਿੰਘ ਜੀ, ਸੰਤ ਹਜ਼ਾਰਾ ਸਿੰਘ ਜੀ ਮਾਫੀ, ਸੰਤ ਕੁੰਦਨ ਸਿੰਘ ਜੀ ਤੇ ਹੋਰ ਸਰੀਰ ਵੀ ਸਨ। ਏਧਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਉਧਰ ਸੰਤ ਪ੍ਰੀਤਮ ਸਿੰਘ ਜੀ ਦਾ ਜਥਾ ਤੇ ਵਾਰਾ ਸ਼ੁਰੂ ਹੋ ਗਿਆ। ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਮੁੱਖ ਰੱਖਕੇ ਇਹ ਸ਼ਬਦ ਪੜ੍ਹਿਆ।

**ਸਖੀ ਮੇਰਾ ਪਿਰ ਪ੍ਰਦੇਸ਼ ਸਧਾਏ॥**

ਸਤਿਗੁਰਾਂ ਦੇ ਇਸ ਸ਼ਬਦ ਪੜ੍ਹਨ ਦੇ ਨਾਲ ਕੋਇ. ਮਾਂ ਦਾ ਲਾਲ ਐਸਾ ਨਹੀਂ ਹੋਵੇਗਾ, ਜਿਸ ਦੀਆਂ ਅੱਖੀਆਂ ਨੇ ਜਲ ਨਾ ਬਹਾਇਆ ਹੋਵੇ। ਸਤਿਗੁਰਾਂ ਦੀ ਰਸਨਾ ਤੋਂ ਉਚਾਰਨ ਕੀਤੇ ਹੋਏ ਸ਼ਬਦ ਨੇ ਸਾਰੀ ਸਾਧ ਸੰਗਤ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਦਰਸ਼ਨ ਵਾਲੀ ਚੂਕ ਯਾਦ ਕਰਵਾ ਦਿੱਤੀ। ਹਾਏ ਸਤਿਗੁਰੂ ਰਾਮ ਸਿੰਘ ਦੀਆਂ ਆਵਾਜ਼ਾਂ ਆਉਣ ਲੱਗ ਪਈਆਂ। ਸਤਿਗੁਰੂ ਜੀ ਕਾਫ਼ੀ ਪ੍ਰਮਾਣ ਦੇਕੇ ਸਮਾਪਤੀ ਕਕੀਤੀ। ਸਾਹਮਣਿਓਂ ਸੰਤ ਪ੍ਰੀਤਮ ਸਿੰਘ ਜੀ ਨੇ ਖਿਚਵੀਂ ਸੁਰ ਨਾਲ ਸ਼ਬਦ ਲਿਆ।

**ਸਾਡਾ ਹਾਲ ਜਾਕੇ ਕੈਹਣਾ ਸਾਡਾ ਹਾਲ ਜਾਕੇ ਕੈਹਣਾ।**

ਇਸ ਦਾ ਰਸਵੀ ਕਹਿਣ ਕਥਨ ਤੋਂ ਬਾਹਰ ਸੀ ਇਹ ਸਨ ਵੈਰਾਗੀਆਂ ਦੀਆਂ ਕੂਕਾ। ਇਸ ਰਸ ਵਿਚ ਕੋਈ ਤੇ ਘੰਟੇ ਤਕ ਵਾਰੇ ਦੀ ਸਮਾਪਤੀ ਹੋਈ। ਸਾਧ ਸੰਗਤ ਨੇ ਅਰਦਾਸ ਕੀਤੀ ਤੇ ਮਸਤਾਨਿਆਂ ਨੇ ਹੱਥਾਂ ਉਪਰ ਗਿਲਾਸ ਰੱਖ ਲਏ ਤੇ ਪੜ੍ਹਨਾ ਸ਼ੁਰੂ ਕੀਤਾ।

**ਜਟੀਓ ਬਣਾ ਲਈ ਹੀਰ ਕੇਹੜਾ ਤੇਰਾ ਮੁਲ ਲੱਗਿਆ।**

ਇਸ ਵਿਚ ਵੀ ਬੜਾ ਰਸ ਸੀ।

ਇਹ ਮੈਂ ਅੱਖੀਂ ਦੇਖੇ ਹੋਏ ਵਾਰੇ ਦਾ ਜ਼ਿਕਰ ਕੀਤਾ ਹੈ। ਇਸ ਤੋਂ ਵੱਧ ਵਧ ਕੇ ਵਾਰੇ ਬਾਹੁਤ ਲੱਗੇ ਹਨ। ਜਿਹੜੇ ਕਹਿਣ ਕਥਨ ਤੋਂ ਬਾਹਰ ਹਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸੰਤ ਪ੍ਰੀਤਮ ਸਿੰਘ ਜੀ ਪਾਸੋਂ ਆਸਾ ਦੀਵਾਨ ਦਾ ਕੀਰਤਨ ਵਾਰੇ ਦੇ ਰੂਪ ਵਿਚ ਸਰਵਨ ਕਰਨ ਵਾਸਤੇ ਜਥੇ ਨੂੰ ਆਪਣੇ ਨਾਲ ਕਈ ਜਗ੍ਹਾ ਲੈ ਜਾਇਆ ਕਰਦੇ ਸਨ। ਏਸੇ ਤਰ੍ਹਾਂ ਸ੍ਰੀ ਸਤਿਗੁਰੂ ਜੀ ਸੰਤਾਂ ਸਮੇਤ ਜਥੇ ਨੂੰ ਆਪਣੇ ਨਾਲ ਲਾਹੌਰ ਲੈ ਗਏ। ਹਰ ਰੋਜ਼ ਕੀਰਤਨ ਸਰਵਨ ਕਰਿਆ ਕਰਨ (ਇਕ ਵਾਰ ਦਾ ਜ਼ਿਕਰ ਹੈ (ਗੁਰਵਾਕ)

**ਸਾਹਿਬ ਹਥ ਵਡਿਆਈਆਂ ਜਿਸ ਭਾਵੈ ਤਿਸ ਦੇਹ**

ਸਤਿਗੁਰੂ ਜੀ ਦੇ ਹੱਥ ਵਡਿਆਈਆਂ ਹਨ। ਜੇਹੜਾ ਉਸ ਨੂੰ ਭਾਉਂਦਾ ਹੈ ਉਸ ਨੂੰ ਦੇ ਦੇਂਦੇ ਹਨ।

ਸੰਨ 1943 (ਸੰਮਤ 2000 ਬਿ:) ਦਾ ਵਕਤ ਸੀ ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਉਨ੍ਹਾਂ ਦਿਨਾਂ ਵਿਚ ਆਮ ਤੌਰ ਤੇ ਆਪ ਲਾਹੌਰ ਘੋੜਿਆਂ ਦੇ ਸੰਬੰਧ ਵਿਚ ਆਮ ਜਾਇਆ ਕਰਦੇ ਸਨ। ਉਹਨਾਂ ਦਿਨਾਂ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਬਾਲ ਸਿਖਾਈ ਦੇ ਮਿੱਤਰ ਮਿਸਤਰੀ ਆਸਾ ਸਿੰਘ ਜੀ ਬੈਆਇਲਰ ਇੰਸਪੈਕਟਰ ਵੀ ਲਾਹੌਰ ਰਹਿੰਦੇ ਸਨ। ਸਤਿਗੁਰੂ ਸੱਚੇ ਪਾਤਸ਼ਾਹ ਜੀ ਦਾ ਮਿਸਰਤੀ ਜੀ ਨਾਲ ਬਾਲ ਸਿਖਾਈ ਦਾ ਮੁੱਢਲਾ ਪਿਆਰ ਸੀ। ਇਸ ਪਿਆਰ ਨੂੰ ਮੁੱਖ ਰੱਖ ਕੇ ਬੜੇ ਪਿਆਰ ਦੇ ਬਚਨ ਕਰਿਆ ਕਰਦੇ। ਨਿੱਕੇ ਹੁੰਦਿਆਂ ਵਾਲੇ ਵੀ ਕਈ ਬਚਨ ਕਰਕੇ ਹੱਸ ਲਿਆ ਕਰਦੇ ਸਨ। ਮਿਸਤਰੀ ਜੀ ਦੇ ਵੀ ਅੰਦਰੋਂ ਸ੍ਰੀ ਸਤਿਗੁਰੂ ਜੀ ਦੇ ਨਾਲ ਪਿਆਰ ਸਲ। ਜੇ ਅਸੀਂ ਕ੍ਰਿਸ਼ਨ ਸੁਦਾਮੇ ਵਾਲਾ ਪਿਆਰ ਸਮਝ ਲਈਏ ਤਾਂ ਵੀ ਕੋਈ ਫ਼ਰਕ ਨਹੀਂ

ਹੈ।

ਜਿਸ ਵਕਤ ਦਾ ਇਹ ਜ਼ਿਕਰ ਕੀਤਾ ਜਾ ਰਿਹਾ ਹੈ ਉਸ ਵਕਤ ਅੰਗਰੇਜ਼ਾਂ ਦਾ ਰਾਜ ਸੀ। ਮਿਸਤਰੀ ਆਸਾ ਸਿੰਘ ਜੀ ਦੇ ਸਤਿਗੁਰਾਂ ਦੀ ਕਿਰਪਾ ਨਾਲ ਦੋ ਲੜਕੇ ਸਨ। ਵੱਡੇ ਜਵਾਹਰ ਸਿੰਘ ਤੇ ਛੋਟੇ ਸਨ ਕਰਤਾਰ ਸਿੰਘ ਜੀ। ਕਰਤਾਰ ਸਿੰਘ ਜੀ ਕਿਸੇ ਕਾਨੂੰਨ ਦੀ ਉਲੰਘਣਾ ਦੇ ਕਾਰਨ ਕਿਸੇ ਦੋਸ਼ ਵਿਚ ਗ੍ਰਿਫ਼ਤਾਰ ਹੋ ਗਏ ਤੇ ਪੁਲਿਸ ਵੱਲੋਂ ਚਲਾਨ ਕਰਕੇ ਇਕ ਗੰਭੀਰ ਮੁਕਦਮਾ ਚਾਲੂ ਕਰ ਦਿੱਤਾ ਗਿਆ। ਇਸ ਮੁਕਦਮੇ ਦੀ ਪੈਰਵਾਈ ਕਰਨ ਵਾਸਤੇ ਮਿਸਤਰੀ ਆਸਾ ਸਿੰਘ ਜੀ ਨੇ ਚੰਗੇ ਵਕੀਲਾਂ ਤੋਂ ਲੈ ਕੇ ਵੱਡੀਆਂ ਵੱਡੀਆਂ ਸਿਫ਼ਾਰਸ਼ਾਂ ਪਾਉਣ ਦੀਆਂ ਕਾਰਵਾਈਆਂ ਕੀਤੀਆਂ। ਕਈਆਂ ਨੂੰ ਕੁਝ ਰਕਮਾਂ ਵੀ ਪੇਸ਼ ਕੀਤੀਆਂ ਪਰ ਮੁਕਦਮਾ ਪੈਰੋ ਪੈਰ ਕਰਤਾਰ ਸਿੰਘ ਦੇ ਵਿਰੁੱਧ ਹੁੰਦਾ ਗਿਆ। ਇਸ ਚਿੰਤਾ ਦੇ ਵਿਚ ਡੁੱਬਿਆਂ ਨੂੰ ਇਕ ਦਿਨ ਮਿਸਤਰੀ ਆਸਾ ਸਿੰਘ ਜੀ ਨੂੰ ਖ਼ਿਆਲ ਆਇਆ ਕਿ ਸਤਿਗੁਰਾਂ ਬਾਣੀ ਵਿਚ ਲਿਖਿਆ ਹੈ (ਗੁਰਵਾਕ)

**ਜਾਕਉ ਮੁਸਕਲ ਅਤਿ ਬਣੈ ਢੋਈ ਕੋਇ ਨਾ ਦੇਹਿ॥**
**ਲਾਗੂ ਹੋਇ ਦੁਸ਼ਮਨਾ ਸਾਕ ਭੀ ਭਜਿ ਖਲੈ॥**
**ਸਭੋ ਭਜੈ ਆਸਰਾ ਚੁਕੈ ਸਭਿ ਅਸਰਾਉ॥**
**ਚਿਤਿ ਆਵੈ ਉਸ ਪਾਰਬ੍ਰਹਮ ਲਗੈ ਨਾ ਤੱਤੀ ਵਾਉ॥**

ਜਦੋਂ ਮਿਸਤਰੀ ਜੀ ਨੇ ਇਹ ਪੰਗਤੀਆਂ ਪੜ੍ਹੀਆਂ ਤਾਂ ਮਿਸਤਰੀ ਜੀ ਨੂੰ ਵੀ ਖ਼ਿਆਲ ਆ ਗਿਆ ਕਿ ਜਦ ਮੇਰੇ ਪਾਸ ਪਾਰਬ੍ਰਹਮ ਦੇ ਸਰਗੁਣ ਸਰੂਪ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਆਸਰਾ ਮੌਜੂਦ ਹੈ ਤਾਂ ਮੈਂ ਉਹਨਾਂ ਦਾ ਆਸਰਾ ਲੈਣ ਦੇ ਥਾਂ ਹੋਰ ਹੋਰ ਥਾਵਾਂ ਤੇ ਐਵੇਂ ਕਿਉਂ ਟੱਕਰਾਂ ਮਾਰਦਾ ਫਿਰਦਾ ਹਾਂ। ਮਿਸਤਰੀ ਜੀ ਬਚਨ ਕਰਦਿਆਂ ਆਖਿਆ ਵੈਸੇ ਮੇਰੇ ਖ਼ਿਆਲ ਸੀ ਕਿ ਇਸ ਤਰ੍ਹਾਂ ਦੇ ਅਦਾਲਤੀ ਮਾਮਲਿਆਂ ਵਾਸਤੇ ਸਤਿਗੁਰੂ ਪਾਸ ਅਰਜ਼ ਕਰਦਿਆਂ ਵੀ ਸੰਗ ਆਉਂਦੀ ਹੈ। ਸਤਿਗੁਰੂ ਜੀ ਅੱਗੇ ਤਾਂ ਪਰਮਾਰਥ ਵਾਸਤੇ ਹੀ ਅਰਜ਼ ਬੇਨਤੀ ਕਰਨੀ ਚਾਹੀਦੀ ਹੈ। ਪਰ ਹੁਣ ਜਦ ਕਰਤਾਰ ਸਿੰਘ ਦੇ ਕੇਸ ਸੰਬੰਧੀ ਸਾਰੇ ਕੀਤੇ ਯਤਨ ਅਸਫ਼ਲ ਰਹੇ ਅਤੇ ਪਤਾ ਨਹੀਂ ਕਿ ਜਾਹਲ ਸਾਜੀ ਦੇ ਕੇਸ ਵਿਚ ਕਿਤਨੀ ਸਜ਼ਾ ਹੋ ਜਾਵੇਗੀ। ਅਜਿਹੀ ਮੁਸ਼ਕਲ ਸਮੇਂ ਦੀਨ ਦਇਆਲ ਦੁਨੀਆਂ ਦੇ ਸਹਾਇਕ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅੱਗੇ ਕਰਤਾਰ ਸਿੰਘ ਵਾਸਤੇ ਅਰਜ਼ ਕਰਨ ਕੋਈ ਗੁਨਾਹ ਨਹੀਂ ਹੈ।

ਦਿਲ ਵਿਚ ਇਹ ਸੋਚ ਕਰਕੇ ਮਿਸਤਰੀ ਆਸਾ ਸਿੰਘ ਜੀ ਬਾਬੇ ਧਿਆਨ ਸਿੰਘ ਜੀ ਪੱਥਰ ਅੜਿਆ ਦੀ ਕੋਠੀ ਪਹੁੰਚੇ (ਇਹ ਬਾਬਾ ਧਿਆਨ ਸਿੰਘ ਜੀ ਸ੍ਰੀ ਮਹਾਰਾਜ ਨਿਹਾਲ ਸਿੰਘ ਜੀ ਤੇ ਸ੍ਰੀ ਮਹਾਰਾਜ ਗੁਰਦਿਆਲ ਸਿੰਘ ਜੀ ਦੇ ਸਹੁਰੇ ਸਨ) ਅੱਗੇ ਸਤਿਗੁਰਾਂ ਪਾਸ ਬਹੁਤ ਸਾਰੀ ਸਾਧ ਸੰਗਤ ਬੈਠੀ ਦਰਸ਼ਨ ਕਰ ਰਹੀ ਸੀ ਅਤੇ ਬਚਨ ਬਿਲਾਸ ਹੋ ਰਹੇ ਸਨ। ਮਿਸਤਰੀ ਜੀ ਨੇ ਵੀ ਜਾ ਨਮਸਕਾਰ ਕੀਤੀ। ਸੱਚੇ ਪਾਤਸ਼ਾਹ ਜੀ ਨੇ ਉਸੇ ਖ਼ੁਸ਼ੀ ਭਰੇ ਮਾਹੌਲ ਵਿਚ

ਮੁਸਕਰਾਂਦਿਆਂ ਮਿਸਤਰੀ ਜੀ ਨੂੰ ਪੁੱਛਿਆ ਸੁਣਾਓ ਮਿਸਤਰੀ ਜੀ ਕੀ ਹਾਲ ਹੈ?

ਯਾਦ ਰਹੇ ਕਿ ਸੱਚੇ ਪਾਤਸ਼ਾ ਜੀ ਨਮਸਕਾਰ ਕਰਨ ਸਮੇਂ ਹਰ ਇਕ ਨੂੰ ਆਪ ਹਾਲ ਚਾਲ ਪੁੱਛਿਆ ਕਰਦੇ ਸਨ। ਮਿਸਤਰੀ ਜੀ ਨੇ ਹੱਥ ਜੋੜਕੇ ਅਰਜ਼ ਕੀਤੀ ਗ਼ਰੀਬ ਨਿਵਾਜ਼ ਆਪਣੇ ਕਾਕੇ ਕਰਤਾਰ ਸਿੰਘ ਉੱਤੇ (ਬਿਨਾਂ ਲਾਈਸੰਸ) ਪਟਰੋਲ ਵੇਚਣ ਦਾ ਇਕ ਗੰਭੀਰ ਕੇਸ ਬਣਿਆ ਹੋਇਆ ਹੈ। ਭਾਵੇਂ ਇਸ ਦੋਸ਼ ਵਿਚ ਉਸਦਾ ਵਧੇਰੇ ਹਿੱਸਾ ਨਹੀਂ ਹੈ ਪਰ ਪੁਲਿਸ ਨੇ ਸਾਰਾ ਕਸੂਰ ਕਰਨ ਤੋਂ ਪਹਿਲਾਂ ਹੋਰ ਬਹੁਤ ਯਤਨ ਕਰ ਚੁੱਕਾ ਹਾਂ। ਪਰ ਕੋਈ ਵੀ ਯਤਨ ਸਫ਼ਲ ਨਹੀਂ ਹੋ ਸਕਿਆ। ਮੁਕਦਮੇ ਦਾ ਫ਼ੈਸਲਾ ਹੋਣ ਵਾਲਾ ਹੈ। ਪਤਾ ਨਹੀਂ ਕਿੰਨੀ ਸਜ਼ਾ ਹੋ ਜਾਵੇ ਮੈਨੂੰ ਹੁਣ ਕੇਵਲ ਆਪ ਜੀ ਦਾ ਆਸਰਾ ਹੈ। ਜਿਵੇਂ ਹੋ ਸਕੇ ਗ਼ਰੀਬ ਨਿਵਾਜ਼ ਜੀ ਸਹਾਇਤਾ ਕਰੋ ਜੀ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪ੍ਰਸੰਨਤਾ ਨਾਲ ਮੁਖਾਰਬਿੰਦ ਤੋਂ ਬਚਨ ਕਰ ਦਿੱਤਾ। ਮਿਸਤਰੀ ਜੀ ਕੋਈ ਚਿੰਤਾ ਨਾ ਕਰੋ ਕਰਤਾਰ ਸਿੰਘ ਜੀ ਨੂੰ ਸਜ਼ਾ ਨਹੀਂ ਹੁੰਦੀ। ਤੁਸੀਂ ਹੁਣੇ ਹੀ ਮੋਤੀ ਬਾਜ਼ਾਰ ਧਰਮਸ਼ਾਲਾ ਜਾਵੋ। ਉਥੇ ਸੰਤ ਪ੍ਰੀਤਮ ਸਿੰਘ ਜੀ ਪੱਦੀ ਵਾਲਿਆਂ ਦਾ ਜਥਾ ਹੈ। ਉਨ੍ਹਾਂ ਨੂੰ ਮੇਰੇ ਵੱਲੋਂ ਆਖ ਦੇਣਾ ਕਿ ਸ਼ਹੀਦੀ ਦੇਗ ਬਣਾਕੇ ਅਰਦਾਸ ਕਰਨ। ਸੰਤ ਪ੍ਰੀਤਮ ਸਿੰਘ ਹੋਰਾਂ ਨੂੰ ਦੇਗ ਖੁੱਲੀ ਲੈਕੇ ਦੇਣੀ। ਮਿਸਤਰੀ ਆਸਾ ਸਿੰਘ ਝੱਟਪਟ ਸੰਤ ਪ੍ਰੀਤਮ ਸਿੰਘ ਜੀ ਪਾਸ ਆਏ ਤੇ ਇਹਨਾਂ ਨੂੰ ਸਤਿਗੁਰੂ ਜੀ ਦਾ ਹੁਕਮ ਸੁਣਾਇਆ ਤੇ ਨਾਲ ਅਰਜ਼ ਕੀਤੀ ਕਿ ਸਾਰੀ ਸਾਧ ਸੰਗਤ ਮੇਰੀ ਕੋਠੀ ਦਰਸ਼ਨ ਦੇਣ ਦੀ ਕਿਰਪਾਲਤਾ ਕਰੇ ਤੇ ਉਥੇ ਹੀ ਦੇਗ ਬਣੇ।

ਸੰਤ ਪ੍ਰੀਤਮ ਸਿੰਘ (ਵਾਰੇ ਵਾਲਿਆਂ) ਉਸ ਵਕਤ ਸਾਰੀ ਸਾਧ ਸੰਗਤ ਨੂੰ ਨਾਲ ਲੈ ਕੇ ਮਿਸਤਰੀ ਜੀ ਦੀ ਕੋਠੀ ਚਲੇ ਗਏ। ਕੋਠੀ ਜਾ ਕੇ ਇਸ਼ਨਾਨ ਪਾਣੀ ਕਰਕੇ ਸੋਧ ਮਰਯਾਦਾ ਨਾਲ ਕੁਛ ਸਰੀਰਾਂ ਭਜਨ ਕਰਦਿਆਂ ਦੇਗ ਤਿਆਰ ਕੀਤੀ ਤੇ ਕੜਾਹ ਪ੍ਰਸ਼ਾਦ ਤਿਆਰ ਕਰਕੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਦਾ ਧਿਆਨ ਧਰਕੇ ਬੜੇ ਪ੍ਰੇਮ ਨਾਲ ਸੰਤ ਪ੍ਰੀਤਮ ਸਿੰਘ ਜੀ ਨੇ ਕਰਤਾਰ ਸਿੰਘ ਜੀ ਦੀ ਰਿਹਾਈ ਦੀ ਸਤਿਗੁਰਾਂ ਦੇ ਹੁਕਮ ਅਨੁਸਾਰ ਅਰਦਾਸ; ਕੀਤੀ। ਬੜੀ ਉੱਚੀ ਆਵਾਜ਼ ਦੇ ਨਾਲ ਜੈਕਾਰਾ ਬੁਲਾਇਆ। ਪ੍ਰਸ਼ਾਦ ਲੈਣ ਵਾਸਤੇ ਤੇ ਸ਼ਰਦਾਈ ਛੱਕਣ ਵਾਸਤੇ ਸਿੰਘ ਅਜੇ ਬੈਠੇ ਹੀ ਸਨ ਕਿ ਬਾਹਰ ਹੇਠਲੀ ਮੰਜ਼ਲ ਵਿੱਚੋਂ ਕਰਤਾਰ ਸਿੰਘ ਨੇ ਆਵਾਜ਼ ਮਾਰਕੇ ਆਖਿਆ ਪਿਤਾ ਜੀ ਦਰਵਾਜ਼ਾ ਖੋਲੋ।

ਕਰਤਾਰ ਸਿੰਘ ਦੀ ਆਵਾਜ਼ ਸੁਣਕੇ ਮਿਸਤਰੀ ਜੀ ਹੇਠਾਂ ਦਰਵਾਜ਼ਾ ਖੋਲ੍ਹਿਆ ਤਾਂ ਕਰਤਾਰ ਸਿੰਘ ਨੇ ਚਰਨੀਂ ਹੱਥ ਲਾ ਕੇ ਮੱਥਾ ਟੇਕਦਿਆਂ ਆਖਿਆ, ਪਿਤਾ ਜੀ ਮੈਂ ਬਰੀ ਹੋ ਗਿਆ ਹਾਂ। ਫਿਰ ਸਾਰੀ ਸੰਗਤ ਨੇ ਖ਼ੁਸ਼ੀ ਦੇ ਪੰਜ ਜੈਕਾਰੇ ਬੁਲਾਏ। ਦੇਗ ਤੇ ਕੜਾਹ ਪ੍ਰਸ਼ਾਦ ਛੱਕਕੇ ਮਿਸਤਰੀ ਜੀ ਆਪਣੇ ਪੁੱਤਰ ਕਰਤਾਰ ਸਿੰਘ ਨੂੰ ਨਾਲ ਲੈ ਕੇ ਸ੍ਰੀ ਸਤਿਗਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਜਾ ਹਾਜਰ ਹੋਏ ਤੇ ਬਰੀ ਹੋ ਕੇ ਆਉਣ ਵਾਲਾ ਸਾਰਾ ਬਚਨ ਸਤਿਗੁਰਾਂ

ਨੂੰ ਸੁਣਾਇਆ।

ਐਸੇ ਵਕਤ ਸ੍ਰੀ ਸਤਿਗੁਰੂ ਜੀ ਨੇ ਬਹੁਤ ਹੀ ਪ੍ਰਸੰਨਤਾ ਨਾਲ ਬਚਨ ਕੀਤਾ, 'ਪ੍ਰੀਤਮ ਸਿੰਘ ਕਾਕਾ ਜਿਹੜਾ ਕੋਈ ਤੁਹਾਡੇ ਕੋਲ ਦੇਗ਼ਾਂ ਦੀਆਂ ਵਸਤਾਂ ਲੈਕੇ ਆਵੇ ਤੁਸੀਂ ਦੇਗ਼ ਤਿਆਰ ਕਰਕੇ ਅਰਦਾਸ ਕਰਦਿਆਂ ਕਰੋ, ਉਸਦਾ ਕਾਰਜ ਰਾਸ ਹੋ ਜਾਇਆ ਕਰੇਗਾ। ਇਹ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਵਡਿਆਈ ਹੈ (ਗੁਰਵਾਕ)

**ਸਤਿਗੁਰੂ ਵੱਡਾ ਕਰ ਸਲਾਹੀਐ ਜਿਸ ਵਿਚ ਵੱਡੀਆ ਵਡਿਆਈਆ।**

ਸਤਿਗੁਰੂ ਵਡਿਆਈਆਂ ਦਾ ਮਾਲਕ ਹੈ ਜੋ ਉਸ ਅੱਗੇ ਅਰਜ਼ ਕੀਤੀ ਜਾਂਦੀ ਹੈ ਕਾਰਜ ਰਾਸ ਹੋ ਜਾਂਦਾ ਹੈ।

ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ (ਸੰਮਤ 1996) ਵਿਚ ਹੇਠ ਲਿਖੇ ਸਰੀਰ ਜਾਹੂ ਪਹਾੜਾਂ ਵਿਚ ਚਲੇ ਗਏ। ਸੰਤ ਪ੍ਰੀਤਮ ਸਿੰਘ ਜੀ ਪੱਦੀ ਤੋਂ ਸਾਰਾ ਪਰਿਵਾਰ ਤੇ ਭਧਾਣਿਆਂ ਦੀ ਸਾਧ ਸੰਗਤ ਸ਼ਾਹਪੁਰ ਤੋਂ ਕਾਫ਼ੀ ਸਰੀਰ, ਲੁਹਾਰਾ ਤੋਂ ਸੰਤ ਪ੍ਰੇਮ ਸਿੰਘ ਜੀ ਦੇ ਪਰਿਵਾਰ ਤੇ ਅੱਟੀ ਦੀ ਸਾਧ ਸੰਗਤ। ਇਹਨਾਂ ਸਾਰਿਆਂ ਪਰਿਵਾਰਾਂ ਨੇ ਹੁਕਮ ਮੰਨਦਿਆਂ ਹੋਇਆਂ ਜਾਹੂ ਪਹਾੜਾਂ ਵਿਚ ਡੇਰਾ ਜਾ ਲਾਇਆ। ਇਨ੍ਹਾਂ ਪਰਿਵਾਰਾਂ ਵਿੱਚੋਂ ਤਕਰੀਬਨ ਇਕ ਸਾਲ ਵਿਚ ਚਾਰ ਪਰਿਵਾਰ ਵਾਪਿਸ ਆ ਗਏ। ਸੰਤ ਪ੍ਰੀਤਮ ਸਿੰਘ ਜੀ ਨੇ ਆਖਿਆ ਅਸੀਂ ਤਾਂ ਸਤਿਗੁਰਾਂ ਕੋਲੋਂ ਛੁੱਟਾ ਲੈਕੇ ਜਾਵਾਂਗੇ। ਕੁਝ ਸਮੇਂ ਬਾਅਦ ਸੰਤ ਪ੍ਰੀਤਮ ਸਿੰਘ ਜੀ ਸ੍ਰੀ ਸਤਿਗੁਰੂ ਪ੍ਰਤਾਪ ਸਿਘ ਜੀ ਪਾਸੋਂ ਆਗਿਆ ਲੈਕੇ ਵਾਪਸ ਆ ਗਏ। ਜਾਹੂ ਜਾਣ ਵਾਲਾ ਵਕਤ ਲੰਘ ਗਿਆ।

ਸੰਨ 1947 (ਸੰਮਤ 2004) ਤੋਂ ਕਾਫ਼ੀ ਚਿਰ ਪਹਿਲਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮੰਡੀ ਕੋਠੀ ਕਿਰਾਏ ਤੇ ਲੈ ਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ (ਉਦੋਂ ਅਜੇ ਇਹਨਾਂ ਨੂੰ ਬਾਬਾ ਜੀ ਆਖਦੇ ਸਨ) ਮੰਡੀ ਘਲ ਛੱਡਿਆ ਸੀ। ਇਨ੍ਹਾਂ ਮੰਡੀ ਨਿਵਾਸ ਰੱਖਦਿਆਂ ਨੂੰ ਸੰਨ 1947 (ਸੰਮਤ 2004) ਦੇ ਦਿਨ ਆਉਣ ਤੋਂ ਦੋ-ਤਿੰਨ ਮਹੀਨੇ ਪਹਿਲੋਂ ਸ੍ਰੀ ਸਤਿਗੁਰੂ ਜੀ ਨੇ ਬਾਬਾ ਜੀ ਨੂੰ ਹੁਕਮ ਕੀਤਾ ਕਿ ਸਾਧ ਸੰਗਤ ਦੇ ਡੇਰਿਆਂ ਵਾਸਤੇ ਮੰਡੀ ਲੱਕੜ ਦੇ ਕਮਰੇ ਬਣਵਾਵੋ। ਤਾਂ ਕਿ ਕੱਲ੍ਹ ਨੂੰ ਸਾਧ ਸੰਗਤ ਦੇ ਡੇਰੇ ਲੱਗ ਸੱਕਣ। ਇਸ ਗੱਲ ਨੂੰ ਸਤਿਗੁਰੂ ਹੀ ਜਾਣਦੇ ਸਨ ਕਿ ਸਾਨੂੰ ਲੋੜ ਪੈਣੀ ਹੈ। ਪਾਕਿਸਤਾਨ ਦੀ ਵੰਡ ਹੋਣ ਤੋਂ ਦੋ ਮਹੀਨੇ ਪਹਿਲੋਂ ਸਤਿਗੁਰਾਂ ਦੇ ਹੁਕਮ ਅਨੁਸਾਰ ਮੈਂ ਮੰਡੀ ਚਲਿਆ ਗਿਆ। ਉਸ ਵਕਤ ਸੰਤ ਪ੍ਰੀਤਮ ਸਿੰਘ ਜੀ, ਲੁਹਾਰੇ ਵਾਲੇ ਚਾਰੇ ਭਰਾ ਤੇ ਭਧਾਣਿਆਂ ਦੇ ਸਿੰਘ ਤੇ ਹੋਰ ਵੀ ਸਿੰਘ ਮੰਡੀ ਸਨ। ਇਹ ਕਮਰੇ ਸੰਤ ਪ੍ਰੀਤਮ ਸਿੰਘ ਜੀ ਸਾਰਿਆਂ ਸਰੀਰਾਂ ਦੇ ਨਾਲ ਹੁਕਮ ਅਨੁਸਾਰ ਬਨਾ ਬਨਵਾ ਰਹੇ ਸਨ। ਸੰਤ ਪ੍ਰੀਤਮ ਸਿੰਘ ਜੀ ਨੇ ਮੰਡੀ ਵਿਚ ਕਾਫ਼ੀ ਸਮਾਂ ਰਹਿਕੇ ਸਾਰੇ ਕਮਰੇ ਤਿਆਰ ਕਰਵਾਏ ਜਿਨਾਂ ਵਿਚ ਵੰਡਾਰੇ ਦੇ ਵਕਤ ਸਾਧ ਸੰਗਤ ਨੂੰ ਮੰਡੀ ਪੁੱਜਕੇ ਡੇਰਿਆਂ ਵਾਸਤੇ ਕਰਮੇ ਮਿਲੇ। ਦਸ ਮਹੀਨਿਆਂ ਬਾਅਦ ਸੰਤ ਪ੍ਰੀਤਮ ਸਿੰਘ ਜੀ ਤੇ

ਬਾਕੀ ਦੇ ਸਰੀਰ ਵਾਪਸ ਪੰਜਾਬ ਆ ਗਏ। ਸ੍ਰੀ ਬਾਬਾ ਜੀ ਸਾਧ ਸੰਗਤ ਦੀ ਸੰਭਾਲ ਵਾਸਤੇ ਹੁਕਮ ਅਨੁਸਾਰ ਮੰਡੀ ਡੇਰਾ ਰੱਖਿਆ।

ਸੰਤ ਪ੍ਰੀਤਮ ਸਿੰਘ ਜੀ ਮੰਡੀ ਤੋਂ ਆਕੇ ਵੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸੇਵਾ ਵਿਚ ਹੀ ਰਿਹਾ ਕਰਦੇ ਸਨ। ਸਤਿਗੁਰਾਂ ਦੀ ਹਜ਼ੂਰੀ ਵਿਚ ਕੀਰਤਨ ਕਰਦਿਆਂ ਤੇ ਸੇਵਾ ਕਰਦਿਆਂ ਸੰਮਤ ਬਿ: 2016 ਤੇ ਸਾਵਨ ਮਹੀਨਾ ਆ ਗਿਆ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸ੍ਰੀ ਭੈਣੀ ਸਾਹਿਬ ਨਿਵਾਸ ਕਰ ਰਹੇ ਸਨ। ਹਮੇਸ਼ਾਂ ਇਹ ਦੋ ਮਹੀਨੇ ਪਹਾੜਾਂ ਵਿਚ ਜਾਇਆ ਕਰਦੇ ਸਨ। ਪਰ ਐਤਕੀ ਸਰੀਰ ਢਿੱਲਾ ਹੋਣ ਕਰਕੇ ਮੰਡੀ ਨਹੀਂ ਸੀ ਜਾ ਸਕੇ ਤੇ ਸ੍ਰੀ ਭੈਣੀ ਸਾਹਿਬ ਹੀ ਨਿਵਾਸ ਰੱਖਿਆ। ਸਾਵਨ ਕੋਈ 20-22 ਦਿਨ ਚਲਿਆ ਗਿਆ ਤੇ ਸਤਿਗੁਰਾਂ ਦਾ ਸਰੀਰ ਢਿੱਲਾ ਸੀ। ਇਸ ਵਕਤ ਸ੍ਰੀ ਭੈਣੀ ਸਾਹਿਬ ਸਤਿਗੁਰਾਂ ਦੀ ਸੇਵਾ ਵਿਚ ਹੋਰ ਵੀ ਸਰੀਰ ਸਨ। ਇਨ੍ਹਾਂ ਵਿਚ ਸੰਤ ਪ੍ਰੀਤਮ ਸਿੰਘ ਜੀ ਵੀ ਹਾਜ਼ਰ ਰਹਿੰਦੇ ਸਨ।

ਇਕ ਦਿਨ ਸ੍ਰੀ ਸਤਿਗੁਰੂ ਜੀ ਨੇ ਸੰਤ ਪ੍ਰੀਤਮ ਸਿੰਘ ਜੀ ਨੂੰ ਹੁਕਮ ਕੀਤਾ ਕਾਕਾ ਤੁਸੀਂ ਗੱਡੀਆਂ ਤਿਆਰ ਕਰਕੇ ਵਿਚ ਸਮਾਨ ਰੱਖੋ ਤੇ ਸਾਨੂੰ ਮੰਡੀ ਲੈ ਚੱਲੋ। ਹੁਕਮ ਅਨੁਸਾਰ ਗੱਡੀਆਂ ਤਿਆਰ ਹੋ ਗਈਆਂ ਤੇ ਲੋੜ ਅਨੁਸਾਰ ਸਮਾਨ ਰੱਖਿਆ ਗਿਆ। ਏਨੇ ਚਿਰ ਨੂੰ ਕਿਸੇ ਨੇ ਆ ਕੇ ਦੱਸਿਆ ਕਿ ਗ਼ਰੀਬ ਨਿਵਾਜ਼ ਜੀ ਮਹਾਰਾਜ ਜੰਗ ਸਿੰਘ ਜੀ ਆ ਗਏ ਹਨ। ਸਤਿਗੁਰਾਂ ਆਖਿਆ ਚੰਗਾ ਹੋਇਆ। ਮੈਂ ਪਹਾੜ ਜਾਣਾ ਸੀ ਪਰ ਕਾਕਿਆਂ ਨਾਲ ਤੇ ਇਹਨਾਂ ਨਾਲ ਇਕ ਗੱਲ ਕਰਨੀ ਸੀ ਕਰ ਲੈਂਦੇ ਹਾਂ। ਮਹਾਰਾਜ ਜੰਗ ਸਿੰਘ ਜੀ ਅਦਰ ਆ ਕੇ ਬੈਠ ਗਏ। ਦੋਵੇਂ ਬਾਬਾ ਜੀ ਨੂੰ ਵੀ ਆਪਣੇ ਕੋਲ ਸੱਦ ਲਿਆ। ਸਤਿਗੁਰਾਂ ਬਚਨ ਕੀਤਾ ਮੇਰਾ ਤਾਂ ਹੁਣ ਸਰੀਰ ਚੰਗਾ ਨਹੀਂ ਹੈ ਮੈਂ ਪਹਾੜਾਂ ਨੂੰ ਚੱਲਿਆ ਹਾਂ ਜੇ ਕੁਝ ਸੇਹਤ ਬਣ ਜਾਵੇ। ਪਰ ਤੁਸੀਂ ਦੌਰੇ ਹੋਰ ਬਹੁਤੇ ਨਾ ਕਰਿਓ। ਜੇਹੜਾ ਮੈਂ ਸਵਾ ਲੱਖ ਪਾਠ ਸ਼ੁਰੂ ਕੀਤਾ ਹੈ ਉਸਦਾ ਭਗ ਪਵਾ ਦਿਓ। ਬਾਬਾ ਜੀ ਨੇ ਸਤਿ ਬਚਨ ਆਖ ਦਿੱਤਾ। ਮਹਾਰਾਜ ਜੰਗ ਸਿੰਘ ਜੀ ਨੇ ਵੀ ਸਤਿ ਬਚਨ ਆਖ ਦਿੱਤਾ। ਏਨੀ ਗੱਲ ਆਖਦਿਆਂ ਹੀ ਸੂਬਾ ਵਰਿਆਮ ਸਿੰਘ ਕੋਲ ਖੜੇ ਸੀ ਉਸਨੂੰ ਆਖਿਆ ਤੇਰੇ ਤਬੇਲੇ ਵਿਚ ਜਿਨਾਂ ਵੀ ਮਾਲ ਹੈ ਗਾਈਆਂ, ਘੋੜੇ, ਮੱਝਾਂ ਆਦਿਕ ਸਭ ਮੇਰੇ ਅੱਗੇ ਦੀ ਲੰਘਾ ਦੇ। ਨਾਲੇ ਸਤਿਗੁਰਾਂ ਆਪਣੇ ਕੋਲ ਘਾਹ ਵੀ ਮੰਗਵਾ ਕੇ ਰਖ ਲਿਆ।

ਫੇਰ ਸਤਿਗੁਰੂ ਜੀ ਮੰਜੇ ਤੇ ਬੈਠ ਗਏ। ਚਰਨ ਸੰਤ ਪ੍ਰੀਤਮ ਸਿੰਘ ਹੁਰਾਂ ਦੇ ਮੋਢੇ ਉੱਤੇ ਰੱਖਿਆ ਤੇ ਬਚਨ ਕੀਤਾ ਕਾਕਾ ਦੋ ਦੋ ਤਿੰਨ ਤਿੰਨ ਤਿੜਾਂ ਘਾਹ ਦੀਆਂ ਮੈਨੂੰ ਫੜਾਈ ਜਾ। ਸੰਤ ਪ੍ਰੀਤਮ ਸਿੰਘ ਘਾਹ ਦੀਆਂ ਤਿੜਾਂ ਫੜਾਈ ਗਏ। ਸਤਿਗੁਰੂ ਜੀ ਗਾਈਆਂ ਨੂੰ ਦੇਂਦੇ ਗਏ। ਸੰਤਾਂ ਨੂੰ ਸਤਿਗੁਰਾਂ ਆਖਿਆ ਤੂੰ ਡਰਦਾ ਹੈ ਤੇ ਵਰਿਆਮ ਸਿੰਘ ਨੂੰ ਫੜਾ ਦੇ। ਜਦੋਂ ਸਤਿਗੁਰੂ ਜੀ ਪਾਸੋਂ ਘਾਹ ਦੀਆਂ ਤਿੜਾਂ ਲੈ ਕੇ ਸਾਰੇ ਡੰਗਰ ਲੰਘ ਗਏ ਤਾਂ ਛਿੱਕ ਵੱਜੀ।

ਸੰਤ ਪ੍ਰੀਤਮ ਸਿੰਘ ਨੇ ਭਾਈ ਵਜ਼ੀਰ ਸਿੰਘ ਜੀ ਨੂੰ ਆਖਿਆ। ਭਾਈ ਵੀ ਛਿੱਕ ਪੈ ਗਏ ਹੈ। ਭਾਈ ਵਜ਼ੀਰ ਸਿੰਘ ਜਲ ਆਖਿਆ ਕਾਕਾ ਜੋ ਸਤਿਗੁਰਾਂ ਕੀ ਰਜ਼ਾ ਹੈ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵੱਲੋਂ ਹੁਕਮ ਹੋਇਆ ਸਮਾਨ ਗੱਡੀ ਵਿਚ ਰੱਖ ਲਵੋ। ਹੁਕਮ ਅਨੁਸਾਰ ਲੋੜਬੰਦ ਸਮਾਨ ਗੱਡੀਵਿਚ ਰੱਖਕੇ ਅਰਜ਼ ਕੀਤੀ ਗ਼ਰੀਬ ਨਿਵਾਜ਼ ਸਮਾਨ ਰੱਖ ਲਿਆ ਹੈ।

ਸੱਚੇ ਪਾਤਸ਼ਾਹ ਸ੍ਰੀ ਭੈਣੀ ਸਾਹਿਬ ਤੋਂ ਅਰਦਾਸ ਕੀਤੀ ਤੇ ਚਲ ਪਏ ਤੇ ਲੁਧਿਆਣੇ ਦੀ ਹੁੰਦੇ ਹੋਏ ਜਲੰਧਰ ਲੰਘ ਕੇ ਟਾਂਡੇ ਜਾ ਪੁੱਜੇ। ਟਾਂਡੇ ਦੇ ਕੋਲ ਆ ਕੇ ਇਕ ਜਿਮੀਂਦਾਰ ਪਾਸੋਂ ਮੰਜਾ ਲੈ ਕੇ ਅਰਾਮ ਕੀਤਾ ਤੇ ਏਥੇ ਰਾਤ ਕੱਟੀ। ਅਗਲੇ ਦਿਨ ਚਲਕੇ ਪਠਾਨਕੋਟ ਦੇ ਰਸਤੇ ਹੋਸ ਕੇ ਰਾਤ ਨਗਰੋਟੇ ਸੇਠ ਹਰਬੰਸ ਸਿੰਘ ਜੀ ਪਾਸ ਠਹਿਰ ਗਏ। ਅਗਲੇ ਦਿਨ ਸਵੇਰੇ ਨਗਰੋਟੇ ਤੋਂ ਚਲਕੇ ਕੋਈ ਨੌਂ ਕੁ ਵਜੇ ਮੰਡੀ ਪੁੱਜ ਗਏ। ਅੱਗੇ ਮੰਡੀ ਦੀ ਸੰਗਤ ਸਤਿਗੁਰਾਂ ਦੀ ਬੜੀ ਉਡੀਕ ਕਰ ਰਹੀ ਸੀ ਤੇ ਸਾਧ ਸੰਗਤ ਨੂੰ ਸਤਿਗੁਰੂ ਜੀ ਦੇ ਦਰਸ਼ਨ ਹੋ ਗਏ।

ਸਾਧ ਸੰਗਤ ਨੂੰ ਬੜੀਆਂ ਖ਼ੁਸ਼ੀਆਂ ਹੋਈਆਂ। ਜੇਹੜਾ ਮੰਡੀ ਦਾ ਪੀ.ਡਬਲਯੂ.ਡੀ. ਦਾ ਐਕਸੀਅਨ ਤਰੀਫ਼ ਸਿੰਘਜ ਜੀ ਸੀ। ਉਸਨੇ ਆ ਕੇ ਸਤਿਗੁਰਾਂ ਕੋਲ ਅਰਜ਼ ਕੀਤੀ ਗ਼ਰੀਬ ਨਿਵਾਜ਼ ਜੀ ਮੈਂ ਗਾਈਆਂ ਵਾਸਤੇ ਬਹੁਤ ਚੰਗੇ ਛੱਪਰ ਬਣਾਏ ਹਨ। ਕਿਰਪਾ ਕਰੋ ਤੇ ਤੁਸੀਂ ਚੱਲਕੇ ਦੇਖੋ। ਮੈਜ ਤੁਹਾਨੂੰ ਗੱਡੀ ਆਪਣੀ ਭੇਜ ਦਿੰਦਾ ਹਾਂ। ਆਪ ਜੀ ਦੀ ਗੱਡੀ ਉਪਰ ਨਹੀਂ ਜਾ ਸਕਦੀ। ਚੜ੍ਹਾਈ ਬਹੁਤ ਜ਼ਿਆਦਾ ਹੈ। ਜੀਪ ਆ ਗਈ।

ਅਸੀਂ ਚਾਰੇ ਪੰਜੇ ਸਰੀਰ ਮੈਂ (ਸੰਤ ਪ੍ਰੀਤਮ ਸਿੰਘ), ਭਾਈ ਵਜ਼ੀਰ ਸਿੰਘ, ਸੰਤ ਰਤਨ ਸਿੰਘ, ਸੰਤ ਗੁਰਦੇਵ ਸਿੰਘ ਜੀ ਤੇ ਸ੍ਰੀ ਸਤਿਗੁਰੂ ਜੀ ਤੇ ਠਾਕੁਰ ਜੀ ਵੀ ਚਲੇ ਗਏ। ਸਤਿਗੁਰਾਂ ਲੱਕ ਬੰਨ ਲਿਆ ਕਿਉਂਕਿ ਸਰੀਰ ਬਹੁਤ ਕਮਜ਼ੋਰ ਹੋ ਚੁੱਕਾ ਸੀ। ਲੱਕ ਕਮਜ਼ੋਰ ਹੋਰਣ ਦੀ ਵਜ੍ਹਾ ਕਰਕੇ ਸਤਿਗੁਰੂ ਜੀ ਦੋਹਰੇ ਹੋ ਜਾਂਦੇ ਸਨ। ਲੱਕ ਬੰਨਕੇ ਗਏ ਅੱਗੇ ਗੋਡੇ ਗੋਡੇ ਪਾਣੀ ਸੀ ਖੱਡ ਵਿਚ। ਖੱਡ ਲੰਘ ਕੇ ਸਤਿਗੁਰਾਂ ਵਾਸਤੇ ਘੋੜੀ ਲਿਆਂਦੀ ਗਈ। ਸਤਿਗੁਰਾਂ ਬਚਨ ਕੀਤਾ (ਕਾਕਾ) ਘੋੜੀ ਤੇ ਚੜ੍ਹਿਆ ਨਹੀਂ ਜਾਣਾ। ਤੁਸੀਂ ਘੋੜੀ ਲੈ ਚਲੋ ਮੈਂ ਆ ਜਜਵਾਂਗਾ। ਸਤਿਗੁਰਾਂ ਇਕ ਮੋਢਾ ਸੰਤ ਪ੍ਰੀਤਮ ਸਿੰਘ ਦਾ ਫੜਿਆ ਤੇ ਇਕ ਹੱਥ ਸੋਟੀ ਨੂੰ ਪਾਇਆ। ਛੱਪਰ ਜਾਕੇ ਦੇਖੇ। ਛੱਪਰ ਇਸ ਤਰ੍ਹਾਂ ਦੇ ਬਣਾ ਹੋਏ ਸਨ ਕਿ ਗਊਆਂ ਦੀਆਂ ਪਿੱਠਾਂ ਕੱਠੀਆਂ ਰਹਿਣੇ ਮੂੰਹ ਦੇ ਮੋਹਰੇ ਤਾਕੀਆਂ ਤੇ ਪਿੱਠ ਵੱਲ ਥੱਲੇ ਨਾਲੀ ਬਣੀ ਹੋਈ ਸੀ। ਗਊਆਂ ਜਦ ਪਿਸ਼ਾਬ ਆਦਿ ਕਰਦੀਆਂ ਸਨ ਝੱਟ ਨਾਲੀ ਦੇ ਵਿੱਚੋਂ ਦੀ ਬਾਹਰ ਹੌਜ ਵਿਚ ਚੱਲਿਆ ਜਾਂਦਾ ਸੀ। ਹੌਜ ਦਾ ਜਿਤਨਾ ਪਾਣੀ ਸੀ ਉਹ ਸਾਰੇ ਦਾ ਸਾਰਾ ਖੇਤੀ-ਬਾੜੀ ਨੂੰ ਚੱਲਿਆ ਜਾਂਦਾ ਸੀ। ਛੱਪਰ ਦੇਖਕੇ ਸਤਿਗੁਰੂ ਜੀ ਬੜੇ ਖ਼ੁਸ਼ ਹੋਏ। ਸਰਦਾਰ ਜੀ ਨੂੰ ਸਤਿਗੁਰਾਂ ਆਖਿਆ ਬਹੁਤ ਚੰਗਾ ਕੰਮ ਕੀਤਾ ਹੈ। ਸੰਤ ਪ੍ਰੀਤਮ ਸਿੰਘ ਜੀ ਨੂੰ ਸਤਿਗੁਰਾਂ ਆਖਿਆ ਕਾਕਾ ਤੁਸਾਂ ਦੇਖ ਲਿਆ ਹੈ ਨਾ। ਅਸੀਂ ਇਸ

ਤਰ੍ਹਾਂ ਦੇ ਬਣਾਉਣੇ ਹਨ। ਸੰਤਾਂ ਸਤਿ ਬਚਨ ਆਖ ਦਿੱਤਾ ਸੀ। ਇੱਥੋਂ ਸਤਿਗੁਰੂ ਜੀ ਜੀਪ ਦੇ ਵਿਚ ਐਕਸੀਅਨ ਦੀ ਕੋਠੀ ਆ ਗਏ।

ਕੋਠੀ ਆ ਕੇ ਸਤਿਗੁਰੂ ਜੀ ਨੂੰ ਹੈਜ਼ੇ ਦੀ ਸ਼ਿਕਾਇਤ ਹੋ ਗਈ। ਜਿਸ ਵਕਤ ਸਤਿਗੁਰਾਂ ਨੂੰ ਹੈਜ਼ੇ ਦੀ ਸ਼ਿਕਾਇਤ ਹੋ ਗਈ ਉਸ ਵਕਤ ਤਕਰੀਬਨ 12 ਵਜੇ ਦਾ ਟਾਈਮ ਸੀ। ਸੰਤ ਰਤਨ ਸਿੰਘ ਨੇ ਉਸੇ ਵਕਤ ਗੱਢੇ ਦਾ ਪਾਣੀ ਤੇ ਹੋਰ ਦਵਾ ਦਾਰੂ ਦਿੱਤਾ ਪਰ ਮਾਲਕ ਦੀ ਮੌਜ ਸੀ ਤੇ ਦਰਿਆ ਦਾ ਪਾਣੀ ਵੀ ਠੰਡਾ ਤੇ ਠੰਡੀ ਤੇਜ਼ ਹਵਾ ਚੱਲ ਰਹੀ ਸੀ ਜਿਸ ਕਰਕੇ ਸਤਿਗੁਰੂ ਜੀ ਦਾ ਸਰੀਰ ਠੰਡਾ ਹੁੰਦਾ ਜਾਂਦਾ ਸੀ। ਸ਼ਾਮ ਨੂੰ ਸ੍ਰੀ ਸਤਿਗੁਰੂ ਜੀ ਮੰਡੀ ਆਪਣੀ ਕੋਠੀ ਆ ਗਏ ਤੇ ਮੰਜੇ ਤੇ ਲੇਟ ਗਏ ਤੇ ਕੋਈ 11 ਵਜੇ ਰਾਤ ਦਾ ਵਕਤ ਹੋਇਆ ਤਾਂ ਸਤਿਗੁਰੂ ਜੀ ਨੇ ਸੰਤ ਪ੍ਰੀਤਮ ਸਿੰਘ ਜੀ ਨੂੰ ਘੁੱਟਣ ਵਾਸਤੇ ਆਖਿਆ। ਭਾਈ ਵਜ਼ੀਰ ਸਿੰਘ ਜੀ ਨੇ ਸੰਤਾਂ ਨੂੰ ਆਖਿਆ ਜਿਸ ਤਰ੍ਹਾਂ ਹੁਕਮ ਕਰਦੇ ਨੇ ਮੰਨੀ ਜਾਵੋ। ਸੰਤਾਂ ਦੇ ਮੰਜੇ ਤੇ ਬੈਠਦਿਆਂ ਸਤਿਗੁਰਾਂ ਬਚਨ ਕੀਤਾ (ਕਾਕਾ) ਮੈਂ ਸਾਧਾਂ ਤੇ ਗਲਿਆਣਤਾ ਕਬਦਾ ਹੁੰਦਾ ਸੀ ਕਿ ਸਾਧ ਮਾਈਆਂ ਪਾਸੋਂ ਲੱਤਾਂ ਘਟੌਂਦਾ ਹਨ। ਸੰਤਾਂ ਆਖਿਆ ਮੇਰਾ ਤਾਂ ਮਨੁੱਖ ਜਾਮਾ ਹੈ। ਸੰਤ ਘੁੱਟਦੇ ਰਹੇ ਸਤਿਗੁਰਾਂ ਜੀ ਨੂੰ ਅਰਾਮ ਆਇਆ ਤਾਂ ਘੁਰਾੜੇ ਮਾਰਨ ਲੱਗ ਪਏ। ਸੰਤਾਂ ਭਾਈ ਜੀ ਵੱਲ ਦੇਖਿਆ ਤਾਂ ਭਾਈ ਜੀ ਨੇ ਆਖਿਆ ਘੁੱਟੀ ਜਾ। ਥੋੜ੍ਹੇ ਚਿਰ ਮਗਰੋਂ ਸੰਤ ਪ੍ਰੀਤਮ ਸਿੰਘ ਜੀ ਨੂੰ ਨੀਂਦ ਆ ਗਈ ਸੰਤਾਂ ਦਾ ਸਿਰ ਸਤਿਗੁਰਾਂ ਦੇ ਸੱਜੇ ਚੂਲੇ ਉੱਤੇ ਟਿਕ ਗਿਆ। ਜਦ ਨੀਂਦ ਆ ਗਈ ਤਾਂ ਸੰਤਾਂ ਨੂੰ ਸੁਪਨਾ ਆਇਆ।

ਪੰਜਾ ਸਿੰਘ ਸਤਿਗੁਰਾਂ ਦੇ ਮੰਜੇ ਕੋਲ ਆਕੇ ਖੜੇ ਹੋ ਗਏ। ਪੰਜ ਸਿੰਘਾਂ ਨੇ ਸਤਿਗੁਰੂ ਜੀ ਨੂੰ ਅਰਜ਼ ਕੀਤੀ ਸੱਚੇ ਪਾਤਸ਼ਾਹ ਜੀ ਆਪ ਜੀ ਨੂੰ ਸੰਗਤ ਯਾਦ ਕਰਦੀ ਹੈ। ਚਲੋ ਚਲਕੇ ਸੰਗਤ ਨੂੰ ਦਰਸ਼ਨ ਦਿਓ। ਸਤਿਗੁਰੂ ਜੀ ਉੱਠੇ ਤਾਂ ਸਰੀਰ ਕੰਬਦਾ ਹੈ। ਸੰਤਾਂ ਅਰਜ਼ ਕੀਤੀ ਸੱਚੇ ਪਾਤਸ਼ਾਹ ਥੱਲੇ ਕਿਸ ਤਰ੍ਹਾਂ ਉਤਰੋਗੇ। ਸਤਿਗੁਰਾਂ ਬਚਨ ਕੀਤਾ ਕਾਕਾ ਇਕ ਹੱਥ ਤੇਰੇ ਮੋਢੇ ਨੂੰ ਤੇ ਇਕ ਹੱਥ ਸੋਟੇ ਨੂੰ ਪਾ ਲਵਾਂਗੇ। ਇਸ ਤਰ੍ਹਾਂ ਹੱਥ ਪਾ ਕੇ ਉਤਰਦੇ ਉਤਰਦੇ ਉਤਰ ਗਏ। ਸੰਤਾਂ ਆਖਿਆ ਭਾਈ ਜੀ ਨੂੰ ਤੇ ਰਤਨ ਸਿੰਘ ਨੂੰ ਨਾਲ ਲੈ ਚਲੀਏ। ਸਤਿਗੁਰਾਂ ਬਚਨ ਕੀਤਾ ਉਨ੍ਹਾਂ ਨੂੰ ਕਾਕੇ ਕੋਲ ਰਹਿਣ ਦੇਣਾ ਹੈ। ਅੱਗੇ ਦਰਿਆ ਆਇਆ ਉਸ ਵਿਚ ਪਾਣੀ ਬਹੁਤ ਸੀ। ਪਰ ਅਸੀਂ ਲੰਘੇ ਸਾਡੇ ਪੈਰ ਵੀ ਨਾ ਭਿੱਜੇ। ਅੱਗੇ ਜੰਗਲ ਆ ਗਿਆ। ਉਸ ਵਿਚ ਘਾਹ ਤੇ ਰੇਤ ਬੜੀ ਆਈ। ਜਦੋਂ ਸਾਰਾ ਜੰਗਲ ਲੰਘ ਗਏ ਤਾਂ ਸਤਿਗੁਰਾਂ ਦੇ ਸਰੀਰ ਛੋਟਾ ਜਿਹਾ ਹੋ ਗਿਆ। ਸੰਤਾਂ ਦਾ ਸਰੀਰ ਵੀ ਛੋਟਾ ਹੋ ਗਿਆ। ਦੂਰ ਜਾ ਕੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੋਏ। ਸਤਿਗੁਰਾਂ ਦੇ ਆਲੇ ਦੁਆਲੇ ਬਹੁਤ ਸਾਰੀ ਸੰਗਤ ਬੈਠੀ ਹੋਈ ਹੈ। ਅੱਗੇ ਇਕ ਫਾਟਕ ਅੰਦਰ ਜਾਣ ਵਾਸਤੇ ਲੱਗਾ ਹੋਇਆ ਹੈ। ਸੰਤਾਂ ਆਖਿਆ ਇਹ ਤਾਂ ਅਸੀਂ ਦਰਗਾਹ ਦੇ ਵਿਚ ਆ ਗਏ ਹਾਂ। ਫਾਟਕ

ਦੇ ਵਿੱਚੋਂ ਦੀ ਜਦੋਂ ਲੰਘਣ ਲੱਗੇ ਤਾਂ ਸੰਤਾਂ ਦੇ ਦਿਲ ਵਿਚ ਆਇਆ ਕਿ ਮੈਂ ਤਾਂ ਨਾ ਦਰਸ਼ਨ ਸਿੰਘ ਨੂੰ ਮਿਲਿਆ ਨਾ ਘਰ ਨੂੰ ਚਿੱਠੀ ਪਾਈ ਹੈ।

ਸੰਤਾਂ ਨੇ ਅਜੇ ਇਏ ਗੱਲ ਆਪਣੇ ਮਨ ਵਿਚ ਹੀ ਆਖੀ ਸੀ ਕਿ ਸਤਿਗੁਰੂ ਜੀ ਪਿੱਛੇ ਮੁੜਕੇ ਦੇਖਣ ਲੱਗ ਪਏ ਤੇ ਰਸਨਾ ਤੋਂ ਬਚਨ ਕੀਤਾ ਕਾਕਾ ਤੇਰੀ ਰੂਹ ਦਰਸ਼ਨ ਸਿੰਘ ਵੱਲ ਚਲੀ ਗਈ ਹੈ। ਜਾਹ ਹੁਣ ਤੂੰ ਪਿੱਛਾ ਵਾਪਸ ਚਲਿਆ ਜਾਹ। ਸਤਿਗੁਰਾਂ ਆਖਿਆ ਮੈਂ ਤੇ ਸੋਚਿਆ ਸੀ ਨਾਲ ਲੈ ਚਲੀਏ ਮਗਰੋਂ ਔਖਾ ਹੋਵੇਗਾ, ਲੋਕਾਂ ਦੀਆਂ ਗੱਲਾਂ ਸੁਣੇਗਾ। ਅੱਛਾ ਜਦੋਂ ਫਿਰ ਲੋੜ ਪਵੇਗੀ ਲੈ ਚਲਾਂਗੇ।

ਇਤਨੇ ਨੂੰ ਸਤਿਗੁਰੂ ਜੀ ਨੇ ਸੰਤ ਪ੍ਰੀਤਮ ਸਿੰਘ ਜੀ ਨੂੰ ਹਲਾਇਆ ਤੇ ਆਖਿਆ ਕਾਕਾ ਤੂੰ ਮੇਰੇ ਉੱਤੇ ਹੀ ਸੌ ਗਿਆ ਹੈ। ਅੱਛਾ ਹੁਣ ਇਸ ਤਰ੍ਹਾਂ ਕਰ ਜਾ ਦੌੜਕੇ ਇਸ਼ਨਾਨ ਕਰ ਆ। ਸੰਤ ਇਸ਼ਨਾਨ ਕਰ ਆਏ ਤੇ ਸਤਿਗੁਰਾਂ ਹੁਕਮ ਕੀਤਾ ਸਾਨੂੰ ਵਾਰ ਪੜ੍ਹਕੇ ਸੁਣਾਂਦੇ। ਸਤਿਗੁਰਾਂ ਦਾ ਇਸ਼ਨਾਨ ਕਰਾਇਆ ਤੇ ਵਾਰ ਪੜ੍ਹਕੇ ਸੁਣਾਈ। ਬੈਠਣ ਵਾਜਸਤੇ ਚਾਦਰ ਵਿਛਾ ਕੇ ਪਿਛਲੇ ਪਾਸੇ ਰਜ਼ਾਈ ਗੋਲ ਕਰਕੇ ਰੱਖ ਦਿੱਤੀ। ਸਤਿਗੁਰਾਂ ਆਖਿਆ ਕਾਕਾ ਗੱਦੀ ਤਾਂ ਸਤਿਗੁਰੂ ਰਾਮ ਸਿੰਘ ਜੀ ਲਾਉਂਦੇ ਹੁੰਦੇ ਸੀ ਆਪਾਂ ਗੱਦੀ ਨਹੀਂ ਲਾਉਣੀ।

ਆਸਾ ਦੀ ਵਾਰ ਸੁਣਕੇ ਸਤਿਗੁਰਾਂ ਹੁਕਮ ਕੀਤਾ ਅੱਜ ਤੂੰ ਆਸਾ ਦੀ ਵਾਰ ਦੇ ਬਾਹਰ ਬਾਹਰ ਹੀ ਫਿਰਦਾ ਰਿਹਾ ਹੈ। ਸੰਤਾਂ ਅਰਜ਼ ਕਰਕੇ ਆਖਿਆ ਗ਼ਰੀਬ ਨਿਵਾਜ਼ ਜੀ ਮੇਰਾ ਮਨ ਨਹੀਂ ਸੀ ਠੀਕ। ਸੰਤਾਂ ਦੱਸਿਆ ਮੈਨੂੰ ਇਸ ਤਰ੍ਹਾਂ ਦਾ ਸੁਪਨਾ ਆਇਆ ਹੈ। ਸਤਿਗੁਰਾਂ ਹੁਕਮ ਕੀਤਾ ਇਧਰ ਨਹੀਂ ਧਿਆਨ ਕਰਨਾ। ਜਾ ਜਾਕੇ ਜਲ ਪਾਣੀ ਛੱਕ ਤੇ ਜਲ ਪਾਣੀ ਛੱਕ ਕੇ ਉਪਜ ਆਵੀਂ। ਸੰਤਾਂ ਨੇ ਜਲ ਪਾਣੀ ਛੱਕ ਕੇ ਭਾਈ ਵਜ਼ੀਰ ਸਿੰਘ ਜੀ ਤੇ ਰਤਨ ਸਿੰਘ ਹੋਰਾਂ ਸੁਪਨਾ ਦੱਸਿਆ। ਅੱਗੋਂ ਭਾਈ ਵਜ਼ੀਰ ਸਿੰਘ ਜੀ ਨੇ ਆਖਿਆ। ਇਸ ਤਰ੍ਹਾਂ ਨਹੀਂ ਹੋ ਸਕਦਾ। ਸਤਿਗੁਰੂ ਜੀ ਵਿਛੋੜਾ ਨਹੀਂ ਦੇ ਸਕਦੇ।

ਭਾਈ ਜੀ ਨੂੰ ਪਤਾ ਹੁੰਦਿਆਂ ਹੋਇਆਂ ਵੀ ਸੰਤਾਂ ਨੂੰ ਹੌਸਲਾ ਦਿੰਦਿਆਂ ਇਸ ਤਰ੍ਹਾਂ ਹੀ ਆਖਿਆ ਸੰਤ ਪ੍ਰੀਤਮ ਸਿੰਘ ਜੀ ਭਾਈ ਜੀ ਅਤੇ ਸੰਤ ਰਤਨ ਸਿੰਘ ਜੀ ਨਾਲ ਇਸ ਤਰ੍ਹਾਂ ਬਚਨ ਕਰਕੇ ਫੇਰ ਕੋਠੇ ਤੇ ਚਲੇ ਗਏ। ਸਤਿਗੁਰਾਂ ਹੁਕਮ ਕੀਤਾ। ਪ੍ਰੀਤਮ ਸਿੰਘ ਤਿਆਰੀ ਕਰੋ ਅਸੀਂ ਚਲੀਏ। ਹੁਕਮ ਅਨੁਸਾਰ ਤਿਆਰੀ ਹੋ ਗਈ। ਸਤਿਗੁਰਾਂ ਨੂੰ ਤੁਰਨ ਦੇ ਵੇਲੇ ਦੋ ਸਰੀਰਾਂ ਨੇ ਉਪਰ ਸੜਕ ਤੇ ਲਿਆਂਦਾ। ਸੜਕ ਤੇ ਗੱਡੀ ਖੜੀ ਸੀ। ਪਿਛਲੀ ਸੀਟ ਉੱਤੇ ਰਜ਼ਾਈਆਂ ਰੱਖਕੇ ਸ੍ਰੀ ਸਤਿਗੁਰੂ ਜੀ ਨੂੰ ਲੰਮਾ ਪਾ ਦਿੱਤਾ ਸੀ। ਸੰਤ ਚਰਨਾਂ ਵਾਲੇ ਪਾਸੇ ਥੱਲੇ ਬੈਠ ਗਏ ਸੀ। ਰੁਮਾਲੀ ਦੇ ਵਿਚ ਲੌਂਗ ਮੁਨੱਕਾ ਰੱਖ ਲਿਆ। ਜਦੋਂ ਕਿਤੇ ਮੂੰਹ ਸੁਕੇਗਾ ਤਾਂ ਲੈ ਲਵਾਂਗੇ। ਮਹਾਰਾਜ ਬੀਰ ਸਿੰਘ ਜੀ ਤੇ ਭਾਈ ਵਜ਼ੀਰ ਸਿੰਘ ਜੀ ਤੇ ਰਤਨ ਸਿੰਘ ਅਗਲੀ ਸੀਟ ਤੇ ਬੈਠ ਗਏ।

ਗੱਡੀਆਂ ਅਰਦਾਸ ਕਰਕੇ ਚਲਾ ਦਿੱਤੀਆਂ। ਕੋਈ ਤਕਰੀਬਨ 40-50

ਫੁਟ ਤੇ ਜਾ ਕੇ ਸਤਿਗੁਰਾਂ ਆਖਿਆ ਗੱਡੀਆਂ ਰੋਕੋ। ਸੰਤਾਂ ਨੂੰ ਸਤਿਗੁਰਾਂ ਆਖਿਆ ਤਾਕੀ ਖੋਲਕੇ ਮੈਨੂੰ ਬਾਹਰ ਕੱਖੋ। ਏਨੇ ਚਿਰ ਨੂੰ ਮੰਡੀ ਦੀ ਸਾਧ ਸੰਗਤ ਵੀ ਕੋਲ ਆ ਈ। ਸਤਿਗੁਰੂ ਜੀ ਤਾਕੀ ਖੋਲਕੇ ਬਾਹਰ ਆ ਗਏ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਖੂੰਡਾ ਲੈ ਕੇ ਮੰਡੀ ਵੱਲ ਤੇ ਸਾ ਸੰਗਤ ਵੱਲ ਤੇ ਕੋਠੀ ਵਲ ਦੇਖਿਆ। ਸੰਤਾਂ ਨੂੰ ਸਤਿਗੁਰਾਂ ਹੁਕਮ ਕੀਤਾ ਮੈਨੂੰ ਗੱਡੀ ਵਿਚ ਬਹਾ ਦੇਵੋ। ਐਨ ਚੰਗੀ ਤਰ੍ਹਾਂ ਦੇਖਿਆ। ਪਰ ਇਸ ਗੱਲ ਨੂੰ ੍ਹ ਹੀ ਜਾਣੇ ਕਿ ਅਸੀਂ ਏ ਮੁੜਕੇ ਆਉਣਾ ਹੈ ਕਿ ਨਹੀਂ। ਮੰਡੀ ਤੋਂ ਚੱਲਕੇ ਰਾਤ ਜੋਲ੍ਹ ਕੈਂਪ ਲਗਰੋਟੇ ਸੇਠ ਹਰਬੰਸ ਸਿੰਘ ਦੇ ਚੁਬਾਰੇ ਤੇ ਚੜਨ ਲੱਗਿਆਂ ਸਤਿਗੁਰਾਂ ਨੂੰ ਇਕ ਪਾਸਿਉਂ ਸ੍ਰੀ ਮਹਾਰਾਜ ਬੀਰ ਸਿੰਘ ਜੀ ਨੇ ਤੇ ਇਕ ਪਾਸਿਉਂ ਸੰਤ ਪ੍ਰੀਤਮ ਸਿੰਘ ਜੀ ਨੇ ਫੜਕੇ ਉਪਰ ਚੜਾਇਆ। ਉਪਰ ਜਾ ਕੇ ਜੰਗਲ ਆ ਗਿਆ ਦੁਬਾਰਾ ਫਿਰ ਜੰਗਲ ਆ ਗਿਆ।

ਏਥੇ ਰਾਤ ਕੱਟਕੇ ਸਵੇਰੇ ਪਠਾਨਕੋਟ ਦੇ ਰਸਤੇ ਦਸੂਹੇ ਕੋਲ ਆਕੇ ਜਲ ਵਰਤਿਆ। ਜਲ ਵਰਤਕੇ ਕਾਰ ਵਿਚ ਲੰਮੇ ਪੈ ਗਏ। ਸਤਿਗੁਰਾਂ ਨੇ ਨੇਤਰ ਬੰਦ ਹੋ ਗਏ। ਜਿਸ ਵਕਤ ਫਗਵਾੜਾ ਲੰਘੇ ਤਾਂ ਕਹਿੰਦੇ ਕਿ ਪ੍ਰੀਤਮ ਸਿੰਘ ਤੇਰੇ ਨਾਲ ਇਕਰਾਰ ਕੀਤਾ ਸੀ ਲੰਗਰ ਕਰਨ ਦਾ। ਚੱਲ ਪੱਦੀ ਨੂੰ ਚਲੀਏ। ਉਹ ਜੇਹੜਾ ਜੱਟਾਂ ਦਾ ਖੂਹ ਹੈ ਉੱਥੇ ਡੇਰਾ ਰੱਖਾਂਗੇ।

ਸਤਿਗੁਰੂ ਜੀ ਖੂਹ ਤੇ ਪਹੁੰਚ ਗਏ। ਸੰਗਤ ਸਾਰੀ ਆ ਗਈ ਲੰਗਰ ਤਿਆਰ ਹੋ ਗਿਆ। ਸੰਤ ਰਤਨ ਸਿੰਘ ਜੀ ਨੇ ਆਖਿਆ ਮੈਨੂੰ ਤਾਂ ਭੁੱਖ ਨਹੀਂ ਹੈ। ਸਤਿਗੁਰਾਂ ਸੰਤ ਪ੍ਰੀਤਮ ਸਿੰਘ ਜੀ ਨੂੰ ਆਖਿਆ ਕਾਕਕਾ ਤੇਰਾ ਸਾਡਾ ਇਕਰਾਰ ਹੈ। ਇਸ ਇਕਰਾਰ ਨੂੰ ਪੂਰਾ ਕਰਨ ਦੇ ਵਾਸਤੇ ਸਤਿਗੁਰਾਂ ਥੋੜ੍ਹਾ ਪ੍ਰਸ਼ਾਦਾ ਛੱਕਿਆ ਤੇ ਰਾਤ ਨੂੰ ਚਲਕੇ ਸ੍ਰੀ ਭੈਣੀ ਸਾਹਿਬ ਆ ਗਏ। ਸਤਿਗੁਰਾਂ ਆਖਿਆ ਡੇਰਾ ਕਿੱਥੇ ਲਾਉਣਾ ਹੈ। ਸੰਤਾਂ ਅਰਜ਼ ਕੀਤੀ ਕਿ ਗੋਲ ਛੱਪਰ ਵਿਚ ਲਾ ਲਈਏ। ਸਰਾਣਾ ਕਿਸ ਪਾਸੇ ਕਰਨਾ ਹੈ। ਸੰਤਾਂ ਆਖਿਆ ਚੜਦੇ ਵਲ। ਸਤਿਗੁਰਾਂ ਸੰਤ ਪ੍ਰੀਤਮ ਸਿੰਘ ਜੀ ਨੂੰ ਹੁਕਮ ਕਰਕੇ ਆਖਿਆ ਤੂੰ ਸਾਡੇ ਕੋਲ ਰਹੀਂ। ਸੰਤਾਂ ਸਤਿ ਬਚਨ ਆਖ ਦਿੱਤਾ। ਸਤਿ ਗੁਰਾਂ ਆਖਿਆ ਤੇਰਾ ਮੇਰਾ ਵਾਹਿਦਾ ਹੈ ਜਿੱਥੇ ਮੈਂ ਰਹਾਂ ਤੂੰ ਮੇਰੇ ਕੋਲ ਰਹੀਂ। ਰਾਤ ਲੰਘਾ ਕੇ ਅਗਲੇ ਦਿਨ ਸਵੇਰੇ ਇਸ਼ਨਾਨ ਕੀਤਾ।

ਐਤਵਾਰ ਸ੍ਰੀ ਸਤਿਗੁਰੂ ਜੀ ਸ੍ਰੀ ਭੈਣੀ ਸਾਹਿਬ ਪੁੱਜੇ ਤੇ ਸੋਮਵਾਰ ਸਵੇਰੇ ਇਸ਼ਨਾਨ ਕੀਤਾ ਤੇ ਨਿਤਨੇਮ ਵੀ ਕੀਤਾ। ਪਰ ਪ੍ਰੀਤਮ ਸਿੰਘ ਮੰਗਲ ਬੁਧ, ਵੀਰ ਤਿੰਨ ਦਿਨ ਇਸ਼ਨਾਨ ਨਹੀ ਕੀਤਾ। ਸ਼ੁਕਰਵਾਰ ਸ਼ਾਮ ਨੂੰ ਥੋੜ੍ਹਾ ਜਿੰਲਾਂ ਦਿਨ ਰਹਿੰਦਾ ਸੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਡਾਕਟਰ ਨਾਲ ਲੈ ਕੇ ਆਏ ਕਿਉਂਕਿ ਰੇਡੀਓ ਵਿਚ ਆਖ ਦਿੱਤਾ ਸੀ ਕਿ ਸਤਿਗੁਰਾਂ ਦੀ ਹਾਲਤ ਖ਼ਰਾਬ ਹੈ। ਡਾਕਟਰਾਂ ਨੇ ਪੁੱਛਿਆ ਕਿ ਇਹਨਾਂ ਦਾ ਸੇਵਾਦਾਰ ਕੌਣ ਹੈ। ਸੰਤ ਪ੍ਰੀਤਮ ਸਿੰਘ ਜੀ ਵੱਲ ਇਸ਼ਾਰਾ ਕਰਕੇ ਆਖਿਆ ਕਿ ਇਹ ਹਨ। ਮਹਾਰਾਜ

ਬੀਰ ਸਿੰਘ ਜੀ ਪਲ ਭਰ ਵੀ ਦੂਰ ਨਾ ਹੋਏ। ਸਗੋਂ ਸੰਤ ਪ੍ਰੀਤਮ ਸਿੰਘ ਨਾਲ ਮੋਢੇ ਨਾਲ ਮੋਢਾ ਜੋੜ ਸੇਵਾ ਕਰਦੇ ਰਹੇ।

ਡਾਕਟਰਾਂ ਨਾ ਕਿਹਾ ਅਨੀਮਾ ਕਰਨਾ ਹੈ। ਅਨੀਮਾ ਕਰਨ ਲੱਗ ਤਾਂ ਸਤਿਗੁਰਾਂ ਨੇ ਨਾਲੀ ਫੜਕੇ ਵਗਾਕੇ ਪਰਾਂ ਮਾਰੀ। ਡਾਕਟਰ ਨੇ ਆਖਿਆ ਇਹ ਬੇਹੋਸ਼ ਨਹੀਂ ਹੋਸ਼ ਵਿਚ ਹਨ। ਪਰ ਸੱਚੇ ਪਾਤਸ਼ਾਹ ਕੋਈ ਬਚਨ ਨਾ ਕੀਤਾ। ਫੇਰ ਰਾਤ ਦੇ ਪੌਣੇ ਗਿਆਰ੍ਹਾਂ ਵਜੇ ਪੁੱਛਿਆ ਕੀ ਟਾਈਮ ਹੋਇਆ ਹੈ। ਸੇਠ ਫੂਲਾ ਸਿੰਘ ਜੀ ਦਾ ਲੜਕਾ ਧੀਰ ਕੋਲ ਖੜ੍ਹਾ ਸੀ, ਸਤਿਗੁਰ ਪੁਛਿਆ ਧੀਰ ਕੀ ਟਾਈਮ ਹੋਇਆ ਹੈ 'ਸੱਚੇ ਪਾਤਸ਼ਾਹ ਜੀ ਪੌਣੇ ਗਿਆਰ੍ਹਾਂ ਵਜੇ ਹਨ।' ਜਦੋਂ ਬਾਰ੍ਹਾਂ ਪੂਰੇ ਵਜ ਗਏ ਤਾਂ ਉਧਰ ਘੜਣ ਵਜਨ ਲੱਗ ਪਿਆ। ਸੰਤ ਰਤਨ ਸਿੰਘ ਜੀ ਨੇ ਇਕ ਪਾਣੀ ਵਾਲਾ ਵਰਤਨ ਰੱਖਿਆ ਹੋਇਆ ਸੀ, ਜਿਸ ਵਿਚ ਆਲੂ ਬੁਖਾਰਾ, ਇਮਲੀ, ਮਿਸ਼ਰੀ ਪਾਕੇ ਪਾਣੀ ਰੱਖਿਆ ਹੋਇਆ ਸੀ ਕੱਚੇ ਕੋਰੇ ਕੁਜੇ ਵਿਚ।

ਪੱਦੀ ਖਾਲਸਾ ਦੇ ਲਾਗੇ ਇਕ ਵਿਰਕਾਂ ਨਗਰ ਹੈ ਉੱਥੇ ਇਕ ਸਨਿਆਸੀ ਸਾਧੂ ਸੀ। ਉਸ ਨੂੰ ਸੰਤ ਪ੍ਰੀਤਮ ਸਿੰਘ ਜੀ ਲੈ ਗਏ ਹੋਏ ਸਨ। ਉਸਨੇ ਆਖਿਆ ਹੋਇਆ ਸੀ ਕਿ ਜਿਸ ਵਕਤ ਦਿਲ ਖ਼ਰਾਬ ਹੋਵੇ ਇਹ ਪਾਣੀ ਦੇਣਾ। ਇਏ ਸਾਧ ਬੜਾ ਸਿਆਣਾ ਸੀ। ਜਦੋਂ ਪੰਜ ਮਿੰਟ ਹੋ ਗਏ ਸੰਤ ਰਤਨ ਸਿੰਘ ਜੀ ਨੇ ਆਪਣੀ ਉਂਗਲੀ ਨੂੰ ਰੁਮਾਲੀ ਲਪੇਟਕੇ ਸਤਿਗੁਰਾਂ ਦੇ ਮੂੰਹ ਵਿਚ ਫੇਰੀ। ਇਸ ਤੋਂ ਬਾਅਦ ਪੰਜ ਮਿੰਟ ਠੀਕ ਰਹੇ। ਫੇਰ ਘੜੂ ਵਜਿਆ ਇਕ ਚਿਮਚਾ ਪਾਣੀ ਦਾ ਪਾਇਆ ਜਿਸ ਵਕਤ 12 ਵੱਜਕੇ 7 ਮਿੰਟ ਹੋਏ ਤਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਜੋਂ ਜੋਤ ਸਮਾ ਗਏ। ਜਿਸ ਵਕਤ ਸਤਿਗੁਰਾਂ ਸਰੀਰ ਛੱਡਿਆ ਉਸ ਵਕਤ ਸਤਿਗੁਰਾਂ ਦਾ ਸੀਸ ਸੰਤ ਪ੍ਰੀਤਮ ਸਿੰਘ ਜੀ ਦੇ ਪੱਟ ਤੇ ਸੀ। ਸਾਰੇ ਸਰੀਰ ਗੋਲ ਛੱਪਰ ਵਿੱਚੋਂ ਬਾਹਰ ਆ ਗਏ ਸੀ।

ਸਤਿਗੁਰਾਂ ਦੇ ਦੇਹ ਛੱਡਨ ਦੇ ਸਮੇਂ ਕੋਈ ਐਸਾ ਸਰੀਰ ਨਜ਼ਰ ਨਹੀਂ ਸੀ ਆ ਰਿਹਾ ਜਿਸ ਦੀਆਂ ਅੱਖੀਆਂ ਵਿੱਚੋਂ ਵੈਰਾਗ ਭਰਿਆ ਜਲ ਨਾ ਵਗਿਆ ਹੋਵੇ। ਜਿਹਨਾਂ ਦੇ ਵਿੱਚੋਂ ਸੰਤ ਪ੍ਰੀਤਮ ਸਿੰਘ ਜੀ ਵੀ ਨਾ ਬਚ ਸਕੇ। ਇਸ ਵਿਛੋੜੇ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਦੇਸ਼ ਜਾਣਾ ਯਾਦ ਕਰਾ ਦਿੱਤਾ। 6 ਭਾਦਰੋਂ ਦਿਨ ਚੜਨ ਤੋਂ ਪਹਿਲਾਂ ਸਾਰੇ ਦੇਸ਼ਾਂ ਵਿਚ ਟੈਲੀਫੂਨ ਤੇ ਤਰਾਂ ਖੜਕ ਗਈਆਂ ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਜੋਤੀ ਜੋਤ ਸਮਾ ਗਏ ਹਨ। ਸੁਣਦਿਆਂ ਸਾਰ ਹੀ ਸੰਗਤਾਂ ਨੇ ਸ੍ਰੀ ਭੈਣੀ ਸਾਹਿਬ ਨੂੰ ਵਹੀਰਾਂ ਘੱਤ ਦਿੱਤੀਆਂ ਤਾਂ ਕਿ ਆਖ਼ਰੀ ਦਰਸ਼ਨ ਕਰ ਲਈਏ। ਸਤਿਗੁਰਾਂ ਦੀ ਦੇਹ ਦਾ ਸ਼ਾਮ ਨੂੰ 6 ਵਜੇ ਸੰਸਕਾਰ ਹੋਣਾ ਸੀ ਸੁਣਕੇ ਸਭ ਸੰਗਾਂ ਦੇ ਦਿਲ ਵੈਰਾਗੀ ਹੋ ਗਏ।

ਸ੍ਰੀ ਭੈਣੀ ਸਾਹਿਬ ਤਿਲ ਸੁੱਟਿਆਂ ਵੀ ਥੱਲੇ ਨਹੀਂ ਸੀ ਡਿੱਗਦਾ। ਜਿਸ ਵਕਤ ਪਿਛਲੇ ਪਹਿਰ ਦਾ ਵਕਤ ਹੋਇਆਤਾਂ ਸਤਿਗੁਰਾਂ ਦੀ ਦੇਹ ਦਾ ਇਸ਼ਨਾਨ ਕਰਾਕੇ ਸੋਹਣੇ ਬਸਤਰ ਪਾ ਦਿੱਤੇ ਤੇ ਅਰਥੀ ਦੇ ਵਿਚ ਸਰੀਰ ਰੱਖਕੇ ਸਾਰੀ

ਅਰਥੀ ਫੁੱਲਾਂ ਦੇ ਨਾਲ ਭਰੀ ਗਈ। ਸਿੰਘਾਂ ਨੇ ਅਰਥੀ ਮੋਢਿਆਂ ਤੇ ਚੁੱਕਕੇ ਸ੍ਰੀ ਭੈਣੀ ਸਾਹਿਬ ਦੇ ਦਰਸ਼ਨ ਕਰਾਉਣ ਵਾਸਤੇ ਖ਼ਾਸਾ ਜਲਜ਼ਸ ਬਣਾ ਲਿਆ ਉਸ ਵਕਤ ਬੜੇ ਵੈਰਾਗ ਦੇ ਸ਼ਬਦ ਪੜ੍ਹਨੇ ਸ਼ੁਰੂ ਕੀਤੇ। ਇਸ ਵੈਰਾਗ ਨੇ ਕਈਆਂ ਸਰੀਰਾਂ ਨੂੰ ਲੋਟ ਪੋਟ ਕਰਕੇ ਧਰਤੀ ਤੇ ਸੁੱਟ ਦਿੱਤਾ। ਇਧਰ ਜਿਸ ਜਗ੍ਹਾ ਸਤਿਗੁਰਾਂ ਦੀ ਦੇਹ ਦਾ ਸੰਸਕਾਰ ਕਰਨਾ ਸੀ ਲੱਕੜਾਂ ਰੱਖ ਕੇ ਚਿਖਾ ਤਿਆਰ ਕੀਤੀ ਗਈ। ਸ੍ਰੀ ਭੈਣੀ ਸਾਹਿਬ ਦੇ ਦਰਸ਼ਨ ਕਰਕੇ ਸਤਿਗੁਰਾਂ ਦੀ ਦੇਹ ਚਿਖਾ ਤੇ ਰੱਖਕੇ ਚਿਖਾ ਚਿਨ ਦਿੱਤੀ। ਅਰਦਾਸ ਕਰਕੇ ਠਾਕੁਰ ਜੀ ਨੇ ਲਾਂਬੂ ਲਾਇਆ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸਾਰੀਆਂ ਸੰਗਤਾਂ ਨੂੰ ਵਿਛੋੜਾ ਪੈ ਗਿਆ। ਇਸ ਸਾਰੀ ਸੇਵਾ ਵਿਚ ਸੰਤ ਪ੍ਰੀਤਮ ਸਿੰਘ ਜੀ ਨਾਲ ਸਨ। ਸਾਧ ਸੰਗਤ ਦੇ ਨਾਲ ਹੀ ਸੰਤ ਪ੍ਰੀਤਮ ਸਿੰਘ ਜੀ ਨੂੰ ਵੀ ਸਤਿਗੁਰਾਂ ਦਾ ਵਿਛੋੜਾ ਪੈ ਗਿਆ ਤੇ ਹਿਰਦੇ ਵਿਚ ਘਾਅ ਕਰ ਗਿਆ। ਘਾਅ ਵੀ ਐਸਾ ਹੋ ਗਿਆ ਜਿਸ ਦਾ ਕੋਈ ਇਲਾਜ ਨਾ ਹੋ ਸਕਿਆ। ਕਿਸੇ ਵਕਤ ਵੀ ਸਤਿਗੁਰਾਂ ਜੀ ਨਹੀਂ ਸੀ ਭੁੱਲਦੇ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਤ ਪ੍ਰੀਤਮ ਸਿੰਘ ਜੀ ਨੂੰ ਮੰਡੀ ਸੁਪਨਾ ਆਉਣ ਦੇ ਚਾਜੋ ਬਚਨ ਆਖਿਆ ਸੀ ਮਗਰੋਂ ਗੱਲਾਂ ਸੁਣੇਗਾ ਤੇ ਦੁਖੀ ਹੋਵੇਗਾ। ਸੋ ਬਚਨ ਸੰਤਾਂ ਨਾਲ ਪੂਰਾ ਵਰਤਿਆ। 27 ਸਾਲ ਸੰਤਾਂ ਦੀ ਏਹੀ ਹਾਲਤ ਰਹੀ। ਕਦੀ ਵੀ ਨੇਤਰਾਂ ਵਿੱਚੋਂ ਜਲ ਨਹੀਂ ਸੀ ਸੁਕਿਆ। ਗੁਰਬਾਣੀ ਦੀਆਂ ਉਹ ਪੰਗਤੀਆਂ ਸੰਤਾਂ ਉਪਰ ਵਰਤੀਆਂ (ਗੁਰਵਾਕ)

**ਜਿਸ ਪਿਆਰੇ ਸਿਓ ਨੀਓ ਤਿਸ ਆਗੇ ਮਰ ਚਲੀਏ॥**
**ਧਰਿਗ ਜੀਵਨ ਸੰਸਾਰ ਤਾਕੇ ਪਾਛੈ ਜੀਵਨਾ॥**

ਸੰਤਾਂ ਨੂੰ ਹਾੜੇ ਕੱਢਦਿਆਂ ਕੱਢਦਿਆਂ ਆਹ ਦਿਨ ਆ ਗਏ ਤੇ ਆਖਣ ਇਸ ਜੀਵਨ ਨਾਲੋਂ ਮਰਨਾ ਹੀ ਚੰਗਾ ਹੈ। ਇਸ ਹਾਲਤ ਵਿਚ ਆਕੇ ਸੰਤ ਪ੍ਰੀਤਮ ਸਿੰਘ ਜੀ ਨੂੰ ਦੋ ਮਹੀਨੇ ਜ਼ਿਆਦਾ ਬਿਮਾਰ ਹੋਇਆ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸੰਤਾਂ ਨੇ ਯਾਦ ਕਰਕਕੇ ਅੰਦਰੋਂ ਖਿੱਚ ਪਾਈ। ਸਤਿਗੁਰੂ ਜੀ ਨੇ ਸੰਤਾਂ ਨੂੰ ਫਗਵਾੜੇ ਘਰ ਆ ਦਰਸ਼ਨ ਦਿੱਤੇ। ਉਸ ਵਕਤ ਸੰਤਾਂ ਨੂੰ ਹਿਚਕੀ ਦੀ ਬਿਮਾਰੀ ਜ਼ਿਆਦੀ ਸੀ। ਸਤਿਗੁਰੂ ਜੀ ਨੇ ਸੰਤਾਂ ਕੋਲ ਬੈਠਕੇ ਬਚਨ ਕੀਤਾ ਹਿਚਕੀ ਤਾਂ ਹੁਣ ਹੈ ਨਹੀਂ ਉਸ ਤੋਂ ਬਾਅਦ ਹਿਚਕੀ ਨਹੀਂ ਸੀ ਆਈ। ਸਤਿਗੁਰਾਂ ਕਿਰਪਾ ਕੀਤੀ ਸੰਤ ਠੀਕ ਹੋ ਗਏ।

ਸੰਮਤ (2043) ਦਿਨ ਪੰਜ ਭਾਦਰੋਂ ਪ੍ਰਸ਼ਾਦਾ ਛੱਕਣ ਲੱਗਿਆਂ ਆਪਣੀ ਨੂੰਹ ਸੋਮਾ ਨੂੰ ਆਖਿਆ ਸੋਮਾ ਹੁਣ ਪ੍ਰਸ਼ਾਦਾ ਅੰਦਰ ਨਹੀਂ ਲੰਘਦਾ ਅੱਧਾ ਪ੍ਰਸ਼ਾਦਾ ਛੱਕਿਆ। ਸੋਮਾ ਨੇ ਪੁੱਛਿਆ ਪਿਤਾ ਜੀ ਕੀ ਤਕਲੀਫ਼ ਹੈ। ਸੰਤਾਂ ਆਖਿਆ ਸੋਮਾ ਤੈਨੂੰ ਨਹੀਂ ਪਤਾ ਸਤਿਗੁਰਾਂ ਨੂੰ ਗਿਆ ਅੱਜ 27 ਸਾਲ ਹੋ ਗਏ ਹਨ। ਇਸ ਵਿਛੋੜੇ ਨਾਲੋਂ ਮਰਨਾ ਹੀ ਚੰਗਾ ਹੈ। ਪੰਜ ਭਾਦਰੋਂ ਸ਼ਾਮ ਨੂੰ ਸੰਤ ਪ੍ਰੀਤਮ ਸਿੰਘ ਜੀ ਨੇ ਆਪਣੀ ਨੂੰਹ ਬੀਬੀ ਪਰਮਿੰਦਰ ਪਾਸੋਂ ਚਿੱਠੀ ਲਿਖਵਾਕੇ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਪਾਈ ਉਸ ਉਪਰ ਲਿਖਵਾਇਆ ਸਤਿਗੁਰੂ ਜੀ ਆਪ ਮੇਰੀ ਬਾਂਹ ਫੜਕੇ ਜਾਮਨ ਬਣਕੇ ਅਟੱਲ ਪ੍ਰਤਾਪੀ ਕੋਲ ਮੈਨੂੰ ਪਹੁੰਚਾ ਦੇਵੋ। ਹੋਰ ਮੈਂ ਆਪ ਜੀ ਪਾਸੋਂ ਕੁਝ ਨਹੀਂ ਮੰਗਦਾ।

ਇਸ ਤੋਂ ਪਹਿਲਾਂ ਵੀ ਸੰਤ ਪ੍ਰੇਮ ਚਿੱਠੀਆਂ ਸ੍ਰੀ ਸਤਿਗੁਰੂ ਜੀ ਵੱਲ ਲਿਖਦੇ ਰਹਿੰਦੇ ਸਨ। ਅੰਦਰ ਦੀਆਂ ਰਮਜਾਂ ਨੂੰ ਜਾਂ ਸੰਤ ਜਾਣਦ ਸਨ ਜਾਂ ਸੰਤਾਂ ਦਾ ਸਤਿਗੁਰੂ ਜਾਣਦਾ ਸੀ। 5 ਭਾਦਰੋਂ ਦਾ ਦਿਨ ਸੰਤ ਪ੍ਰੀਤਮ ਸਿੰਘ ਜੀ ਨੇ ਰੋਂਦਿਆਂ ਹੀ ਸਾਰਾ ਕੱਢਿਆ। ਜੇਹੜਾ ਕੋਈ ਸਰੀਰ ਸੰਤਾਂ ਦੀ ਖ਼ਬਰ ਲੈਣ ਵਾਲਾ ਆਇਆ ਇਸਦੇ ਨਾਲ ਵੀ ਰੋ ਰੋ ਕੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਬਚਨ ਕਰ ਕਰਕੇ ਦਿਨ ਕੱਢਿਆ ਸੀ, 6 ਭਾਦਰੋਂਨੂੰ ਸਰੀਰ ਬਹੁਤ ਢਿੱਲਾ ਹੋ ਗਿਆ ਸੀ ਤੇ ਕਮਜ਼ੋਰੀ ਵੀ ਅੱਗੇ ਨਾਲੋਂ ਕਾਫ਼ੀ ਹੋ ਗਈ ਸੀ। ਇਕ ਹਫ਼ਤਾ ਸੰਤਾਂ ਦਾ ਬੜੀ ਕੋਸ਼ਿਸ਼ ਨਾਲ ਸਾਰੇ ਪਰਿਵਾਰ ਵੱਲੋਂ ਇਲਾਜ ਕੀਤਾ ਗਿਆ ਪਰ ਅਰਾਮ ਕੁਝ ਵੀ ਨਾ ਆਇਆ। ਦਿਨ ਬਦਿਨ ਸੰਤਾਂ ਦਾ ਸਰੀਰ ਕਮਜ਼ੋਰ ਹੀ ਹੁੰਦਾ ਗਿਆ।

ਸੰਤਾਂ ਨੇ ਆਪਣਾ ਛਕੌਣਾ 4 ਭਾਦਰੋਂ ਤੋਂ ਹੀ ਛੱਡ ਦਿੱਤਾ ਸੀ। ਅਗਲੇ ਹਫ਼ਤੇ ਸੰਤਾਂ ਨੂੰ ਇਕ ਪ੍ਰਾਈਵੇਟ ਹਸਪਤਾਲ ਵਿਚ ਦਾਖ਼ਲ ਕਰਵਾ ਦਿੱਤਾ। ਉੱਥੇ ਡਾਕਟਰਾਂ ਨੇ ਆਪਣੇ ਖ਼ਿਆਲ ਦੇ ਮੁਤਾਬਕ ਸੰਤਾਂ ਦਾ ਇਲਾਜ ਕੀਤਾ। ਕੋਈ ਵੀ ਫ਼ਰਕ ਨਾ ਪੈ ਸਕਿਆ। ਸਤਿਗੁਰੂ ਜੀ ਦੇ ਹੁਕਮ ਅਨੁਸਾਰ 17 ਭਾਦਰੋਂ ਨੂੰ ਪਰਮ ਪੂਜਯ ਸੀ ਮਾਤਾ ਜੀ ਨੇ ਹਸਪਤਾਲ ਵਿਚ ਸੰਤਾਂ ਨੂੰ ਦਰਸ਼ਨ ਦਿੱਤੇ। ਉਸ ਦਿਨ ਸਭ ਨੂੰ ਪਹਿਚਾਣ ਲੈਂਦੇ ਸੀ। ਸੰਤਾਂ ਨੇ ਮਾਤਾ ਜੀ ਨੂੰ ਹੱਥ ਜੋੜ ਕੇ ਨਮਸਕਾਰ ਕਰਕੇ ਅਰਜ਼ ਕੀਤੀ ਮਾਤਾ ਜੀ ਹੁਣ ਮੇਰੇ ਤੇ ਕ੍ਰਿਪਾ ਕਰੋ। ਮਾਤਾ ਚੰਦ ਕੌਰ ਜੀ ਦਰਸ਼ਨ ਦੇ ਕੇ ਸ੍ਰੀ ਭੈਣੀ ਸਾਹਿਬ ਚਲੇ ਗਏ। ਇਸ ਤੋਂ ਬਾਅਦ ਸੰਤਾਂ ਨੇ ਬਚਨ ਕੀਤਾ ਮੈਨੂੰ ਘਰ ਲੈ ਚਲੋ। 20 ਭਾਦਰੋਂ ਨੂੰ ਸੰਤਾਂ ਨੂੰ ਘਰ ਲੈ ਆਂਦਾ ਸੀ। ਸੰਤ ਘਰ ਆਕੇ ਨਾ ਬੋਲੇ ਤੇ ਨਾ ਹੀ ਕੁਝ ਛੱਕਿਆ। (22 ਭਾਦਰੋਂ, 2043) ਮੁਤਾਬਿਕ 6 ਸਤੰਬਰ 1986 ਨੂੰ ਦਿਨ ਸ਼ਨਿਚਰਵਾਰ ਅੰਮ੍ਰਿਤ ਵੇਲੇ 2 ਵਜ ਕੇ 10 ਮਿੰਟ ਤੇ ਸੰਤ ਗੁਰਪੁਰੀ ਨੂੰ ਸਿਧਾਰ ਗਏ।

ਸੰਤ ਪ੍ਰੀਤਮ ਸਿੰਘ ਜੀ ਦੇ ਸਰੀਰ ਛੱਡਣ ਤੋਂ ਪੰਜ ਦਿਨ ਪਹਿਲਾਂ 17 ਭਾਦਰੋਂ ਨੂੰ ਸੰਤਾਂ ਦੇ ਵੱਡੇ ਲੜਕੇ ਦਰਸ਼ਨ ਸਿੰਘ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦਿੱਲੀ ਦਰਸ਼ਨ ਦੇ ਕੇ ਬਚਨ ਕੀਤਾ ਪ੍ਰੀਤਮ ਸਿੰਘ ਨੇ ਦਰਸ਼ਨ ਸਿੰਘ ਨੂੰ ਮਿਲ ਲਿਆ ਦਰਸ਼ਨ, ਤੂੰ ਪਿਓ ਨੂੰ ਮਿਲ ਲਿਆ ਹੈ? ਤੇ ਤਿੰਨ ਵਾਰ ਇਏ ਬਚਨ ਕਰਕੇ ਸਤਿਗੁਰਾਂ ਆਖਿਆ, ਦਰਸ਼ਨ ਕੋਈ ਹੋਰ ਫੁਰਨਾ ਤਾਂ ਨਹੀਂ। ਦਰਸ਼ਨ ਸਿੰਘ ਨੇ ਆਖਿਆ, ਨਹੀਂ ਸੱਚੇ ਪਾਤਸ਼ਾਹ ਜੀ! ਅੱਛਾ ਮੈਂ ਚਲਿਆ ਹਾਂ। ਇਤਨਾ ਬਚਨ ਕਰਕੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਚਲੇ ਗਏ।

**ਸੇਵਾ ਸਿੰਘ ਜਥੇਦਾਰ**
ਮੰਡੀ (ਹਿਮਾਚਲ ਪ੍ਰਦੇਸ਼)
15-9-86 (31 ਭਾਦਰੋਂ 2043)

## ਸੰਤ ਪ੍ਰੀਤਮ ਸਿੰਘ ਜੀ

**ਧੂੜ ਪਵਿਤਰ ਚਰਨਾਂ ਵਾਲੀ ਦਿਲ ਨੂੰ ਰੋਸ਼ਨ ਕਰਦੀ**
**ਅਖੀਂ ਮਸਤ ਗੁਰਾਂ ਦੀ ਸੱਚੀ ਆਗੂ ਹਨ ਈਸ਼ਵਰ ਦੀ।**

ਅੱਖਾਂ ਵਿਚ ਧੁੰਦ ਹੋਵੇ, ਜਾਲਾ ਹੋਵੇ ਤਾਂ ਚੰਗਾ ਵੇਦ ਦਾ ਤਿਆਰ ਕੀਤਾ ਸੁਰਮਾ, ਨਤਰਾਂ ਦੀ ਰੋਸ਼ਨੀ ਨੂੰ ਨੌ ਬਰ ਨੌ ਕਰ ਦੇਂਦਾ ਹੈ, ਤਿਵੇਂ ਸਾਧੂ ਦੇ ਚਰਨਾਂ ਦੀ ਧੂੜ ਦਿਲ ਨੂੰ ਪ੍ਰਕਾ ਕਰਦੀ ਹੈ। ਅਜੇਹੇ ਮਹਾਂ ਪੁਰਸ਼ ਰੱਬੀ ਜੋਤ ਦੇ ਪ੍ਰਤਿਨਿਧ ਹੁੰਦੇ ਹਨ, ਪਰ ਉਨ੍ਹਾਂ ਨੂੰ ਪਛਾਨਣ ਵਾਸਤੇ ਇਲਾਹੀ ਬਖਸ਼ਸ਼ ਦੀ ਲੋੜ ਪੈਂਦੀ ਹੈ। ਭਲਾ ਕਿਵੇਂ? ਭਾਈ ਗੁਰਦਾਸ ਜੀ ਦੇ ਪਵਿੱਤਰ ਖ਼ਿਆਲ ਇਸ ਦੀ ਪੁਸ਼ਟੀ ਕਰਦੇ ਹਨ। ਉਹ ਕਹਿੰਦੇ ਹਨ ਆਟਾ ਚਿੱਟਾ ਹੁੰਦਾ ਤੇ ਖੰਡ ਵੀ ਚਿੱਟੀ, ਪਰ ਦੁਹਾਂ ਦੇ ਗੁਣਾਂ ਵਿਚ ਅੰਤਰ ਹੈ। ਸੋਨਾ ਪੀਲਾ ਹੁੰਦਾ ਹੈ ਤੇ ਪਿੱਤਲ ਪੀ ਪੀਲਾ, ਪਰ ਮੁੱਲ ਵਿਚ ਜ਼ਮੀਨ ਅਸਮਾਨ ਦਾ ਪਾੜਾ; ਕਾਂ ਤੇ ਕੋਇਲ ਕਾਲੇ ਹੁੰਦੇ ਹਨ, ਪਰ ਕਾਂ ਦੀ ਕਾਂ ਕਾਂ, ਕੰਨਾਂ ਨੂੰ ਖਾਂਦੀ ਹੈ ਤੇ ਕੋਇਲ ਦੀ ਆਵਾਜ਼ ਮੁਹਦੀ ਚਲੀ ਜਾਂਦੀ ਹੈ, ਇਸੇ ਤਰ੍ਹਾਂ ਮਨੁਸ਼ ਏਸ ਕਰਕੇ ਹੱਥ, ਪੈਰ, ਨਕ, ਕੰਨ ਕਰਕੇ ਸਮਾਨ ਹੁੰਦੇ ਹਨ ਪਰ ਬੁੱਧੀ ਕਰਕੇ ਇੱਕ ਰਾਜਾ ਭੋਜ, ਦੂਆ ਗੰਗੂ ਤੇਲੀ। ਤਿਵੇਂ ਸੰਤ ਪ੍ਰੀਤਮ ਸਿੰਘ ਜੀ ਵੇਖਣ ਨੂੰ ਸਧਾਰਨ ਮਨੁੱਖਾਂ ਵਰਗੇ ਸਨ, ਮਗਰ ਗੁਣਾਂ ਕਰਕੇ ਸ਼ਰੋਮਣੀ ਪੁਰਸ਼ ਸਨ, ਕਿਉਂਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਚਰਨ ਛੂਹ ਪ੍ਰਾਤਪ ਕਰਕੇ ਉਹ ਪਾਰਸ ਬਣ ਗਏ ਸਨ। ਜਿਹੜੇ ਮਨੂਰ ਨੂੰ ਵੀ ਚੰਚਲ ਵਿਚ ਬਦਲ ਸਕਣ ਦੀ ਸ਼ਕਤੀ ਦੇ ਮਾਲਿਕ ਸਨ। ਇਨ੍ਹਾਂ ਦੀ ਚਰਨ ਧੂੜੀ ਰੇਖ ਵਿਚ ਮੇਖ ਮਾਰ ਸਕਦੀ ਸੀ। ਉਹ ਵਸਦੇ ਾਵੇ ਧਰਤੀ ਤੇ ਸਨ, ਪਰ ਉਡਾਰੀਆਂ ਅਕਾਸ਼ਾਂ ਵਿਚ ਲਾਂਦੇ ਸਨ।

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਗ੍ਰਿਸਤ ਧਰਮ ਨੂੰ ਵਿਸ਼ੇਸ਼ਤਾ ਬਖਸ਼ੀ। ਸੰਤ ਜੀ ਸਤਿਗੁਰੂ ਜੀ ਦੇ ਪਵਿੱਤਰ ਅਸੂਲਾਂ ਦੇ ਧਾਰਨੀ ਸਨ। ਇਹ ਇਕ ਆਦ੍ਰਿਸ਼ਕ ਗ੍ਰਿਸਤੀ ਸਨ। ਉਨ੍ਹਾਂ ਗ੍ਰਿਸਤ ਧਰਮ ਦੀਆਂ ਜ਼ੁੰਮੇਵਾਰੀਆਂ ਨੂੰ ਪੂਰੀ ਤਰ੍ਹਾਂ ਨਿਭਾਇਆ। ਉਨ੍ਹਾਂ ਦਾ ਵੱਡਾ ਪਰਿਵਾਰ ਸੀ। ਨੂੰਹਾਂ, ਧੀਆਂ, ਪੁੱਤਰ, ਪੋਤਰੇ, ਕੁੜਮ ਕੁੜਮੇਟੇ। ਉਨ੍ਹਾਂ ਦੇ ਚਾਰ ਪੁੱਤਰ ਦਰਸ਼ਨ ਸਿੰਘ, ਦਿਆਲ ਸਿੰਘ, ਸੁਖਦੇਵ ਸਿੰਘ, ਜਸਵੰਤ ਸਿੰਘ ਬੜੇ ਹੋਣਹਾਰ ਹਨ। ਉਹ ਸਦਾ ਆਤਮਿਕ ਮੰਡਲਾਂ ਵਿਚ ਹੁਲਾਰੇ ਲੈਂਦੇ ਸਨ।

ਪੂਰਬਲੇ ਕਰਮਾਂ ਦਾ ਫਲ ਪ੍ਰੀਤਮ ਸਿੰਘ ਜਵਾਨੀ ਵਿਚ ਪੈਰ ਪਾਂਦਿਆਂ ਈ ਗੁਰੂ ਨਾਨਕ ਦੇਵ ਜੀ ਦੀ ਜੋਤ ਦੇ ਮਾਲਿਕ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਭੇਟ ਹੋ ਗਈ ਬਸ ਸੁੱਤੇ ਭਾਗ ਜਾਗ ਪਏ। ਪੂਰਬਲਾ ਕਰਮ ਫਲ

ਲਿਆਇਆ। ਪਹਿਲੇ ਦਰਸ਼ਨਾਂ ਨੇ ਹੀ ਮੂਹਲਿਆਂ। ਸਤਿਗੁਰੂ ਜੀ ਦੀ ਮੂਰਤੀ ਦਿਲ ਅੰਦਰ ਉਤਰ ਗਈ। ਅਰਸ਼ੀ ਝੁਲਕਾਰੇ ਵੱਜਣ ਲੱਗੇ। ਸੰਤ ਘਰ ਹੋਣ, ਬਾਹਰ ਹੋਣ, ਦਿਨ ਹੋਵੇ, ਰਾਤ ਹੋਵੇ, ਹੁਨਾਲ ਹੋਵੇ ਸਿਆਲ ਹੋਵੇ ਸਦਾ ਉਸ ਦਾ ਸਿਮਰਨ ਉਸੇ ਦੀ ਯਾਦ, ਉਸ ਦਾ ਜਾਪਾ। ਜੇ ਸੰਤ ਰਤਨ ਸਿੰਘ ਬ੍ਰਹਮਚਰਜ ਧਾਰਨ ਕਰ ਸਤਿਗੁਰੂ ਜੀ ਦੀ ਸੇਵਾ ਵਿਚ ਲੀਨ ਹੋ ਗਿਆ, ਤਾਂ ਸੰਤ ਪ੍ਰੀਤਮ ਸਿੰਘ ਗ੍ਰਿਸਤ-ਗੱਡੀ ਚਲਾਉਂਦੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਦੀ ਮੌਜ ਮਾਣਦੇ।

ਸੱਚੇ ਪਾਤਸ਼ਾਹ ਨੂੰ ਸੰਗੀਤ ਨਾਲ ਪਿਆਰ ਸੀ। ਸੰਗਤੀ ਦੇ ਵੱਡੇ ਵੱਡੇ ਉਸਤਾਦ ਸਤਿਗੁਰੂ ਜੀ ਨੂੰ ਰਾਗ ਦਾ ਸ਼ਹਿਨਸ਼ਾਹ ਆਖਿਆ ਕਰਦੇ ਸਨ। ਸੰਤਾਂ ਆਪਣੇ ਮਾਹੀ ਨੂੰ ਮੋਹਣ ਹਿਤ ਸ਼ਬਦ ਕੀਰਤਨ ਦਾ ਰਾਹ ਚੁਣਿਆਂ ਕੁਦਰਤ ਨੇ ਆਵਾਜ਼ ਵਿਚ ਵੀ ਰਸ ਭਰਿਆ ਸੀ, ਜਿਸ ਵੇਲੇ ਮੌਜ ਵਿਚ ਅਲਾਪ ਕਰਦੇ ਤਾਂ ਵਾਤਾਵਰਨ ਵਿਚ ਵਜੂਦ ਛਾ ਜਾਂਦਾ। ਕੰਨ ਸੁੱਤੇ ਖਿੱਚੇ ਜਾਂਦੇ, ਦਿਲਾਂ ਵਿਚ ਧਰੂ ਪੈਂਦੀ। ਪੰਛੀ ਵੀ ਚਹਿਕ ਬੰਦ ਕਰ ਕੇ ਪੂਰੇ ਤੋਰ ਤੇ ਸੁਰ ਵਿਚ ਲੀਨ ਹੋ ਜਾਂਦੇ। ਬੁੱਲ੍ਹੇਸ਼ਾਹ ਨੇ ਅਨਾਇਤ ਸ਼ਾਹ ਨੂੰ ਵਸ ਕਰਨ ਖ਼ਾਤਰ ਰਾਗ ਸਿਖਿਆ; ਸ੍ਰੀ ਗੁਰੂ ਅਰਜਨ ਦੇਵ ਜੀ ਮੋਹਣ ਜੀ ਪਾਸੋਂ ਗੁਰੂ ਸਾਹਿਬਾਨ ਦੀ ਬਾਣੀ ਦੀਆਂ ਸੈਚੀਆਂ ਪ੍ਰਾਪਤੀ ਵਾਸਤੇ ਮੋਹਣ ਦੇ ਚੁਬਾਰੇ ਦੇ ਹੇਠਾਂ ਗਲੀ ਵਿਚ ਥੜੇ ਤੇ ਬੈਠ ਕੇ ਦਾਤਾਰ ਵਜਾ ਸ਼ੁਦ ਦੇ ਤੀਰ ਨਾਲ ਘਾਇਲ ਕੀਤਾ; ਤਿਵੇਂ ਸੰਤਾਂ ਅਟੱਲ ਪ੍ਰਤਾਪੀ ਨੂੰ ਰੀਝਾਣ ਖ਼ਾਤਰ ਸ੍ਰੀ ਆਸਾ ਦੀ ਵਾਰ ਯਾਦ ਕਰ ਲਈ ਤੇ ਵਾਰਾ ਲਾਣ ਲੱਗ ਪਏ। ਇੱਕ ਪੰਚਮ ਦੀ ਸੁਰ ਦੂਆ ਭੂਤਾਂ ਪ੍ਰੇਤਾਂ ਨੂੰ ਮੁਕਤਿ ਕਰਨ ਵਾਲੀ ਬਾਣੀ ਤੀਆਂ ਪ੍ਰੀਤਮ ਨੂੰ ਪ੍ਰਸੰਨ ਕਰਨ ਦਾ ਇਸ਼ਕ। ਜਦ ਸੰਤ ਕੀਰਤਨ ਕਰਦੇ ਤਾਂ ਆਪ ਵੀ ਰੰਗ ਜਾਂਦੇ ਤੇ ਸ੍ਰੋਤਿਆਂ ਨੂੰ ਵੀ ਗੁਲਾਲ ਨਾਲ ਲਾਲੋ ਲਾਲ ਕਰ ਦੇਂਦੇ। ਤਾਰਾ ਮੰਡਲ ਵੀ ਨਿਰਤ ਕਰਨ ਲੱਗ ਪੈਂਦਾ।

ਸੰਤਾਂ ਦੇ ਇਸ ਗੁਣ ਨੇ ਸਤਿਗੁਰੂ ਜੀ ਦੇ ਕਿਰਪਾ ਦੇ ਪਾਤਰਾਂ ਦੀ ਮਾਲਾਂ ਵਿਚ ਪ੍ਰਚਣ ਦਾ ਮਾਣ ਮਿਲ ਗਿਆ ਜਦ ਸੱਚੇ ਪਾਤਸ਼ਾਹ ਕੀਰਤਨ ਸੁਣਿਆ ਤਾਂ ਪ੍ਰਸੰਨ ਹੋ ਬਚਨ ਕੀਤਾ, 'ਪ੍ਰੀਤਮ ਸਿੰਘ! ਪੈਸਿਆਂ ਖ਼ਾਤਰ ਕੀਰਤਨ ਨਾ ਕਰੀ। ਕੀਰਤਨ ਕੀਰਤਨ ਦੇ ਆਸ਼ੇ ਨਾਲ ਕਰੀ। ਫਿਰ ਰੰਗ ਫਿੱਕਾ ਨਹੀਂ ਪੈਣ ਲੱਗਾ। ਸਗੋਂ ਦਿਨੋਂ ਦਿਨੀਂ ਸਵਾਇਆ ਹੁੰਦਾ ਜਾਵੇਗਾ।' ਸੰਤਾਂ ਸਤਿ ਬਚਨ ਕਹਿ ਮੱਥਾ ਟੇਕ ਦਿੱਤਾ ਤੇ ਇਹ ਗੱਲ ਪੱਲੇ ਬੰਨ ਲਈ ਲਾਲੀਆਂ ਲੱਗੀਆਂ ਦਗਣ।

ਹੁਣ ਸੰਤ ਘਰ ਹੋਣ, ਬਾਹਰ ਹੋਣ ਵਾਰਾ ਨੇਮ ਨਾਲ। ਸੱਚੇ ਪਾਤਸ਼ਾਹ ਦੀ ਹਜ਼ੂਰੀ ਵਿਚ ਵਾਰਾ ਲੱਗੇ, ਵੱਡੇ ਵੱਡੇ ਮੇਲਿਆਂ ਦਾ ਸਮਾਗਮ ਹੋਵੇ, ਵਾਰਾ ਸੰਤ ਪ੍ਰੀਤਮ ਸਿੰਘ ਦਾ। ਕੁਝ ਸਮੇਂ ਲਾਹੌਰ ਗਏ। ਕੰਮ ਅਰੰਭਿਆ ਦਿਨੇ ਰੰਦਾ

ਤੇਸਾ, ਅੰਮ੍ਰਿਤ ਵੇਲੇ ਸ੍ਰੀ ਆਸਾ ਦੀ ਵਾਰ ਦਾ ਕੀਰਤਨ। ਚੋਪਾਸੀ ਸੁਗੰਧੀ ਫੈਲ ਗਈ, ਕੂਕੇ ਕੀਰਤਨ ਕਰਦੇ ਹਨ, ਪਰ ਪੈਸੇ ਨਹੀਂ ਮੰਗਦੇ।

ਆਮ ਲੋਕਾਂ ਕੀਰਤਨ ਨੂੰ ਵਪਾਰ ਸਣਾਇਆ ਹੋਇਆ। ਕੀਰਤਨ ਦੇ ਪੈਸੇ ਟੁੱਕੇ ਜਾਂਦੇ ਹਨ। ਸੌਦੇਬਾਜ਼ੀ। ਸੌ, ਦੋ ਸੌ, ਪੰਜ ਸੌ, ਜਿੱਥੇ ਬੋਲੀ ਮੁੱਕ ਜਾਵੇ। ਪਰ ਸੰਤਾਂ ਦਾ ਕੀਰਤਨ ਬਾਬੇ ਨਾਨਕ ਦਾ ਕੀਰਤਨ; ਗੁਰੂ ਅਰਜਨ ਦੇਵ ਵਾਲਾ ਕੀਰਤਨ। ਕੀਰਤਨ ਕੇਵਲ ਆਤਮਿਕ ਮੰਡਲਾਂ ਦੀ ਸੈਰ ਸਪਾਟੇ ਖ਼ਾਤਰ। ਜੇ ਕਿਤੋਂ ਚੜਾਵਾ ਆਵੇ ਤਾਂ ਉਹ ਧਰਮ ਸਥਾਨਾਂ ਨੂੰ ਜਾਂ ਸ੍ਰੀ ਭੈਣੀ ਸਾਹਿਬ ਦੇ ਲੰਗਰ ਵਿਚ। ਪੱਲੇ ਮੂਲ ਨਾ ਬੰਨਦੇ ਪੰਛੀ ਤੇ ਦਰਵੇਸ਼। ਪ੍ਰਸ਼ਾਦਾ ਘਰੋਂ ਸਾਈਕਲਾਂ ਜਾਂ ਟੈਕਸੀਆਂ ਦਾ ਕਰਾਇਆ ਆਪਣਾ ਕੀਰਤਨ ਕਰ ਜਲ ਪ੍ਰਸ਼ਾਦ ਛਾਰਿਓ। ਤਾਂ ਕਿਸੇ ਨਾਮਧਾਰੀ ਘਰ ਕੀਰਤਨ ਹੋਵ ਤਾਂ ਆਪਣੇ ਘਰ ਨਿਆਈ। ਜੋ ਮਿਲ ਗਿਆ ਪ੍ਰਵਾਨ। ਭਾਗਾਂ ਨਾਲ ਸੰਤਾਂ ਨੂੰ ਸਾਥੀ ਵੀ ਉਹ ਮਿਲ ਗਏ, ਜਿਹੜੇ ਨਿਰਲਭ, ਨਿਰਛਲ, ਨਿਸ਼ਕਾਮ ਰਸੀਏ, ਸਾਦਿਕ, ਮਾਨਸਰੋਵਰ ਦੇ ਹਮਲੇ ਜਿਨ੍ਹਾਂ ਦੀ ਚੰਗੇ ਸੁੱਚੇ ਮੋਤੀ (1) ਦਿਆਲ ਸਿੰਘ ਲੋਹਾਰਾ, ਭਗਵਾਨ ਸਿੰਘ, ਬਲਵੰਤ ਸਿੰਘ, ਕਿਰਪਾਲ ਸਿੰਘ, ਅਜ਼ੀਤ ਸਿੰਘ ਪੱਦੀ ਖਾਲਸਾ ਮੀਤ ਸਿੰਘ, ਗਿਆਨ ਸਿੰਘ ਭਧਾਣਾ, ਪੂਰਨ ਸਿੰਘ, ਸੋਹਣ ਸਿੰਘ ਤੇ ਬਚਨ ਸਿੰਘ।

ਸੰਤਾਂ ਸਤਿਗੁਰੂ ਜੀ ਦੇ ਹਜ਼ੂਰੀ ਵਿਚ ਹਰ ਹੋਲੇ ਮਹੱਲੇ ਤੇ ਸੰਗਤਾਂ ਨੂੰ ਕੀਰਤਨ ਨਾਲ ਆਤਮਿਕ ਮੰਡਲਾਂ ਦੀ ਸੈਰ ਕਰਾਈ। ਥਾਈਲੈਂਡ ਤੇ ਅਫਰੀਕਾ ਦੇ ਦੌਰਿਆਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਜਦ ਸੱਚੇ ਪਾਤਸ਼ਾਹ ਦੇਹ ਦਾ ਉਹਲਾ ਕਰਨ ਲੱਗੇ ਤਾਂ ਸੰਤ ਪ੍ਰੀਤਮ ਸਿੰਘ ਤੇ ਰਤਨ ਸਿੰਘ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਸਨ। ਨੇਤਰ ਸਦਾ ਸਜਲ। ਪਲ ਭਰ ਚੈਨ ਨਾ ਆਵੇ। ਅੰਤ ਸੱਚੇ ਪਾਤਸ਼ਾਹ ਆਪਣੀ ਰਜ਼ਾ ਨਾਲ 5 ਭਾਦਰੋਂ ਸੰਮਤ 2016 ਨੂੰ ਜੋਤੀ ਜੋਤ ਸਮਾ ਗਏ ਤਾਂ ਇਹ ਦੋਵੇਂ ਭਰਾ ਵੈਰਾਗ ਦੀਆਂ ਛਲਾਂ ਵਿਚ ਗੋਤੇ ਖਾਂਦੇ ਰਹੇ। ਸੰਤ ਰਤਨ ਸਿੰਘ ਨੂੰ ਸਤਿਗੁਰੂ ਜਗਜੀਤ ਸਿੰਘ ਸਾਗਰ ਵਿੱਚੋਂ ਕੱਢ ਆਪਣੀ ਸਾਵੇ ਵਿਚ ਲੈ ਲਿਆ, ਪਰ ਸੰਤ ਸਦਾ ਵੈਰਾਗੀ ਭਗਵਾਨ ਕ੍ਰਿਸ਼ਨ ਦੀਆਂ ਗੋਪੀਆਂ ਵਾਂਗੂ ਬਿਲਕਦੇ ਤੇ ਜੋਦੜੀਆਂ ਕਰਦੇ।

ਘਰ ਵਿਚ ਕੋਈ ਸੰਬੰਧੀ ਆਵੇ ਜਾਂ ਕੋਈ ਪਿਆਰਾ ਮਿੱਤਰ ਉਨ੍ਹਾਂ ਨਾਲ ਕੋਈ ਹੋਰ ਵਾਰਤਾ ਨਹੀਂ; ਹਟਕੋਰੇ ਭਰਦਿਆਂ ਸਤਿਗੁਰੂ ਜੀ ਦੀ ਵਾਰਤਾ ਉਨ੍ਹਾਂ ਦੇ ਮਿੱਠੇ ਬਚਨ। ਲੇਖਕ ਸੰਤ ਰਤਨ ਸਿੰਘ ਦੀ ਵਾਰਤਾ ਸੰਤਾਂ ਪਾਸੋਂ ਫਗਵਾੜੇ ਸੁਣਨ ਗਿਆ। ਆਵਾਜ਼ ਦਿੱਤੀ। ਸੰਤ ਸੁਣਦਿਆਂ ਈ ਮਸਤਾਨੇ ਹੋ ਗਏ। ਘੁੱਟ ਕੇ ਮਿਲੇ। ਸਤਿਗੁਰੂ ਪ੍ਰਤਾਪ ਸਿੰਘ ਜੀ ਬਾਰੇ ਨਾਨ-ਸਟਾਪ-ਕਥਾ ਅਰੰਭ ਹੋ ਗਈ। ਵੈਰਾਗ ਦਾ ਹੜ ਆ ਗਿਆ। ਸਾਰਾ ਦਿਨ ਅੰਮ੍ਰਿਤ ਕਥੋ ਟੁਰਨ ਲੱਗਿਆ। ਇੱਕ ਦਸਤਾਰ ਅਤੇ 51 ਰੁਪਏ ਲਿਆ ਰਖੇ। ਲੇਖਕ ਨੇ ਦਸਤਾਰ ਤਾਂ ਪ੍ਰਵਾਨ ਕਰ ਲਈ। ਮਾਇਆ ਸੰਤਾਂ ਦੇ ਚਰਨਾਂ ਵਿਚ ਰੱਖ ਦਿੱਤੀ। ਖ਼ਾਸ

ਗਲ ਜਿਹੜੀ ਵਰਨਣ ਕਰਨ ਵਾਲੀ ਏ ਕਿ ਸੰਤਾਂ ਜਿਨਾਂ ਸਮਾਂ ਕੀਰਤਨ ਕੀਤਾ ਨਿਰਛਿੱਕ, ਨਿਰਲੋਭ ਨਿਸ਼ਕਾਮ।

ਸੰਤ ਸਭ ਕੁਝ ਸਤਿਗੁਰਾਂ ਦਾ ਸਮਝਦੇ ਸਨ। ਕੁਝ ਸਮਾਂ ਹੋਇਆ ਸਤਿਗੁਰੂ ਜਗਜੀਗਤ ਸਿੰਘ ਸੰਤਾਂ ਦੇ ਘਰ ਚਰਨ ਪਾਏ। ਪਰਿਵਾਰ ਨੂੰ ਲਾਲੀਆਂ ਚੜ ਗਈਆਂ। ਸੱਚੇ ਪਾਤਸ਼ਾਹ ਬਚਨ ਕੀਤਾ 'ਸੰਤ ਜੀ! ਇੱਕ ਪੁੱਤਰ ਸਾਨੂੰ ਦਿਓ।' ਸੰਤਾਂ ਸੋਚ ਨਹੀਂ ਕੀਤੀ। ਕਿਸੇ ਦੀ ਸਲਾਹ ਨਹੀਂ ਜਿਸਨੂੰ ਮਰਜ਼ੀ ਹੈ ਲੈ ਜਾਓ' ਸੱਚੇ ਪਾਤਸ਼ਾਹ ਦਿਆਲ ਸਿੰਘ ਵਲ ਇਸ਼ਾਰਾ ਕਰ ਦਿੱਤਾ ਤੇ ਨਾਲ ਹੀ ਇਹ ਵੀ ਬਚਨ ਕੀਤਾ। ਹਲਕਾ ਫੁਲਕਾ, ਚੰਗਾ ਕੰਮ ਦੇਵੇਗਾ।' ਉਸ ਸਮੇਂ ਤੋਂ ਦਿਆਲ ਸਿੰਘ ਸਤਿਗੁਰਾਂ ਦੀ ਸੇਵਾ ਵਿਚ ਹਾਜ਼ਰ ਰਹਿੰਦਾ ਹੈ। ਵੱਡੇ ਵੱਡੇ ਹੋਲੇ ਮੁਹੱਲੇ ਦਾ ਪ੍ਰਬੰਧ ਦਿਆਲ ਜੀ ਦੇ ਜ਼ੁੰਮੇ। ਉਹ ਚਾਉ ਨਾਲ ਕਰਦਾ ਹੈ। ਸਤਿਗੁਰੂ ਜੀ ਦੀਆਂ ਖ਼ੁਸ਼ੀਆਂ ਲੇ ਰਿਹਾ ਹੈ।

ਲੇਖਕ ਜਿਨਾਂ ਸਮਾਂ ਸੰਤਾਂ ਕੋਲ ਰਿਹਾ ਬਿਨਾਂ ਸਤਿਗੁਰਾਂ ਦੇ ਬਚਨਾਂ ਤੇ ਕੋਈ ਗੱਲ ਨਾ ਕੀਤੀ। ਜਦ ਸੰਤ ਪਾਸੋਂ ਵਿਧਾਇਗੀ ਮੰਗੀ ਤਾਂ ਸੰਤਾਂ ਦੇ ਨੇਤਰ ਸਜਲ ਹੋ ਗਏ ਤੇ ਕਹਿਣ ਲੱਗੇ 'ਚੰਗਾ! ਜਾਂਦੇ ਜਾਂਦੇ ਮੇਰੀ ਸੰਥਾ ਸੁਣ ਜਾਓ, ਲਿਆ ਦਿਆਲ ਵਜਾਜ। ਬੁਲਾ ਮੁੰਡਿਆਂ ਨੂੰ। ਵਾਜਾ ਸ਼ੁਰੂ ਕੀਤਾ ਤਾਂ ਸੰਤਾਂ ਭਾਰੇ ਦਿਲ ਨਾਲ ਇਹ ਸ਼ਬਦ ਪੜ੍ਹਿਆ:-

**ਹਿਉ ਅਪਰਾਧੀ ਗੁਨਹਾਗਾਰ ਹਉ ਬੇਮੁਖ ਮੰਦਾ।**
**ਚੋਰੁ ਜਾਰੁ ਜੁਆਰਿ ਅਉ ਪਰ ਘਰ ਜੋਹੰਦਾ।**
**ਨਿੰਦਕੁ ਦੁਸ਼ਟੁ ਹਰਾਮਖੋਰ ਠਗੁ ਦੇਸ ਠਗੀਦਾ।**
**ਕਾਮ ਕਰੋਧੁ ਮਧੁ ਲੋਭੁ ਮੋਹ ਅਹੰਕਾਰ ਕਰਦਾ।**
**ਬਿਸਾਸਘਾਤੀ ਅਕਿਰਤਘਨ ਮੈਜ ਕੋ ਨ ਰਖੰਦਾ।**
**ਸਿਮਰਿ ਮੁਰਾਦਾ ਢਾਢੀਆ ਸਤਿਗੁਰੂ ਬਖਸੰਦਾ।**

ਸਿੱਖ ਧਰਮ ਵਿਚ ਕਰਾਮਾਤ ਦੀ ਆਗਿਆ ਨਹੀਂ। ਇਹ ਚਮਤਕਾਰ ਅਭਮਾਨ ਪੈਦਾ ਕਰ ਦੇਂਦੇ ਹਨ ਤੇ ਜਗਿਆਸੂ ਉਤਾਂ ਨੂੰ ਹੰਭਲੀਆਂ ਮਾਰਨ ਦੀ ਬਜਾਏ, ਹੇਠਾਂ ਵਲ ਰਿੜਨ ਲੱਗ ਪੈਂਦਾ ਹੈ, ਪਰ ਕਈ ਵੇਰ ਭਜਨ ਬੰਦਗੀ ਕਰਨ ਵਾਲਿਆਂ ਦੇ ਮੂੰਹੋਂ ਸ਼ਬਦ ਤੁਰੰਤ ਅਸਰ ਦਿਖਾਂਦੇ ਹਨ। ਉਨ੍ਹਾਂ ਦੇ ਨੇਤਰਾਂ ਵਿਚ ਅੰਮ੍ਰਿਤ, ਰਸਨਾ ਤੇ ਸੁਰਸਤੀ। ਸੰਤ ਜਿਹੜੀ ਵੀ ਕਿਸੇ ਦੁਖੀਏ ਖ਼ਾਤਰ ਅਰਦਾਸ ਕਰਦੇ ਹਨ ਉਹ ਪ੍ਰਵਾਨ ਹੋ ਜਾਂਦੀ ਹੈ। ਪਰ ਸੰਤ ਕਦੇ ਜਵਾਂਦੇ ਨਹੀਂ। ਕੁਝ ਕੁ ਉਨ੍ਹਾਂ ਦੀਆਂ ਅਰਦਾਸਾਂ ਦੇ ਫਲ ਪਾਠਕਾਂ ਦੀ ਸੇਵਾ ਵਿਚ ਅਰਪਨ ਕੀਤੇ ਜਾਂਦੇ ਹਨ।

ਹਰਬੰਸ ਸਿੰਘ ਬਾਲੇ ਕੇ ਨੂੰ ਮਿਰਗੀ ਪੈਂਦੀ ਸੀ। ਉਸਨੇ ਘਰ ਵਰਨੀ ਕੀਤੀ, ਮਿਰਗੀ ਜਾਂਦੀ ਨਹੀਂ ਦਿੱਸੀ।

ਇਸੇ ਤਰ੍ਹਾਂ ਕਿਲ੍ਹਾ ਗੁਜਰ ਸਿੰਘ ਦੇ ਚੌਕ ਲਾਗੇ ਠੇਕੇਦਾਰ ਹੁਕਮ ਚੰਦ ਰਹਿੰਦਾ ਸੀ। ਉਸਦੇ ਕੰਮ ਨੂੰ ਵੇਖਣ ਵਾਲਾ ਇੱਕ ਮੁਸਲਮਾਨ ਇੰਸਪੈਕਟਰ

ਸੀ। ਉਹ ਨਾਮਰਦੀ ਦਾ ਸ਼ਿਕਾਰ ਸੀ। ਠੇਕੇਦਾਰ ਨੇ ਉਸ ਇੰਸਪੈਕਟਰ ਵਾਸਤੇ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿਚ ਅਰਜ਼ ਕੀਤੀ। ਸੱਚੇ ਪਾਤਸ਼ਾਹ ਸੰਤ ਪ੍ਰੀਤਮ ਸਿੰਘ ਪਾਸੋਂ ਰੋਗ ਨਵਿੱਰਤੀ ਵਾਸਤੇ ਅਰਦਾਸ ਕਰਾਈ ਤੇ ਨਾਲ ਈ ਰਤਨ ਪਾਸੋਂ 24 ਗੋਲੀਆਂ ਦਵਾਈਆਂ। ਪੰਦਰ੍ਹਾਂ ਗੋਲੀਆਂ ਨਾਲ ਈ ਨਿਪੁੰਸਕਤਾ ਜਾਂਦੀ ਨਹੀਂ ਲੱਭੀ। ਇੰਸਪੈਕਟਰ ਇਤਨਾਂ ਰਾਜ਼ੀ ਹੋਇਆ ਕਿ ਮਾਲ ਪਾਸ ਕਰਨ ਾਲੀ ਮੋਹਰ ਈ ਸੰਤਾਂ ਦੇ ਹਵਾਲੇ ਕਰ ਦਿੱਤੀ। ਪਰ ਸੰਤਾਂ ਪੂਰੀ ਇਮਾਨਦਾਰੀ ਨਾਲ ਮਾਲ ਤਿਆਰ ਕਰ 600 ਰੀਜੈਕਟ ਅਲਮਾਰੀਆਂ ਵੀ ਪਾਸ ਕਰਵਾ ਲਈਆਂ। ਠੇਕੇਦਾਰ ਵੀ ਖ਼ੁਸ਼ ਤੇ ਇੰਸਪੈਕਟਰ ਵੀ ਰਾਜ਼ੀ। ਠੇਕਾਦਾਰ ਸਤਿਗੁਰਾਂ ਲੰਗਰ ਕੀਤਾ ਤੇ ਮਾਹਿਆ ਵੀ ਭੇਟ ਕੀਤੀ।

ਅਰਜਨ ਨਗਰ ਦਾ ਇਕ ਹਿੰਦੂ ਸੱਜਣ ਸੰਤਾਂ ਕਕੋਲ ਆਇਆ ਤੇ ਅਰਜ਼ ਕੀਤੀ, 'ਜੀ ਮੈਂ ਵਾਰਾ ਲਗਵਾਣਾ ਚਾਹੁੰਦਾ ਹਾਂ। ਮੈਂ ਬਹੁਤੀ ਮਾਇਅਆ ਨਹੀਂ ਦੇ ਸਕਦਾ। ਰਾਗੀ ਬਹੁਤ ਪੈਸੇ ਮੰਗਦੇ ਹਨ। ਕੀਰਤਨ ਦੇ ਆਸ਼ਿਕ ਨੇ ਕਿਹਾ ਵਾਰ ਅਸੀਂ ਲਾ ਦਿਆਂਗੇ। ਪੈਸੇ ਭਾਵੇਂ ਨਾ ਦੇਵੀਂ। ਉਸ ਸੱਜਣ ਨੇ ਦੋ ਬੱਘੀਆਂ ਭੇਜ ਜਥੇ ਨੂੰ ਮੰਗਵਾਇਆ। ਬੜਾ ਪ੍ਰਸੰਨ ਹੋਇਆ ਪਰ ਆਪਣੀ ਮੌਜ ਨਾਲ 101/- ਤੇ ਪੱਗ ਮੱਥਾ ਟੇਕਿਆ। ਸੱਚੇ ਪਾਤਸ਼ਾਹ ਰੇਸ ਵੇਖਣ ਦਾ ਸ਼ੌਕ ਰੱਖਦੇ ਸਨ। ਉਸ ਹਿੰਦੂ ਸੱਜਣ ਨੂੰ ਸੱਚੇ ਪਾਤਸ਼ਾ ਦੇ ਆਉਣ ਦਾ ਪਤਾ ਲੱਗਾ। ਉਹ ਸਾਰੇ ਪਰਿਵਾਰ ਨੂੰ ਨਾਲ ਲੈ ਦਰਸ਼ਨਾਂ ਨੂੰ ਗਿਆ। ਸੱਚੇ ਪਾਤਸ਼ਾਹ ਜੀ ਦੇ ਘੋੜਿਆਂ ਤੇ ਚੜ੍ਹਿਆ ਦੇ ਦਰਸ਼ਨ ਕੀਤੇ ਅਤੇ ਮਸਤਾਨਾ ਹੋ ਗਿਆ। ਪੁੱਤਰਾਂ ਨੂੰ ਕਿਹਾ ਬਚਿਓ ਧਿਆਨ ਲਾਕੇ ਵੇਖੋ ਇਹ ਗੁਰੂ ਹਰਗੋਬਿੰਦ ਜੀ ਦੇ ਦਰਸ਼ਨ ਨਹੀਂ ਹੋ ਰਹੇ ਚਰਨਾਂ ਤੇ 101/- ਤੇ ਦਸਤਾਰ ਰੱਖ ਮੱਥਾ ਟੇਕਿਆ।

ਸੁਰੈਣ ਸਿੰਘ ਲਾਹੌਰੀ ਦੇ ਘਰ ਕੋਈ ਪੁੱਤਰ ਨਹੀਂ ਸੀ ਲੜਕੀਆਂ ਈ ਸਨ। ਸੁਰੈਣ ਸਿੰਘ ਨੇ ਸੰਤਾਂ ਦੀ ਸੇਵਾ ਵਿਚ ਅਰਜ਼ ਕੀਤੀ। ਸੰਤਾਂ ਕਿਹਾ ਸੱਚੇ ਪਾਤਸ਼ਾਹ ਦੇ ਚਰਨਾਂ ਵਿਚ ਅਰਜ਼ ਕਰਾਂਗੇ। ਸੱਚੇ ਪਾਤਸ਼ਾਹ ਚਰਨ ਪਾਏ। ਸੱਚੇ ਪਾਤਸ਼ਾਹ ਨੇ ਬਚਨ ਕੀਤਾ ਬੀਬੀਚ ਨੂੰ ਪ੍ਰਸ਼ਾਦ ਦਿਓ ਉਸ ਵੇਲੇ ਕੇਲੇ ਵਰਤ ਰਹੇ ਸਨ। ਸੰਤਾਂ ਕੇਲੇ ਦਿੱਤੇ ਤਾਂ ਬੀਬੀ ਨੇ ਲੈਣੋ ਸਿਰ ਫੇਰ ਦਿੱਤਾ, ਪਰ ਸੱਚੇ ਪਾਤਸ਼ਾਹ ਕਿਹਾ ਬੀਬੀ ਕੇਲੇ ਲੈਣੇ ਪੈਣਗੇ। ਬੀਬੀ ਕੇਲੇ ਲੈ ਤਾਂ ਲਏ ਪਰ ਮੂੰਹ ਵੱਟ ਕੇ। ਪਰ ਇਸ ਵੇਰ ਵੀ ਲੜਕੀ ਹੋਈ। ਉਸ ਤੋਂ ਉਪਰੰਤ ਲੜਕਿਆਂ ਦੀ ਮੇਹਰ ਹੋਈ। ਸੁਰੈਣ ਸਿੰਘ ਸਾਧ ਸੰਗਤ ਦੇ ਘਰ ਚਰਨ ਪਵਾਏ ਤੇ ਸੇਵਾ ਕਰਕੇ ਖ਼ੁਸ਼ੀਆਂ ਲਈਆਂ।

ਸੰਤਾਂ ਲਾਹੌਰ ਦੇ ਲਗਪਗ ਸਾਰੇ ਸਿੰਘ ਸਭਾ ਦੇ ਗੁਰਦੁਆਰਿਆਂ ਵਿਚ ਕੀਰਤਨ ਕੀਤਾ। ਜਿਹੜੀ ਮਾਇਆ ਚੜੀ ਉਹ ਮਾਇਆ ਮੁੜ ਪ੍ਰੰਧਕਾਂ ਦੇ ਹਵਾਲੇ ਜਾਂ ਸ੍ਰੀ ਭੈਣੀ ਸਾਹਿਬ ਦੇ ਲੰਗਰ 'ਚ। ਸੰਤਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਵਿੱਤਰ ਉਪਦੇਸ਼ ਅਥਵਾ ਬਚਨ ਸੁਣਾ ਸੁਣਾ ਸ੍ਰੋਤਿਆਂ ਨੂੰ ਗੁਣਵਾਨ ਬਣਾਇਆ ਕਰਦੇ ਸਨ।

(ੳ) ਸ੍ਰੀ ਗੁਰੂ ਨਾਨਕ ਦੇਵ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਅਸਲ ਨਾਓ ਵਾ+ਹਿ-ਗੁਰੂ ਹੈ, ਬਾਕੀ ਨਾਉ ਸੰਸਾਰੀਆਂ ਵਾਸਤੇ ਹਨ। ਇਹਨਾਂ ਚਾਰ ਅੱਖਰਾਂ ਨਾਲ ਦੋਸਤੀ ਪਾਓ।

(ਅ) ਘਰ ਬੈਠ ਕੇ ਭਜਨ ਕਰੋ। ਜਿਹੜੇ ਪੁਰਸ਼ ਸਾਧਾਂ ਦੇ ਭੇਸ ਵਿਚ ਰਹਿੰਦੇ ਹਨ, ਪਰ ਭਜਨ ਬਾਣੀ ਨਹੀਂ ਕਰਦੇ, ਉਹ ਪੰਛੀ ਬਣਨਗੇ।

(ੲ) ਸਾਧਾਂ ਨੂੰ ਜ਼ਨਾਨੀਆਂ ਮਾਰ ਸੁਟਿਆ, ਲੱਤਾਂ ਘੁਟਾ ਘੁਟਾ।

(ਸ) ਕੀਰਤਨ ਪੈਸਿਆਂ ਖ਼ਾਤਰ ਨਾ ਕਰੋ। ਸਵਾਰ ਉਨ੍ਹਾਂ ਚਿਰ ਤਕ ਹੈ ਜਿੰਨਾਂ ਚਿਰ ਲਾਲਚ ਨਹੀਂ। ਲੋਭ ਆਉਣ ਨਾਲ ਸਵਾਦ ਨਹੀਂ ਰਹਿੰਦਾ।

(ਹ) ਨਾਮ ਮੋਤੀਆਂ ਦੀ ਖਾਣ ਹੈ ਤੇ ਕੀਰਤਨ ਨਿਰਮੋਲਕ ਹੀਰਾ।

ਇਨ੍ਹਾਂ ਨੂੰ ਵੱਧ ਤੋਂ ਵੱਧ ਇਕੱਤਰ ਕਰੋ। ਫਿਰ ਕਿਸੇ ਦਾਤ ਦੀ ਥੁੜ ਨਹੀਂ ਆਵੇਗੀ।

ਸੰਤ ਜੀ ਅੰਤ ਸਮੇਂ ਤਕ ਮਾਹੀ ਦੇ ਕੀਰਨੇ ਪਾਂਦਿਆਂ 22 ਭਾਦਰੋਂ 2043 ਅੰਮ੍ਰਿਤ ਵੇਲੇ 2 ਵਜ ਕੇ 20 ਮਿੰਟ ਤੇ ਇਸ ਸੰਸਾਰ ਤੋਂ ਵਿਦਾ ਹੋਏ। ਉਨ੍ਹਾਂ ਦੀ ਜੀਵ-ਆਤਮਾ ਉਡਾਰੀ ਮਾਰ ਗਗਨਾਂ ਵਲ ਹੋਰ ਅਗਾਂਹ ਹੋਰ ਉਤਾਂਹ, ਆਕਾਸ਼ਾਂ ਤੋਂ ਪਰ੍ਹੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਤੇ ਜਾ ਸੀਸ ਨਵਾਇਆ। ਪਿੱਛੇ ਮਿੱਟੀ ਨਾਲ ਮਿੱਟੀ, ਪੌਣ ਨਾਲ ਪੌਣ ਤੇ ਪਾਣੀ ਨਾਲ ਪਾਣੀ ਤੇ ਅੱਗ ਨਾਲ ਅੱਗ ਆਕਾਸ਼ ਨਾਲ ਮਿਲ ਗਿਆ। ਉਨ੍ਹਾਂ ਦੀ ਯਾਦ ਵਿਚ ਸਤਿਗੁਰੂ ਜਗਜੀਤ ਸਿੰਘ ਦੀ ਹਜ਼ੂਰੀ ਵਿਚ 26-9-86 ਸ੍ਰੀ ਭੈਣੀ ਮੇਲਾ ਹੋਇਆ। ਸਾਰਾ ਦਿਨ ਕੀਰਤਨ ਕਰਦਿਆਂ ਗੁਜ਼ਰਿਆ 9 ਪਾਠਾਂ ਦੇ ਭੋਗ ਪਾਏ ਗਏ। ਸਾਰੇ ਪਰਿਵਾਰ ਨੇ ਹਰ ਪ੍ਰਕਾਰ ਦੀ ਸੇਵਾ ਕੀਤੀ ਸਚੇ ਪਾਤਸ਼ਾਹ ਦੀਆਂ ਖ਼ੁਸ਼ੀਆਂ ਦੇ ਪਾਤਰ ਬਣੇ। ਸੰਗਤਾਂ ਪਿਆਰਾ ਪ੍ਰੀਤਮ, ਪਿਆਰਾ ਪ੍ਰਤੀਮ ਗਾਉਂਦਿਆਂ ਘਰਾਂ ਨੂੰ ਮੁੜੀਆਂ।

**ਮਾਸਟਰ ਨਿਹਾਲ ਸਿੰਘ**, ਦਿੱਲੀ

## ਪੰਡਿਤ ਗੋਪਾਲ ਸਿੰਘ

ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਅਨਿੰਨ ਭਗਤ, ਜਾਗਦੀ ਜੋਤ ਹਾਜ਼ਰ ਨਾਜ਼ਰ ਮਲਾਹ ਦਾ ਫਰਮ ਬਰਦਸ ਸਵੱਛ ਬੁਧ, ਸੋਹਣਾ ਸੁਨੱਖਾ ਲੰਮਾ ਉੱਚਾ, ਚਿਹਰੇ ਤੇ ਜਲਾਲ ਪੁਰ ਕਸ਼ਸ਼ ਨੇਤਰ ਰਸਨਾ 'ਚ ਜਾਦੂ, ਮਹਾਨ ਬਿਦਵਾਨ, ਜਿਨ੍ਹਾਂ ਜੀਵਨ ਭਰ ਸੱਚਮੁੱਚ ਤੇ ਧਰਮ ਦਾ ਉਪਦੇਸ਼ ਦੇਂਦਿਆਂ ਹਜ਼ਾਰਾਂ ਨਰ-ਨਾਰੀਆਂ ਤੋਂ ਮਾਸ, ਸ਼ਰਾਬ ਅਤੇ ਸਿਨਮਾ ਆਦਿ ਛੁਡਾ ਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਜਹਾਜ਼ ਚੜਾਇਆ। ਇਹ ਹਨ ਪੰਡਿਤ ਗੋਪਾਲ ਸਿੰਘ ਜੀ, ਸਪੁੱਤਰ ਪੰਡਿਤ ਨੱਥੂ ਰਾਮ, ਮਾਤਾ ਮਾਲਣ, ਪਿੰਡ ਬਸਰਾ ਸ਼ਾਮੇਵਾਲ; ਜ਼ਿਲ੍ਹਾ ਸਿਆਲਕੋਟ ਜਿਨ੍ਹਾਂ ਦਾ ਜਨਮ 1918 ਵਿਚ ਹੋਇਆ।

ਇਹ ਬਚਪਨ ਤੋਂ ਹੀ ਤੀਖਣ ਬੁੱਧੀ, ਚੁਸਤ, ਹਾਜ਼ਰ ਜਵਾਬ, ਹੋਣਹਾਰ ਸਨ। ਸਾਧੂ ਮਹਾਤਮਾ ਘਰ ਆਇਆ ਕਰਦੇ ਸਨ। ਇਕ ਵੇਰ ਘਰ ਵਿਚ ਭਗਵੇ ਕੱਪੜਿਆਂ ਵਾਲੇ ਸਾਧੂ ਆਏ। ਉਨ੍ਹਾਂ ਸਾਧਾਂ ਓਅੰ ਸੋਹੰ ਦਾ ਜਾਪ ਜੱਪਣ ਦੀ ਪ੍ਰੇਰਨਾ ਦਿੱਤੀ।

ਇਨ੍ਹਾਂ ਦੇ ਪਿਤਾ ਛੋਟੀ ਉਮਰ ਵਿਚ ਹੀ ਚੜ੍ਹਾਈ ਕਰ ਗਏ। ਇਨ੍ਹਾਂ ਦਾ ਪਾਲਣ ਪੋਸਣ ਇਨ੍ਹਾਂ ਦੇ ਭਰਾ ਜਗਨ ਨਾਥ ਨੇ ਕੀਤਾ। ਉਨ੍ਹਾਂ ਨੇ ਇਨ੍ਹਾਂ ਨੂੰ ਮਦਰਸੇ ਪੜ੍ਹਨੇ ਬਠਾਇਆ। ਪਰ ਇਨ੍ਹਾਂ ਦੀ ਰੁਚੀ ਧਰਮ ਪਾਸੇ ਹੋਣ ਕਾਰਨ ਗੀਤਾ ਦਾ ਪਾਠ ਕਰਦੇ ਮਦਰਸੇ ਜਾਂਦੇ। ਓਅੰ ਸੋਹੰ ਦਾ ਪਾਠ ਵੀ ਇਨ੍ਹਾਂ ਦੀ ਰਸਨਾ ਤੇ ਰਹਿੰਦਾ। ਰਾਤ ਨੂੰ ਸੁਤਿਆ ਪਿਆ ਡਰਾਉਣੇ ਸੁਪਨੇ ਆਉਂਣੇ। ਡਾਇਣਾਂ ਵਖਾਈ ਦੇਣੀਆਂ। ਕਈ ਵੇਰ ਹਿਕ ਤੇ ਆ ਬਹਿੰਦੀਆਂ। ਸੁਪਨੇ ਵਿਚ ਓਅੰ ਸੋਹੰ ਦਾ ਜਾਪ ਕਰਨਾ, ਪਰ ਇਨ੍ਹਾਂ ਦੇ ਮੂੰਹੋਂ ਜਦ ਵਾਹਿਗੁਰੂ ਸ਼ਬਦ ਨਿਕਲਣਾ ਤੇ ਉਨ੍ਹਾਂ ਭੂਤਾਂ ਪ੍ਰੇਤਾਂ ਨੌ ਦੌ ਗਿਆਰ੍ਹਾਂ ਹੋ ਜਾਣਾ। ਇਨ੍ਹਾਂ ਹੈਰਾਨ ਹੋਣਾ ਕਿ ਜਦ ਓਅੰ ਸੋਹੰ ਦਾ ਜਾਪ ਕਰਦਾ ਹਾਂ, ਤਾਂ ਕੋਈ ਲਾਭ ਨਹੀਂ। ਜਦ ਸਿੱਖਾਂ ਦਾ ਮੰਤਰ ਪੜ੍ਹਦਾ ਹਾਂ ਤਾਂ ਭੂਤਨੇ ਚੜ੍ਹੇਲਾਂ ਨੱ ਜਾਂਦੇ ਹਨ।

ਇਨ੍ਹਾਂ ਦੀ ਉਮਰ ਲਗਪਗ 10 ਵਰ੍ਹਿਆਂ ਦੀ ਹੋਵੇਗੀ ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਬਸਰਾਈ ਚਰਨ ਪਾਏ। ਸੰਗਤਾਂ ਦੀ ਗਹਿਮਾ ਗਹਿਮ ਹੋ ਗਈ। ਸੰਗਤ ਭਗਤ ਸਿੰਘ ਤੇ ਹੋਰ ਪ੍ਰਚਾਰਕ ਵੀ ਸੰਗਤਾਂ ਨੂੰ ਨਿਹਾਲ ਕਰ ਰਹੇ ਸਨ।

ਸੰਤ ਭਗਤ ਸਿੰਘ ਜੀ ਉਹ ਗੁਰਮੁਖ ਪਿਆਰੇ ਤੇ ਪ੍ਰਚਾਰਕ ਹੋਏ ਹਨ, ਜਿਨ੍ਹਾਂ ਗੁਰੂ ਹਰੀ ਸਿੰਘ ਤੋਂ ਵਰ ਪ੍ਰਾਪਤ ਕਰਕੇ ਵੀ ਸਤਿਗੁਰੂ ੍ਰਤਾਪ ਸਿੰਘ ਜੀ

ਤੇ ਗੁਰੂ ਹਰੀ ਸਿੰਘ ਜੀਨੀ ਸ਼ਰਧਾ ਰੱਖੀ ਨਹੀਂ ਤਾਂ ਕਈ ਸਿੱਖ ਪਹਿਲੇ ਗੁਰੂ ਤੋਂ ਅਗਲੇ ਗੁਰੂ ਜੀ ਤੇ ਘੱਟ ਹੀ ਸ਼ਰਧਾ ਲਿਆਉਂਦੇ ਹਨ। ਇਹ ਗੁਰੂ ਨਾਨਕ ਸਮੇਂ ਤੋਂ ਚਲੀ ਆਉਂਦੀ ਹੈ, ਪਰ ਸੰਤ ਭਗਤ ਸਿੰਘ ਜੀ ਦੀ ਉੱਨਤੀ ਸ਼ਰਧਾ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਸੀ ਜਿਤਨੀ ਗੁਰੂ ਹਰੀ ਸਿੰਘ ਜੀ ਤੇ।

ਸੰਤ ਭਗਤ ਸਿੰਘ ਤੇ ਗੁਰੂ ਹਰੀ ਸਿੰਘ ਜੀ ਦੀਆਂ ਬੜੀਆਂ ਖ਼ੁਸ਼ੀਆਂ ਸਨ। ਉਹ ਨਾਮਧਾਰੀ ਪੰਥ ਦਾ ਧੜੱਲੇਦਾਰ ਪ੍ਰਚਾਰਕ ਸਨ। ਉਨ੍ਹਾਂ ਤੇ ਸੰਤ ਮੰਗਲ ਸਿੰਘ ਜੀ ਦਾ ਗੂੜਾ ਪਿਆਰ ਸੀ। ਉਨ੍ਹਾਂ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਚਾਰ ਕੀਤਾ ਜਦ ਵਿਰੋਧੀ ਧਿਰ ਨਾਮਧਾਰੀਆਂ ਵਿਰੁੱਧ ਤਲਵਾਰਾਂ ਤੇ ਗੰਡਾਸੀਆਂ ਚੁੱਕੀ ਫਿਰਦੇ ਸਨ। ਇਨ੍ਹਾਂ ਦਾ ਚਾਚਾ ਭਗਤ ਰਾਮ ਜੀ ਚੰਗੇ ਕਵੀ ਸਨ। ਉਨ੍ਹਾ ਕਵਿਤਾ ਤਿਆਰ ਕੀਤੀ ਹੋਈ ਸੀ, ਪੰਡਿਤ ਜੀ ਬੜੇ ਚਾ ਨਾਲ ਕਵਿਤਾ ਸੁਣਾਈ। ਕਵਿਤਾ ਸੀ:-

**ਸ੍ਰੀਮਾਨ ਮਹਾਰਾਜ ਗੁਰੂ ਪ੍ਰਤਾਪ ਸਿੰਘ ਜੀ ਨੂੰ**
**ਮੇਰੀ ਬੰਦਨਾ ਜੋ ਰੂਪ ਨਿਰੰਕਾਰ ਦਾ**
**ਸੁੰਦਰ ਸਰੂਪ, ਰੂਪ ਮੂਰਤੀ ਅਨੂਪ ਸੀ**
**ਚੌਧਵੀ ਦੀ ਰਾਤ ਜਿਵੇਂ ਚੰਨ ਪ੍ਰਵਾਰ ਦਾ**
**ਚਾਨਨ ਜਹਾਨ ਵਿਚ ਹੋਇਆ ਦੂਰ ਅੰਧਘੋਰ**
**ਦਸਿਆ ਨਜਾਰਾ, ਸਾਰਾ ਖੇਲੇ ਕਰਤਾਰ ਦਾ**
**ਕਹਿਤ ਭਗਤ ਰਾਮ ਨਾਮ ਜਪ ਕੇ ਗੋਬਿੰਦ ਜੀ ਦਾ**
**ਚੀਨੀ ਵਾਲ ਗੁਰੂ ਅੱਗੇ ਬੰਦਨਾ ਗੁਜਾਰ ਦਾ।**

ਇਕ ਕਵਿਤਾ ਰਸ ਭਿੱਜੀ, ਦੂਜੀ ਸੁਰੀਲੀ ਆਵਾਜ਼ ਸ੍ਰੋਤਿਆਂ ਤੇ ਜਾਦੂ ਕਰ ਗਈ। ਸਭ ਪਾਸੇ ਵਾਹ ਵਾਹ ਹੋਈ। ਸੰਤ ਭਗਤ ਸਿੰਘ ਬੁਲਾਇਆ ਤੇ ਪਿਆਰ ਕੀਤਾ। ਸ਼ਾਬਾਸ਼ ਦਿੱਤੀ ਤੇ ਪੁੱਛਿਆ ਮੁੰਡਿਆ ਭਜਨ ਪੁੱਛਿਆ ਹੋਇਆ ਈ।

'ਉਹ ਕੀ ਹੁੰਦਾ ਏ?'

'ਉਰੇ ਆ ਤੈਨੂੰ ਦੱਸਾ।'

ਪੰਡਿਤ ਅਗ੍ਹਾਂ ਹੋਇਆ ਤੇ ਸੰਤਾਂ ਕੰਨ ਵਿਚ ਫੂਕ ਮਾਰ ਦਿੱਤੀ ਤੇ ਆਖਿਆ-ਚੌਕੜਾ ਮਾਰ ਕੇ ਬਹਿ ਜਾ ਤੇ ਕਰ-ਅੱਖਾਂ ਬੰਦ ਕਰ ਲੈ। ਪੰਡਿਤ ਬਹਿ ਤਾਂ ਗਿਆ, ਪਰ ਹੱਸੀ ਜਾਵੇ। ਪਾਸ ਖਲੋਤਿਆ ਪੁੱਛਣਾ ਕੀਤੀ 'ਬਾਬਾ ਇਹ ਮੁੰਡਾ ਹੱਸੀ ਜਾਂਦਾ ਏ। ਸੰਤ ਜੀ ਵੀ ਬੜੇ ਹੱਸਮੁਖੇ ਸਨ। ਉਨ੍ਹਾਂ ਕਿਹਾ 'ਭਜਨ ਇਸ ਮੁੰਡੇ ਅੰਦਰ ਉਗੀ ਜਾਂਦਾ ਏ। ਹੱਸਦਿਆਂ ਖੇਡਦਿਆਂ ਇਹ ਘਰ ਆ ਗਏ।

ਜਦ ਪੰਡਿਤ ਖਾਲਸਾ ਸਕੂਲ ਕਲਾਸ ਵਾਲੇ ਪੜ੍ਹਦਾ ਸੀ ਤਾਂ ਕਈ ਗੱਲਾਂ ਵਰਨਣ ਯੋਗ ਹਨ। ਹੋਣਹਾਰ ਵਿਰਵਾ ਕੇ ਚਿਕਨੇ ਚਿਕਨੇ ਪਾ। ਜਦ ਸਕੂਲ ਵਿਚ ਕੋਈ ਜਲਸਾ ਹੋਵੇ ਜਾਂ ਪੰਡਿਤ ਮੂਹਰੇ ਮੂਹਰੇ। ਬੜੀਆਂ ਧਾਰਨਾਂ ਪੜ੍ਹਿਆ

ਕਰੇ। ਗਿਆਨੀ ਨਿਹਾਲ ਸਿੰਘ ਇਨ੍ਹਾਂ ਕੋਲੋਂ ਧਾਰਨਾਂ ਸੁਣ ਸੁਣ ਬਹੁਤ ਪ੍ਰਸੰਨ ਹੋਣਾ। ਇਨ੍ਹਾਂ ਆਪਣੇ ਸਾਥੀਆਂ ਨੂੰ ਮਾਤ ਪਾ ਜਾਣਾ।

ਇਕ ਸਮੇਂ ਸ੍ਰੀ ਗੁਰੂ ਦੇਵ ਜੀ ਦਾ ਸ਼ਹੀਦੀ ਪੂਰਬ ਸੀ। ਗਿਆਨ. ਜੀ ਨੇ ਪ੍ਰਸੰਗ ਤਿਆਰ ਕਰਕੇ ਸੁਨਾਣ ਨੂੰ ਕਿਹਾ, ਪਰ ਇਹ ਬਿਨਾਂ ਦੱਸੇ ਘਰ ਆ ਗਿਆ ਤੇ ਰਾਹ ਵਿਚ ਚੰਦੂ ਦੀ ਨੂੰਹ ਦੇ ਵਿਰਲਾਪ ਵਾਲਾ ਕਿੱਸਾ ਪੜ੍ਹਦਾ ਪੜ੍ਹਦਾ ਦਰੱਖ਼ਤ ਹੇਠਾਂ ਸੌ ਗਿਆ ਤੇ ਕਿੱਸਾ ਉੱਡ ਗਿਆ। ਅਗਲੇ ਦਿਨ ਜਦ ਪੰਡਿਤ ਸਕੂਲੇ ਗਿਆ ਤਾਂ ਗਿਆਨੀ ਜੀ ਨਾਲੇ ਬੈਂਚ ਤੇ ਖੜ੍ਹਾ ਕੀਤਾ ਤੇ ਨਾਲੇ ਹੀ ਇਕ ਆਨਾ ਜੁਰਮਾਨਾ ਕਰ ਦਿੱਤਾ ਪਰ ਇਹ ਚੁੱਪ ਚੁਪੀਤਾ ਘਰ ਆ ਗਿਆ।

ਉਨ੍ਹੀਂ ਦਿਨੀਂ ਮਲਪੁਰ ਮੇਲਾ ਸੀ। ਸ੍ਰ: ਬੁੱਢਾ ਸਿੰਘ ਕਰਾਇਆ ਸੀ। ਉਸ ਮੇਲੇ ਤਾ ਸ੍ਰ: ਖੜਕ ਸਿੰਘ, ਕਰਤਾਰ ਸਿੰਘ ਝੱਭਰ ਪੁੱਜੇ ਹੋਏ ਸਨ। ਪੰਡਿਤ ਜੀ ਵੀ ਗਏ। ਸਿਆਣਾ ਮੁੰਡਾ ਜਾਣ ਇਸਨੂੰ ਗ੍ਰੰਥ ਸਾਹਿਬ ਦੀ ਤਾਬਿਆ ਬਠਾਇਆ ਗਿਆ। ਜਦ ਤਾਬਿਆ ਤੋਂ ਉੱਠਿਆ ਤਾਂ ਝੱਭਰ ਨਾਲ ਭੇਟ ਹੋਈ। ਉਹ ਨਾਮਧਾਰੀਆਂ ਦਾ ਕਟੜ ਵਿਰੋਧੀ ਸੀ। ਜਦ ਉਸ ਨੂੰ ਇਹ ਪਤਾ ਲੱਗਾ ਕਿ ਇਹ ਮੁੰਡਾ ਹੁਸ਼ਿਆਰ ਹੈ, ਪਰ ਹੈ ਕੂਕਾ ਤਾਂ ਇਸਨੂੰ ਪ੍ਰੇਰਨਾ ਕਰਨ ਹਿਤ ਸੁਭਾਵਕ ਪੁੱਛਿਆ:-

"ਮੁੰਡਿਆ! ਤੂੰ ਕੂਕਾ ਏ?"

"ਹਾਂ! ਮੈਂ ਕੂਕਾ ਹਾਂ" ਨਿਧੜਕ ਹੋ ਉੱਤਰ ਦਿੱਤਾ।

"ਕੂਕਿਆਂ ਕਰਨਾ ਕੀ ਏ? ਨਿਰੇ ਦਾਲ ਪੀਣੇ।"

ਪਰ ਇਨ੍ਹਾਂ ਅੰਦਰ ਸਤਿਗੁਰੂ ਰਾਮ ਸਿੰਘ ਦਾ ਹੱਥ ਸੀ ਪੰਡਿਤ ਨੇ ਕਿਹਾ "ਕੂਕੇ ਸ਼ੇਰ ਬੱਬਰ।"

"ਸ਼ੇਰ ਤਾਂ ਮਾਸ ਖਾ ਲੈਂਦਾ ਏ, ਤੂੰ ਮਾਸ ਖਾ ਲੈਂਦਾ ਏ?"

"ਜੇ ਮਾਸ ਖਾਣ ਨਾਲੋਂ ਤਾਂ.... ਖਾ ਲੈਣਾ ਚੰਗਾ ਏ।"

"ਜੇ ਮਾਸ ਨਹੀਂ ਖਾਣਾ ਤਾਂ ਕੀ ਨੌਲਾਂ ਖੋਹ ਲੈਣੀਆਂ ਨੇ?"

ਮੈਂ ਮਾਸ; ਨਹੀਂ ਖਾਂਦਾ ਪਰ ਮੈਂ ਹੱਥ ਤੇ ਹੱਥ ਮਾਰਕੇ ਜਾਂਦਾ ਹਾਂ ਜੇ ਛੂਹ ਜਾਵੇ ਤਾਂ ਜਾਣਾ। ਝੱਭਰ ਦਾ ਭਾਰਾ ਸਰੀਰ ਸੀ। ਇਏ ਕਰਾਰਾ ਉੱਤਰ ਸੁਣ ਉਹ ਝਗ ਵਾਂਗੂ ਬਹਿ ਗਿਆ। ਲਾ ਜਵਾਬ ਸੀ। ਬੜਾ ਹਾਸਾ ਮੱਚਿਆ ਪੰਡਿਤ ਖ਼ੁਸ਼ੀ ਖ਼ੁਸ਼ੀ ਘਰ ਪੁੱਜਾ।

ਪੰਡਿਤ ਜੀ ਦਸਵੀਂ ਜਮਾਤ 1935 ਵਿਚ ਪਾਸ ਕੀਤੀ। ਉਸ ਤੋਂ ਉਪਰੰਤ ਪੰਡਿਤ ਜਗਤ ਸਿੰਘ ਖੰਡੂਵਾਲ ਪਾਸ ਪੜ੍ਹਨ ਚਲੇ ਗਏ। ਉੱਥੇ ਕੋਈ ਸਵਾ ਕੁ ਸਾਲ ਪੜ੍ਹਾਈ ਕੀਤੀ। ਇਤਨੇ ਸਮੇਂ ਵਿਚ ਸ੍ਰੀ ਆਦਿ ਗ੍ਰੰਥ ਭਾਵਰ ਸਿਮ੍ਰਿਤਿ ਤੇ ਹੋਰ ਗ੍ਰੰਥ ਪੜ੍ਹੇ। ਪੰਡਿਤ ਜੀ ਦੇ ਵਿਦਿਆ ਗੁਰੂ ਬੜੀਆਂ ਖ਼ੁਸ਼ੀਆਂ ਦਿੱਤੀਆਂ। ਉਨ੍ਹੀਂ ਦਿਨੀਂ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਦੌਰਾ ਖੰਡੂਵਾਲ ਗਿਆ। ਸੰਤ ਨਿਧਾਨ ਸਿੰਘ ਆਲਿਮ, ਸੁੰਰ ਸਿੰਘ ਭੂਰੀਵਾਲੇ ਤੇ ਹੋਰ ਸਾਧੂ

ਮਹਾਤਮਾ ਸਨ। ਉਨ੍ਹਾਂ ਸਭਨਾਂ ਬੜੇ ਪ੍ਰੇਮ ਨਾਲ ਗੁਰੂ ਜਸ ਕੀਤਾ। ਗੋਪਾਲ ਸਿੰਘ ਸਿਰ ਤੇ ਲਾਲ ਚੀਰਾ ਬੰਨ ਸ਼ਮਲਾ ਲਟਕਾ ਬੜੇ ਟੋਹਰ ਨਾਲ ਗਿਆ। ਸ਼ਬਦ ਪੜ੍ਹਨ ਦਾ ਚਾਉ ਮੁੱਢ ਤੋਂ ਸੀ। ਪਿੰਡ ਵਾਲਿਆਂ ਕਿਹਾ, ਗੋਪਾਲ ਸਿੰਘਾ! ਤੂੰ ਕੁਝ ਸੁਣਾ। ਪੰਡਿਤ ਵੀ ਦੀਵਾਨ ਵਿਚ ਜਾ ਖਲੋਤਾ ਤੇ ਧਾਰਨਾ ਚੁੱਕ ਲਈ:-

1. **ਭੇਸ ਭਾਵੇ ਕੋਈ ਧਾਰ ਲੈ**
   **ਬਿਨਾਂ ਭਜਨ ਨਹੀਂ ਛੁਟਕਾਰਾ।**
2. **ਦੇਹੀ ਨਾਲ ਮਖਣਾ ਦੇ ਪਾਲੀ।**
   **ਅਗ ਨਾਲ ਸਾੜ ਦੇਣਗੇ।**

ਦੀਵਾਨ ਵਿਚ ਸੋਹਣ ਸਿੰਘ ਚਕਰੀਵਾਲਾ ਬੈਠਾ ਸੀ। ਉਸ ਕਿਹਾ ਮੁੰਡਿਆ ਪੂਛ ਤੇ ਟੰਗ ਲੈ। ਪਰ ਪੰਡਿਤ ਵੀ ਮੂਹਪਾਟਾ ਸੀ ਤੇਰੇ ਵਰਗੇ ਮਰ ਜਾਂਦੇ ਨੇ ਤਾਂ ਫੂਕਣ ਜੋਗੀਆਂ ਲੱਕੜਾਂ ਵੀ ਨਹੀਂ ਲੱਭਦੀਆਂ। ਇਸ ਗੱਲ ਦਾ ਸਿਆਣੇ ਸਿਆਣੇ ਬੰਦਿਆਂ ਬੁਰਾ ਮਨਾਇਆ ਤੇ ਕਿਹਾ ਚਕਰੀਵਾਲੇ ਤਾਂ ਭਲਾ ਕਿਹਾ ਸੀ, ਪਰ ਮੁੰਡੇ ਵੀ ਲਿਹਾਜ਼ ਨਹੀਂ ਕੀਤਾ। ਸੋਹਣ ਸਿੰਘ ਮੁੜ ਨਹੀਂ ਬੋਲਿਆ। ਇਤਨੇ ਨੂੰ ਸ੍ਰੀ ਆਲਮ ਜੀ ਕੀਰਤਨ ਅਰੰਭ ਕਰ ਦਿੱਤਾ। ਬੜੀਆਂ ਸੰਗਤਾਂ ਵੈਰਾਗੀ ਹੋਈਆਂ ਮਸਤਾਨਿਆਂ ਚੰਗੇ ਰੰਗ ਵਖਾਏ। ਦੀਵਾਨ ਸਮਾਪਤੀ ਤੋਂ ਪਹਿਲਾਂ, ਉਨ੍ਹਾਂ ਕਿਹਾ ਜਿੰਨਾਂ ਭਜਨ ਪੁੱਛਣਾ ਏ, ਅੱਗੇ ਆਓ ਕਈ ਸਿੰਘ ਸਿੰਘਣੀਆਂ ਭਜਨ ਪੁੱਛਿਆ। ਪਰ ਪੰਡਿਤ ਜੀ ਦੇ ਕੁਝ ਸਾਥੀਆਂ ਕਿਹਾ, ਗੋਪਾਲ ਸਿੰਘ! ਤੈਨੂੰ ਸੰਤਾਂ ਭੂਰੀਵਾਲਿਆਂ ਪਾਸੋਂ ਭਜਨ ਪੁੱਛਵਾਂਗੇ। ਇਤਨੇ ਨੂੰ ਸੰਤ ਵੀ ਲਾਗਿਉ ਲੰਘ ਰਹੇ ਸਨ। ਉਨ੍ਹਾਂ ਕਿਹਾ ਸੰਤ ਜੀ ਇਸ ਮੁੰਡੇ ਨੂੰ ਭਜਨ ਦਿਓ।

ਸੰਤਾਂ ਇਕ ਨਾਲ ਦੇ ਸਾਥੀ ਨੂੰ ਭਜਨ ਦੱਸਣ ਵਾਸਤੇ ਕਿਹਾ, ਪਰ ਗੋਪਾਲ ਸਿੰਘ ਕਿਹਾ 'ਜੇ ਇਸੇ ਭਜਨ ਦੱਸਣਾ ਏ ਤਾਂ ਜਿਹੜਾ ਦੀਵਾਨ ਵਿਚ ਟਾਰਾਂ ਮਾਰ ਰਿਹਾ ਹੈ, ਉਸ ਪਾਸੋਂ ਨਾ ਪੁੱਛਾਂ। ਸੰਤ ਮਿਹਰ ਵਿਚ ਆ ਗਏ। ਕੁਹਾੜੀ ਬਾਂਹ ਨਾਲ ਲਟਕਾ ਗੜਵੀ ਧਰਤ ਤੇ ਰਖ, ਪੰਜ ਪੰਜ ਵੇਰ ਦੋਹਾਂ ਕੰਨਾਂ ਵਿਚ ਭਜਨ ਦਸ ਦਿੱਤਾ। ਮੇਲਾ ਸਮਾਪਤ ਹੋ ਗਿਆ। ਪੰਡਿਤ ਪੜ੍ਹਾਈ ਦੇ ਨਾਲ ਨਾਲ ਭਜਨ ਕਰਨ ਲੱਗ ਪਿਆ। ਹੁਣ ਪੰਡਿਤ ਜੀ ਜਦ ਕਦੇ ਦੀਵਾਨ ਵਿਚ ਵਿਦਿਆ ਗੁਰੂ, ਜਾਂ ਭਜਨ ਗੁਰੂ ਦਾ ਨਾਉਂ ਲੈਂਦੇ ਹਨ, ਤਾਂ ਸਰੂਰ ਵਿਚ ਆ ਜਾਂਦੇ ਹਨ ਤੇ ਕਹਿੰਦੇ ਕਿ ਮੇਰੇ ਵਿਦਿਆ ਗੁਰੂ ਬ੍ਰਹਮ ਸ੍ਰੋਤਰੀ, ਬ੍ਰਹਮ ਨੇਸ਼ਟੀ ਪਰਮ ਸਤਿਕਾਰ ਯੋਗ ਪੰਡਿਤ ਜਗਤ ਸਿੰਘ ਖੰਡੂਵਾਲ ਤੇ ਮੇਰੇ ਭਜਨ ਗੁਰੂ ਸ੍ਰੀਮਾਨ ਸੰਤ ਸੁੰਦਰ ਸਿੰਘ ਜੀ ਭੂਰੀਵਾਲੇ ਹਨ ਇਨ੍ਹਾਂ ਦੋਹਾਂ ਦੇ ਪਰਉਪਕਾਰ ਮੈਥੋਂ ਗਿਣੇ ਨਹੀਂ ਜਾਣੇ।

ਜਿਨ੍ਹੀਂ ਦਿਨੀਂ ਗੋਪਾਲ ਸਿੰਘ ਪੰਡਿਤ ਖੰਡੂਵਾਲਿਆ ਪਾਸ ਪੜ੍ਹਦੇ ਸਨ ਤਾਂ ਸੰਤਾਂ ਪੰਡਿਤ ਨੂੰ ਸਜਾਂਦੇ ਪਾਠ ਕਰਨ ਵਾਸਤੇ ਭੇਜਿਆ। ਗੋਪਾਲ ਸਿੰਘ ਬੜੀ ਸੁਘੜਤਾ ਨਾਲ ਪਾਠ ਕੀਤਾ। ਉਸ ਸਮੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਚਵਿੰਡ

ਭਾਗ ਲਾ ਰਹੇ ਸਨ। ਸਤਿਗੁਰਾਂ ਦਾ ਉੱਥੇ ਆਉਣਾ ਸੁਣ ਪੰਡਿਤ ਗੋਪਾਲ ਸਿੰਘ ਜੀ ਚਵਿੰਡੇ ਗਿਆ। ਆਸਾ ਦੀ ਵਾਰ ਦੇ ਭੋਗ ਉਪਰੰਤ ਪੰਡਿਤ ਦਾ ਸੰਤ ਭਗਤ ਸਿੰਘ ਹੁਰਾਂ ਨਾਲ ਮੇਲ ਹੋ ਗਿਆ। ਸੰਤਾਂ ਪੁੱਛਿਆ, ਤੂੰ ਕਿਵੇਂ? ਮੈਜ ਸਜਾਦਿਉ ਦਰਸ਼ਨ ਨੂੰ ਆਇਦਾ ਈ?' 'ਜੀ ਹਾਂ' 'ਸੁਨਾਏਗਾ?' 'ਕੋਈ ਲੰਗੋਟਾ ਬੰਨਣਾ ਪੈਂਦਾ ਏ?' ਸਤਿਗੁਰਾਂ ਸਾਮ੍ਹਣੇ ਵੱਡੇ ਵੱਡੇ ਥਿੜਕ ਜਾਂਦੇ ਨੇ। ਤਾਂ ਪੰਡਿਤ ਸੰਤ ਭਗਤ ਸਿੰਘ ਸਤਿਗੁਰਾਂ ਦੇ ਚਰਨਾਂ ਵਿਚ ਅਰਜ਼ ਕੀਤੀ, ਜੀ ਇਕ ਪੰਡਿਤਾਂ ਦਾ ਮੁੰਡਾ ਪਾਠ ਸੁਨਾਣਾ ਚਾਹੁੰਦਾ ਹੈ। ਉਹ ਵੇਲਾ ਰਹਿਰਾਸ ਦੇ ਪਾਠ ਦਾ ਸਮਾਂ ਸੀ। ਸੱਚੇ ਪਾਤਸ਼ਾਹ ਪੰਡਿਤ ਪਾਸੋਂ ਰਹਿਰਾਸ ਦਾ ਪਾਠ ਸੁਣਨਾ ਸ਼ੁਰੂ ਕੀਤਾ। ਪੰਡਿਤ ਹਿੰਦੀ ਦੀਆਂ ਲਗਾਂ ਮਾਤਰਾਂ ਦਾ ਜਾਣੂ ਸੀ। ਇਸ ਸ਼ੁੱਧ ਲਗਾਂ ਮਾਤਰਾਂ ਨਾਲ ਪਾਠ ਕਰਨਾ ਸ਼ੁਰੂ ਕੀਤਾ ਤੇ ਜਿਵੇਂ ਜਿਵੇਂ ਸੱਚੇ ਪਾਤਸ਼ਾਹ ਸੋਧ ਦੇਂਦੇ, ਪੰਡਿਤ ਸਮਝਦਾ ਤੇ ਪਾਠ ਕਰਦਾ ਗਿਆ। ਪਾਠ ਸੁਣਕੇ ਸੱਚੇ ਪਾਤਸ਼ਾਹ ਬਹੁਤ ਪ੍ਰਸੰਨ ਹੋਏ ਤੇ ਬਚਨ ਕੀਤਾ ਮੁੰਡਾ ਬੜਾ ਤੇਲੀਆ ਬੁਧ ਹੈ। ਇਸਦੇ ਨਾਲ ਈ ਬੜੀਆਂ ਖ਼ੁਸ਼ੀਆਂ ਬਖਸ਼ੀਆਂ। ਸੱਚੇ ਪਾਤਹਿ ਪੰਡਿਤ ਪਾਸੋਂ ਉਸਦਾ ਅੱਗਾ ਪਿੱਛਾ ਪੁੱਛਿਆ। ਗੋਪਾਲ ਸਿੰਘ ਸਾਰੀ ਹਕੀਕਤ ਕਹਿ ਸੁਣਾਈ। ਸੱਚੇ ਪਾਤਸ਼ਾਹ ਸੁਭਾਵਕ ਕਿਹਾ, ਸਤਿਗੁਰੂ ਭਲੀ ਕਰਨਗੇ।

ਸੰਸਾਰ ਯੁੱਧ 1939 ਤੋਂ ਚੱਲ ਰਿਹਾ ਸੀ। ਸੱਚੇ ਪਾਤਸ਼ਾਹ ਸੰਸਾਰ ਦੀ ਅਮਨ ਸ਼ਾਂਤੀ ਤੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਸਵਾ ਲੱਖ ਪਾਠਾਂ ਦੀ ਲੜੀ ਤੋਰੀ। ਉਸਦਾ ਹਿਸਾਬ ਕਿਤਾਬ ਰੱਖਣਾ ਜ਼ਰੂਰੀ ਸੀ। ਸਚੇ ਪਾਤਸ਼ਾਹ ਦੀ ਆਗਿਆ ਲੈ ਮਾਸਟਰ ਬਲਵੰਤ ਸਿੰਘ ਨੇ ਪੰਡਿਤ ਨੂੰ ਬੁਲਾਇਆ ਤੇ ਹਿਸਾਬ ਰੱਖਣ ਲਈ ਪ੍ਰੇਰਨਾ ਕੀਤੀ। ਪਰੰਤੂ ਪਹਿਲਾਂ ਤਾਂ ਪੰਡਿਤ ਨਾ ਮੰਨਿਆ ਅੰਤ ਸੂਰਬ ਹਰੀ ਸਿੰਘ ਦੇ ਪ੍ਰੇਮ ਦਿਲਾਸੇ ਨਾਲੇ ਸਮਝਾਇਆ ਤੇ ਸੇਵਾ ਕਰਨ ਵਾਸਤੇ ਤਿਆਰ ਹੋ ਗਿਆ। ਇਸ ਦੌਰਾਨ ਪੰਡਿਤ ਜੀ ਨੂੰ ਕਈ ਪਿੰਡਾਂ ਵਿਚ ਜਾਣਾ ਪਿਆ। ਚੰਗੀ ਜਾਣ ਪਛਾਣ ਹੋ ਗਈ। ਕੋਈ ਸਵਾ ਮਹੀਨਾ ਸੇਵਾ ਕੀਤੀ ਤੇ ਸਾਰੇ ਜ਼ਿਲ੍ਹਿਆਂ ਵਿਚ ਪਾਠ ਵੰਡੇ।

ਇਕ ਸਮੇਂ ਪਾਠ ਵਰਤਾਂਦਾ ਵਰਤਾਂਦਾ ਨਾਰੋਵਾਲ ਪੁੱਜਾ। ਉੱਥੇ ਗੱਡੀ ਕੋਈ ਅੱਧਾ ਘੰਟਾ ਰੁਕਣੀ ਸੀ। ਪੰਡਿਤ ਗੱਡੀਉਂ ਉਤਰਦਿਆਂ ਚੰਦੋਵਾਲ ਚਲਾ ਗਿਆ ਤੇ ਮਾਤਾ ਰਤੋ ਨੂੰ ਜਾ ਸਤਿ ਸ੍ਰੀ ਅਕਾਲ ਬੁਲਾਈ। ਮਾਤਾ ਰੱਤੋ ਸ੍ਰ: ਤੇਜਾ ਸਿੰਘ ਸਿਦਕੀ ਸਿੱਖ ਦੀ ਮਾਤਾ ਸੀ, ਜਿਹੜੀ ਸਿੱਖ ਸਾਧਾਂ ਵਾਸਤੇ ਕਛਹਿਰੇ, ਕੁੜਤੇ ਸਵਾਈ ਰੱਖਦੀ ਸੀ। ਜਦ ਕਿਸੇ ਸਾਧੂ ਦਾ ਕੱਪੜਾ ਨਰਮ ਵੇਖਣਾ ਤਾਂ ਤੁਰਤ ਬਿਨਾਂ ਮੰਗੇ ਨਵਾਂ ਕੁੜਤਾ ਜਾਂ ਕਛਹਿਰਾ ਲਿਆ ਪੇਸ਼ ਕਰਨਾ। ਪੰਡਿਤ ਇੱਥੇ ਵੀ ਪਾਠ ਵੰਡੇ ਤੇ ਬਿਨਾ ਅਰਾਮ ਕੀਤੇ, ਜਲ ਪਾਣੀ ਛੱਕ ਮੁੜ ਨਾਰੋਵਾਲ ਪੁੱਜ ਗੱਡੀ ਤੇ ਸਵਾਰ ਹੋ ਅਗਲੇ ਪੜਾ ਜਾ ਕੇ ਪਾਠ ਵੰਡੇ। ਮਾਤਾ ਰੱਤੋ ਪੰਡਿਤ ਦੀ ਫੁਰਤੀ ਵੇਖ ਬੜੀ ਹੈਰਾਨ ਹੋਈ ਅਤੇ ਆਖਿਆ ਕਿ ਇਹ ਮੁੰਡਾ ਕਾਹਦਾ ਏ, ਇਹ ਤਾਂ ਭੂਤਨਾ ਏ। ਜਦ ਕਦੇ ਪੰਡਿਤ ਚੰਦੋਵਾਲ

ਜਾਣਾ ਤਾਂ ਮਾਤਾ ਕਹਿਣਾ ਭੂਤਨਾ ਪੰਡਿਤ ਆਇਆ ਏ ਪਰ ਪੰਡਿਤ ਦਾ ਚਿਹਰਾ ਸਦਾ ਖਿੜਿਆ ਖਿੜਿਆ ਪਾਠਾਂ ਦੀ ਸਾਵੇ ਪੰਡਿਤ ਜੀ ਕੋਈ ਸਵਾ ਮਹੀਨਾ ਕੀਤੀ ਤੇ ਕੰਮ ਸੰਭਾਲ ਮਾਸਟਰ ਜੀ ਪਾਸੋਂ ਛੁੱਟੀ ਮੰਗੀ। ਮਾਸਟਰ ਪੰਡਿਤ ਜੀ ਦੇ ਕੰਮ ਤੇ ਬਹੁਤ ਪ੍ਰਸੰਨ ਸਨ। ਉਹ ਛੁੱਟੀ ਦੇ ਕੇ ਰਾਜ਼ੀ ਨਹੀਂ ਸਨ। ਮਾਸਟਰ ਜੀ ਸੱਚੇ ਪਾਤਸ਼ਾਹ ਦੇ ਚਰਨਾਂ ਵਿਚ ਅਰਜ਼ ਕੀਤੀ ਤੇ ਪੰਡਿਤ ਜੀ ਦੇ ਕੰਮ ਦਾ ਸ਼ਲਾਘਾ ਕੀਤੀ। ਪਹਿਲਾਂ ਤਾਂ ਪੰਡਿਤ ਜੀ ਕੋਈ ਨਾਂਹ ਨੁਕਰ ਕੀਤੀ, ਪਰ ਸੂਬਾ ਹਰੀ ਸਿੰਘ ਦੀ ਪ੍ਰੇਰਨਾ ਨਾਲ ਸੇਵਾ ਕਰਨ ਵਾਸਤੇ ਤਿਆਰ ਹੋ ਗਏ।

ਉਨ੍ਹੀਂ ਦਿਨੀਂ ਸ਼ਿਮਲੇ ਸ੍ਰ: ਅਮਰ ਸਿੰਘ ਦੇ ਘਰ ਅਖੰਡ ਪਾਠ ਹੋਣਾ ਸੀ। ਸੱਚੇ ਪਾਤਸ਼ਾਹ ਵੀ ਦਰਸ਼ਨ ਦੇਣੇ ਸਨ। ਉਸ ਦੌਰੇ ਸਮੇਂ ਮਿਹਰ ਸਿੰਘ ਸਿਆੜ, ਇੰਦਰ ਸਿੰਘ ਚਕ੍ਰਵਰਤੀ, ਤੇ ਹੋਰ ਜਥੇਦਾਰ ਵੀ ਪੁੱਜੇ। ਪੰਡਿਤ ਗੋਪਾਲ ਸਿੰਘ ਪਾਠੀ ਦੇ ਤੌਰ ਤੇ ਨਾਲ ਗਿਆ ਸੀ। ਰਾਤ ਨੂੰ ਪੰਡਿਤ ਜੀ ਦੀਵਾਨ ਲਾਇਆ ਤੇ ਨੂਰ ਜਹਾਂ ਦੇ ਇਨਸਾਫ਼ ਦਾ ਪ੍ਰਸੰਗ ਵਰਨਣ ਕੀਤਾ। ਇਕ ਮਨੋਰੰਜਨ ਇਨਸਾਫ਼ ਦਾ ਵਾਕਿਆ ਦੂਜੀ ਪੰਡਿਤ ਜੀ ਦੀ ਚੜ੍ਹਦੀ ਜਵਾਨੀ, ਤੀਜੀ ਪ੍ਰਭਾਵਸ਼ਾਲੀ ਰਸਨਾ ਸ੍ਰੋਤੇ ਬੁੱਤ ਬਣਕੇ ਸੁਣਦੇ ਰਹੇ। ਸਵੇਰੇ ਸੰਗਤਾਂ ਨੇ ਸੱਚੇ ਪਾਤਸ਼ਾਹ ਦੇ ਚਰਨਾਂ ਵਿਚ ਅਰਜ਼ ਕੀਤੀ ਗ਼ਰੀਬ ਨਿਵਾਜ਼ ਪੰਡਿਤ, ਮੁੰਡੇ ਨੂੰ ਆਗਿਆ ਦਿਓ, ਕਿ ਉਹ ਅੱਜ ਦੀਵਾਨ ਲਾਏ। ਸੱਚੇ ਪਾਤਸ਼ਾਹ ਜ਼ਰਾ ਹੈਰਾਨੀ ਪ੍ਰਗਟ ਕਰਦਿਆਂ ਕਿਹਾ ਕਿਹੜਾ ਮੁੰਡਾ? ਜੀ ਔਹ ਗੋਪਾਲ ਸਿੰਘ ਪਾਠੀ। ਇਹ ਦੀਵਾਨ ਲਾਏਗਾ? ਜੀ ਰਾਤੀਂ ਇਸ ਮੁੰਡੇ ਬੜਾ ਰੰਗ ਬੰਨਿਆ। ਦੇਰ ਤਕ ਦੀਵਾਨ ਵਿੱਚੋਂ ਕੋਈ ਹਿਲਿਆ ਨਹੀਂ। ਬੱਚੇ ਵੀ ਨਹੀਂ ਕੁਸਕੇ। ਸੱਚੇ ਪਾਤਸ਼ਾਹ ਬਚਨ ਕੀਤਾ, ਚੰਗਾ ਪੰਡਿਤ ਦੀਵਾਨ ਲਾਏ। ਸ਼ਿਮਲੇ ਵਿਚ ਆਪਣੇ ਆਪ ਢੰਡੇਰਾ ਫਿਰ ਗਿਆ ਕਿ ਅੱਜ ਨਵਾਂ ਮੁੰਡਾ ਦੀਵਾਨ ਲਾਏਗਾ। ਸੰਗਤਾਂ ਹੁਮ ਹੁਮਾ ਕੇ ਇਕੱਠੀਆਂ ਹੋ ਗਈਆਂ। ਪੰਡਿਤ ਅੰਦਰੋਂ ਅੰਦਰੀਂ ਮਨ ਵਿਚ ਅਰਦਾਸਾ ਸੋਧ, ਬੰਦਨਾ ਸ਼ੁਰੂ ਕੀਤੀ ਅਤੇ ਕੀਰਤਨ ਅਰੰਭਿਆ। ਪੰਡਿਤ ਜੀ ਸ਼ਬਦ ਲਿਆ:-

**ਨਾਰਾਇਣ ਨਿੰਦਸ ਕਾਹੇ ਭੂਲੀ ਗਵਾਰੀ**
**ਦੁਕ੍ਰਿਤ ਸੁਕ੍ਰਿਤ ਥਾਰੋ ਕਰਮ ਰੀ**

ਪੰਡਿਤ ਜੀ ਸੋਹਣੇ ਢੰਗ ਨਾਲ ਇਸ ਸ਼ਬਦ ਦੀ ਵਿਆਖਿਆ ਕੀਤੀ। ਸਮੇਂ ਦੇ ਅਨੁਕੂਲ ਢੁੱਕਵੇਂ ਪ੍ਰਸੰਗ ਸੁਣਾਕੇ ਸ੍ਰੋਤਿਆਂ ਨੂੰ ਵਜਦ ਵਿਚ ਲੈ ਆਂਦਾ। ਸੱਚੇ ਪਾਤਸ਼ਾਹ ਆਪ ਵੀ ਦੀਵਾਨ ਵਿਚ ਬੈਠੇ ਦਰਸ਼ਨ ਦੇਂਦੇ ਸੁਣ ਰਹੇ ਸਨ। ਬੜੀਆਂ ਖ਼ੁਸ਼ੀਆਂ ਬਖਸ਼ੀਆਂ।

ਇੱਕ ਸਮੇਂ ਪੰਡਿਤ ਜੀ ਮਾਲਵੇ ਦਾ ਦੌਰਾ ਕੀਤਾ ਧੂੜਕੋਟ, ਤਖਤੂ ਪੁਰਾ ਮੰਦੇ ਮਾਛੀ ਦੇ ਆਦਿ ਧੜੱਲੇਦਾਰ ਦੀਵਾਨ ਲਾਏ। ਦੇਹਧਾਰੀ ਗੁਰੂ ਸੰਬੰਧੀ

ਵਧੀਆ ਪ੍ਰਚਾਰ ਕੀਤਾ। ਸੈਂਕੜੇ ਮਰਦ ਜ਼ਨਾਨੀਆਂ ਮਾਸ, ਸ਼ਰਾਬ ਦਾ ਤਿਆਗ ਕੀਤਾ। ਭਜਲ ਪੁੱਛਿਆ ਤੇ ਸਤਿਗੁਰੂ ਰਾਮ ਸਿੰਘ ਜੀ ਦੀ ਜੈ ਜੈਕਾਰ ਹੋਈ।

ਤਖਤੂ ਪੁਰੇ ਮੱਸਿਆ ਦਾ ਮੇਲਾ ਸੀ। ਪੰਡਿਤ ਜੀ ਬੜਾ ਸੁੰਦਰ ਪ੍ਰਚਾਰ ਕੀਤਾ। ਵਿਰੋਧੀ ਸਹਾਰ ਨਾ ਸਕੇ। ਉਨ੍ਹਾਂ ਅਕਾਲੀ ਪ੍ਰਚਾਰਕ ਗਿਆਨੀ ਫ਼ੌਜਾ ਸਿੰਘ ਨੂੰ ਬੁਲਾ ਭੇਜਿਆ। ਉਹ ਨਾਮਧਾਰੀਆਂ ਨੂੰ ਅਨਪੜ੍ਹ ਸਮਝਦਾ ਸੀ। ਉਸ ਪਿੰਡ ਵਾਲਿਆਂ ਨੂੰ ਚੰਗੀ ਫੂੰ ਫਾਂ ਵਖਾਈ। ਪਰ ਪੰਡਿਤ ਜੀ ਬਿਲਾਸਪੁਰ ਚਲੇ ਗਏ। ਪੰਡਿਤ ਜੀ ਦੇ ਪ੍ਰਭਾਵ ਨਾਲ ਸ੍ਰ: ਜਗੀਰ ਸਿੰਘ ਭਜਨ ਪੁੱਛ ਗੁਰੂ ਘਰ ਦਾ ਸ਼ਰਧਾਲੂ ਬਣ ਚੁੱਕਾ ਸੀ। ਪੰਡਿਤ ਜੀ ਉਸ ਪਾਸ ਚਲੇ ਗਏ, ਪਰ ਡੇਰਾ ਬਾਹਰ ਸਕੂਲੇ ਲਾਇਆ। ਦੀਵਾਨ ਪਿੰਡ ਵਿਚ ਲਾਣੇ ਤੇ ਅਰਾਮ ਸਕੂਲੇ ਆ ਕੇ ਕਰਨਾ। ਫ਼ੌਜਾ ਸਿੰਘ 50 ਬੰਦਿਆਂ ਨੂੰ ਨਾਲ ਲੈ ਬਿਲਾਸਪੁਰ ਚਲਾ ਗਿਆ। ਜਾਗੀਰ ਸਿੰਘ ਨੇ ਵੀ ਗਿਆਨੀ ਜੀ ਦਾ ਆਉਣਾ ਸੁਣਿਆ, ਉਹ ਪੰਡਿਤ ਜੀ ਕੋਲ ਗਿਆ ਤੇ ਗਿਆਨੀ ਫ਼ੌਜਾ ਸਿੰਘ ਬਾਰੇ ਗੱਲ ਕੀਤੀ। ਪੰਡਿਤ ਤਿਆਰ ਬਰ ਤਿਆਰ ਸੀ ਜਿਵੇਂ ਪਹਿਲਵਾਨ ਥਾਪੀ ਮਾਰ ਮੈਦਾਨ ਵਿਚ ਨਿਕਲਦੇ ਹਨ।

ਗਿਆਨੀ ਫ਼ੌਜਾ ਸਿੰਘ ਆਪਣੇ ਜਥੇ ਸਮੇਤ ਬਲਾਸਪੁਰ ਸਕੂਲੇ ਈ ਚੱਲਿਆ ਗਿਆ ਤੇ ਆਕੜ ਕੇ ਆਖਿਆ, 'ਪੰਡਿਤਾ! ਸੁਣਿਆ ਏ ਤੂੰ ਦੇਹਧਾਰੀ ਗੁਰੂ ਦਾ ਪ੍ਰਚਾਰ ਕਰਦਾ ਰਿਹਾ ਏ? ਪੰਡਿਤ ਜੀ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਮਿਹਰਾ ਸਨ, ਉਨ੍ਹਾਂ ਬਿਨਾ ਝਿਜਕ ਕਿਹਾ, ਮੈਂ ਦੇਹਧਾਰੀ ਗੁਰੂ ਦਾ ਪ੍ਰਚਾਰ ਕਰਦਾ ਈ ਨਹੀਂ ਰਿਹਾ, ਸਗੋਂ ਹੁਣ ਵੀ ਕਰ ਰਿਹਾ ਹਾਂ। ਗਿਆਨੀ ਫ਼ੌਜਾ ਸਿੰਘ ਦਾ ਬੰਦਿਆਂ ਨਾਲ ਆਉਣਾ ਸੁਣ ਕੇ ਆਲੇ ਦੁਆਲੇ ਦੇ 500-600 ਬੰਦੇ ਇਕੱਠੇ ਹੋ ਗਏ। ਬੰਦਿਆਂ ਦਾ ਇਕੱਠ ਵੇਖ ਥਾਣੇ ਸ਼ਇਤਲਾ ਦਿੱਤੀ ਗਈ। ਗੱਲਬਾਤ ਸ਼ੁਰੂ ਹੋ ਗਈ। ਦਰਸ਼ਕ ਸਭ ਕੁਝ ਵੇਖ ਰਹੇ ਸਨ। ਫ਼ੌਜਾ ਸਿੰਘ ਮੁੜ ਪਹਿਲੀ ਗੱਲ ਦੁਹਰਾਈ ਪੰਡਿਤ ਜੀ ਕਿਹਾ ਮੈਂ ਆਦਿ ਗ੍ਰੰਥ ਸਾਹਿਬ ਦੀ ਬਾਣੀ ਦੇ ਅਧਾਰ ਤੇ ਗਲ ਕਰਦਾ ਹਾਂ, ਆਪਣੇ ਕੋਲੋਂ ਕੁਝ ਨਹੀਂ ਕਹਿੰਦਾ। ਮੈਂ ਪੂਰੇ ਵਿਸ਼ਵਾਸ ਨਾਲ ਕਹਿੰਦਾ ਹਾਂ ਕਿ ਦੇਹਧਾਰੀ ਗੁਰੂ ਬਿਨਾ ਕਲਿਆਣ ਨਹੀਂ ਹੋ ਸਕਦੀ। ਫ਼ੌਜਾ ਸਿੰਘ ਅਜੇ ਵੀ ਨਾ ਸਮਝਿਆ। ਪਰ ਪੰਡਿਤ ਜੀ ਕਿਹਾ, 'ਗਿਆਨੀ ਜੀ ਤੁਸੀਂ ਕੀ ਤੁਸੀਂ ਸੁੱਤਾ ਪ੍ਰਮਾਣ ਤੇ ਵਿਚਾਰ ਕਰਨੀ ਹੈ ਜਾਂ ਪ੍ਰਤਾ ਪ੍ਰਮਾਣ ਤੇ।' ਤੁੱਤਾ ਪ੍ਰਮਾਣ ਤੇ ਪ੍ਰਤਾ ਪ੍ਰਮਾਣ ਦੀ ਗੱਲ ਸੁਣਦਿਆਂ ਈ ਗਿਆਨੀ ਜੀ ਦੇ ਹੋਸ਼ ਬਾਖਤਾ ਹੋ ਗਏ ਅਤੇ ਸਿਰ ਨੀਵਾਂ ਕਰ ਆਖਿਆ, ਮੈਂ ਪੰਜਾਬੀ ਵਿਚ ਗੱਲ ਕਰਾਂਗਾ ਤੇ ਸਾਰੇ ਹਥਿਆਰ ਸੁੱਟ ਦਿੱਤੇ। ਵਿਚਾਰਾ ਆਪਣਾ ਮੂੰਹ ਲੈ ਕੇ ਬਹਿ ਗਿਆ। ਸੰਗਤਾਂ ਜੈਕਾਰੇ ਛੱਡੇ। ਪੰਡਿਤ ਜੀ ਧੜੱਲੇਦਾਰ ਦੀਵਾਨ ਲਾਇਆ। ਬਹੁਤ ਸਾਰੇ ਖੁੱਲ੍ਹਾ ਖਾਣ ਪੀਣ ਵਾਲਿਆਂ ਮਾਸ ਸ਼ਰਾਬ ਛੱਡਣ ਦਾ ਪ੍ਰਣ ਕਰ ਭਜਨ ਪੁੱਛ ਲਿਆ ਤੇ ਗਿਆਨੀ ਜੀ ਭਿੱਜੀ ਬਿੱਲੀ ਵਾਂਗੂੰ ਵਾਪਸ ਚਲੇ ਗਏ।

ਇੱਕ ਸਮੇਂ ਮੰਡੀ ਹਿਮਾਚਲ ਵਿਚ ਨਾਮਧਾਰੀ ਸੰਗਤ ਵੱਲੋਂ ਸ੍ਰੀ ਸਤਿਗੁਰੂ

ਪ੍ਰਤਾਪ ਸਿੰਘ ਜੀ ਦਾ ਸ਼ੁਭ ਆਗਮਨ ਦਿਵਸ ਮਨਾਇਆ ਜਾ ਰਿਹਾ ਸੀ। ਸੱਚੇ ਪਾਤਸ਼ਹ ਸਤਿਗੁਰੂ ਪ੍ਰਤਾਪ ਸਿੰਘ ਜੀ ਵੀ ਦਰਸ਼ਨ ਦੇ ਰਹੇ ਸਨ। ਪੰਡਿਤ ਜੀ ਦੀਵਾਨ ਅਰੰਭ ਕੀਤਾ। ਕਜਮੂਨ ਸੀ ਦੇਹਧਾਰੀ ਗੁਰੂ। ਪੰਡਿਤ ਜੀ ਵਲਵਲੇ ਭਰੇ ਪ੍ਰਮਾਣ ਦੇ ਰਹੇ ਸਨ:-

**ਆਬੇ ਹਯਾਤ ਅਮਰ ਕਰ ਸਕਦਾ ਏ**
**ਈਸਾ ਦਾ ਪੱਲਾ ਲਗ ਜਾਵੇ ਤਾਂ ਮੁਰਦਾ ਜ਼ਿੰਦਾ ਹੋ ਸਕਦਾ ਏ**
**ਤੇ ਡਡੀ ਵੀ ਉਠਕੇ ਟੁਰ ਸਕਦੀ ਏ**
**ਪਰ ਗਿਆਨ ਨਹੀਂ ਦੇ ਸਕਦੇ**

ਗਿਆਨ ਸਦਾ ਗੁਰੂ ਤੋਂ ਪ੍ਰਾਪਤ ਹੁੰਦਾ ਏ। ਬੋਲਦਿਆਂ ਬੋਲਦਿਆਂ। ਆਦਿ ਗ੍ਰੰਥ ਸਾਹਿਬ ਦਾ ਜ਼ਿਕਰ ਆ ਗਿਆ। ਪੰਡਿਤ ਜੀ ਮਸਤਾਨੀ ਦਸ਼ਾ ਵਿਚ ਆ ਗਏ ਤੇ ਕਿਹਾ ਗੁਰੂ ਤਾਂ ਦੇਹਧਾਰੀ ਹੋ ਸਕਦਾ ਹੈ, ਉਸਦੇ ਸੁੰਦਰ ਨੇਤਰਾਂ ਵਿਚ ਅੰਮ੍ਰਿਤ ਵੱਸਦਾ ਹੈ, ਰਸਨਾਂ ਅੰਮ੍ਰਿਤ ਝਰਦੀ ਹੈ, ਉਸਦੇ ਚਰਨ ਕਮਲ ਹੁੰਦੇ ਹਨ।ਅਕਾਲੀ ਭਰਾ ਕਹਿੰਦੇ ਹਨ ਕਿ ਮਾਤਾ ਭਾਨੀ ਨੇ ਗੁਰਗੱਦੀ ਦਾ ਵਰ ਸੋਢੀਆਂ ਦੇ ਘਰ ਵਿਚ ਰਹਿਣ ਦਾ ਮੰਗਿਆ ਹੋਇਆ ਹੈ, ਜੇ ਇਹ ਗੱਲ ਮੰਨ ਵੀ ਲਈ ਜਾਵੇ ਤਾਂ ਗ੍ਰੰਥ ਸਾਹਿਬ ਕਿਹੜੇ ਸੋਢੀ ਦੀ ਕੁਲ ਵਿੱਚੋਂ ਹੈ? 'ਕਿਹੜੇ ਸੋਢੀ ਦੇ ਕੁਲ ਦੇ ਸ਼ਬਦ ਨਿਕਲਣੇ ਹੀ ਸਨ ਕਿ ਸਿੰਘ ਸਭੀਆਂ ਆਸਮਾਨ ਸਿਰ ਤੇ ਚੁੱਕ ਲਿਆ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਤਾਰਾਂ ਦੇ ਦਿੱਤੀਆਂ ਗਈਆਂ।

ਪਰ ਸੱਚੇ ਪਾਤਸ਼ਾਹ ਬੜੇ ਧੀਰਜ ਦੇਂਦਿਆਂ ਕਿਹਾ, ਕਿ ਸਾਧ ਸੰਗਤ ਜੀ ਅਸੀਂ ਗੁਰਪੁਰਬ ਮਨਾਣਾ ਹੈ, ਕੋਈ ਝਗੜਾ ਨਹੀਂ ਕਰਨਾ। ਸਭ ਸ਼ਾਂਤ ਹੋ ਗਏ ਤੇ ਇਸ ਤੋਂ ਉਪਰੰਤ ਦੀਵਾਨ ਚੱਲਦਾ ਰਿਹਾ ਤੇ ਸੰਤ ਨਿਧਾਨ ਸਿੰਘ ਆਲਿਮ ਤੇ ਹੋਰ ਵਕਤਿਆਂ ਗੁਰੂ ਜਸ ਗਾਇਆ ਸਭ ਨੇ ਸ਼ਾਂਤੀ ਨਾਲ ਸੁਣਿਆ। ਸਤਿਗੁਰੂ ਜੀ ਬੜੇ ਪ੍ਰੇਮ ਨਾਲ ਸਮਝਾਇਆ ਕਿ ਭਾਵੇਂ ਪੰਡਿਤ ਦੇ ਸ਼ਬਦ ਦੀਵਾਨ ਵਿਚ ਕਹਿਣੇ ਜੋਗ ਨਹੀਂ ਸਨ, ਪਰ ਕੀ ਪੰਡਿਤ ਦੇ ਸ਼ਬਦ ਗ਼ਲਤ ਹਨ? ਸੱਚੇ ਪਾਤਸ਼ਾਹ ਜੀ ਦੇ ਪ੍ਰੇਮ ਅਤੇ ਭਾਵ ਪੂਰਤ ਸ਼ਬਦਾਂ ਨੇ ਸਭ ਨੂੰ ਨਿਰੰਤਰ ਕਰ ਦਿੱਤਾ ਤੇ ਮਾਮਲਾ ਰਫਾ ਦਫਾ ਹੋ ਗਿਆ।

ਇਸੇ ਤਰ੍ਹਾਂ ਇੱਕ ਸਮੇਂ ਬੰਬਈ ਵਿਚ ਲੱਗੇ ਆਮ ਦੀਵਾਨ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਦਾ ਜ਼ਿਕਰ ਕਰਦਿਆਂ ਇਏਕਿਹਾ ਕਿ ਗੁਰੂ ਜੀ ਦੇ ਵਿਆਹ ਸਮੇਂ ਕੰਜਰੀਆਂ ਨੱਚੀਆਂ ਸਨ। ਇਹ ਸੁਣ ਸਿੰਘ ਸਭੀਏ ਭਰਾ ਬੜੇ ਔਖੇ ਹੋਏ, ਪਰ ਪੰਡਿਤ ਜੀ ਦੀ ਗੱਲ ਕਦੇ ਮਨਘੜਤ ਨਹੀਂ ਹੁੰਦੀ ਸਗੋਂ ਉਸਦਾ ਬੋਲ ਹੁੰਦਾ ਏ। ਇਹੋ ਵਾਰਤਾ ਅਫਰੀਕਾ ਵਿਚ ਦੁਹਰਾਈ। ਵਾਪਸੀ ਸਮੇਂ ਕੁਝ ਸਿੰਘ ਸਭੀਏ ਸ੍ਰੀ ਸਤਿਗੁਰਾਂ ਦੇ ਚਰਨਾਂ ਵਿਚ ਹਾਜ਼ਰ ਹੋਏ। ਸੱਚੇ ਪਾਤਸ਼ਾਹ ਕਿਹਾ ਲਿਖਕੇ ਦਿਉ, ਜਿਹੜਾ ਝੂਠਾ ਹੋਵੇ, ਉਸਦਾ ਮੂੰਹ ਕਾਲਾ ਹੋਵੇ। 'ਮੂੰਹ ਕਾਲਾ ਕਰਨ' ਦਾ ਨਾਉ ਸੁਣ ਸਿੰਘ ਸਭੀਏ ਚਬੁੱਪ ਕਰਕੇ ਬਹਿ ਗਏ।

ਪਰ ਜਦ ਸੱਚੇ ਪਾਤਸ਼ਾਹ ਵੱਖਰਾ ਬੁਲਾ ਕੇ ਪੁੱਛਿਆ ਤਾਂ ਨਾਨਕ ਪ੍ਰਕਾਸ਼ ਵਿੱਚੋਂ ਪੜ੍ਹ ਕੇ ਸੁਣਾਇਆ:-

**ਮੁਰਲੀ, ਮਿਰਦੰਗ, ਉਪੰਗ, ਤੰਬੂਰਨ; ਝਾਂਠਰ ਟਾਲ ਬਜੈ ਕਰਨਾਈ**
**ਬਾਰਬਧੂ ਮੁਠ ਗਾਇਕੇ ਗਗਨ ਤਾਨ ਮਿਲਾਇਕੈ ਮੋਦ ਬਢਾਈ ਜਾਈ**
(ੳ) **ਅੰਗਨ ਸੰਗਾਰ ਕੈ, ਅਨੰਗ ਸ਼ਾਨ ਟਾਰਿ ਹੀ**
**1. ਰਥ, 2. ਘੋੜੇ 3. ਗਡੇ 4. ਨਚਣਵਾਲੀਆਂ 5. ਟੋਲੀ**
(ਅ) **ਦੁਤਿ ਰੰਗ ਅਨੇਕ ਪਤਾਕ ਬਨੇ ਫਹਿਰਾਇ ਘਨੋ ਅਰੈ ਸੁਛਾਈ**
**ਅਰਬਿੰਦ ਬਿਲੋਚਨ, ਬੀਚ ਬਿਗਜਹਿ, ਮੋਰ ਪੈ ਚੋਰ ਢਹੈ ਛਬਿ**
(ਸਫ਼ਾ ੩੦੮ ਪੂਰਬਾਰਧ ਅਧਯਾਯ ੨੨ ਛੰਦ ੧੫)
**ਬਾਰਮੁਖੀ ਸਿਰਮਾਂਗ ਸਵਾਰ ਸਭੈ ਕੇ ਮਝਾਰ ਭਲੀ ਬਿਧਿ ਆਈ**
**ਬਾਦਿਤ ਗਾਯਕ ਸੰਗ ਲਏ ਪਗ ਨੇਵਰ ਬਾਜਨੀ ਆਲਿ ਵਜਾਈ**
(ੲ) **ਤਾਲਿਨ ਸੰਗ ਮ੍ਰਿਦੰਗ ਮੁਚੰਗ ਉਮੰਗ ਤਬੂਰੰਨ ਤਾਲ ਮਿਲਾਈ**
**ਗਗਨਿ ਰਾਗ ਭਰੇ ਅਨੁਰਾਗ ਸੋ ਮੋਹਨ ਕੋ ਮਨ ਤਾਨ ਬਸਾਈ**
(ਪੰਨਾ ੩੧੫, ਛੰਦ ੪੫, ਨਾਨਕ ਪ੍ਰਕਾਸ਼)

ਕਬਿੱਤ: **ਸਯੰਦਰ ਤੁਰੰਗਮ ਸੇਕਟ ਪੈ ਅਰੁਢੇ ਕੇਊ**
**ਜਬੀ ਸੰਗਿ ਜਰੇ ਗਜੈ ਆਰਨ ਉਛਾਰਿਹੀ**
**ਬਾਰ ਬਿਧੂ ਬਿਦ ਸੰਗਿ ਗਮਨੀ ਉਮੰਗਿ ਮਨ**

ਦਿੱਲੀ ਵਿਚ 1956 ਨੂੰ ਪਹਿਲਾ ਹੋਲਾ ਹੋਇਆ। ਉਸ ਹੋਲੇ ਸਮੇਂ ਪੰਡਿਤ ਜੀ ਕੋਈ ਪੰਜ ਘੰਟੇ ਦੀਵਾਨ ਲਾਇਆ। ਦੀਵਾਨ ਰਾਤ ਵੇਲੇ ਸੀ ਤੇ ਕਾਨੂੰਨਾਨੁਸਾਰ ਨ.ਅਤ ਸਮੇਂ ਤੋਂ ਵੱਧ ਲਾਉਡ ਸਪੀਕਰ ਚਲਾਇਆ ਨਹੀਂ ਸੀ ਜਾ ਸਕਦਾ। ਪੰਡਿਤ ਜੀ ਸ਼ਬਦ ਪੜ੍ਹਦੇ ਪੜ੍ਹਦੇ ਰੁਕ ਗਏ। ਪਰ ਕੀਰਤਨ ਦੇ ਰੰਗ ਵਿਚ ਭਿੱਜੀਆਂ ਸੰਗਤਾਂ, ਇਹ ਰਸ ਅਲਭ ਜਾਣ, ਕਿਹਾ ਪੰਡਿਤ ਜੀ! ਤਬਸੀਂ ਕੀਰਤਨ ਜਾਰਲ ਰੱਖੋ ਜੁਰਮਾਨੇ ਅਸੀਂ ਭਰਾਂਗੇ ਜੇ ਜੇਲ੍ਹ ਜਾਣ ਦੀ ਲੋੜ ਪਈ ਤਾਂ ਜੇਲ੍ਹ ਦੀ ਯਾਰਾ ਕਰਾਂਗੇ ਪਰ ਤੁਸੀਂ ਕ੍ਰਿਪਾ ਕਰਕੇ ਕੀਰਤਨ ਕਰਦੇ ਜਾਓ।' ਸੰਗਤਾਂ ਦਾ ਅਗਾਧ ਪਿਆਰ ਵੇਖ 2 ਵਜੇ ਤਕ ਦੀਵਾਨ ਲੱਗਾ ਰਿਹਾ। ਪੰਡਿਤ ਜੀ ਦੇ ਪ੍ਰਭਾਵ ਨਾਲ ਉਸ ਹੋਲੇ ਸਮੇਂ 450 ਸੱਜਣਾਂ ਮਾਸ ਸ਼ਰਾਬ ਦਾ ਤਿਆਗ ਕਰ ਭਜਨ ਪੁੱਛਿਆ।

ਇਸੇ ਦੀਵਾਨ ਵਿਚ ਸੇਠ ਤ੍ਰਿਲੋਕ ਸਿੰਘ ਬੈਠੇ ਸਨ। ਜਦ ਭੋਗ ਉਪਰੰਤ ਸੇਠ ਜੀ ਅਰਾਮ ਵਾਸਤੇ ਜਾ ਰਹੇ ਸਨ ਤਾਂ ਸੱਚੇ ਪਾਤਸ਼ਾਹ ਜੀ ਦੇ ਵਾਰ ਵਿਚ ਜਾਂਦਿਆਂ ਦੇ ਦਰਸ਼ਨ ਹੋਏ। ਉਨ੍ਹਾਂ ਸੇਠ ਜੀ ਪਾਸੋਂ ਪੁੱਛਿਆ ਕਿ ਐਸ ਵੇਲੇ ਕਿਧਰੋਂ? ਤਾਂ ਸੇਠ ਜੀ ਕਿਹਾ, ਜੀ ਪੰਡਿਤ ਜੀ ਦਾ ਦੀਵਾਨ ਸੁਣਕੇ ਆ ਰਿਹਾ ਹਾਂ। 450 ਸਰੀਰਾਂ ਮਾਸ ਸ਼ਰਾਬ ਤਿਆਗ ਕਰਕੇ ਭਜਨ ਪੁੱਤਿਆ। ਸੱਚੇ ਪਾਤਸ਼ਾਹ ਜੀ ਜਾ ਦੀਵਾਨ ਵਿਚ ਸ਼ਸ਼ੋਭਤ ਹੋਏ। ਪੰਡਿਤ ਜੀ ਦੇਰ ਨਾਲ ਇਸ਼ਨਾਨ ਕਰ ਆਸਾ ਦੀ ਵਾਰ ਵਿਚ ਆ ਗਏ। ਅਤੇ ਇੱਕ ਪਾਸੇ ਬਹਿ

ਗਏ। ਸੱਚੇ ਪਾਤਸ਼ਾਹ ਮਿਹਰਾਂ ਵਿਚ ਸਨ। ਕੰਵਲ ਨੇਤਰਾਂ ਨਾਲ ਪੰਡਿਤ ਜੀ ਵਲ ਤਕਿਆ ਬਸ ਪੰਡਿਤ ਜੀ ਤੇ ਯੱਕ ਨਗਾਹੇ ਜਾ ਫਜਾਇਸ਼ ਵਾਲਾ ਹਿਸਾਬ ਹੋ ਗਿਆ। ਪੰਡਿਤ ਜੀ ਦੇ ਸਰੀਰ ਤੇ ਪੁਰਕਾਵਲੀ ਛਾ ਗਈ। ਉਹ ਗਦ ਗਦ ਹੋ ਉਠੇ।

ਬਾਲੇਕੇ ਜ਼ਿਲ੍ਹਾ ਸਿਆਲਕੋਟ ਇੱਕ ਸਿੱਖ ਰਹਿੰਦਾ ਸੀ ਉਸਦ ਘਰ ਬੱਚੇ ਹੋਣ ਪਰ ਮਰ ਜਾਣ। ਪੰਡਿਤ ਜੀ ਦੀਵਾਨ ਲਾਇਆ। ਉਹ ਸਿੰਘ ਦੀਵਾਨ ਵਿੱਚ ਆਇਆ ਤੇ ਆਪਣੀ ਵਿਥਿਆ ਸੁਣਾਈ। ਪੰਡਿਤ ਜੀ ਨੇ ਸਮੂਹ ਦੀ ਮਨੋਕਾਮਨਾ ਪੂਰਤੀ ਵਾਸਤੇ ਅਰਦਾਸ ਕੀਤੀ ਤੇ ਨਾਲ ਹੀ ਉਸ ਸਿੰਘ ਨੂੰ ਕਿਹਾ ਜਦ ਬੱਚਾ ਪੰਜ ਸਾਲਾਂ ਦਾ ਹੋ ਜਾਵੇ ਤਾਂ ਅਖੰਡ ਪਾਠ ਕਰਾਈ। ਸਿੱਖ ਨੇ ਬਚਨ ਮੰਨ ਲਿਆ। ਪੰਡਿਤ ਸ੍ਰੀ ਭੈਣੀ ਸਾਹਿਬ ਪਹੁੰਚਿਆ ਤੇ ਸੱਚੇ ਪਾਤਸ਼ਾਹ ਦੇ ਚਰਨਾਂ ਵਿਚ ਵਾਰਤਾ ਸੁਣਾਈ ਕਿ ਸੱਚੇ ਪਾਤਸ਼ਾਹ ਜੀ ਮੈਂ ਇੱਕ ਸੌਦਾ ਕਰ ਆਇਆ ਹਾਂ। ਸੱਚੇ ਪਾਤਹਿ ਜੀ ਪ੍ਰਸੰਨ ਸਨ। ਉਨ੍ਹਾਂ ਹੱਸਦਿਆਂ ਹੱਸਦਿਆਂ ਕਿਹਾ ਜੇਕਰ ਤੂੰ ਸੌਦਾ ਕਰ ਆਇਆ ਹੈ ਤਾਂ ਝੂਠਾ ਨਹੀਂ ਪੈਣ ਦੇਂਦੇ। ਸੱਚੇ ਪਾਤਹਿ ਦੀ ਮਿਹਰ ਨਾਲ ਸਿੰਘ ਬਾਲੇਕੇ ਦੇ ਘਰ ਲੜਕੇ ਦੀ ਬਖਸ਼ਿਸ਼ ਹੋ ਗਈ। ਉਹ ਪੰਜ ਸਾਲ ਦਾ ਹੋਇਆ ਤਾਂ ਸਿੱਖ ਨੇ ਅਖੰਡ ਪਾਠ ਕਰਾਇਆ। ਦੇਸ਼ ਦਾ ਵੰਡਾਰਾ ਹੋ ਗਿਆ। ਉਹ ਪਰਿਵਾਰ ਸਹਿਤ ਭਾਰਤ ਆ ਗਿਆ ਤੇ ਸਦਾ ਪੰਡਿਤ ਜੀ ਨੂੰ ਅਸੀਸਾਂ ਦੇਂਦੇ ਰਿਹਾ।

ਇੱਕ ਸਮੇਂ ਸੱਚੇ ਪਾਤਸ਼ਾਹ ਜੀ ਤੇ ਪੰਡਿਤ ਜੀ ਅੰਬਾਲੇ ਦਾ ਦੌਰਾ ਕਰਦਿਆਂ ਵਾਪਸ ਆ ਰਹੇ ਸਨ ਕਿ ਸੱਚੇ ਪਾਤਸ਼ਾਹ ਪੁੱਛਿਆ, ਪੰਡਿਤਾ ਤੂੰ ਮੇਰੀ ਗ਼ੈਰ ਹਾਜਰੀ ਵਿਚ ਅਰਦਾਸ ਵਿਚ ਮੇਰਾ ਨਾਉਂ ਲੈਂਦਾ ਹੈ। ਪੰਡਿਤ ਜੀ ਕਿਹਾ, ਜੀ ਹਾਂ! ਸੱਚੇ ਪਾਤਸ਼ਾਹ ਜੀ ਕਿਹਾ ਤੂੰ ਮੇਰਾ ਕਹਿਣਾ ਨਹੀਂ ਮੰਨਦਾ? ਇਨ੍ਹਾਂ ਮੁਸਕਰਾਂਦਿਆਂ ਗ਼ਰੀਬ ਨਿਵਾਜ਼ ਮੈਂ ਕਿਹੜੇ ਸਾਰੇ ਬਚਨ ਮੰਨਦਾ ਹਾਂ ਇਹ ਵੀ ਉਨ੍ਹਾਂ ਹੁਕਮ ਅਦੂਲੀਆਂ ਦੀ ਸੂੱਚੀ ਨਾਲ ਨੱਥੀ ਕਰ ਦਿਓ। ਫੇਰ ਸੱਚੇ ਪਾਤਸ਼ਾਹ ਕੋਈ ਬਚਨ ਨਹੀਂ ਕੀਤਾ।

ਇਸੇ ਤਰ੍ਹਾਂ ਇਕ ਘਟਨਾ ਸ਼ਿਮਲੇ ਵਾਪਰੀ। ਧਾਰਮਿਕ ਪ੍ਰੋਗਰਾਮ ਚੱਲ ਰਿਹਾ ਸੀ ਤੇ ਦੀਵਾਨ ਉਪਰੰਤ ਭਾਈ ਸਾਹਿਬ ਭਾਈ ਅਰਜਨ ਸਿੰਘ ਜੀ ਬਾਗੜੀਆਂ ਨੇ। ਕਥਾ ਕਰਨੀ ਸੀ। ਪੰਡਿਤ ਜੀ ਬੋਲਦੇ ਰਹੇ ਤੇ ਹਿੰਦੂ, ਸਿੱਖ ਸਭ ਬੜੇ ਪ੍ਰੇਮ ਨਾਲ ਸੁਣ ਰਹੇ ਸਨ। ਭਾਈ ਸਾਹਿਬ ਜੀ ਕਿਸੇ ਕਾਰਨ ਉੱਠਣ ਲੱਗੇ ਸਨ ਤਾਂ ਪੰਡਿਤ ਜੀ ਕਿਹਾ ਕਿ ਸਰਦਾਰ ਜੀ ਤੁਸੀਂ ਨਹੀਂ ਜਾ ਸਕਦੇ ਭਾਵੇਂ ਬਾਕੀ ਸਭ ਚਲੇ ਜਾਣ ਤੁਸੀਂ ਤਾਂ ਇੱਕ ਸਮਝਦਾਰ ਸ੍ਰੋਤੇ ਹੋ। ਭਾਈ ਸਾਹਿਬ ਜੀ ਬਹਿ ਗਏ ਅਤੇ ਪੰਡਿਤ ਜੀ ਬੋਲਦੇ ਗਏ। ਪੰਡਿਤ ਜੀ ਮਸਤ ਸਨ ਸ੍ਰੋਤੇ ਵੀ ਮਸਤ ਸਨ ਤੇ ਸਟੇਜ ਸਕੱਤਰ ਵੀ ਮਸਤ ਹੋਇਆ ਫਿਰ ਦਾ ਸੀ। ਭਾਈ ਸਾਹਿਬ ਜੀ ਦੀ ਕਥਾ ਦਾ ਸਮਾਂ ਵੀ ਪੰਡਿਤ ਜੀ ਲੈ ਗਏ। ਪਰ

ਸ੍ਰੋਤੇ ਧੰਨ ਧੰਨ ਕਰ ਰਹੇ ਸਨ ਕਿਉਂਕਿ ਇਨ੍ਹਾਂ ਜੋ ਬੋਲਿਆ ਉਹ ਪ੍ਰਭਾਵਸ਼ਾਲੀ ਤੇ ਅਰਥ ਰੱਖਦਾ ਸੀ।

ਇਕ ਸਮੇਂ ਸੱਚੇ ਪਾਤਸ਼ਾਹ ਜੀ ਦੀਵਾਲੀ ਤੋਂ ਸਰਗੋਧੇ ਦਰਸ਼ਨ ਦੇਣ ਗਏ। ਉੱਥੇ ਅਲੈਕਸ਼ਨ ਸੰਬੰਧੀ ਇਕ ਜਲਸਾ ਸੀ। ਨਾਮਧਾਰੀਆਂ ਵੱਲੋਂ ਉਸ ਜਲਸੇ ਵਿਚ ਪੰਡਿਤ ਜੀ ਕਾਂਗਰਸੀ ਜਲਸੇ ਵਿਚ ਪਹਿਲੀ ਵੇਰ ਬੋਲਣ ਲੱਗੇ। ਪਰ ਜਦੋਂ ਸਾਹਿਬ ਦੀ ਰਜ਼ਾ ਹੋਵੇ ਤਾਂ ਉਹ ਗੂੰਗੇ ਕੋਲੋਂ ਗੀਤਾ ਦਾ ਪਾਠ ਕਰਾ ਦੇਂਦੇ। ਉੱਥੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਅਰਦਾਸ ਕਰ ਬੋਲਣਾ ਸ਼ੁਰੂ ਕੀਤਾ। ਇਤਨੀ ਮਿਹਰ ਹੋਈ ਕਿ ਸਭ ਬੁੱਤ ਬਣ ਕੇ ਸੁਣ ਰਹੇ ਸਨ। ਇਤਨੀ ਸ਼ਾਂਤੀ ਸੀ ਕਿ ਸੂਈ ਡਿੱਗੀ ਵੀ ਸੁਣਾਈ ਦੇਂਦੀ ਸੀ। ਪੰਡਿਤ ਜੀ ਤੋਂ ਪਿੱਛੋਂ ਸ੍ਰੀ ਲਹਿਣਾ ਸਿੰਘ ਜਿਹੜੇ ਆਜ਼ਾਦ ਭਾਰਤ ਵਿਚ ਪੰਜਾਬ ਦੇ ਮੰਤਰੀ ਸਨ ਉਨ੍ਹਾਂ ਵੀ ਬੋਲਣਾ ਸੀ, ਉਹ ਵੀ ਇਤਨੇ ਮੁਤੱਮਰ ਹੋਏ ਤੇ ਉਨ੍ਹਾਂ ਕਿਹਾ, ਮੇਰੇ ਵਕਤ ਵਿੱਚੋਂ 15 ਮਿੰਟ ਇਸ ਨੌਜਵਾਨ ਬੋਲਾਰੇ ਨੂੰ ਦਿੱਤੇ ਜਾਣ।

ਇੱਕ ਸਮੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਜੰਮੂ ਦੇ ਇਲਾਕੇ ਨੂੰ ਭਾਗ ਲਾ ਰਹੇ ਸਨ। ਉਨ੍ਹਾਂ ਹਜ਼ੂਰੀ ਵਿਚ ਸੰਤ ਨਿਧਾਨ ਸਿੰਘ ਆਲਿਮ, ਸੰਤ ਟਹਿਲ ਸਿੰਘ ਪੰਡਿਤ ਗੋਪਾਲ ਸਿੰਘ ਅਤੇ ਹੋਰ ਗੁਣੀ ਗਿਆਨੀ ਸਨ। ਸੱਚੇ ਪਾਤਸ਼ਾਹ ਵਾਪਸ ਮੁੜੇ ਤਾਂ ਬਚਨ ਕੀਤਾ ਸਭ ਇੱਕੋ ਡੱਬੇ ਵਿਚ ਬਹਿ ਜਾਓ। ਸੱਚੇ ਪਾਤਸ਼ਾਹ ਜੀ ਵੀ ਉਸੇ ਡੱਬੇ ਵਿਚ ਸ਼ਸ਼ੋਭਤ ਹੋ ਗਏ।

ਉਸੇ ਡੱਬੇ ਵਿਚ ਬੂਟਡ ਸੂਟਡ ਸਿੱਖ ਨੌਜਵਾਨ, ਸਿਰ ਤੇ ਰੰਗੀ ਦਸਤਾਰ ਬੰਨੀ ਆ ਬੈਠਾ। ਸੰਤ ਰਤਨ ਸਿੰਘ ਤੇ ਝਿਰਮਲ ਸਿੰਘ ਆਪੋ ਵਿਚ ਬਚਨ ਬਿਲਾਸ ਕਰ ਰਹੇ ਸਨ। ਇਸ ਨੌਜਵਾਨ ਵੀ ਕੰਨ ਚੁੱਕ ਲਏ। ਇਹ ਉਨ੍ਹਾਂ ਕੋਲ ਚਲਾ ਗਿਆ 'ਗੱਲੀਂ ਬਾਤੀ' ਦੇਹਧਾਰੀ ਗੁਰੂ ਦੀ ਚਰਚਾ ਚਲ ਪਈ ਸੰਤ ਰਤਨ ਸਿੰਘ ਪੂਰਨ ਸਾਧੂ ਸਨ। ਉਹ ਕਾਲਜੀਏਟ ਪੈਰਾਂ ਤੇ ਪਾਣੀ ਨਾ ਪੈਣ ਦੇਵੇ। ਨੌਜਵਾਨ ਨੂੰ ਚਮਕਦਿਆਂ ਵੇਖ ਪੰਡਿਤ ਜੀ ਵੀ ਕੋਲ ਜਾ ਬੈਠੇ ਤੇ ਚਰਚਾ ਨੂੰ ਆਪਣੇ ਹੱਥ ਲੈ ਆਇਆ। ਸੱਚੇ ਪਾਤਸ਼ਾਹ ਜੀ ਬਚਨ ਕੀਤਾ। ਹੁਣ ਹੋਰ ਕੋਈ ਗੱਲ ਨਾ ਕਰੇ। ਪੰਡਿਤ ਜੀ ਨੂੰ ਸਤਿਗੁਰੂ ਤੋਂ ਥਾਪੀ ਮਿਲ ਗਈ। ਇਨ੍ਹਾਂ ਦੀ ਸ਼ਕਤੀ ਵੱਧ ਗਈ, ਪੰਡਿਤ ਜੀ ਦੀ ਰਸਨਾ ਤੇ ਆਪ ਸਤਿਗੁਰੂ ਜੀ ਬੈਠੇ ਤਾਂ ਪੰਡਿਤ ਜੀ ਕਿਹਾ, ਮਨੁੱਖ ਗਿਆਨ ਬਿਨਾ ਪਸ਼ੂ ਹੈ ਤੇ ਗਿਆਨ ਗੁਰੂ ਤੋਂ ਪ੍ਰਾਪਤ ਹੁੰਦਾ ਹੈ:-

**ਇਹ ਹੋ ਸਕਦਾ ਹੈ, ਕੋਈ ਮੁਰਦਾ ਜਿਉਂਦਾ ਕਰ ਦੇਵੇ।**
**ਇਹ ਹੋ ਸਕਦਾ ਹੈ ਕੋਈ ਫੂਲ ਬਿਨਾਂ ਮੌਸਮ ਖਿੜ ਪਵੇ।**
**ਇਹ ਹੋ ਸਕਦਾ ਹੈ ਧਾਗੇ ਨਾਲ ਪਰਬਤ ਢਲ ਜਾਵੇ।**
**ਪਰ ਗੁਰੂ ਤੋਂ ਬਿਨਾ ਗਿਆਨ ਨਹੀਂ ਹੁੰਦਾ।**

ਨੌਜਵਾਨ ਦੀ ਨਿਸ਼ਾਂ ਹੋ ਗਈ। ਉਹ ਹੱਥ ਜੋੜ ਖਲੋਤਾ ਪੰਡਿਤ ਜੀ ਕਿਹ ਇਹ ਪੱਗ ਲਾਹ ਸੁਟ। ਨੌਜਵਾਨ ਬਚਨ ਮੰਨ ਲਾਲ ਪਗੜੀ ਪੰਡਿਤ ਜੀ ਦੇ

ਹਵਾਲੇ ਕਰ ਦਿੱਤੀ ਤੇ ਭਜਨ ਪੁੱਛ ਲਿਆ। ਪੰਡਿਤ ਜੀ ਰੰਗੀ ਦਸਤਾਰੀ ਲੈ ਸੱਚੇ ਪਾਤਸ਼ਾਹ ਜੀ ਦੇ ਚਚਰਨਾਂ ਵਿਚ ਰੱਖੀ। ਤਾਂ ਸੱਚੇ ਪਾਤਸ਼ਾਹ ਆਲਿਮ ਜੀ ਨੂੰ ਸੰਬੋਧਨ ਕਰਦਿਆਂ ਕਿਹਾ 'ਆਲਿਮ ਜੀ! ਵਧਾਈ ਹੋਵੇ ਤੁਹਾਡਾ ਚੇਲਾ ਜਿੱਤ ਆਇਆ ਹੈ।'

ਪੰਡਿਤ ਜੀ ਰੰਗੀ ਦਸਤਾਰ ਬੰਨਣ ਲੱਗੇ ਤਾਂ ਸੱਚੇ ਪਾਤਸ਼ਾਹ ਜੀ ਬਚਨ ਕੀਤਾ, 'ਪੰਡਿਤ ਇਸ ਨੂੰ ਕਿਉਂ ਬੰਨਦਾ ਏ? ਜੀ ਮੈਂ ਜਿੱਤ ਕੇ ਲਿਆਇਆ ਹਾਂ, ਰੰਗੀ ਨਹੀਂ। ਜਿੱਤੀ ਪੱਗ ਬੰਨਣ ਦਾ ਕੋਈ ਦੋਸ਼ ਨਹੀਂ ਪਰ ਸੱਚੇ ਪਾਤਸ਼ਾਹ ਸਹਿਮਤ ਨਾ ਹੋਏ। ਮੁੜ ਪੰਡਿਤ ਕਿਹਾ, ਜੀ ਮੈਂ ਇਹ ਪੱਗ ਆਪਣੇ ਸਾਢੂ ਮਨੋਹਰ ਸਿੰਘ ਨੂੰ ਦੇਂਦਾ ਹਾਂ। ਸੱਚੇ ਪਾਤਸ਼ਾਹ ਇਹ ਵੀ ਨਾ ਮੰਨੇ ਤੇ ਕਿਹਾ ਕਿ ਤੂੰ ਉਸਨੂੰ ਠੀਕ ਕਰ। ਪੰਡਿਤ ਜੀ ਦਾ ਉੱਤਰ ਸੀ 'ਉਹ ਤਾਂ ਪਹਿਲਾਂ ਹੀ ਠੀਕ ਹੈ, ਉਸਨੂੰ ਠੀਕ ਕੀ ਕਰਾਂ। ਉਹ ਕੋਈ ਗੱਲ ਨਹੀਂ ਕਰਦਾ। ਨਿਰੀ ਗਊ ਏ।' ਖ਼ੈਰ ਉਹ ਵੀ ਸਮਾਂ ਇਸ ਰੰਗ ਵਿਚ ਬੀਤ ਗਿਆ। ਸਿਆਲਕੋਟ ਦਾ ਸਟੇਸ਼ਨ ਆ ਗਿਆ। ਪੰਡਿਤ ਜੀ ਇੱਥੇ ਉਤਰ ਪਏ ਤੇ ਆਪਣੀ ਸਾਲੀ ਗੁਣਵੰਤੀ ਕੋਲ ਜਾ ਸਤਿ ਸ੍ਰੀ ਅਕਾਲ ਬੁਲਾਈ।

ਪੰਡਿਤ ਜੀ ਲਗਾਤਾ ਮਹੀਨਾ, ਮਹੀਨਾ ਭਰ, ਪ੍ਰਯੋਗ ਸਮੇਂ ਅੱਧਾ ਘੰਟਾ ਜਾਂ ਪੌਣਾ ਘੰਟਾ ਬੋਲਦੇ ਹਨ, ਤੇ ਹਰ ਰੋਜ਼ ਨਵਾਂ ਪ੍ਰਸੰਗ ਤੇ ਨਵੀਂ ਅਦਾਇਗੀ। ਸ੍ਰੋਤੇ ਜਨ ਨਾ ਅਕਦੇ ਹਨ ਨਾ ਥਕਦੇ ਹਨ ਸਗੋਂ ਸਾਧ ਸੰਗਤ ਦੀਆਂ ਖ਼ੁਸ਼ੀਆਂ ਲੈਂਦੇ ਹਨ ਤੇ ਅੰਦਰੋਂ ਅਰਦਾਸ ਕਰਦੇ ਹਨ ਕਿ ਪੰਡਿਤ ਜੀ ਮੋਤੀ ਖਿਲਾਰਦੇ ਜਾਣ ਤੇ ਹੰਸ ਚੁਗਦੇ ਰਹਿਣ।

ਪੰਡਿਤ ਜੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਸਿਆਮ ਤੇ ਅਫਰੀਕਾ ਤੇ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਸਿਆਮ, ਅਫਰੀਕਾ, ਕਨੈਡਾ, ਯੂ.ਕੇ. ਤੇ ਜਾਪਾਨ ਆਦਿ ਦਾ ਦੌਰਾ ਕੀਤਾ ਤੇ ਸਿੰਘਾਂ ਨੂੰ ਮਾਸ, ਸ਼ਰਾਬ ਛੁਡਾ ਕੇ ਦੇਵਤਾ ਬਣਾਇਆ ਤੇ ਨਵਾਂ ਜੀਵਨ ਦਿੱਤਾ ਅਤੇ ਕਲਿਆਣ ਦਾ ਮਾਰਗ ਦਰਸਾਇਆ।

## ਅਮਲੀ ਜੀਵਨ

ਸੰਸਾਰ ਵਿਚ ਹਰ ਦਾਤ ਸਤਿਗੁਰੂ ਦੀ ਬਖਸ਼ਸ਼ ਨਾਲ ਪ੍ਰਾਪਤ ਹੁੰਦੀ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਬਚਨ ਕੀਤਾ ਕਰਦੇ ਸਨ, ਕਿ ਭਾਈ ਕਾਲੂ ਜੀ ਕੀਰਤਨ ਕਰਨ ਤੋਂ ਪਹਿਲਾਂ ਘੰਟਾ ਦੋ ਘੰਟੇ ਇਸ਼ਨਾਨ ਕਰ ਭਜਨ ਵਿਚ ਜੁੜ ਆਕੇ ਕੀਰਤਨ ਕਰਦੇ ਸਨ। ਤਾਂ ਉਨ੍ਹਾਂ ਦੀ ਰਸਨਾ ਤੋਂ ਰਸ ਟਪਕਦਾ ਸੀ, ਸ੍ਰੋਤੇ ਕੀਲੇ ਜਾਂਦੇ ਸਨ। ਤਿਵੇਂ ਪੰਡਿਤ ਜੀ ਦਾ ਸੁਭਾ ਹੈ ਕਿ ਅੰਮ੍ਰਿਤ ਵੇਲੇ ਉਠਦੇ ਹਨ। ਕੀਰਤਨ ਕਰਨਾ ਹੋਵੇ ਜਾਂ ਨਾ ਕਰਨਾ ਹੋਵੇ। ਇਸ਼ਨਾਨ ਕਰ, ਚੌਕੜਾ

ਮਾਰ ਭਜਨ ਕਰਦੇ ਹਨ। ਇਸੇ ਤਰ੍ਹਾਂ ਪੰਡਿਤ ਜੀ ਭੀ ਮੇਲੇ ਜਾਂ ਵੱਡੇ ਸਮਾਗਮ ਦੀ ਦਿਨੀਂ ਨਿਤਨੇਮ ਕਰ ਲੰਗਰ ਵਿਚ ਜਾਕੇ ਪ੍ਰਸ਼ਾਦੇ ਪਕਾਂਦੇ ਜਾਂ ਹੋਰ ਸੇਵਾ ਕਰਦੇ ਹਨ ਮੁੜ ਆਸਾ ਦੀ ਵਾਰ ਦਾ ਰਸ ਮਾਣਦੇ ਹਨ। ਜਦ ਸੰਗਤਾਂ ਜਲ ਪ੍ਰਸ਼ਾਦ ਛੱਕਦੀਆਂ ਹਨ ਤਾਂ ਇਹ ਸੰਗਤਾਂ ਦੇ ਜੂਠੇ ਬਰਤਨ ਮਾਂਜਦੇ ਹਨ। ਇਹੋ ਕਾਰਣ ਹੈ ਕਿ ਪੰਡਿਤ ਜੀ ਦੇ ਦੀਵਾਨ ਵਿਚ ਅੰਮ੍ਰਿਤ ਵਰਸ਼ਾ ਹੁੰਦੀ ਹੈ। ਦਸਵੇਂ ਪਾਤਸ਼ਾਹ ਜੀ ਭਾਈ ਮਨੀ ਸਿੰਘ ਨੂੰ ਜਦ ਉਹ ਯੁਵਾ ਅਵਸਥਾ ਵਿਚ ਸਨ ਤਾਂ ਉਪਦੇਸ਼ ਦਿੱਤਾ ਕਰਦੇ ਸਨ 'ਮਨੀਆਂ! ਜਿੰਨੇ ਭਾਂਡੇ ਲਿਸ਼ਕਾਏਂਗਾ, ਤੇਰਾ ਮਨ ਲਿਸ਼ਕੇਗਾ। ਸੇਵਾ ਕਰਿਆ ਕਰ। ਤਿਵੇਂ ਪੰਡਿਤ ਜੀ ਵੀ ਸੇਵਾ ਕਰ ਪ੍ਰਸੰਨ ਹੁੰਦੇ।

## ਭੂਮਿਕਾ ਬੰਨਣਾ

ਕਿਸੇ ਕੰਮ ਕਰਨ ਵਿਚ ਭੂਮਿਕਾ ਦੀ ਅਤੀ ਲੋੜ ਹੁੰਦੀ ਹੈ। ਜੇ ਮਜ਼ਮੂਨ ਦੀ ਭੂਮਿਕਾ ਬੱਜ ਜਾਵੇ ਤਾਂ ਮਜ਼ਮੂਨ ਵੀ ਠੀਕ ਨਿਭ ਜਾਂਦਾ ਹੈ। ਜੇਕਰ ਭੂਮਿਕਾ ਕੱਚੀ ਹੋਵੇ ਤਾਂ ਭਾਸ਼ਣ ਵੀ ਸਵਾਦ ਨਹੀਂ ਦੇਂਦਾ। ਕੜਾਹ ਪ੍ਰਸ਼ਾਦ ਬਾਰੇ ਜਾਣਦੇ ਬਰਾਬਰ ਦਾ ਘਿਓ, ਖੰਡ ਤੇ ਆਟਾ ਤੇ ਦੂਣਾ ਪਾਣੀ ਸਿਆਣੇ ਇਸੇ ਰਸਦ ਨੂੰ ਅੰਮ੍ਰਿਤ ਵਿਚ ਬਦਲ ਦੇਣਗੇ ਤੇ ਅੰਞਾਣੇ ਬਹੁਤੀ ਅੱਗ ਬਾਲ ਜਾ ਵਧੇਰਾ ਪਾਣੀ ਪਾ, ਜਾਂ ਘੱਟ ਅੱਗ ਬਾਲ ਸੀਰਾ ਬਣਾ ਦੇਣਗੇ ਜਾਂ ਸਾੜ ਦੇਣਗੇ। ਪਰ ਪੰਡਿਤ ਜੀ ਸਦਾ ਸਿਆਣੇ ਲਾਂਗਰੀ ਨਿਆਈ ਚੰਗੀ ਭੂਮਿਕਾ ਬੰਨ ਸ੍ਰੋਤਿਆਂ ਨੂੰ ਆਪਣੇ ਵਲ ਖਿੱਚ ਲੈਣਗੇ। ਜਪ ਪ੍ਰਯੋਗ ਦੇ ਮੇਲਿਆਂ ਸਮੇਂ ਲਗਾਤਾਰ ਕੁਝ ਕਹਿਣ ਦੀ ਆਗਿਆ ਹੁੰਦੀ ਹੈ, ਪੰਡਿਤ ਜੀ ਹਰ ਸਵੇਰ ਨਵੀਂ ਭੂਮਿਦਾ ਨਾਲ ਮਜ਼ਮੂਨ ਸ਼ੁਰੂ ਕਰਦੇ ਤੇ ਭੂਮਿਕਾ ਅਨੁਸਾਰ ਆਪਣਾ ਵਖਿਆਣ ਨਿਭਾਂਦੇ। ਜਿਸ ਦਾ ਸਦਕਾ ਉਹ ਵਾਰਤਾ ਸੁੱਤੇ ਹੀ ਸ੍ਰੋਤਿਆਂ ਦੇ ਮਨਾਂ ਵਿਚ ਉਤਰਦੀ ਚਲੀ ਜਾਂਦੀ ਹੈ।

ਇੱਕ ਸਮੇਂ ਪੰਡਿਤ ਜੀ ਈਸ਼ਵਰ ਦੀ ਮਾਇਆ ਬਾਰੇ ਕੁਝ ਕਹਿਣਾ ਸੀ ਤਾਂ ਪੰਡਿਤ ਜੀ ਉਥਾਨਕਾ ਤੋਰੀ ਹੋਰ ਸੁੰਦਰ ਇਸਤਰੀ ਮੰਦੀ ਨਜ਼ਰ ਤੋਂ ਬਚਣਾ ਚਾਹੁੰਦੀ ਹੈ ਤੇ ਪਰਦਾ ਕਰਦੀ ਹੈ। ਅਕਾਲ ਪੁਰਖ ਵੀ ਸੁੰਦਰ ਸਰੂਪ ਹੈ ਉਹ ਵੀ ਆਪਣੇ ਸੁੰਦਰ ਸਰੂਪ ਨੂੰ ਢੱਕਣ ਵਾਸਤੇ ਪੜ੍ਹਦਾ ਲੋਚਦਾ ਹੈ। ਅਕਾਲ ਪੁਰਖ ਤਾਂ ਅਰਾਮ ਤੇ ਅਥਾਹ ਹੈ ਇਤਨਾ ਵੱਡਾ ਪਰਦਾ ਕਿੱਥੋਂ ਆਵੇ। ਕਿਹੜਾ ਦਰਜ਼ੀ ਹੋਵੇ? ਕਿੰਨਾ ਕੱਪੜਾ ਲਵੇ? ਤੇ ਫਿਰ ਉਹ ਸੀਵੇ ਤਾਂ ਉਸ ਬ੍ਰਹਮ ਨੂੰ ਛਪਾਣ ਵਾਸਤੇ ਇੱਕ ਪਰਦਾ ਬਣਾ ਰੱਖਿਆ ਹੈ। ਉਹ ਹੈ ਮਾਇਆ। ਉਹ ਈਸ਼ਵਰ ਆਪ ਹੀ ਬਣਾਈ ਹੈ ਤੇ ਆਪ ਹੀ ਉਸਦੇ ਉਹਲੇ ਰਹਿੰਦਾ ਹੈ, ਪਰ ਪ੍ਰਭੂ ਦੇ ਪਿਆਰੇ ਉਸ ਪਰਦੇ ਨੂੰ ਪਾੜ ਉਸਦੇ ਨੂਰ ਦੇ ਦਰਸ਼ਨ ਕਰ ਉਸ 'ਸਤਿ' ਨਾਲ ਇੱਕ ਮਿੱਕ ਹੋ ਜਾਂਦੇ ਹਨ।

2) **ਸੰਤ ਅਤੇ ਮਨੁੱਖ ਵਿਚ ਫ਼ਰਕ:-**

ਪੱਥਰ ਤੇ ਹੀਰੇ ਵਿਚ ਕੀ ਫ਼ਰਕ ਹੈ? ਹਨ ਦੋਵੇਂ ਪੱਥਰ ਇੱਕੋ ਜ਼ਾਤ ਦੇ, ਪਰ ਗੁਣਾਂ ਦੇ ਵਾਧੇ ਕਰਕੇ ਇਕ ਪੈਰਾਂ ਵਿਚ ਰੁਲਦਾ ਹੈ ਤੇ ਦੂਜਾ ਬਾਦਸ਼ਾਹ ਦੇ ਸਿਰਾਂ ਦਾ ਸ਼ਿੰਗਾਰ। ਪੰਛੀਆਂ ਵਿੱਚੋਂ ਹੰਸ ਨੂੰ ਵੇਖ ਲਵੋ ਤੇ ਨਾਲ ਈ ਕਾਂ ਨੂੰ। ਦੋਹਾਂ ਪਾਸ ਖੰਭ ਹਨ, ਚੁੰਜਾਂ ਹਨ, ਪਰ ਕਾਂ ਗੰਦਗੀ ਤੇ ਮੁਹਤ ਹੁੰਦਾ ਹੈ ਤੇ ਹੰਸ ਮਾਨਸਰੋਵਰ ਤੇ ਕਲੋਲਾਂ ਕਰਦੇ ਹਨ, ਤੇ ਮੋਤੀ ਚੋਗਾ ਚੁਗਦੇ ਹਨ। ਬਿਰਖਾ ਵਿਚ ਚੰਦਨ ਵੀ ਹੈ, ਤੇ ਸੰਬਲ ਵੀ। ਸੰਬਲ ਤੋਂ ਪੰਛੀ ਵੀ ਦੂਰ ਭੱਜਦੇ ਹਨ, ਪਰ ਚੰਦਨ ਵਲ ਸੱਭ ਵੀ ਖਿੱਚੇ ਜਾਂਦੇ ਹਨ। ਤਿਵੇਂ ਗੁਰਮੁਖ ਨਾਮ ਬਾਣੀ ਤੇ ਸਿਮਰਨ ਵਾਲਾ ਪਾਸਾ ਪਕੜ ਜਨਮ ਸਵਾਰ ਲੈਂਦੇ ਹਨ ਤੇ ਦੂਜਿਆਂ ਨੂੰ ਸਵਾਰਨ ਦੀ ਪ੍ਰੇਰਨਾ ਦੇਂਦੇ ਹਨ। ਪਰ ਮਨਮੁਖ ਆਪ ਡੁੱਬੇ ਜੇ ਬਾਮ੍ਹਣਾਂ ਨਾਲ ਜਜਮਾਨ ਵੀ ਗਾਲੇ। ਮੁਕਦੀ ਗੱਲ ਕਾਹਦੀ? ਪੰਡਿਤ ਜੀ ਭੂਮਿਕਾ ਬੰਨ ਉਹ ਵਾਤਾਵਰਨ ਪੈਦਾ ਕਰ ਸ੍ਰੋਤਿਆਂ ਨੂੰ ਵਸ ਕਰ ਲੈਂਦੇ ਹਨ। ਉਨ੍ਹਾਂ ਦੇ ਜੋਸ਼ੀਲੇ ਬੋਲ ਉਨ੍ਹਾਂ ਦੀ ਅਦਾਇਗੀ, ਉਨ੍ਹਾਂ ਦੀ ਵਿਆਖਿਆ, ਉਨ੍ਹਾਂ ਦੀ ਐਕਟਿੰਗ ਸ੍ਰੋਤਿਆਂ ਤੇ ਜਾਦੂ ਕਰ ਦੇਂਦੇ ਹਨ। ਕਿਹਾੜਾ ਲੰਮੇ ਸਮੇਂ ਤਕ ਸ੍ਰੋਤਿਆਂ ਦੇ ਨੇਤਰਾਂ ਦੇ ਸਾਮ੍ਹਣੇ ਨਿਰਤ ਕਰਦੇ ਤੇ ਕੰਨਾਂ ਵਿਚ ਗੂੰਜਦੇ ਰਹਿੰਦੇ ਹਨ।

## ਯਾਦ ਸ਼ਕਤੀ

ਇਹ ਤਾਂ ਮੰਨਣਾ ਪਵੇਗਾ ਕਿ ਪੰਡਿਤ ਜੀ ਦੀ ਯਾਦ ਸ਼ਕਤੀ ਬਲਵਾਨ ਹੈ। ਜੇ ਕਿਸੇ ਮਹਾਂ ਪੁਰਸ਼ ਦਾ ਕੁਰਸੀ ਨਾਮਾ ਦੱਸਣ ਲਗਿਆਂ ਉਸਦੇ ਮਾਤਾ, ਪਿਤਾ, ਜਨਮ, ਤਿਥੀ ਤੇ ਹੋਰ ਜਾਣਕਾਰੀ, ਜਿਸਨੂੰ ਆਮ ਪ੍ਰਚਾਰਕ ਦੱਸਣ ਤੋਂ ਅਸਮਰਥ ਹਨ, ਉਹ ਬੜੀ ਅਸਾਨੀ ਨਾਲ ਦਸ ਸਕਦੇ ਹਨ।

## ਨਿਧੜਕ ਤੇ ਬੇਖ਼ੌਫ਼

ਪੰਡਿਤ ਜੀ ਦਾ ਇਹ ਸੁਭਾ ਮੁੱਢ ਤੋਂ ਹੀ ਹੈ ਕਿਸੇ ਨੂੰ ਠੀਕ ਤੇ ਸੱਚੀ ਗੱਲ ਮੂੰਹ ਤੇ ਕਹਿ ਦੇਣੀ ਇਸ ਨੂੰ ਜਨਮ ਤੋਂ ਮਿਲੀ ਹੈ। 2038 ਦੇ ਯੂ.ਪੀ. ਦੇ ਹੋਲੇ ਸਮੇਂ ਗਿਆਨੀ ਜ਼ੈਲ ਸਿੰਘ, ਸ੍ਰੀ ਹੰਸਪਾਲ ਐਮ.ਪੀ. ਰਾਜੀਵ ਗਾਂਧੀ ਤੇ ਕੁਝ ਯੂ.ਪੀ. ਦੇ ਮੰਤਰੀ ਪਧਾਰੇ ਸਨ। ਪੰਡਿਤ ਜੀ ਉਨ੍ਹਾਂ ਨੂੰ ਜੀ ਆਇਆਂ ਕਹਿਣ ਦਾ ਆਦੇਸ਼ ਹੋਇਆ। ਪਰ ਪੰਡਿਤ ਜੀ ਮੌਜ ਸਨ ਉੱਠੇ ਤੇ ਸਵਾਗਤੀ ਸ਼ਬਦ ਕਹਿੰਦਿਆਂ ਇਹ ਖ਼ਿਆਲ ਪ੍ਰਗਟ ਕੀਤੇ। ਮਨੁੱਖਾ ਜਨਮ ਭਾਗਾਂ ਨਾਲ ਪ੍ਰਾਪਤ ਹੋਇਆ ਹੈ ਇਸ ਨੂੰ ਭੰਗ ਦੇ ਭਾੜੇ ਨਹੀਂ ਗਵਾਣਾ ਚਾਹੀਦਾ। ਜਿਹੜੇ ਪੁਰਸ਼ ਸ਼ਰਾਬ ਪੀਂਦੇ ਹਨ, ਮਾਸ ਖਾਂਦੇ ਹਨ, ਨਿਰਦੋਸ਼ ਜੀਆਂ ਨੂੰ ਮਾਰਦੇ ਹਨ

ਜਾਂ ਸਤਾਂਦੇ ਹਨ ਉਹ ਮੂਰਖ ਇਨਸਾਨੀ ਵਜੂਦ ਵਿਚ ਹਨ। ਇਹ ਸ਼ਾਸਤਰਾਂ ਦੇ ਵਿਚਾਰ ਹਨ, ਮੇਰਾ ਇਸ ਵਿਚ ਇੱਕ ਅੱਖਰ ਨਹੀਂ। ਜਿਵੇਂ:-

**ਮਾਸ ਭਖਸ਼ਈਐਂ, ਸੁਰਾਪਾਨੰ ਮੂਰਖ**
**ਅਖਰ ਬਿਬਰ ਜਤਾ**

ਪੰਡਿਤ ਜੀ ਗ਼ਲਤ ਨਹੀਂ ਸੀ, ਪਰ ਆਏ ਸੱਜਣਾਂ ਵਿੱਚੋਂ ਉਹ ਵੀ ਸਨ, ਜਿਹੜੇ ਮਾਸ ਸ਼ਰਾਬ ਵਰਤਣ ਦੇ ਆਦੀ ਸਨ। ਉਹ ਆਪਣਾ ਅਪਮਾਨ ਸਮਝਦੇ ਹੋਣਗੇ ਸਵਾਗਤ ਨਹੀਂ। ਪੰਡਿਤ ਜੀ ਕਿਹਾ ਇਹ ਸਤਿਜੁਗੀ ਸਮਾਗਮ ਦੀ ਸਭ ਨੂੰ ਦੇਵਤਾ ਬਣਨ ਦੀ ਪ੍ਰੇਰਨਾ ਕਰਦਾ ਹੈ। ਜਿਹੜਾ ਇੱਕ ਅੱਧ ਵੀ ਆਪਣੇ ਮਨ ਨੂੰ ਸੋਧ ਦੇ ਲਵੇ ਮੈਂ ਆਪਣੇ ਪੰਨ ਭਾਗ ਜਾਣਾਂਗਾ।

## ਦਲੀਲ ਸ਼ਕਤੀ

ੳ) ਅੰਮ੍ਰਿਤ: **ਸੁਰਿ ਨਰ ਮੁਨਿਜਨ ਅੰਮ੍ਰਿਤੁ ਖੋਜਦੇ**
**ਸੁ ਅੰਮ੍ਰਿਤ ਗੁਰ ਤੇ ਪਾਇਆ।**

ਆਮ ਗਿਆਨੀ ਇਸ ਅੰਮ੍ਰਿਤ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਖੰਡੇ ਦੇ ਅੰਮ੍ਰਿਤ ਕਹਿ ਕੇ ਵਰਨਣ ਕਰਦੇ ਹਨ, ਪਰ ਪੰਡਿਤ ਜੀ ਦੀ ਵਿਆਖਿਆ ਹੈ, ਨਾਮ। ਕਿਉਂਕਿ ਜੇ ਇਸ ਨੂੰ ਖੰਡੇ ਦੇ ਅੰਮ੍ਰਿਤ ਨਾਲ ਮਾਨਤਾ ਦੇਣੀ ਏ ਤਾਂ ਨਾਮੁਮਕਨ ਹੈ। ਇਹ ਬਾਣੀ ਤਾਂ ਗੁਰੂ ਅਮਰ ਦਾਸ ਤੀਜੀ ਪਾਤਸ਼ਾਹੀ ਦੀ ਹੈ (ਨਾਮ ਹੈ) ਜਾਂ (ਗੁਰ ਉਪਦੇਸ਼)

ਅ) ਨਾਮ: **ਗਰਮੀਆਂ ਵਿਚ ਠੰਡਾ ਤੇ ਸਰਦੀਆਂ ਵਿਚ ਗਰਮ।**
**ਆਸਾੜੂ ਤਪੰਦਾ ਤਿਸੁ ਲਗੈਂ ਹਰਿ**
**ਨਹੁ ਨਾ ਜਿੰਨਾਂ ਪਾਸ।** (ਠੰਡਾ)
**ਪੋਖਿ ਤੁਖਾਰੁ ਨਾ ਵਿਆਪਈ ਕੰਠਿ ਮਿਲਿਆ**
**ਹਰਿ ਨਾਹੁ।** (ਗਰਮ)

ੲ) ਅਵਿਚਲ ਨਗਰ:
**ਅਬਿਚਲ ਨਗਰ ਗੋਬਿੰਦ ਗੁਰੂ ਕਾ**
**ਨਾਮੁ ਜਪਤ ਸੁਖ ਪਾਇਆ।**

ਸਿੰਘ ਸਭੀਏ ਪ੍ਰਚਾਰਕ ਇੱਥੇ ਹਜ਼ੂਰ ਸਾਹਿਬ ਅਰਥ ਕਰਦੇ ਹਨ। ਜਿਹੜਾ ਗ਼ਲਤ ਹੈ। ਉਹ ਨਗਰ ਦਸਵੇਂ ਗੁਰੂ ਨਰ ਲੀਲਾ ਦਾ ਅਸਥਾਨ ਹੈ। ਪਰ ਇਹ ਗ਼ਲਤ ਹੈ ਕਿਉਂਕਿ ਇ ਸ਼ਬਦ ਚੌਥੇ ਗੁਰੂ ਜੀ ਦਾ ਉਚਾਰਨ ਕੀਤਾ ਹੈ ਜਦ ਕਿ ਉਹ ਜਗ੍ਹਾ ਵਜੂਦ ਵਿਚ ਵੀ ਨਹੀਂ ਆਈ ਸੀ ਇਸ ਦਾ ਭਾਵ ਹੈ ਕਿ ਅਬਚਲ ਨਗਰ ਉਹ ਹੈ ਜਿੱਥੇ ਸਮੇਂ ਦਾ ਸਤਿਗੁਰੂ ਜੀਆਂ ਨੂੰ ਉਪਦੇਸ਼ ਦੇ ਕਕੇ ਤਾਰਦਾ ਹੈ, ਉਹੋ ਗੋਬਿੰਦ ਗੁਰੂ ਦਾ ਘਰ ਹੈ।

ਮਾਈ:-

**ਗੁਰਮੁਖ ਨਾਦੰ ਗੁਰਮੁਖ ਵੇਦੰ ਗੁਰਮੁਖਿ ਰਹਿਆ ਸਮਾਈ**
**ਗੁਰ ਈਸਰੁ ਗੁਰ ਗੋਰਖ ਬਰਮ੍ਹਾ ਗੁਰ ਪਾਰਬਤੀ ਮਾਈ।**

ਇਸ ਪੰਗਤੀ ਵਿਚ ਨਾਦੰ (ਨਾਮ) ਵੈਦੰ (ਗਿਆਨ) ਇਹ ਦਾਤਾ ਗੁਰੂ ਤੋਂ ਪ੍ਰਾਪਤ ਹੁੰਦੀਆਂ ਹਨ। ਗੁਰੂ ਹੀ ਈਸਰ-ਸ਼ਿਵਜੀ, ਗੋਰਖ-ਧਰਤੀ ਦਾ ਪਾਲਣਹਾਰ ਕਰਨਾ ਵਾਲਾ, ਵਿਸ਼ਨੂੰ ਬਰਮਾ ਪੈਦਾ ਕਰਨ ਵਾਲਾ। ਇਸ ਪੰਗਤੀ ਵਿਚ ਦੇਵਤੇ ਤਿੰਨ ਹਨ ਪਰ ਮਾਤਾ ਇਕ ਹੈ। ਪੰਡਿਤ ਜੀ ਦੇ ਵਿਚਾਰ ਅਨੁਸਾਰ ਮਾਈ+ਮਾ+ਈ=ਮਾਂ=ਮਾਇਆ ਲਛਮੀ ਤੇ ਈ ਸੁਰਸਤੀ

## ਭਾਵ ਪੂਰਤ ਟੋਟਕੇ

(ੳ) **ਸੈਠ ਹੈ ਜਿਸਕੀ ਜਵਾਨ, ਸ਼ਮਸ਼ੀਰ ਕੀ ਹਾਜਤ ਨਹੀਂ।**
**ਸਾਫ ਹੈ ਜਿਸਕੀ ਨਗਾਹ, ਤੀਰ ਕੀ ਹਾਜਤ ਨਹੀਂ।**
**ਜਬ ਤਸਵੰਰ ਬੰਦ ਗਿਆ, ਤਸਵੀਰ ਕੀ ਹਾਜਤ ਨਹੀਂ।**
**ਜ਼ੁਲਫ ਕੇ ਪਾਬੰਧ ਕੋ, ਜੰਜੀ ਕੀ ਹਾਜਤ ਨਹੀਂ।**
**ਸਾਬਰੋ ਮਾਕਰ ਕੋ, ਜਾਗੀਰ ਕੀ ਹਾਜਤ ਨਹੀਂ।**

(ਅ) **ਕਬਹੂ ਕਬਹੂ ਬਾਜ ਹਾਥ, ਬਾਜਤ ਲਗਹਰੇ ਸਾਥ।**
**ਕਬੂ ਕੇ ਪਾਏ ਪਿਆ ਦੇ ਯੋਸ਼ ਸੀਸ ਸਹੀਐ।**
**ਕਬਹੂ ਕਬਹੂ ਸੇਵਾ ਔਰ ਮਠਾਈ ਕੀ ਨ ਰੁਚੀ ਹੋਤ।**
**ਕਬਹੂ ਕਬਹੂ ਮੁਠੀ ਭਰ ਨਾਜ ਵੀ ਲਹੀਐ।**
**ਕਬਹੂ ਨਿਜ ਦੁਆਰ ਪਰ ਭਿਖਾਰਨ ਕੀ ਭੀਰ ਹੋਤ।**
**ਕਬਹੂ ਪਰ ਦੁਆਰੇ ਆਪ ਜਾਈ ਬਹੀਐ।**
**ਛੋਡੀਏ ਨ ਹਿਮਤ, ਵਿਮਾਰੀ ਏ ਨ ਹਰੀ ਨਾਮ।**
**ਜੋਉ (ਬਧ ਰਾਮ ਰਾਖੈ, ਸੋਊ ਬਿਧ ਰਹੀਐ।**

(ੲ) **ਯਿਹ ਮੁਮਕਨ ਹੈ ਕਿ ਲੋਹਿ ਗਰਾਂ ਫੂੰਕੇ ਸੇਹਿਲ ਜਾਏ।**
**ਯਿਹ ਮੁਮਕਨ ਹੈ ਕਿ ਕੋਈ ਬੇ ਮੌਸਮ ਫੂਲ ਖਿਲ ਜਾਏ।**
**ਯਿਹ ਮੁਮਕਨ ਹੈ ਕਿ ਧਾਗੇ ਸੇ ਨਦੀ ਕਾ ਪੇਟ ਸਿਲ ਜਾਏ।**
**ਮਗਰ ਯਿਹ ਹੋ ਨਹੀਂ ਸਕਤਾ ਕਿ ਗੁਰੂ ਬਿਨ ਗਿਆਨ ਮਿਲ ਜਾਏ।**

ਪੰਡਿਤ ਜੀ ਵਧੀਆ ਬੁਲਾਰੇ ਹਨ। ਉਨ੍ਹਾਂ ਦੀ ਬੋਲਣ ਸ਼ਕਤੀ ਪ੍ਰਭਾਵਸ਼ਾਲੀ ਹੈ, ਵਿਦਿਆ ਦਾ ਬਲ ਹੈ, ਅਦਾਇਗੀ ਮੌਹਦੀ ਚਲੀ ਜਾਂਦੀ ਹੈ, ਇਨ੍ਹਾਂ ਸਭਨਾਂ ਗੁਣਾਂ ਦੇ ਬਾਵਜੂਦ ਉਹ ਨਿਰਮਾਣ ਹਨ ਅਤੇ ਕਹਿੰਦੇ ਹਨ, ਇਹ ਸਭ ਕਿਰਪਾ ਮਹਾਨ ਗੁਰੂ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹੈ। ਜਿਨ੍ਹਾਂ ਦੇ ਉਪਦੇਸ਼ ਸਦਕਾ ਇਹ ਸੇਵਾ ਕਰ ਰਿਹਾ ਹਾਂ।

## ਐਰੋਪਲੇਨ ਦੇ ਚੋਜ

ਸੂਰਤ ਸਿਖਰ ਤੋਂ ਢੱਲ ਚੁੱਕਾ ਸੀ। ਕਰੀਬਨ ਇਕ ਦਾ ਵਕਤ ਹੋਵੇਗਾ ਕਿ ਸ੍ਰੀ ਭੈਣੀ ਸਾਹਿਬ ਦੇ ਕੁਆਰਟਰਾਂ ਦੇ ਕਮਰੇ ਨੰ: 2 ਵਿਚ ਬੈਠੇ ਸੰਤ ਸੁਖ ਦਰਸ਼ਨ ਸਿੰਘ ਆਰਚੇਟੈਕਟ ਦਿੱਲੀ ਨੇ ਆਵਾਜ਼ ਮਾਰੀ, ਮਾਸਟਰ ਜੀ, ਮਾਸਟਰ ਜੀ ਜਰ੍ਹਾ ਏਧਰ ਆਉ, ਤੁਹਾਨੂੰ ਇਕ ਵਾਰਤਾ ਸੁਣਾਵਾਂ 'ਧੰਨ ਭਾਗ! ਜੇ ਤੁਸੀਂ ਕੋਈ ਸਤਿਗੁਰਾਂ ਦੇ ਵਰਤਾਂਤ ਸੁਣਾਓ'

'ਲਓ ਬੈਠੇ ਕੁਰਸੀ ਤੇ 'ਸੁਣਾਓ ਆਪਣੀ ਜੀਵਨ ਕਥਾ ਕਿਵੇਂ ਤੁਹਾਡੇ ਉੱਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬਖਸ਼ਸ਼ ਕੀਤੀ, ਅਤੇ ਨਾਮ ਰੰਗਨ ਵਿਚ ਰੰਗਿਆ ਸੀ।

ਮੇਰੀ ਨਿਗਾਹ ਬੈਠਦਿਆਂ ਇਕ ਲੰਮੇ, ਪਤਲੇ, ਸਿਰ ਨੰਗੇ, ਛੋਟੇ ਕੇਸ, ਉਹ ਵੀ ਚਿੱਟੇ, ਗੋਲ ਦਾਹੜ੍ਹਾ, ਨਤੇਰ ਕਮਜ਼ੋਰ ਸਾਧੂ ਤੇ ਪਈ। ਉਹ ਮੰਜੇ ਤੇ ਲੇਟਿਆ ਪਿਆ ਸੀ। ਸੁਖ ਦਰਸ਼ਨ ਸਿੰਘ ਦੀ ਆਵਾਜ਼ ਸੁਣਕੇ ਇਕਦਮ ਉੱਠਕੇ ਬਹਿ ਗਿਆ। ਅਤੇ ਇਕ ਦਰਦ ਭਰਿਆ ਹਉਕਾ ਲੈ ਕੇ ਬੋਲਿਆ। 'ਧੰਨ ਸਤਿਗੁਰੂ ਪ੍ਰਤਾਪ ਸਿੰਘ! ਵਾਹ ਮੇਰੇ ਅਕਾਲ ਪੁਰਖ। ਮੈਂ ਕਿਹੜੀ ਜੀਬਾ ਨਾਲ ਤੇਰਾ ਜਸ ਕਰਾਂ।'

'ਸੁਣੋ ਸੰਤ ਜੀ ਉਹ ਅਕਾਲ ਪੁਰਖ ਸਤਿਗੁਰੂ ਵਣ ਤ੍ਰਿਣ ਵਿਚ ਮੌਜੂਦ ਹੈ, ਅਕਾਸ਼ ਪਤਾਲ ਉਸਦੀ ਮੁੱਠੀ ਵਿਚ ਨੇ। ਮੈਂ ਉਨ੍ਹਾਂ ਬਾਰੇ ਕੀ ਦੱਸਾਂ।'

**ਮੈਂ ਕਿਹਾ ਸੰਤ ਜੀ ਕੁਝ ਜ਼ਰੂਰ ਕ੍ਰਿਪਾ ਕਰੋ।**

ਮਸਤਾਨਾ ਜੀ ਨੇ ਮੇਰੀ ਬੇਨਤੀ ਪ੍ਰਵਾਨ ਕਰਦਿਆਂ ਦੱਸਣਾ ਅਰੰਭ ਕੀਤੀ 'ਮਾਸਟਰ ਜੀ, ਮੈਂ ਬੜਾ ਵੈਲੀ ਤੇ ਸ਼ਰਾਬੀ, ਕਬਾਬੀ ਹੁੰਦਾ ਸਾਂ, ਪਰ ਸਤਿਗੁਰੂ ਨੇ ਮੇਰੇ ਤੇ ਬੜੀ ਮੇਹਰ ਕੀਤੀ ਅਤੇ ਮੈਨੂੰ ਨਰਕੀ ਕੀੜੇ ਨੂੰ ਆਪਣੇ ਚਰਨਾਂ ਵਿਚ ਨਿਵਾਸ ਦਿੱਤਾ। ਮੇਰੇ ਪਿਤਾ ਸ੍ਰ: ਭਗਵਾਨ ਸਿੰਘ ਸਰਕਾਰੀ ਠੇਕੇਦਾਰ ਸਨ। ਠੇਕੇਦਾਰਾਂ ਨੂੰ ਤੁਸੀਂ ਜਾਣਦੇ ਹੀ ਹੋ? ਫਿਰ ਸਰਕਾਰੀ ਠੇਕਾਦਾਰਾਂ ਦਾ ਕਹਿਣਾ ਹੀ ਕੀ ਹੁੰਦਾ ਹੈ। ਇਸ ਵਾਸਤੇ ਉਨ੍ਹਾਂ ਕੋਲ ਕਾਫ਼ੀ ਸਰਮਾਇਆ ਸੀ। ਮੈਨੂੰ ਉਨ੍ਹਾਂ ਦਸਵੀਂ ਜਮਾਤ ਪਾਸ ਕਰਵਾ ਦਿੱਤੀ। ਦਸਵੀਂ ਜਮਾਤ ਪਾਸ ਕਰਨ ਤੋਂ ਬਾਅਦ ਮੈਂ ਵੀ ਆਪਣੇ ਆਪ ਨੂੰ ਨਵਾਬਜ਼ਾਦਾ ਸਮਝਦਾ ਸਾਂ। ਕੋਟ, ਪਤਲੂਨ, ਟਾਈ, ਨੌਕਵੀਂ ਪੱਗ, ਵਲੈਤੀ ਬੂਟ ਆਦਿਕ ਫੈਸ਼ਨ ਮੇਰੀਆਂ ਸੁਭਾਵਿਕ ਗੱਲਾਂ ਸਨ। ਰਾਹ ਜਾਂਦਿਆਂ ਆਪਣੇ ਹਮ ਉਮਰ ਦੇ ਮੁੰਡਿਆਂ ਕੁੜੀਆਂ ਨਾਲ ਟਿਚਕਰਬਾਜੀ ਕਰਨੀ ਮੇਰਾ ਸ਼ੁਗਲ ਸੀ।

ਇੱਕੀ ਸਾਲ ਦੀ ਉਮਰ ਵਿਚ ਮੈਂ ਅਫਰੀਕਾ ਚਲਾ ਗਿਆ। ਉਸ ਵੇਲੇ ਸੰਸਾਰ ਦੀ ਵੱਡੀ ਜੰਗ ਛਿੜੀ ਹੋਈ ਸੀ, ਕੰਮਾਂ ਕਾਰਾਂ ਦਾ ਕਾਫ਼ੀ ਜ਼ੋਰ ਸੀ, ਬਾਹਰਲੇ ਦੇਸ਼ਾਂ ਵਿਚ ਕਾਰੀਗਰਾਂ ਦੀ ਕਾਫ਼ੀ ਕਦਰ ਸੀ। ਇਸ ਵਾਸਤੇ ਅਫਰੀਕਾ ਜਾਂਦਿਆਂ ਮੇਰੀ 1500/- ਰੁਪਿਆਂ ਤਨਖ਼ਾਹ ਲੱਗ ਗਈ ਜਦ ਕਿ ਉਸ ਵੇਲੇ ਵੀ ਭਾਰਤ ਵਿਚ ਐਮ.ਏ. ਪਾਸ ਆਦਮੀ ਦੀ 100 ਰੁਪਿਆ ਮਾਸਕ ਤਨਖ਼ਾਹ ਹੋਇਆ ਕਰਦੀ ਸੀ। ਆਪਣੀ ਇਤਨੀ ਜ਼ਿਆਦਾ ਤਨਖ਼ਾਹ ਨੇ ਮੇਰੀ ਹੈਂਕੜ ਵਿਚ ਹੋਰ ਵਾਧਾ ਕਰ ਦਿੱਤਾ, ਮੇਰੀ ਹੈਂਕੜ ਦਿਨੋਂ ਦਿਨ ਵੱਧਦੀ ਜਾ ਰਹੀ ਸੀ, ਮਨੁੱਖ ਮੈਨੂੰ ਕੀੜੀਆਂ ਮਾਲੂਮ ਹੁੰਦੀਆਂ ਸਨ।

ਉੱਥੇ ਇਕ ਸ੍ਰ: ਸਾਵਨ ਸਿੰਘ ਹੁੰਦੇ ਸਨ, ਉਹਨਾਂ ਨੂੰ ਮੈਂ ਜਨਮ ਸਾਖੀ ਪੜ੍ਹਦਿਆਂ ਵੇਖਿਆ। ਕੁਦਰਤੀ ਮੇਰਾ ਵੀ ਦਿਲ ਕੀਤਾ ਕਿ ਉਹ ਪੜ੍ਹਾ ਮੈਂ ਉਨ੍ਹਾਂ ਪਾਸੋਂ ਜਨਮ ਸਾਖੀ ਲੈ ਕੇ ਹੋਰ ਸਾਖੀਆਂ ਤੋਂ ਇਲਾਵਾ ਭਾਈ ਲਾਲੋ ਦੀ ਸਾਖੀ ਵੀ ਪੜ੍ਹੀ ਕਿ ਜਦ ਪਹਿਲੀ ਵਾਰੀ ਸ੍ਰੀ ਗੁਰੂ ਨਾਲਕ ਦੇਵ ਜੀ ਭਾਈ ਲਾਲੋ ਦੇ ਘਰ ਗਏ ਤਾਂ ਉਹ ਅੱਗੇ ਘਰ ਬੈਠਾ ਆਪਣੇ ਧਿਆਨ ਕੰਮ ਕਾਜ ਕਰ ਰਿਹਾ ਸੀ। ਗੁਰੂ ਜੀ ਨੇ ਜਾ ਕੇ ਉਸਨੂੰ ਸਤਿ ਕਰਤਾਰ ਆਖਕੇ ਪੁੱਛਿਆ। 'ਲਾਲੋ' ਪਛਾਣਿਆ ਹਈ? ਭਾਈ ਲਾਲੋ ਨੇ ਸਨਿੰਮਰ ਅਰਜ਼ ਕੀਤੀ, ਬਾਬਾ ਜੀ ਮੈਂ ਨਹੀਂ ਪਛਾਣਿਆ।

ਗੁਰੂ ਜੀ ਨੇ ਬਚਨ ਕੀਤਾ 'ਲਾਲੋ' ਮੈਂ ਤੈਨੂੰ ਕਈ ਜਨਮਾਂ ਤੋਂ ਜਾਣਦਾ ਹਾਂ? ਭਾਈ ਲਾਲੋ ਇਹ ਬਚਨ ਸੁਣਕੇ ਬੜਾ ਹੈਰਾਨ ਹੋਇਟਾ ਤੇ ਓਠਕੇ ਗੁਰੂ ਜੀ ਦੇ ਚਰਨਾਂ ਉੱਤੇ ਬੜੇ ਪ੍ਰੇਮ ਨਾਲ ਮੱਥਾ ਟੇਕਿਆ।

ਮੈਂ ਇਹ ਸਾਖੀ ਪੜ੍ਹਕੇ ਹਟ ਗਿਆ ਤੇ ਰਾਤ ਨੂੰ ਸੌਣ ਵੇਲੇ ਮੇਰੇ ਦਿਲ ਵਿਚ ਖ਼ਿਆਲ ਆਇਆ ਕਿ ਕਦੇ ਮੈਨੂੰ ਵੀ ਭਾਈ ਲਾਲੋ ਵਾਂਗ ਗੁਰੂ ਨਾਨਕ ਦੇ ਦਰਸ਼ਨ ਹੋ ਸਕਦੇ ਹਨ? ਅਰ ਏਸੇ ਹੀ ਸੋਚ 'ਚ ਮੈਨੂੰ ਨੀਂਦਰ ਆ ਗਈ। ਰਾਤ ਦੋ ਵਜੇ ਦੇ ਕਰੀਬ ਮੈਨੂੰ ਇੰਝ ਪ੍ਰਤੀਤ ਹੋਇਆ ਜਿਵੇਂ ਮੇਰੇ ਕਮਰੇ ਵਿਚ ਬੜਾ ਪ੍ਰਕਾਸ਼ ਹੋ ਗਿਆ ਹੈ ਅਤੇ ਇਕ ਮਹਾਂ ਪੁਰਸ਼ ਜਿਨ੍ਹਾਂ ਦਾ ਮਨ ਨੂੰ ਮੋਹਨ ਵਾਲਾ ਰਾਜਸੀ ਮੁਖੜਾ ਗੋਲ ਤੇ ਕਾਲਾ ਦਾਹੜ੍ਹਾ ਲੰਮਾ ਤੇ ਭਰਵਾਂ ਕਦ, ਚਿੱਟਾ ਤੇ ਗੋਲ ਚਿਹਰਾ ਗਲ ਵਿਚ ਮਾਲਾ, ਚੇਹਰੇ ਉੱਤੇ ਠੰਡੀ ਦੇ ਦਾਗ਼, ਹਸੂੰ ਹਸੂੰ ਕਰਦੇ ਖੜੇ ਹਨ। ਮੈਂ ਇਹ ਅਲੌਕਿਕ ਅਤੇ ਪ੍ਰਕਾਸ਼ਮਈ ਦਰਸ਼ਨ ਵੇਖਕੇ ਤ੍ਰਬਕ ਗਿਆ ਤੇ ਉਸੇ ਅਵਸਥਾ ਵਿਚ ਅਰਜ਼ ਕੀਤੀ, ਬਾਬਾ ਜੀ ਤੁਸੀਂ ਕੌਣ ਹੋ? ਅਤੇ ਕਿੱਥੋਂ ਆਏ ਹੋ ਮੈਨੂੰ ਜਵਾਬ ਮਿਲਿਆ ਮੈਂ ਉਹ ਹਾਂ ਜਿਸਨੂੰ ਤੂੰ ਅੱਜ ਯਾਦ ਕਰਦਾ ਕਰਦਾ ਸੌਂ ਗਿਆ ਸੀ। ਤੇਰੇ ਅੱਜ ਵਾਲੇ ਪ੍ਰੇਮ ਨਾਲ ਖਿੱਚਿਆ ਹੀ ਮੈਂ ਤੇਰੇ ਕੋਲ ਆਇਆ ਹਾਂ। ਹੁਣ ਏਥੋਂ ਦੀ ਨੌਕਰੀ ਛੱਡ ਤੇ ਅੰਮ੍ਰਿਤਸਰ ਆਕੇ ਮੈਨੂੰ ਮਿਲ, ਉੱਥੇ ਹੀ ਤੈਨੂੰ ਸਭ ਕੁਝ ਦੱਸਾਂਗੇ। ਮੈਂ ਬੜਾ ਸਤਿਕਾਰ ਨਾਲ ਮੱਥਾ ਟੇਕਿਆ ਤੇ ਜਦ ਉਤਾਂਹ ਸਿਰ ਕਰਕੇ ਵੇਖਿਆ ਤਾਂ ਕਮਰੇ ਵਿਚ ਹਨੇਰਾ ਹੀ ਹਨੇਰਾ ਸੀ।

ਮੈਂ ਇਸ ਦਰਸ਼ਨ ਤੇ ਬਚਨ ਬਿਲਾਸ ਤੋਂ ਇਤਨਾ ਪ੍ਰਭਾਵਿਤ ਹੋਇਆ ਕਿ ਮੇਰਾ ਜੀ ਕਰੇ ਮੈਂ ਹੁਣੇ ਹੀ ਉਡਕੇ ਅੰਮ੍ਰਿਤਸਰ ਚਲਾ ਜਾਵਾਂ ਪਰ ਫਿਰਵੀ ਸਿਰ ਤੇ ਸਰਕਾਰੀ ਜੁੰਮੇਵਾਰੀ ਸੀ। ਇਸਦਾ ਕੀਹ ਤੇ ਕਿਵੇਂ ਕਰਨਾ ਹੈ। ਇਹਨਾਂ ਸੋਚਾਂ ਵਿਚ ਮੈਂ ਦਿਨ ਚੜੇ ਤਕ ਮੂੰਹ ਵਲੇਟੀ ਲੰਮਾ ਪਿਆ ਰਿਹਾ। ਜਿਸਨੂੰ ਵੇਖਕੇ ਮੇਰੇ ਨੌਕਰ ਨੇ ਆਵਾਜ਼ ਮਾਰੀ ਸਰਦਾਰ ਜੀ ਦਫ਼ਤਰ ਦਾ ਵੇਲਾ ਹੋ ਗਿਆ ਹੈ। ਮੈਂ ਘੜੀ ਵਲ ਵੇਖਿਆ 6 ਵੱਜਣ ਵਾਲੇ ਸਨ। ਕਾਹਲੀ ਕਾਹਲੀ ਮੂੰਹ ਧੋ, ਬਿਨਾ ਕੁਝ ਖਾਧੇ ਪੀਤੇ ਦਫ਼ਤਰ ਚਲਾ ਗਿਆ, ਪਰ ਮਨ ਬੜਾ ਹੀ ਉਪਰਾਮ ਸੀ ਤੇ ਕੰਨਾਂ ਵਿਚ ਏਹੋ ਆਵਾਜ਼ ਗੂੰਜ ਰਹੀ ਸੀ "ਆਤਮਾ ਸਿੰਘ" ਬਿੱਲਿਆਂ ਦੀ ਨੌਕਰੀ ਨਹੀਂ ਕਰਚਨੀ ਅਤੇ ਇਹ ਨੌਕਰੀ ਛੱਡ ਦੇਹ ਅਰ ਅੰਮ੍ਰਿਤਸਰ ਆ ਉਸ ਵਕਤ ਮੇਰੀ ਇਹ ਹਾਲਤ ਸੀ:-

**ਜਿਨਾਂ ਨੂੰ ਲਗੇ ਪ੍ਰੇਮ ਤਮਾਚੇ ਉਹ ਘਰ ਦੇ ਕੰਮੋਂ ਗਈਆਂ।**
**ਲੈਣਾ ਦੇਣਾ ਸਭ ਕੁਝ ਭੁਲਿਆ ਖੂਹ ਵਿਚ ਪਈਆਂ ਵਹੀਆਂ।**

ਮੈਂ ਦਫ਼ਤਰ ਪਹੰਚਕੇ ਅੱਜ ਪਹਿਲਾ ਕੰਮ ਇਹ ਕੀਤਾ ਕਿ ਕਾਗਜ਼ ਲੈਕੇ ਆਪਣਾ ਅਸਤੀਫ਼ਾ ਲਿਖਿਆ। ਤੇ ਮਿਸਟਰ ਗੈਸਕਨ ਦੇ ਸਾਹਮਣ ਜਾਕੇ ਪੇਸ਼ ਕਰ ਦਿੱਤਾ। ਸਾਹਿਬ ਵੇਖਕੇ ਬੜਾ ਹੈਰਾਨ ਤੇ ਪਰੇਸ਼ਾਹ ਹੋਇਆ ਤੇ ਆਖਣ ਲੱਗਾ:-

ਵੈਲ ਆਤਮਾ ਸਿੰਘ ਹਮ ਲੋਕ ਆਪਣਾ ਅਸਤੀਫ਼ਾ ਮਨਜ਼ੂਰ ਨਹੀਂ ਕਰਟਾ ਆਪ ਲੋਗ ਕੋ ਰੁਖੇਸਟ ਦੇਂਟਾ ਹੈ ਜਾਓ! ਆਪਣਾ ਕੰਮ ਕਰਕੇ ਵਾਪਸ ਆ ਜਾਵੇਂ।

ਡੇਢ ਸਾਲ ਦਾ ਛੁੱਟੀ ਲੈਕੇ ਮੈਂ ਘਰ ਆਇਆ। ਆਪਣੀ ਸਿੱਖਣੀ (ਨਿਰੰਜਨ ਕੌਰ) ਨੂੰ ਦੱਸਿਆ ਕਿ ਸਾਡਾ ਦਾਨਾ ਪਾਣੀ ਇੱਥੋਂ ਮੁੱਕ ਗਿਆ ਹੈ। ਚਲੋ ਦੇਸ਼ ਨੂੰ ਚਲੀਏ। ਉਹ ਵੀ ਬੜੀ ਹੈਰਾਨ ਸੀ, ਪਰ ਮੇਰਾ ਬਚਨ ਮੰਨ ਕੇ ਉਸਨੇ ਕੱਪੜਾ ਲੱਤਾ ਸੰਭਾਲਣਾ ਸ਼ੁਰੂ ਕਰ ਦਿੱਤਾ,ਠ ਕੁਝ ਸਮਾਨ ਆਪਣੇ ਦੋਸਤਾਂ ਮਿੱਤਰਾਂ ਵਿਚ ਵੰਡ ਦਿੱਤਾ ਤੇ ਆਖ਼ਰਕਾਰ ਸੰਨ 1928 ਵਿਚ ਮੈਂ ਪੰਜਾਬ ਆ ਗਿਆ।

ਪਰ ਆਪਣੇ ਪਿੰਡ (ਖਾਨ ਖਾਨੇ, ਜ਼ਿਲ੍ਹਾ ਲਾਹੌਰ) ਪਹੁੰਚਣ ਤੋਂ ਪਹਿਲਾਂ ਮੈਂ ਅੰਮ੍ਰਿਤਸਰ ਹੀ ਪਹੁੰਚਾ ਕਿਉਂਕਿ ਮੇਰੇ ਅੰਦਰ (ਅਫਰੀਕਾ ਵਿਚ ਰਹਿੰਦਿਆਂ ਵਾਲੀ) ਗੁਰੂ ਦਰਸ਼ਨ ਦੀ ਝਾਕੀ ਹਰ ਵੇਲੇ ਰਹਿੰਦੀ ਸੀ ਇਸ ਵਾਸਤੇ ਮੈਂ ਆਪਣੇ ਪਰਿਵਾਰ ਤੇ ਸਮਾਨ ਸਮੇਤ ਪਹਿਲਾਂ ਅੰਮ੍ਰਿਤਸਰ ਹੀ ਪਹੁੰਚਾ ਤੇ ਕੁਲੀ ਨੂੰ ਸਮਾਨ ਚੁਕਵਾਕੇ ਸਟੇਸ਼ਨ ਤੋਂ ਬਾਹਰ ਨਿਕਲ ਇੱਕ ਸਾਲਮ ਟਾਂਗਾ ਕਰ ਲਿਆ ਅਤੇ ਦਰਬਾਰ ਸਾਹਿਬ ਜਾਣ ਲਈ ਉਸ ਟਾਂਗੇ ਵਿਚ ਬੈਠ ਗਏ। ਕਿਉਂਕਿ ਹੋਰ ਤਾਂ ਮੈਨੂੰ ਕਿਸੇ ਟਿਕਾਣੇ ਦਾ ਪਤਾ ਨਹੀਂ ਸੀ। ਇਤਨੇ ਚਿਰ ਨੂੰ ਇੱਕ ਚਿੱਟੇ ਬਸਤਰ ਤੇ ਚੂੜੀਦਾਰ ਸੁੱਥਣ ਵਾਲੀ ਬੀਬੀ ਉੱਥੇ ਆ ਗਈ ਉਸ ਦੇ ਹੱਥ ਵਿਚ ਮਾਲਾ ਤੇ ਸਿਰ ਉੱਤੇ ਗੱਠੜੀ ਸੀ। ਉਸ ਬੀਬੀ ਨੇ ਵੀ ਸਾਡੇ

ਟਾਂਗੇ ਵਾਲੇ ਨੂੰ ਦਰਬਾਰ ਸਾਹਿਬ ਜਾਣ ਲਈ ਕਿਰਾਏ ਦੇ ਪੈਸੇ ਪੁੱਛੇ। ਮੈਂ ਆਖਿਆ ਬੀਬੀ ਟਾਂਗੇ ਵਿਚ ਬੈਠ ਜਾ ਮੈਂ ਪੈਸੇ ਆਪੇ ਦੇ ਦੇਵਾਂਗਾ ਮੈਂ ਟਾਂਗਾ ਸਾਲਮ ਹੀ ਕਰ ਲਿਆ ਹੈ।

ਅਸੀਂ ਦਰਬਾਰ ਸਾਹਿਬ ਪੁੱਜੇ, ਸਰੋਵਰ ਵਿਚ ਇਸ਼ਨਾਨ ਕੀਤਾ ਦਰਬਾਰ ਸਾਹਿਬ ਮੱਥਾ ਟੇਕਿਆ, ਬਾਬੇ ਅਟੱਲ ਵੀ ਗਏ ਪਰ ਕਿਤਸੇ ਉਹ ਰੂਹਾਨੀ ਦਰਸ਼ਨ ਨਾ ਹੋਏ ਜਿਨ੍ਹਾਂ ਦਾ ਪ੍ਰੇਰਿਆ ਮੈਂ ਹਜ਼ਾਰਾਂ ਰੁਪਿਆਂ ਅਤੇ ਕਾਰੋਬਾਰ ਨੂੰ ਲੱਤ ਮਾਰਕੇ ਅੰਮ੍ਰਿਤਸਰ ਆਇਆ ਸਾਂ। ਮੈਂ ਇਹ ਸੋਚਾਂ ਮਨ ਹੀ ਮਨ ਵਿਚ ਧਾਰ ਰਿਹਾ ਹਾਂ ਜਦ ਉਹ ਬੀਬੀ ਸਾਥੋਂ ਕਿਤੇ ਹੋਰ ਪਾਸੇ ਨੂੰ ਤੁਰਨ ਲੱਗੀ ਤਾਂ ਉਸਨੇ ਆਖਿਆ ਸਰਦਾਰ ਜੀ ਜੇ ਵਕਤ ਹੋਵੇ ਤਾਂ ਮੇਰੇ ਨਾਲ ਚਲੋ ਤੁਹਾਨੂੰ ਸਤਿਗੁਰਾਂ ਦੇ ਦਰਸ਼ਨ ਕਰਾਂਵਾਂ, ਮੈਂ ਆਖਿਆ! ਬੀਬੀ ਕਿਹੜੇ ਸਤਿਗੁਰਾਂ ਦੇ "ਸਤਿਗੁਰੂ ਪ੍ਰਤਾਪ ਸਿੰਘ ਦੇ, ਵੀਰਾ! ਹੋਰ ਕਿਹੜ ਸਤਿਗੁਰਾਂ ਦੇ" ਉਸ ਬੀਬੀ ਨੇ ਚੰਗੀ ਤਰ੍ਹਾਂ ਮੈਨੂੰ ਸੰਬੋਧਨ ਕਰ ਕੇ ਆਖਿਆ। ਮੈਜ ਕਿਹਾ ਚਲ ਭੈਣ ਉੱਥੇ ਵੀ ਲੈ ਚਲ ਏਥੋਂ ਤਾਂ ਕੁਝ ਨਹੀਂ ਲੱਭਾ। ਅੱਡੇ ਤੋਂ ਹੋਰ ਟਾਂਗਾ ਕਰਕੇ ਅਸੀਂ ਨਾਮਧਾਰੀ ਧਰਮਸ਼ਾਲਾ ਪਹੁੰਚੇ। ਉੱਥੇ ਵਸਾਖੀ ਦਾ ਮੇਲਾ ਵੇਖਣ ਨਾਮਧਾਰੀ ਵੀ ਆਹੈ ਹੋਏ ਸਨ ਅਤੇ ਬਿਨ੍ਹਾਂ ਦਾ ਦੀਵਾਨ ਇੱਕ ਆਰੇ ਵਾਲੀ ਸਾਰੀ ਹਵੇਲੀ ਵਿਚ ਲੱਗਾ ਹੋਇਆ ਸੀ। ਜਿਸ ਵੇਲੇ ਅਸੀਂ ਏਥੇ ਪਹੁੰਚੇ ਤਾਂ ਪਤਾ ਲੱਗਾ ਕਿ ਰਾਗੀਆਂ ਦਾ ਦੀਵਾਨ ਲੱਗਾ ਹੋਇਆ ਹੈ। ਅਸੀਂ ਤਿੰਨੇ ਜਣੇ ਅਪਣਾ ਸਮਾਨ ਸੰਭਾਲ ਕੇ ਰਾਗੀਆਂ ਦੇ ਦੀਵਾਨ ਵਿਚ ਗਏ। ਅੱਗੇ ਬੜਾ ਸੋਹਣਾ ਨਜ਼ਾਰਾ ਵੇਖਿਆ ਮਨ ਮੋਹਿਆ ਗਿਆ। ਸੰਗਤ ਵਿਚ ਬੈਠੇ ਵੇਖਕੇ ਉਹੋ ਮਹਾਂ ਪੁਰਸ਼ ਹਨ ਜਿਨ੍ਹਾਂ ਦੇ ਦਰਸ਼ਨ ਸੁਪਨੇ ਵਿਚ ਅੱਜ ਤੋਂ ਕੁਝ ਚਿਰ ਪਹਿਲਾਂ ਅਫਰੀਕਾ ਰਹਿੰਦਿਆਂ ਕੀਤੇ ਸੀ। ਭਾਵੇਂ ਮੈਂ ਦੂਰੋਂ ਸੰਗਤ ਸਮੇਤ ਉਨ੍ਹਾਂ ਨੂੰ ਨਮਸਕਾਰ ਕੀਤੀ ਪਰ ਮਨਵਿਚ ਗੱਲ ਆ ਗਈ ਕਿ ਜੇਕਰ ਇਹ ਉਹੋ ਮਹਾਂ ਪੁਰਸ਼ ਹਨ ਤਾਂ ਜਿਵੇਂ ਅਫਰੀਕਾ ਵਿਚ ਉਸ ਰਾਤ ਦਰਸ਼ਨਾ ਦੇ ਕੇ ਮੈਨੂੰ ਅੰਮ੍ਰਿਤਸਰ ਆਉਣ ਲਈ ਟੁੰਬਿਆ ਸੀ ਤਿਵੇਂ ਏਥੇ ਆਇਆਂ ਮੈਨੂੰ ਅਵਾਜ਼ ਦੇਕੇ ਆਪ ਬੁਲਾ ਲੈਣਗੇ। ਇਹ ਗੱਲ ਸੋਚ ਕੇ ਮੈਂ ਪਿੱਛੇ ਹੀ ਬੈਠ ਗਿਆ ਤੇ ਉਹ ਬੀਬੀ ਅੱਗੇ ਚਲੀ ਗਈ ਤੇ ਸਤਿਗੁਰਾਂ ਨੂੰ ਮੱਥਾ ਟੇਕ ਕੇ ਬੀਬੀਆਂ ਵਿਚ ਬੈਠ ਗਏ.।

ਮੇਰੀ ਸਿੱਖਣੀ ਮੈਨੂੰ ਆਖਣ ਲੱਗੀ ਉਹ ਮਹੰਤ ਜਿਹੜਾ ਸਾਹਮਣੇ ਬੈਠਾ ਹੈ ਜਿਸਦੇ ਸਿਰ ਤੇ ਚੌਰ ਵੀ ਹੁੰਦੀ ਹੈ ਉਹ ਤੁਹਾਡੇ ਵਲ ਬੜੇ ਧਿਆਨ ਨਾਲ ਵੇਖ ਰਿਹਾ ਹੈ। ਤਾਂ ਹੀ ਏਹ ਖ਼ਬਰ ਕਿ ਮੈਨੂੰ ਇਕ ਸਿੱਖ ਨੇ ਆ ਕੇ ਆਖਿਆ ਸਰਦਾਰ ਜੀ ਤੁਹਾਨੂੰ ਸਤਿਗੁਰਾਂ ਨੇ ਯਾਦ ਕੀਤਾ ਹੈ? ਮੈਂ ਜਦ ਜਾਕੇ ਮੱਥਾ ਟੇਕਿਆ ਤਾਂ ਸਤਿਗੁਰੂ ਜੀ ਨੇ ਕ੍ਰਿਪਾ ਦ੍ਰਿਸ਼ਟੀ ਨਾਲ ਵੇਖਦਿਆਂ ਮੈਨੂੰ ਪੁੱਛਿਆ ਆਤਮਾ ਸਿੰਘ ਡਫਰੀਕਾ ਤੋਂ ਕਦੋਂ ਆਇਆ ਹੈ?

ਬਸ ਫਿਰ ਕੀ ਸੀ ਮੈਨੂੰ ਆਪਣੇ ਆਪ ਦੀ ਹੋਸ਼ ਭੁੱਲ ਗਈ। ਪਤਾ ਨਹੀਂ ਪੱਗ ਕਿਧਰ ਗਈ ਤੇ ਕੋਟ ਪਤਲੂਨ ਦਾ ਕੀ ਬਣਿਆ। ਕਾਫ਼ੀ ਚਿਰ

ਬਾਅਦ ਜਦ ਮੈਨੂੰ ਹੋਸ਼ ਆਈ ਤਾਂ ਪੁੱਛਿਆ ਕਿ ਮੈਂ ਕਿੱਥੇ ਪਿਆ ਹਾਂ। ਪਤਾ ਲੱਗਾ ਕਿ ਮੈਂ ਸਤਿਗੁਰਾਂ ਦੇ ਡੇਰੇ ਪਿਆ ਹਾਂ। ਜਦ ਕੁਝ ਸਰੀਰ ਤੇ ਮੇਰੀ ਸਿੱਖਣੀ ਨਾਲ ਗੱਲਾਂ ਕਰਨ ਲੱਗੇ ਤਾਂ ਸਤਿਗੁਰੂ ਜੀ ਨੇ ਬਚਨ ਕੀਤਾ ਹਾਲਾਂ ਇਸ ਨੂੰ ਕੁਝ ਨਾ ਆਖੋ ਇਹ ਮਸਤਾਨਾ ਹੈ ਇਸਨੂੰ ਦੁੱਧ ਵਿਚ ਘਿਓ ਪਾ ਕੇ ਛਕਾਵੋ। ਜਦ ਚੰਗੀ ਤਰ੍ਹਾਂ ਹੋਸ਼ ਆਈ ਤਾਂ ਸਤਿਗੁਰੂ ਜੀ ਨੇ ਮੈਨੂੰ ਸੰਤ ਬਹਾਦਰ ਸਿੰਘ ਜੀ ਪਾਸੋਂ ਭਜਨ ਦਵਾ ਦਿੱਤਾ ਅਤੇ ਇਕ ਮਾਲਾ ਦੇ ਦਿੱਤੀ।

ਫਿਰ ਅਫਰੀਕਾ ਕਿੰਨੇ ਜਾਣਾ ਸੀ ਤੇ ਹੋਰ ਕੰਮ ਕਿਨ ਕਰਨਾ ਸੀ, ਉਸੇ ਦਿਨ ਤੋਂ ਯਾਦ ਦੇ ਚਰਨਾਂ ਤੇ ਧਰਨਾਂ ਮਾਰ ਕੇ ਬੈਠ ਗਆ ਤੇ ਹੁਣ ਤਕ ਉਸ ਰੰਗ ਵਿਚ ਰੰਗਿਆ ਆ ਰਿਹਾ ਹਾਂ।

ਇਹ ਹਨ ਸੰਤ ਆਤਮਾ ਸਿੰਘ ਜੀ ਜਿਹੜੇ ਕਲਰ ਧਰਤੀ ਵਿਚ ਪ੍ਰਗਟ ਹੋਏ ਹਨ। ਇਨ੍ਹਾਂ ਦਾ ਪਰਿਵਾਰ ਵਡਭਾਗ ਸਿੰਘ ਦੇ ਡੇਰੇ ਨੂੰ ਮੰਨਦਾ ਸੀ। ਇਹ ਚੰਗੇ ਖ਼ਾਨਦਾਨ ਦੇ ਹਨ। ਇਨ੍ਹਾਂ ਦੇ ਦਾਦਾ ਫੂਲਾ ਸਿੰਘ ਕਣਕ ਦਾ ਵਪਾਰ ਕਰਦੇ ਹੁੰਦੇ ਸਨ। ਇਨ੍ਹਾਂ ਦੇ ਪਿਤਾ ਸ੍ਰ: ਭਗਵਾਨ ਸਿੰਘ ਚੰਗੇ ਮੰਨੇ ਪ੍ਰਮੰਨੇ ਸਨ। ਇਨ੍ਹਾਂ ਦਾ ਜਨਮ ਅਸਥਾਲ ਖਾਨਖਾਨਾ ਤਹਿਸੀਲ ਨਵਾਂ ਸ਼ਹਿਰ ਜ਼ਿਲ੍ਹਾ ਜਲੰਧਰ ਹੈ। ਇਨ੍ਹਾਂ ਦਾ ਜਨਮ ਮਾਤਾ ਸੁਭਾਬ ਕੌਰ ਦੀ ਕੁੱਖੋਂ ਸੰਨ 1897 ਦਸੰਬਰ ਵਿਚ ਹੋਇਆ।

ਸੰਤਾਂ ਬੰਗੇ ਸ਼ਹਿਰ ਲੱਕੜ ਦੀ ਦੁਕਾਨ ਖੋਲ੍ਹ ਲਈ ਪਰ ਦੁਕਾਨ ਤੋਂ ਵੀ ਮਨ ਉਪਰਾਸ ਰਿਹਾ। ਇਕ ਦਿਨ ਹਸਪਤਾਲ ਵਿੱਚੋਂ ਬਹੁਤ ਸਾਰੇ ਲੋਕ ਬਾਜਸ਼ ਹੋਣ ਦੀ ਵਜ੍ਹਾ ਤੋਂ ਬਾਲਣ ਤੋਂ ਬੜੀ ਤੰਗੀ ਉਠਾ ਰਹੇ ਸਨ। ਇਨ੍ਹਾਂ ਦਾ ਦਿਲ ਬੜਾ ਦਇਆਵਾਨ ਹੈ। ਇਕ ਔਰਤ ਬੜੀ ਦੁਖੀ ਹੋਈ ਫਿਰੇ ਸੜਕ ਵਿਚ ਕਿ ਮੈਨੂੰ ਬਾਲਣ ਨਹੀਂ ਮਿਲਦਾ ਮੁੱਲ ਨੂੰ ਵੀ। ਇਨ੍ਹਾਂ ਨੂੰ ਸੁਣਕੇ ਉਸ ਬੀਬੀ ਨੂੰ ਕਿਹਾ ਬੀਬੀ ਇੱਥੋਂ ਜਿਹੜੀ ਮਰਜ਼ੀ ਲੱਕੜ ਲੈ ਜਾ। ਇਕ ਸ਼ਤੀਰੀ ਵੱਢ ਦਿੱਤੀ ਤੇ ਕਿਹਾ। ਜਿਸਨੂੰ ਹੋਰਵੀ ਜ਼ਰੂਰਤ ਹੈ ਲੈ ਜਾਉ। ਇਸ ਤਰ੍ਹਾਂ ਸਾਰੀ ਦੁਕਾਨ ਲੁਟਾਕੇ ਆ ਜਾ ਕਸ਼ਮੀਰ ਵੜੇ। ਇਨ੍ਹਾਂ ਤੇ ਇਕ ਜਾਲੀ ਮੁਕਦਮਾ ਚਾਰ ਸੌ ਵੀਹ ਦਾ ਬਣਿਆ ਸੀ। ਫਿਰ ਇਨ੍ਹਾਂ ਦੀ ਨਜ਼ਰ ਵੀ ਖ਼ਰਾਬ ਹੋ ਗਈ। ਮੋਟਰ ਸਾਈਕਲ ਤੇ ਜਾਂਦੇ ਸਨ ਰੁੱਖ ਦੀ ਟਾਹਣੀ ਲੱਗ ਕੇ। ਫਿਰ ਇਹ ਸਤਿਗੁਰਾਂ ਪਾਸ ਆਏ। ਗ਼ਰੀਬ ਨਿਵਾਜ਼ ਜੀ ਮੇਰੀ ਨਜ਼ਰ ਖ਼ਰਾਬ ਹੋ ਗਈ।

ਸਤਿਗੁਰੂ ਜੀ : ਨਜ਼ਰ ਜ਼ਰੂਰ ਚਾਹੀਦੀ ਹੈ।'

ਸੂਬਾ ਹਰੀ ਸਿੰਘ : 'ਸੱਚੇ ਪਾਤਸ਼ਾਹ ਜੀ ਨਜ਼ਰ ਕੀ ਕਰਨੀ ਹੈ ਭਜਨ ਕਰੋ ਅੰਦਰੋਂ ਨਜ਼ਰ ਚਾਹੀਦੀ ਹੈ।'

ਸਤਿਗੁਰੂ ਜੀ : ਉਏ ਅੰਦਰੋਂ ਨਜ਼ਰ ਤਾਂ ਬਥੇਰੀ ਹੈ ਪਰ ਬਾਹਰ ਦੀ ਨਜ਼ਰ ਵੀ ਜ਼ਰੂਰ ਚਾਹੀਦੀ ਹੈ, ਤਾਂ ਕਿ ਚੰਗੀ ਮੰਦੀ ਜਗ੍ਹਾ ਦੇਖ ਕੇ ਬੈਠ ਸਕੇ।

ਸੂਬਾ ਹਰੀ ਸਿੰਘ : ਸੱਚੇ ਪਾਤਸ਼ਾਹ ਜੀ, ਇਹ ਸਾਧ ਭਜਨ ਕਰੇ।

ਇਹ ਬਚਨ ਹੁੰਦਿਆਂ ਸੁਣਕੇ ਸੰਤਾਂ ਕਿਹਾ ਜੋ ਕੁਝ ਇਹ ਬੋਲਦਾ ਹੈ ਠੀਕ ਹੀ ਹੈ ਉਧਰ ਵੀ ਏਹੋ ਹੀ ਹੈ ਤੇ ਇਧਰ ਵੀ ਉਹ ਹੀ ਬੋਲਦਾ ਹੈ। ਇਸ ਤਰ੍ਹਾਂ ਸੰਤ ਕਸ਼ਮੀਰ ਵਿਚ ਰਹੇ।

**ਦੌਰਾ**

ਸੰਤਾਂ ਨੇ ਕਸ਼ਮੀਰ ਵਿਚ ਅਨੇਕਾਂ ਦੁਨੀਆਂ ਤਾਰੀ ਮਾਸ ਛਡਵਾਏ ਤੇ ਭਜਨ ਦਿੱਤੇ। ਇਕ ਦਿਨ ਸੰਤ ਪਹਾੜੀ ਉਪਰ ਬੈਠੇ ਭਜਨ ਕਰਦੇ ਸਨ ਕਿ ਹੜ੍ਹ ਆ ਗਿਆ। ਇਨ੍ਹਾਂ ਦੀ ਨਜ਼ਰ ਕਮਜ਼ੋਰ ਹੋਣ ਦੀ ਵਜ੍ਹਾ ਤੇ ਕੋਈ ਪਤਾ ਨਹੀਂ ਕਿ ਪਾਣੀ ਕਿੰਨਾ ਉੱਚਾ ਹੋ ਗਿਆ ਹੈ। ਉਨ੍ਹਾਂ ਲੋਕਾਂ ਪਹਾੜੀ ਬੋਲੀ ਵਿਚ ਸੰਤਾਂ ਨੂੰ ਕਿਹਾ, 'ਕਾਂਗ ਆਈ ਵੇ'। (ਕਾਂਗ=ਹੜ੍ਹ) ਉਨ੍ਹਾਂ ਲੋਕਾਂ ਦੇ ਦੇਖਦਿਆਂ ਦੇਖਦਿਆਂ ਹੀ ਪਾਣੀ ਪੁਣਛ ਦਰਿਆ ਵਿਚ ਬੇਸ਼ੁਮਾਰ ਹੋ ਗਿਆ। ਨਜ਼ਰ ਤੋਂ ਬਿਨਾ ਇਹ ਕਿਧਰ ਨੂੰ ਜਾ ਸਕਦੇ ਸਨ। ਉੱਥੇ ਬੈਠੇ ਰਹੇ।

ਸੱਚੇ ਪਾਤਸ਼ਾਹ ਰਖਿਆ ਕੀਤੀ ਉਹ ਪੁਲ ਵੀ ਨਹੀਂ ਰੁੜਿਆ ਤੇ ਪਾਣੀ ਸਿਰ ਤੋਂ ਉਪਰ ਵਗ ਗਿਆ। ਲੋਕਾਂ ਦੇਖਿਆ ਨਾ ਹੀ ਪੁਲ ਰੁੜਿਆ ਹੈ ਤੇ ਨਾ ਹੀ ਬੰਦਾ ਰੁੜਿਆ ਹੈ। ਲੋਕਾਂ ਕਿਹਾ ਸੰਤ ਜੀ ਅੰਨ ਪਾਣੀ ਛੱਕੋ। ਸੰਤਾਂ ਕਿਹਾ ਅੰਨ ਪਾਣੀ ਤਾਂ ਛੱਕਾਂਗੇ ਪਹਿਲਾਂ ਮਾਸ ਸ਼ਰਾਬ ਛੱਡੋ। ਲੋਕਾਂ ਸਤ ਬਚਨ ਕਹਿ ਕੇ ਮਾਸ ਸ਼ਰਾਬ ਛੱਡਿਆ ਤੇ ਭਜਨ ਲਿਆ। ਉਹ ਫਿਰ ਸੰਤਾਂ ਨੂੰ ਆਪਣੇ ਘਰੀਂ ਲੈ ਜਾਕੇ ਬੜੇ ਪਿਆਰ ਨਾਲ ਰੱਖਣ ਲੱਗੇ। ਜਦੋਂ ਪਾਕਿਸਤਾਨ ਬਣਨ ਲੱਗਾ ਤਾਂ ਉੱਥੇ ਸਤਿਗੁਰੂ ਪ੍ਰਤਾਪ ਸਿੰਘ ਜੀ ਉਸ ਪੁਣਛ ਰਿਆਸਤ ਵਿਚ ਪਿੰਡ ਰਾਜਪੁਰੇ ਦਰਿਆ ਦੇ ਕੰਢੇ ਇਕ ਪਹਾੜੀ ਹੈ। ਉਹ ਕਿਸੇ ਫ਼ਕੀਰ ਨੇ ਪਹਾੜੀ ਨੂੰ ਕਿਸੇ ਮੌਕੇ ਕਿਹਾ ਸੀ ਕਿ ਭਾਗ ਭਰੀਏ ਸਾਨੂੰ ਰਾਹ ਦੇਹ ਉਹ ਅੱਧੀ ਪਹਾੜੀ ਪੱਥਰ ਫਟ ਕੇ ਦਰਿਆ ਵਾਲੇ ਪਾਸੇ ਡਿੱਗ ਪਿਆ। ਉਸ ਪੱਥਰ ਉਪਰੋਂ ਉਹ ਫ਼ਕੀਰ ਲੰਘਿਆ ਸੀ। ਉਹ ਲੋਕ ਉਸ ਪੱਥਰ ਦੀ ਬੜੀ ਕਦਰ ਕਰਦੇ ਸਨ।

ਇਕ ਦਿਨ ਕੁਦਰਤੀ ਸੰਤ ਉਸ ਪਹਾੜੀ ਵਲ ਗਏ। ਪੱਥਰੀ ਜਗ੍ਹਾ ਦੇਖ ਕੇ ਉਸ ਪੱਥਰ ਉਪਰ ਬੈਠ ਕੇ ਲੱਗੇ ਨਾਮ ਸਿਮਰਨ ਕਰਨ। ਤਾਂ ਕੀ ਵੇਖਿਆ ਕਿ ਦਰਿਆ ਸੜਕ ਬਣ ਗਿਆ ਹੈ ਤੇ ਉਪਰ ਸਤਿਗੁਰਾਂ ਦੀ ਮੋਟਰ ਆ ਰਹੀ ਹੈ। ਦਰਿਆ ਦੀ ਗੂੰਜ ਮੋਟਰ ਦੀ ਗੂੰਜ ਬਣ ਗਈ। ਸਤਿਗੁਰੂ ਸੱਚੇ ਪਾਤਸ਼ਾਹ ਉਸ ਪਹਾੜੀ ਦੇ ਥੱਲੇ ਮੋਟਰ ਵਿੱਚੋਂ ਸੀਸ ਬਾਹਰ ਕਰਕੇ ਆਵਾਜ਼ ਮਾਰੀ, 'ਮਸਤਾਨਿਆ ਹੁਣ ਇੱਥੇ ਰਹਿਣ ਦਾ ਮੌਕਾ ਨਹੀਂ ਹੈ ਹੁਣ ਪੰਜਾਬ ਨੂੰ ਚਲ।' ਇਹ ਗੱਲ ਆਖੀ ਤਾਂ ਸੰਤ ਸਤਿਗੁਰਾਂ ਵਲ ਨੂੰ ਉਲਰ ਗਏ। ਸਤਿਗੁਰਾਂ ਲੰਮੀ ਬਾਂਹ ਕਰਕੇ ਛਾਤੀ ਉੱਤੇ ਹੱਥ ਰੱਖਕੇ ਪਿਛਾਂਹ ਨੂੰ ਉਲਟਾ ਕੇ ਮਾਰਿਆ ਤੇ ਕਿਹਾ, 'ਇਹ ਤਾਂ ਦਰਿਆ ਹੈ, ਤੂੰ ਦਰਿਆ ਵਿਚ ਡਿੱਗਣਾ ਹੈ?' ਬਾ ਫਿਰ ਸਮਝ ਲਿਆ ਕਿ ਇਹ ਦਰਗਾਹੋਂ ਹੁਕਮ ਹੈ ਸੋ ਹੁਣ ਪੰਜਾਬ ਨੂੰ ਚਲੀਏ।

ਇਸ ਚਮਤਕਾਰੇ ਨੂੰ ਵੇਖ ਸੰਤ ਹੈਰਾਨੀ ਵਿਚ ਬੈਠੇ ਹਨ ਇਕ ਮੁਸਲਮਾਨ

ਆਇਆ ਉਸਨੇ ਆ ਕੇ ਕਿਹਾ, 'ਓਥੇ ਭਾਈ ਤੂੰ ਇੱਥੇ ਕਿਉਂ ਬੈਠਾ ਹੈ? ਇਹ ਪੀਰਾਂ ਫ਼ਕੀਰਾਂ ਦੀ ਜਗ੍ਹਾ ਹੈ ਮੰਨਣ ਵਾਲੀ ਤੂੰ ਇੱਥੇ ਬੈਠਾ ਹੈ ਜੁੱਤੀ ਵੀ ਤੂੰ ਉਪਰ ਹੀ ਰੱਖੀ ਹੈ। ਉਸਨੇ ਸ਼ੋਰ ਮਚਾਕੇ ਸਾਰੇ ਮੁਸਲਮਾਨ ਇਕੱਠੇ ਕਰ ਲਏ। ਭਾਵੇਂ ਸੰਤਾਂ ਦੀ ਨਜ਼ਰ ਕਮਜ਼ੋਰ ਸੀ ਪਰ ਸਤਿਗੁਰਾਂ ਤੇ ਪ੍ਰਤੀਤ ਪੂਰੀ ਸੀ। ਸਤ ਕਹਿਣ ਲੱਗੇ ਮੈਂ ਤਾਂ ਤੇਰੀ ਬੰਦਗੀ ਕਰਦਾ ਹਾਂ ਹੁਣ ਤਾਂ ਤੂੰ ਹੀ ਬਚਾਏ ਤਾਂ ਬਚਾਂਗਾ। ਉਨ੍ਹਾਂ ਇਕ ਥਾਣੇਦਾਰ ਲੈ ਆਂਦਾ। ਜਿਹੜੇ ਉੱਥੇ ਖ਼ੱਤਰੀ ਮਹਾਰਾਜ ਰਹਿੰਦੇ ਸਨ। ਉਨ੍ਹਾਂ ਬੜੀ ਯਤਨ ਕੀਤਾ ਤੇ ਮੁਸਲਮਾਨਾਂ ਨੂੰ ਕਿਹਾ ਕਿ ਇਹ ਪੰਜਾਬ ਦਾ ਫ਼ਕੀਰ ਹੈ। ਇਸ ਨੂੰ ਪਤਾ ਨਹੀਂ ਹੈ ਕਿ ਇਹ ਜਗ੍ਹਾ ਮੰਨਣ ਵਾਲੀ ਹੈ ਕਿ ਨਹੀਂ, ਪਰ ਮੁਸਲਮਾਨ ਨਹੀਂ ਮੰਨੇ। ਥਾਣੇਦਾਰ ਆ ਗਿਆ ਤੇ ਮਾਰ ਦਿਓ ਮਾਰ ਦਿਓ ਹੋਣ ਲੱਗੀ ਕਿ ਸਾਡੀ ਪੂਜਣ ਵਾਲੀ ਜਗ੍ਹਾ ਤੇ ਇਕ ਸਿੱਖ ਆਕੇ ਬੇਅਦਬੀ ਕਰ ਰਿਹਾ ਹੈ। ਥਾਣੇਦਾਰ ਡਾਂਅ ਕਰਨ ਲੱਗਾ ਉਧਰੋਂ ਇਕ ਫ਼ਕੀਰ ਆ ਗਿਆ ਤੇ ਥਾਣੇਦਾਰ ਨੂੰ ਕਹਿਣ ਲੱਗਾ ਇਏ ਤਾਂ ਫ਼ਕੀਰ ਹੈ ਬਸਬੀ ਫੇਰਦਾ ਹੈ, ਇਸ ਜਗ੍ਹਾ ਦੀ ਬੇਅਦਬੀ ਨਹੀਂ ਕਰ ਰਿਹਾ। ਪਰ ਥਾਣੇਦਾਰ ਨੇ ਉਸਦੀ ਇਸਦੀ ਇਕ ਨਹੀਂ ਸੁਣੀ। ਉਸਨੇ ਹੁਕਮ ਦੇ ਦਿੱਤਾ ਕਿ ਇਸਨੂੰ ਦਰਿਆ ਵਿਚ ਸੁੱਟ ਦਿਉ। ਆਪੇ ਮਰ ਜਾਏਗਾ, ਉਨ੍ਹਾਂ ਪੱਕਾ ਇਰਾਦਾ ਕਰ ਲਿਆ ਕਿ ਇਨ੍ਹਾਂ ਨੂੰ ਦਰਿਆ ਵਿਚ ਰੋੜ ਦਿਓ। ਅੰਤਰਜਾਮੀ ਘਟ ਘਟ ਦੀ ਜਾਨਣ ਵਾਲੇ ਸਤਿਗੁਰੂ ਪ੍ਰਤਾਪ ਸਿੰਘ ਜੀ ਮਸਤਾਨੇ ਦੇ ਸਿਰ ਉਪਰਜਾ ਹੱਥ ਰੱਖਿਆ। ਮੁਸਲਮਾਨਾਂ ਨੂੰ ਕੋਈ ਪਤਾ ਨਾ ਲੱਗੇ ਫੜ ਲਓ ਫੜ ਲਓ ਹੋ ਗਈ। ਪਰ ਸੰਤ ਨਿਰਭੈ ਸਨ ਉਪਰੋਂ ਆਵਾਜ਼ ਆਈ ਜਿਹੜਾ ਇਸ ਸਾਧ ਨੂੰ ਦਰਿਆ ਵਿਚ ਰੋੜੇਗਾ ਉਸਦਾ ਪੁੱਤਰ ਦਰਿਆ ਵਿਰ ਮਰੇਗਾ ਅਤੇ ਪੱਥਰ ਹੇਠਾਂ ਆਵੇਗਾ। ਇਤਨੇ ਵਿਚ ਪਿੱਛੋਂ ਇਕ ਸਿਪਾਹੀ ਘੋੜੇ ਉਪਰ ਚੜ੍ਹ ਕੇ ਦੁਹਾਈ ਦੇਂਦਾ ਆ ਗਿਆ ਕਿ ਥਾਣੇਦਾਰ ਸਾਹਿਬ ਤੁਹਾਡਾ ਪੁੱਤਰ ਦਰਿਆ ਵਿੱਚ ਰੁੜ ਗਿਆ ਹੈ। ਥਾਣੇਦਾਰ ਰੌਂਦਾ ਪਿੱਟਦਾ ਘਰ ਆਇਆ ਅਤੇ ਤੀਜੇ ਦਿਨ ਮਰਿਆ ਹੋਇਆ ਪੱਥਰ ਹੇਠੋਂ ਲੱਭਾ।

ਫਿਰ ਮਸਤਾਨੀ ਬਿਤੀ ਵਿਚ ਹੀ ਸੰਤ ਰਾਵਲਪਿੰਡੀ ਆ ਗਏ। ਸਭ ਨੂੰ ਕਿਹਾ ਕਿ ਸਤਿਗੁਰਾਂ ਦਾ ਹੁਕਮ ਹੈ ਕਿ ਇੱਥੋਂ ਨਿਕਾਲੋ ਪਰ ਕੌਣ ਮੰਨੇ! ਲਾਹੌਰ ਗਏ ਤੇ ਜਾਕੇ ਕਿਹਾ ਇੱਥੋਂ ਨਿਕਲੋ ਸਤਿਗੁਰਾਂ ਦਾ ਹੁਕਮ ਹੈ ਲੋਕੀ ਕਹਿਣ ਇਹ ਪਾਗਲ ਹੋ ਗਿਆ ਹੈ। ਫਿਰ ਅੰਮ੍ਰਿਤਸਰ ਆ ਗਏ। ਸੰਤ ਫਤਹਿ ਸਿੰਘ ਲਾਂਗਰੀ ਨੂੰ ਕਿਹਾ ਇੱਥੋਂ ਨਿਕਲ ਚਲੋ ਸਤਿਗੁਰਾਂ ਦਾ ਹੁਕਮ ਹੈ ਉਸਨੇ ਕਿਹਾ ਮੈਨੂੰ ਤਾਂ ਸਤਿਗੁਰਾਂ ਦਾ ਹੁਕਮ ਹੈ ਇੱਥੇ ਹੀ ਰਹਿਣਾ ਹੈ। ਸੰਤ ਫਗਵਾੜਾ ਆ ਗਏ ਫਗਵਾੜੇ ਆ ਕੇ ਪਤਾ ਲੱਗਾ ਕਿ ਸਤਿਗੁਰੂ ਜੀ ਕਾਰ ਖਲ੍ਹਾਰ ਕੇ ਪੈਟਰੋਲ ਪੰਪ ਤੇ ਸਾਧ ਸੰਗਤ ਨੂੰ ਦਰਸ਼ਨ ਦੇ ਦੇ ਕੇ ਬਚਨ ਬਿਲਾਸ ਕਰ ਰਹੇ ਹਨ। ਸੰਤਾਂ ਮੱਥਾ ਟੇਕਿਆ। ਸਤਿਗੁਰਾਂ ਪੁੱਛਿਆ ਮਸਤਾਨਿਆ ਆ ਗਿਆ ਏ।

ਮਸਤਾਨਾ : ਜੀ ਗ਼ਰੀਬ ਨਿਵਾਜ਼।

ਸ੍ਰੀ ਸਤਿਗੁਰ: ਜੀ : ਹੁਣ ਤੂੰ ਮੰਡੀ ਚਲਾ ਜਾ ਅਟਕੀ ਨਾ ਜੇ ਅਟਕਣਾ ਹੋਊ ਤਾਂ ਊਨੇ ਚਾਰ ਦਿਨ ਅਟਕ ਲਵੀਂ।" ਸੰਤ ਊਨੇ ਬੀਬੀ ਜੱਟੋ ਜਿਹੜੀ ਕਿ ਲਹਿਣਾ ਸਿੰਘ ਬੱਗੀ ਵਾਲੇ ਦੀ ਭੈਣ ਸੀ ਉਸਦੇ ਦੋ ਪੁੱਤਰ ਹਨ ਹਰਦਿਆਲ ਸਿੰਘ ਅਤੇ ਗੁਰਦਿਆਲ ਸਿੰਘ ਉਨ੍ਹਾਂ ਦੇ ਘਰ ਤਕਰੀਬਨ ਪੰਦਰ੍ਹਾਂ ਦਿਨ ਰਹੇ ਜਾਣ ਨਾ ਦੇਣ ਤਾਂ ਇਕ ਦਿਨ ਬਚਨ ਹੋਇਆ।

ਹਰਦਿਆਲ ਸਿੰਘ ਨੇ ਸੰਤਾਂ ਨੂੰ ਕਿਹਾ ਸੰਤ ਜੀ ਹੁਣ ਸਮੇਂ ਦੀ ਕੈਸੀ ਹੈ?

ਸੰਤ: ਹਰਦਿਆਲ ਸਿੰਘ! ਤੂੰ ਲਾਹੌਰੋਂ ਆਪਣਾ ਸਾਰਾ ਸਮਾਨ ਲੈ ਆ। ਮੈਨੂੰ ਸਤਿਗੁਰਾਂ ਨੇ ਇਹ ਹੁਕਮ ਦੇਣ ਲਈ ਹੀ ਤੁਹਾਡੇ ਕੋਲ ਭੇਜਿਆ ਹੈ।

ਹਰਦਿਆਲ ਸਿੰਘਜ 'ਪੰਦਰ੍ਹਾਂ ਤਰੀਕ ਤੋਂ ਬਾਅਦ ਹੀ ਲਿਆਵਾਂਗੇ।'

ਸੰਤ: ਓਨੇ ਪੰਦਰ੍ਹਾਂ ਤਰੀਕ ਕਿਸ ਨੂੰ ਔਣੀ ਹੈ। ਇਹ ਅੱਗ ਤਾਂ ਛੇਤੀ ਲੱਗਣ ਵਾਲੀ ਹੈ ਤੂੰ ਲਾਹੌਰ ਭਜ ਜਾ ਜਿਹੜਾ ਸਮਾਨ ਲਿਆ ਹੁੰਦਾ ਲੈ ਆ। ਉਹ ਲੜਕਾ ਸਤਿਗੁਰਾਂ ਤੇ ਪ੍ਰਤੀਤ ਰੱਖਦਾ ਸੀ ਉਸ ਕਿਹਾ ਜੋ ਸੰਤ ਕਹਿੰਦੇ ਹਨ ਠੀਕ ਹੀ ਹੈ। ਇਹ ਗੱਲਦਸ ਅਗਸਤ 1947 ਦੀ ਹੈ। ਹਰਦਿਆਲ ਸਿੰਘ ਲਾਹੌਰ ਚਲਾ ਗਿਆ ਜਾਕੇ ਵੇਖਿਆ ਛੁਰੇਬਾਜੀ ਹੁੰਦੀ ਹੈ। ਉਸ ਦੇ ਸਾਹਮਣੇ ਕਈ ਸਿੱਖ ਮੁਸਲਮਾਨਾਂ ਨੇ ਛੁਰੇ ਮਾਰ ਮਾਰ ਕੇ ਮਾਰ ਦਿੱਤੇ। ਉਸ ਨੇ ਟੈਕਸੀ ਲੈਕੇ ਝੱਟਪਟ ਆਪਣੀ ਦੁਕਾਨ ਸਾਹਮਣੇ ਖੜੀ ਕਰ ਕੇ ਜੋਸ ਖ਼ਾਸ ਖ਼ਾਸ ਸਮਾਨ ਟੈਕਸੀ ਵਿਚ ਰੱਖ ਹੋਇਆ ਸਤਿਗੁਰਾਂ ਨੂੰ ਯਾਦ ਕਰਦਾ ਹੋਇਆ ਸਟੇਸ਼ਨ ਤੇ ਆ ਗਿਆ। ਹਰਦਿਆਲ ਸਿੰਘ ਗਿਆਰ੍ਹਾਂ ਅਗਸਤ 1947 ਨੂੰ ਊਨੇ ਪਹੁੰਚ ਗਿਆ। ਜਦ ਉਸ ਆ ਕੇ ਦੱਸਿਆ ਕਿ ਆਹ ਹਾਲ ਹੋ ਗਿਆ ਹੈ ਤਾਂ ਉਸੇ ਵੇਲੇ ਹੀ ਮੰਡੀ ਵਲ ਨੂੰ ਤੁਰ ਪਏ। ਮੰਡੀ ਗਏ ਤਾਂ ਅੱਗੋਂ ਸਤਿਗੁਰੂ ਜੀ ਹੱਸ ਕੇ ਬੋਲੇ ਮਸਤਾਨਿਆ ਆ ਗਿਐਂ। ਮਸਤਾਨੇ ਕਿਹਾ ਹਾਂ ਗ਼ਰੀਬ ਨਿਵਾਜ਼ ਜੀ ਤੁਹਾਡੀ ਕਿਰਪਾ ਅਨੁਸਾਰ ਪਹੁੰਚ ਗਿਆ ਹਾਂ।

ਇਕ ਦਿਨ ਸਤਿਗੁਰੂ ਜੀ ਮੌਜ ਵਿਚ ਖੜੇ ਸਨ ਜਿਹੜੀ ਦਰਿਆ ਤੋਂ ਚੜਦੇ ਵਲ ਪਹਾੜੀ ਹੈ ਉਧਰ ਨੂੰ ਦੇਖਦੇ ਹੋਏ ਬਚਨ ਕੀਤਾ "ਚੱਕੀ ਚਲੀ ਹੈ, ਹੁਣ ਖਰਾਸ ਚਲਣੇ ਹਨ।"

ਮਸਤਾਨਾ: ਗ਼ਰੀਬ ਨਿਵਾਜ਼ ਜੀ ਜਿਵੇਂ ਚੱਕੀਆਂ ਵਿੱਚੋਂ ਕੱਢ ਕੇ ਲਿਆਏ ਹੋ ਖਰਾਸਾਂ ਤੋਂ ਵੀ ਤੁਸੀਂ ਹੀ ਕੱਢਣਾ ਹੈ ਅਤੇ ਚਰਨਾਂ ਵਿਚ ਹੀ ਰੱਖਣਾ। ਫੇਰ ਸੱਚੇ ਪਾਤਸ਼ਾਹ ਬਚਨ ਕੀਤਾ 'ਅਸੀਂ ਤਾਂ ਲੱਕਣ ਮੀਚੀ ਖੇਲਨੀ ਹੈ। ਕਾਕਾ ਜਗਜੀਤ ਸਿੰਘ ਤੁਹਾਡੇ ਪਾਸ ਰਹੇਗਾ।'

## ਚੀਲਾਂ ਦੀ ਰਾਖੀ

ਇਕ ਦਿਨ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਹੁਕਮ ਲਾਇਆ ਕਿ ਚੀਲਾਂ ਵਿਚ ਤੰਬੂਦੀ ਰਾਖੀ ਵਾਸਤੇ ਮਸਤਾਨੇ ਨੂੰ ਭੇਜ ਦਿਓ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜਿਨ੍ਹਾਂ ਨੂੰ ਬਾਬਾ ਜੀ ਕਹਿਕੇ ਪੁਕਾਰਿਆ ਜਾਂਦਾ ਸੀ, ਉਨ੍ਹਾਂ ਹੁਕਮ ਲਾਇਆ 'ਮਸਤਾਨਿਆ ਤੂੰ ਚੀਲਾਂ ਵਿਚ ਤੰਬੂ ਦੀ ਰਾਖੀ ਜਾ।'

'ਗ਼ਰੀਬ ਨਿਵਾਜ਼ ਜੀ ਉੱਥੇ ਤਾਂ ਬਾਂਦਰ ਪੇਸ਼ ਨਹੀਂ ਜਾਣ ਦਿੰਦੇ ਮੈਂ ਉੱਥੇ ਕੀ ਕਰਾਂਗਾ।'

ਜਿਹੜਾ ਤੈਨੂੰ ਭੇਜਦਾ ਹੈ ਉਹ ਆਪੇ ਬਾਂਦਰਾਂ ਦੀ ਰਾਖੀ ਕਰ ਲਏਗਾ। ਤੂੰ ਤਾਂ ਤੰਬੂ ਵਿਚ ਬੈਠੇ ਰਹਿਣਾ।'

'ਸਤ ਬਚਨ ਜੀ।' ਸੰਤ ਗੱਡੀ ਵਿਚ ਬੈਠੇ ਅਤ। ਚਲੇ ਗਏ। ਸਤਿਗੁਰੂ ਜੀ ਉੱਥੇ ਚੀਲਾਂ ਕਟਵਾ ਰਹੇ ਸਨ। ਮਹੰਤ ਬੀਰ ਸਿੰਘ ਜਿਹੜਾ ਕਿ ਮੰਡੀ ਵਿਚ ਦਰਿਆ ਵਾਲੀ ਸਤਿਗੁਰਾਂ ਦੀ ਕੋਠੀ ਤੇ ਪੈਲੀ ਦਾ ਕੰਮ ਕਰ ਰਿਹਾ ਹੈ ਉਹ ਬੋਲਿਆ,

'ਇਹ ਮਰਿਆ ਜਿਹਾ ਕਿਧਰੋਂ ਆ ਗਿਆ ਇਸਨੇ ਕੀ ਰਾਖੀ ਕਰਨੀ ਹੈ।'

ਤੈਨੂੰ ਕੀ ਪੀੜ ਪੈਂਦੀ ਏ।' ਉਸੇ ਵੇਲੇ ਉਹ ਤਾਂ ਚੀਕਾਂ ਮਾਰਨ ਲੱਗਾ, 'ਮਰ ਗਿਆ ਮੈਂ, ਮੈਨੂੰ ਮਾਰ ਲਿਆ।'

ਸੰਤ ਪ੍ਰਤੀਮ ਸਿੰਘ ਪੱਦੀ ਵਾਲੇ ਨੂੰ ਆਖਿਆ, 'ਬੀਰ ਸਿੰਘ ਕਿਉਂ ਸੱਪ ਨੂੰ ਛੇੜ ਲਿਆ। ਇਹ ਤਾਂ ਸਤਿਗੁਰਾਂ ਨੇ ਤੰਬੂ ਦੀ ਰਾਖੀ ਕਰਨ ਲਈ ਭੇਜਿਆ ਹੈ। ਕਰਨ ਕਾਰਨ ਸਤਿਗੁਰੂ ਹੈ।' ਮੁੜ ਸੰਤਾਂ ਕਿਹਾ,

ਬੀਰ ਸਿੰਘ ਲੈ ਦਵਾਈ ਖਾਹ ਭਾਈ, ਸਤਿਗੁਰੂ ਜੀ ਭਲਾ ਕਰਨਗੇ। ਸਤਿਗੁਰੂ ਦੀ ਰਜ਼ਾ ਵਿਚ ਰਹਿਣਾ ਚਾਹੀਦਾ ਹੈ। ਉਸੇ ਵੇਲੇ ਬੀਰ ਸਿੰਘ ਧੰਨ ਸਤਿਗੁਰੂ, ਧੰਨ ਸਤਿਗੁਰੂ ਕਹਿਕੇ ਕੰਮ ਕਰਨ।

ਇਕ ਦਿਨ ਸੰਤ ਤੰਬੂ ਵਿਚ ਬੈਠੇ ਸਨ। ਇੱਕ ਮੁੰਡਾ ਇਨ੍ਹਾਂ ਦੇ ਪਾਸ ਦੱਸਣ ਪੁੱਛਣ ਲਈ ਛੱਡਿਆ ਹੋਇਆ ਸੀ। ਉਹ ਸੰਤਾਂ ਦਾ ਭਤੀਜਾ ਲੱਗਦਾ ਸੀ। ਉਸਨੂੰ ਬਾਬਨ ਕਹਿ ਕੇ ਪੁਕਾਰਦੇ ਸਨ। ਉਸਨੇ ਰੌਲਾ ਪਾਇਆ ਅਤੇ ਤੰਬੂ ਵਲ ਨੂੰ ਭੱਜਾ।

ਮਸਤਾਨਾ : ਕੀ ਗੱਲ ਹੈ?
ਕਾਕਾ : ਔਹ ਬਾਂਦਆ ਆ ਗਏ ਹਨ।
ਮਸਤਾਨਾ : ਕਿੱਥੇ ਕੁ ਹਨ?
ਕਾਕਾ : ਬੌਲੀ (ਬਾਉਲੀ) ਤੇ ਬਾਂਦਰ ਆ ਗਏ ਹਨ।

ਇਹ ਸੁਣ ਕੇ ਮਸਤਾਨੇ ਨੇ ਅਰਦਾਰ ਕੀਤੀ। 'ਗ਼ਰੀਬ ਨਿਵਾਜ਼ ਜੀ ਤੁਸੀਂ

ਆਖਿਆ ਸੀ ਕਿ ਜਿਹੜਾ ਤੈਨੂੰ ਭੇਜਦਾ ਹੈ ਆਪੇ ਬਚਾਏਗਾ ਬਾਂਦਰ ਆ ਗਏ ਹਨ। ਕਛਹਿਰੇ ਵੀ ਸਿੱਖਾਂ ਦੇ ਲੈ ਜਾਣਗੇ, ਤੰਬੂ ਪਾੜ ਦੇਣਗੇ।' ਇਤਨੇ ਨੂੰ ਕਾਕਾ ਹੱਸ ਪਿਆ।

ਮਸਤਾਨਾ: ਕੀ ਗੱਲ ਹੈ? ਕਾਕਾ, 'ਔਹ ਵੱਡੇ ਬਾਬਾ ਜੀ ਬਾਂਦਰਾਂ ਨੂੰ ਮਾਰ ਰਹੇ ਹਨ। ਅਤੇ ਬਾਂਦਰ ਚੀਕਾਂ ਮਾਰਦੇ ਭੱਜ ਗਏ ਹਨ।'

ਮਸਤਾਨਾ: ਧੰਨ ਸਤਿਗੁਰੂ ਪ੍ਰਤਾਪ ਸਿੰਘ ਜੀ ਹੈ। ਧੰਨ ਸਤਿਗੁਰੂ ਜਗਜੀਤ ਸਿੰਘ ਜੀ ਹੈ। ਇੱਕੋ ਗੱਲ ਹੈ ਫ਼ਰਕ ਤਾਂ ਕੋਈ ਨਹੀਂ ਹੈ। 'ਇਸ ਗੱਲ ਨੂੰ ਦੇਖਕੇ ਸਾਰੀ ਸੰਗਤ ਕੰਮ ਕਰਨ ਵਾਲੀ ਹੈਰਾਨ ਹੋ ਗਈ ਕਿ ਮਸਤਾਨਾ ਅੱਗੇ ਨੂੰ ਵਧਿਆ ਸੀ ਬਾਂਦਰ ਇਕ ਦਮ ਭੱਜ ਗਏ। ਲੱਗੇ ਧੰਨ ਗੁਰੂ ਧੰਨ ਗੁਰੂ ਕਰਨ।

ਇੱਕ ਦਿਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੰਬੂ ਵਿਚ ਆ ਗਏ। ਸਿੱਖ ਕਹਿਣ ਲੱਗੇ, 'ਸੱਚੇ ਪਾਤਸ਼ਾਹ ਮੀਂਹ ਬੱਦਲ ਹਟਾਓ ਤਾਂ ਚੀਲਾਂ ਕਟ ਹੁੰਦੀਆਂ ਹਨ।

ਸੱਚੇ ਪਾਤਸ਼ਾਹ: ਓ ਭਾਈ ਬੱਦਲ ਪੈਂਦੇ ਵਿਚ ਹੀ ਚੀਲਾਂ ਚੰਗੀਆਂ ਵੱਢ ਹੁੰਦੀਆਂ ਹਨ। ਧੁੱਪ ਵਿਚ ਕੰਮ ਨਹੀਂ ਹੋ ਸਕਦਾ।

ਸਿੱਖ: ਜੇਕਰ ਨਮੂਨੀਆ ਹੋ ਗਿਆ ਤਾਂ ਕਿਧਰ ਨੂੰ ਜਾਵਾਂਗੇ?

ਸੱਚੇ ਪਾਤਸ਼ਾਹ: ਤੁਹਾਨੂੰ ਕੋਈ ਨਮੂਨੀਆਂ ਨਹੀਜ ਹੁੰਦਾ, ਜਾਓ ਲੱਕੜਾਂ ਕੱਟੋ।

ਸਿੱਖ ਹੁਕਮ ਨਾ ਮੋੜਦੇ ਹੋਏ ਜਾ ਚੜੇ ਪਹਾੜੀ ਉਪਰ। ਸਤਿਗੁਰੂ ਜੀ ਪਲੰਗ ਤੇ ਬਿਰਾਜਮਾਨ ਹੋ ਗਏ। ਮਸਤਾਨਾ ਜੀ ਨੂੰ ਹੁਕਮ ਕੀਤਾ ਕਿ 'ਮਸਤਾਨਿਆ ਜਰਾਬਾਂ ਧੋਸ ਸੁਟ।' ਮਸਤਾਨਾ ਜੀ ਸਤ ਬਚਨ ਕਹਿਕੇ ਜੁਰਾਬਾਂ ਬਾਉਲੀ ਤੇ ਧੋਣ ਚਲਾ ਗਿਆ। ਜਦ ਸੰਤਾਂ ਨੇ ਜੁਰਾਬਾਂ ਨੂੰ ਸਾਬਣ ਲਾਣਾ ਸ਼ੁਰੂ ਕੀਤਾ ਅਤੇ ਧੋਕੇ ਸੁੱਕਣੇ ਪਾਈਆਂ ਤਾਂ ਇਵੇਂ ਮਾਲੂਮ ਹੋਇਆ ਕਿ ਜੁਰਾਬਾਂ ਦੇ ਸਰਾਣੇ ਦਿੱਸਣ ਲੱਗੇ। ਸੰਤ ਸੋਚਣ ਲੱਗੇ ਕਿ ਜੁਰਾਬਾਂ ਲਿਆਇਆ ਹਾਂ, ਸਰਾਣੇ ਕਿਵੇਂ ਬਣ ਗਏ।

ਪੰਜ ਮਿੰਟ ਵਿਚ ਹੀ ਕੜਾਕੇਦਾਰ ਧੁੱਪ ਹੋ ਗਈ ਤੇ ਇਵੇਂ ਹੋਇਆ ਕਿ ਬੱਦਲ ਦੇਖਣ ਵਿਚ ਹੀ ਨਾ ਨਜ਼ਰ ਆਵੇ।

ਸਤਿਗੁਰੂ ਜੀ: ਮਸਤਾਨਿਆ ਬੱਦਲ ਦਾ ਕੀ ਹਾਲ ਹੈ?

ਮਸਤਾਨਾ: ਗ਼ਰੀਬ ਨਿਵਾਜ਼ ਜੀ, ਬੱਦਲ ਤਾਂ ਦੇਖਣ ਵਿਚ ਵੀ ਨਜ਼ਰ ਨਹੀਂ ਆਉਂਦਾ। ਧੁੱਪ ਕੜਾਕੇਦਾਰ ਪੈ ਰਹੀ ਹੈ।'

ਸਤਿਗੁਰੂ ਜੀ: ਜੁਰਾਬਾਂ ਧੋ ਲਈਆਂ?

ਮਸਤਾਨਾ: ਗ਼ਰੀਬ ਨਿਵਾਜ਼ ਜੀ, ਜੁਰਾਬਾਂ ਤਾਂ ਮੇਰੇ ਹੱਥ ਨਹੀਂ ਆਈਆਂ ਉਹ ਤਾਂ ਦੋ ਸਰਾਣੇ ਧੋ ਹੋ ਗਏ ਹਨ।

ਸਤਿਗੁਰੂ ਜੀ: ਉਏ ਉਹ ਤਾ ਜੁਰਾਬਾਂ ਹਨ, ਲਿਆ ਜੁਰਾਬਾਂ ਪਾਈਏ।'

ਫੇਰ ਜਦ ਮਸਤਾਨਾ ਜੀ ਨੇ ਦੇਖਿਆ ਤਾਂ ਛੋਟੀਆਂ ਛੋਟੀਆਂ ਜੁਰਾਬਾਂ।

ਸਤਿਗੁਰੂ ਜੀ: ਜੁਰਾਬਾਂ ਤਾਂ ਹਨ?

ਮਸਤਾਨਾ: ਗ਼ਰੀਬ ਨਿਵਾਜ਼ ਜੀ, ਮੈਨੂੰ ਤਾਂ ਕੋਈ ਪਤਾ ਨਹੀਂ ਲੱਗਦਾ।

ਸਤਿਗੁਰੂ ਜੀ: ਤੂੰ ਮਸਤਾਨਾ ਜੇ ਹੋਇਟਾ।

ਇਤਨੇ ਵਿਚ ਸਿੱਖ ਪਹਾੜੀ ਤੋਂ ਥੱਲੇ ਭੱਜੇ ਆਉਣ। ਤੰਬੂ ਵਿਚ ਕੋਈ ਨਾ ਵੜੇ। ਚੌਹੀਂ ਪਾਸੀਂ ਕਿਨਾਤਾਂ ਦੀ ਔਟ ਲੈ ਕੇ ਧੁੱਪ ਤੋਂ ਬਚਣ ਲਈ ਛਾਇਦਾਨਾਂ ਹੇਠ ਖੜ੍ਹੇ ਹੌਲੀ ਹੌਲੀ ਹੱਸਦੇ ਹਨ।

ਸਤਿਗੁਰਾਂ ਜੀ: 'ਇਹ ਮੁੰਡੇ ਉਪਰ ਕੰਮ ਨਹੀਂ ਕਰਦੇ।'

ਮਸਤਾਨਾ: ਗ਼ਰੀਬ ਨਿਵਾਜ਼ ਜੀ, ਧੁੱਪ ਤੋਂ ਡਰਦੇ ਸਭ ਆ ਗਏ ਹਨ।

ਸਤਿਗੁਰੂ ਜੀ (ਤੰਬੂ ਤੋਂ ਬਾਹਰ ਆਕੇ): ਕਿਉਂ ਭਾਈ ਧੁੱਪ ਚੰਗੀ ਹੈ ਕਿ ਬੱਦਲ।

ਸਿੱਖ: ਗ਼ਰੀਬ ਨਿਵਾਜ਼ ਜੀ, ਬੱਦਲ ਚੰਗਾ ਹੈ। ਧੁੱਪ ਨਹੀਂ ਚੰਗੀ।

ਸਤਿਗੁਰੂ ਜੀ: 'ਆਓ ਫਿਰ ਪਹਾੜੀ ਉਪਰ ਚਲੀਏ! ਤੁਹਾਡੇ ਨਾਲ ਅਸੀਂ ਮੱਦਦ ਕਰਦੇ ਹਾਂ।

ਸਿੱਖ: ਸਤਿਗੁਰੂ ਜੀ ਪਹਿਲਾਂ ਬੱਦਲ ਕਰ ਲਉ।

ਸਤਿਗੁਰੂ ਜੀ ਕੱਟੀਆਂ ਲੱਕੜਾਂ ਨੂੰ ਰੱਸੇ ਪਾ ਕੇ ਲੱਗੇ ਖਿੱਚਣ ਤੇ ਚੋਜ ਕਰਨ।

ਸਿੱਖ: ਗ਼ਰੀਬ ਨਿਵਾਜ਼ ਜੀ, ਹੁਣ ਤਾਂ ਕੰਮ ਨਹੀਂ ਕੀਤਾ ਜਾਂਦਾ। ਧੁੱਪ ਬਹੁਤ ਪੈਂਦੀ ਹੈ।

ਸਤਿਗੁਰੂ ਜੀ: 'ਹੁਣ ਤਾਂ ਇੰਦਰ ਵੀ ਪਤਾ ਨਹੀਂ ਕਿਧਰ ਚਲਾ ਗਿਆ ਹੈ। ਬੜੀ ਦੇਰ ਤੱਕ ਇਸ ਤਰ੍ਹਾਂ ਹੀ ਚੋਜ ਕਰਦੇ ਰਹੇ। ਲੱਕੜਾਂ ਖਿੱਚ ਖਿੱਚ ਕੇ ਭੁੰਜੇ ਸੁੱਟਦੇ ਰਹਾ।

'ਹੁਣ ਤਾਂ ਇੰਦਰ ਨ ਵੀ ਸਾਡਾ ਚੇਤਾ ਭੁਲਾ ਦਿੱਤਾ ਹੈ।' ਬਸ ਇਹ ਬਚਨ ਕਰਨ ਦੀ ਦੇਰ ਸੀ ਕਿ ਇੰਦਰ ਨੇ ਆ ਘੇਰਾ ਪਾਇਆ। ਲੱਗੀਆਂ ਘਟਾਂ ਚੜ੍ਹ ਚੜ੍ਹ ਕੇ ਆਉਣ। ਮਾਨੋ ਦੇਵਤੇ ਫੁੱਲ ਬਰਸਾਉਣ ਲੱਗ ਪਏ। ਲੱਗਾ ਜ਼ੋਰ ਸ਼ੋਰ ਨਾਲ ਬੱਦਲ ਬਰਸਣ। ਮੂਸਲਾਧਾਰ ਬਾਰਸ਼ ਪਈ।

ਸਤਿਗੁਰੂ ਜੀ: 'ਲਉ ਭਈ ਹੁਣ ਸੜਕ ਵਿਚ ਲੱਕੜਾਂ ਜਾਣੀਆਂ ਸੌਖੀਆਂ ਹਨ। ਜਿਧਰ ਨੂੰ ਪਾਣੀ ਬਹੁਤ ਪੈਂਦਾ ਹੈ ਉਧਰ ਹੀ ਲੱਕੜਾਂ ਖਿਸਕਾ ਦਿਓ।' ਸੜਕ ਵਿਚ ਲੱਕੜਾਂ ਦੇ ਢੇਰ ਲੱਗ ਗਏ।

ਸਤਿਗੁਰੂ ਜੀ: ਵੇਖਿਆਂ ਇੰਦਰ ਨੇ ਕਿੰਨਾ ਕੰਮ ਕੀਤਾ ਹੈ?

ਸਿੱਖ: ਗ਼ਰੀਬ ਨਿਵਾਜ਼ ਜੀ, ਤੁਹਾਡੀ ਲੀਲ੍ਹਾ ਨੂੰ ਅਸੀਂ ਕੀ ਜਾਣ ਸਕਦੇ ਹਾਂ?

ਇੱਕ ਦਿਨ ਮਸਤਾਨਾ ਜੀ ਦੇ ਦਿਲ ਵਿਚ ਆਈ ਕਿ ਸਿੱਖਾਂ ਨੂੰ ਪ੍ਰਸ਼ਾਦਾ ਤਿੰਨ ਵੇਲੇ ਦਿਆ ਕਰੀਏ ਤਾਂ ਕੰਮ ਚੰਗਾ ਕਰਨਗੇ। ਇਹ ਵੀ ਦਿਲ ਵਿਚ ਕਹਿਣ ਲੱਗੇ ਕਿ ਅੱਧੇ ਪੀਪਾ ਘਿਓ ਦਾ ਇੱਕ ਬੋਰੀ ਆਟੇ ਦੀ ਅੱਧੀ ਬੋਰੀ ਦਾਲ ਦੀ ਭੇਜ ਦੇਣ ਤਾਂ ਸਿੱਖਾ ਵਾਸਤੇ ਬੜਾ ਆਨੰਦ ਹੋਵੇਗਾ। ਰੱਸ ਸੰਤਾਂ ਦੇ ਮੂੰਹੋਂ ਨਿਕਲਣ ਦੀ ਦੇਰ ਸੀ ਕਿ ਬਾਬਾ ਜਗਜੀਤ ਸਿੰਘ ਜੀ ਨੇ ਮੋਟਰ ਲਿਆ ਖੜੀ ਕੀਤੀ। ਆਕੇ ਹੁਕਮ ਕੀਤਾ, 'ਮਸਤਾਨਿਆ ਇੱਕ ਬੋਰੀ ਆਟੇ ਦੀ ਅੱਧੀ ਬੋਰੀ ਦਾਲ ਦੀ ਇੱਕ ਪੀਪਾ ਘਿਓ ਦਾ ਸਤਿਗੁਰਾਂ ਭੇਜਿਆ ਹੈ। ਇੱਥੇ ਸਿੱਖਾਂ ਨੂੰ ਪ੍ਰਸ਼ਾਦਾ ਬਣਾਕੇ ਛਕਾਇਆ ਕਰ।'

ਮਸਤਾਨਾ: ਗ਼ਰੀਬ ਨਿਵਾਜ਼ ਜੀ, ਕਿਤੇ ਲਾਗੇ ਹੀ ਸੁਣਦੇ ਸਓ?'

ਬਾਬਾ ਜੀ: 'ਸਤਿਗੁਰੂ ਜੀ ਨੇ ਹੁਕਮ ਲਾਇਆ ਅਸੀਂ ਲੈ ਆਏ ਹੈ।'

ਮਸਤਾਨਾ ਲੰਗਾ ਗੁਰੂ ਗੁਰੂ ਕਰਨ। ਧੰਨ ਸਤਿਗੁਰੂ ਪ੍ਰਤਾਪ ਸਿੰਘ ਜੀ ਜਿੱਥੇ ਵੀ ਕੋਈ ਜੀ ਬਚਨ ਕਰਦਾ ਹੈ। ਉੱਥੇ ਉੱਥੇ ਪੂਰਾ ਕਰਨ ਵਾਲੇ ਹਨ।

## ਵਰ ਪ੍ਰਾਪਤੀ

ਇਕ ਦਿਨ ਮਸਤਾਨਾ ਜੀ ਇਕ ਅੰਦਰ ਬੈਠੇ ਰੋਣ ਲੱਗੇ (ਬੈਰਾਗ ਵਿਚ ਆ ਕੇ) ਕਿ ਗ਼ਰੀਬ ਨਿਵਾਜ਼ ਮੇਰਾ ਹੁਣ ਕੀ ਹਾਲ ਹੋਵੇਗਾ। ਮੈਂ ਨੌਕਰੀ ਵੀ ਛੱਡੀ, ਕਿਰਤ ਵੀ ਨਹੀਂ ਕਰ ਸਕਦਾ, ਨੇਤਰ ਵੀ ਨਹੀਂ ਕਿਵੇਂ ਜ਼ਿੰਦਗੀ ਦਾ ਗੁਜ਼ਾਰਾ ਹੋਵੇਗਾ? ਇਤਨੇ ਨੂੰ ਸਤਿਗੁਰੂ ਜੀ ਸਾਹਮਣੇ ਆ ਦਰਸ਼ਨ ਦਿੱਤੇ ਤੇ ਕਹਿਣ ਲੱਗੇ:-

> 'ਕਿਉਂ ਫ਼ਿਕਰ ਕਰਦਾ ਹੈ? ਮੈਂ ਤੈਨੂੰ ਆਖਿਆ ਹੈ ਕਿ ਮੈਂ ਤੇਰੇ ਨਾਲ ਹਾਂ। ਦੇਖ ਤੇਰੇ 14 ਜਨਮ ਕੱਟੇ ਹਨ ਇਸੇ ਜਨਮ ਵਿਚ ਹੀ। ਤੂੰ ਕੋਈ ਫ਼ਿਕਰ ਨਾ ਕਰ। ਤੈਨੂੰ ਕਿਸੇ ਦੀ ਮੁਛੰਦਗੀ ਨਹੀਂ ਹੈ। ਤੇਰੇ ਖ਼ਰਚ ਦੀ ਕੋਈ ਕਮੀ ਨਹੀਂ ਰਹਿੰਦੀ ਤੇਰੇ ਮਗਰ ਮਗਰ ਮਾਇਆ ਫਿਰੇਗੀ।'

ਸਵੇਰੇ ਉੱਠਦਿਆਂ ਹੀ ਇਕ ਸਿੰਘ ਆਇਅ ਉਸਨੇ ਆ ਆਵਾਜ਼ ਮਾਰੀ ਕਿ 'ਮਸਤਾਨਿਆ ਆਉ, ਸਤਿਗੁਰੂ ਜੀ ਰਾਇਪੁਰ ਡੱਬੇ ਆਏ ਹਨ ਦਰਸ਼ਨ ਕਰਨ ਚਲੀਏ। ਰਾਇਪੁਰ ਡੱਬੇ ਜਾਕੇ ਸਤਿਗੁਰਾਂ ਦੇ ਦਰਸ਼ਨ ਕੀਤੇ ਤਾਂ ਮਲੂਕ ਸਿੰਘ ਰਾਇਪੁਰ ਵਾਲਾ ਬਹੁਤ ਸਖ਼ਤ ਬਿਮਾਰ ਸੀ ਓਸਦੇ ਬਾਬਤ ਸੰਤਾਂ ਅਰਜ਼ ਕੀਤੀ 'ਗ਼ਰੀਬ ਨਿਵਾਜ਼ ਮਲੂਕ ਸਿੰਘ ਬੜੀ ਸਖ਼ਤ ਬਿਮਾਰ ਹੈ ਦਰਸ਼ਨ ਦਿਉ। ਸਤਿਗੁਰੂ ਜੀ ਸਾਧ ਸੰਗਤ ਦੇ ਘਰੀਂ ਚਰਨ ਪਾਉਂਦੇ ਹੋਏ ਮਲੂਕ ਸਿੰਘ ਦੇ ਘਰ ਵੀ ਆਏ ਦਰਸ਼ਨ ਦੇਕੇ ਬਾਹਰ ਨਿਕਲੇ। ਸੂਬਾ ਸਹੀਆ ਸਿੰਘ ਸਤਿਗੁਰਾਂ ਦੇ ਚਰਨਾਂ ਵਿਚ ਅਰਜ਼ ਕੀਤੀ ਜੀ ਗ਼ਰੀਬ ਨਿਵਾਜ਼ ਇਹ ਸਿੱਖ ਚੰਗੇ ਖ਼ਾਨਦਾਨ

ਦਾ ਹੈ ਪਰ ਨਾ ਇਹ ਛੱਪੜ ਦੇਖਦਾ ਹੈ ਨਾ ਵਾ ਦੇਖਦਾ ਹੈ, ਸਿੱਧਾ ਹੀ ਤੁਰਿਆ ਜਾਂਦਾ ਹੈ। ਐਸੀ ਬਿਰਤੀ ਹੋ ਗਈ ਹੈ। ਸਤਿਗੁਰੂ ਜੀ ਹੱਸ ਪਏ ਤੇ ਆਖਣ ਲੱਗੇ:-

ਮਹੀਆ ਸਿੰਘ ਇਕ ਤਾਂ ਸਾਡਾ ਐਰੋਪਲੇਨ (Aeroplabe) ਹੈ ਇਸਨੂੰ ਛੱਪੜਾ, ਵਾੜਾ ਨਾਲ ਕੀ ਤਲਕ ਹੈ। ਦੇਖ ਤਾਂ ਇਸਦਾ ਪੈਰ ਜ਼ਮੀਨ ਨਾਲ ਨਹੀਂ ਲੱਗਦਾ ਹੈ? ਇਸਦਾ ਸਾਨੂੰ ਬਹੁਤ ਖ਼ਿਆਲ ਰਹਿੰਦਾ ਹੈ। ਇਹ ਤਾਂ ਸ਼ੇਰ ਪਿੰਜਰੇ ਵਿਚ ਪਾਇਟਾ ਹੋਇਆ ਹੈ। ਇਸਨੂੰ ਇੱਥੇ ਹੀ 14 ਜਨਮਾਂ ਵਿੱਚੋਂ ਕੱਢਿਆ ਹੈ। ਸੂਬਾ ਜੀ ਚਰਨਾਂ ਵਿਚ ਡਿੱਗ ਪਏ ਤੇ ਕਹਿਣ ਲੱਗੇ ਤੇਰੀਆਂ ਤੂੰ ਹੀ ਜਾਣਦਾ ਹੈ।

## ਸੰਤ ਨਗਰ ਦਾ ਪਹਿਲਾ ਹੋਲਾ

ਸੰਤ ਜੀ ਮੰਡੀ ਤੋਂ ਸੰਤ ਨਗਰ ਦਾ ਹੋਲਾ ਦੇਖਣ ਲਈ ਗਏ। ਮੰਡੀ ਤਾਂ ਲੁਧਿਆਣੇ ਆਕੇ ਬਠਿਡੇ ਦਾ ਟਿਕਟ ਲਿਆ, ਕਿਉਂਕਿ ਬਠਿੰਡੇ ਤਕ ਹੀ ਕਿਰਾਇਆ ਕੋਲ ਸੀ। ਸਭ ਨੂੰ ਕਹਿ ਦਿੱਤਾ ਕਿ ਭਾਈ ਸਾਡੇ ਪਾਸ ਤਾਂ ਕਿਰਾਇਆ ਬਠਿੰਡੇ ਤਕ ਦਾ ਹੈ। ਸਾਰੇ ਕਹਿਣ ਲੱਗੇ ਅੱਗੇ ਕਿਰਾਇਆ ਅਸੀਂ ਲਾ ਦੇਵਾਂਗੇ। ਬਠਿੰਡੇ ਜਾਕੇ ਕਿਸੇ ਨੂੰ ਯਾਦ ਨਾ ਰਿਹਾ ਤੇ ਸਿਰਸੇ ਵਾਲੇ ਗੱਡੀ ਤੇ ਸਵਾਰ ਹੋ ਗਏ। ਗੱਡੀ ਵਿਚ ਸੰਤਾਂ ਨੂੰ ਟੀ.ਟੀ. ਨੇ ਆ ਫੜਿਆ।

ਟੀ.ਟੀ.: 'ਟਿਕੜ'

ਸੰਤ: 'ਸਾਡਾ ਟਿਕਟ ਕਿਸੇ ਪਾਸ ਹੈ।' ਟੀ.ਟੀ. ਦੂਸਰੀ ਵਾਰਾਂ ਆਇਆ ਤੇ ਕਹਿਣ ਲੱਗਾ, 'ਤੇਰਾ ਟਿਕਟ ਕਿਸੇ ਪਾਸ ਨਹੀਂ ਹੈ, ਤੂੰ ਖੁੱਲੇ ਡੱਬੇ ਵਿਚ ਚੱਲ।' ਉਹ ਡੱਬਾ ਪੁਲਿਸ ਦਾ ਸੀ। ਸੰਤਾਂ ਨੂੰ ਉਸ ਡੱਬੇ ਵੱਲ ਲੈ ਗਏ। ਸੰਤਾਂ ਪਾਸ ਸਾਧ ਸੰਗਤ ਦੀ ਮਾਇਆ ਲੰਗਰ ਵਾਸਤੇ ਸੀ। ਉਸ ਵਿੱਚੋਂ ਪੈਸਾ ਨਹੀਂ ਖ਼ਰਚਦੇ ਸੀ। ਟੀ.ਟੀ. ਤਲਾਸ਼ੀ ਕੀਤੀ। ਕਾਪੀ ਵਿਚ ਜਿਹੜੀ ਮਾਇਆ ਸੀ। ਟੀ.ਟੀ. ਨੂੰ ਕੋਈ ਪਤਾ ਨਹੀਂ ਲੱਗਾ ਕਿ ਮਾਇਆ ਕਿੱਥੇ ਹੈ? ਪਹਿਲਾਂ ਕਹਿ ਦਿੱਤਾ ਕਿ ਇਹ ਕਾਪੀ ਹੈ, ਇਸ ਵਿਚ ਮਾਇਆ ਹੈ। ਟੀ.ਟੀ. ਨੇ ਕਾਪੀ ਦੇਖੀ ਤਾਂ ਮਾਇਆ ਨਹੀਂ ਮਿਲੀ ਤੇ ਕਿਹਾ ਇਸ ਵਿਚ ਤੇਰਾ ਕੋਈ ਪੈਸਾ ਨਹੀਂ ਹੈ। ਸੰਤਾਂ ਨੇ ਫ਼ਿਕਰ ਵਿਚ ਕਾਪੀ ਵੇਖਣੀ ਸ਼ੁਰੂ ਕਰ ਦਿੱਤੀ ਕਿ ਪੈਸੇ ਕੱਢ ਨਾ ਲਏ ਹੋਣ ਤਾਂ ਸਤਿਗੁਰਾਂ ਨੇ ਡੱਬੇ ਦੀ ਖਿੜਕੀ ਵਿਚ ਖੜਕੇ ਕਿਹਾ, 'ਮਸਤਾਨਿਆ ਕਾਪੀ ਬੋਝੇ ਵਿਚ ਪਾ ਲੈ ਸਾਰੇ ਰੁਪਏ ਵਿਚ ਹੀ ਹਨ।' ਜਦ ਸਤਿਗੁਰਾਂ ਦਾ ਇਹ ਬਚਨ ਸੁਣਿਆ ਤਾਂ ਸੰਤ ਮਸਤੀ ਵਿਚ ਆ ਗਏ ਤਾਂ ਲੱਗੇ ਟੀ.ਟੀ. ਨੂੰ ਚੁਕਕੇ ਡੱਬੇ ਵਿਚ ਘੁਮਾਉਣ। ਇਸ ਤਰ੍ਹਾਂ ਘੁਮਾਉਣ ਨਾਲ ਟੀ.ਟੀ. ਦਾ ਸਿਰ ਛੱਤ ਨਾਲ ਲੱਗੀ ਬੱਤੀ ਵਿਚ ਜਾ ਵੱਜਾ। ਉਸਦੇ ਸਿਰ ਵਿਚ

ਗਲੀ ਹੋ ਗਈ। ਲੱਗਾ ਰੌਲਾ ਪਾਉਣ। 'ਛੱਡ ਦਿਓ ਮੇਰਾ ਭਲਾ ਹੋ ਗਿਆ।' ਲੱਗਾ ਸਿਰ ਵਿੱਚੋਂ ਲਹੂ ਵੱਗਣ। ਟੀ.ਟੀ. ਨੇ ਅੱਠ ਆਨੇ ਕੁਲੀ ਨੂੰ ਦੇ ਕੇ ਸੰਤਾਂ ਨੂੰ ਤਲਵਾੜੇ ਦਾ ਟਿਕਟ ਲੈ ਦਿੱਤਾ ਤੇ ਨਾਲੇ ਪੈਰੀ ਹੱਥ ਲਾਇਆ ਕਿ ਤੁਸੀਂ ਸੰਤ ਜੀ ਮੇਰਾ ਭਲਾ ਕਰ ਦਿੱਤਾ ਹੈ।

ਸੰਤ ਤਲਵਾੜੇ ਉਤਰਕੇ ਲੱਗੇ ਅੱਗੇ ਅੱਗੇ ਤੁਰਨ ਤਾਂ ਕਿ ਕਿਸੇ ਨੂੰ ਪਤਾ ਨਾ ਲੱਗ ਜਾਵੇ ਕਿ ਮੇਰੀ ਤਲਾਸ਼ੀ ਹੋਈ ਹੈ। ਅੱਗੋਂ ਲੋਕਾਂ ਨੇ ਰੌਲਾ ਪਾ ਦਿੱਤਾ ਕਿ ਨਾਲੀ ਬੜੀ ਚੜ੍ਹੀ ਹੋਈ ਹੈ। ਸੰਤਾਂ ਨੂੰ ਦਿੱਸਦਾ ਤਾਂ ਅੱਗੇ ਹੀ ਘੱਟ ਸੀ ਤੇ ਲੱਗੇ ਅਰਦਾਸ ਕਰਨ। ਪਤਾ ਹੀ ਤਦ ਲੱਗਾ ਜਦ ਸੁੱਕੇ ਸੁੱਕੇ ਲੰਘ ਗਏ। ਸੰਤਾਂ ਨੂੰ ਪਤਾ ਹੀ ਨਹੀਂ ਲੱਗਾ ਕਿ ਨਾਲੀ ਕਿੱਥੇ ਰਹੀ ਹੈ। ਜਾ ਸਤਿਗੁਰਾਂ ਨੂੰ ਮੱਥਾ ਟੇਕਿਆ। ਸਤਿਗੁਰੂ ਜੀ ਸੰਤ ਆਲਾ ਸਿੰਘ ਜੀ ਨਾਲ ਬਚਨ ਬਿਲਾਸ ਕਰ ਰਹੇ ਸਨ। ਸੰਤਾਂ ਨੇ ਜਿਹੜੀ ਮਾਇਆ ਸਾਧ ਸੰਗਤ ਦੀ ਸੀ ਲੰਗਰ ਵਾਸਤੇ ਅੱਗੇ ਰੱਖ ਮੱਥਾ ਟੇਕਿਆ। ਸਤਿਗੁਰਾਂ ਨੇ ਮਸਤਾਨੇ ਦੇ ਮੂੰਹ ਉੱਤੇ ਪਿਆਰ ਨਾਲ ਚੰਡ ਮਾਰੀ ਤੇ ਕਿਹਾ, 'ਤੂੰ ਸਾਨੂੰ ਬਦਨਾਮ ਕਰਦਾ ਹੈ ਬਿਨਾ ਟਿਕਟ ਗੱਡੀ ਤੇ ਚੜ੍ਹਕੇ? ਸੰਤ ਹੱਸ ਕੇ ਬੋਲੇ, 'ਮੇਰੀਆਂ ਕਿਹੜੀਆਂ ਮਿਲਾਂ ਚਲਦੀਆਂ ਹਨ?

ਸਤਿਗੁਰੂ ਜੀ: ਆਹ ਜਿਹੜੀ ਮਾਇਆ ਲਿਆਕੇ ਸਾਨੂੰ ਦਿੱਤੀ ਹੈ, ਇਸ ਵਿੱਚੋਂ ਖ਼ਰਚ ਕਰ ਲੈਂਦੇ।

ਮਸਤਾਨਾ: 'ਇਹ ਮਾਇਆ ਤਾਂ ਗ਼ਰੀਬਾਂ ਤੋਂ ਆਈ ਹੈ ਤੁਹਾਡੇ ਲੰਗਰ ਵਾਸਤੇ। ਬੀ ਬੀਜਣ ਵਾਸਤੇ। ਮੈਂ ਇਹ ਬੁਚੜਾਂ ਨੂੰ ਦੇ ਦਿਆਂ? ਸਤਿਗੁਰਾਂ ਨੇ ਖ਼ੁਸ਼ ਹੋ ਕੇ ਬਚਨ ਕੀਤਾ, 'ਮਸਤਾਨਿਆ ਹੱਥ ਤੇਰਾ ਤੇ ਖੀਸਾ ਮੇਰਾ ਮਾਇਆ ਦਾ ਕੋਈ ਘਾਟਾ ਨਹੀਂ ਰਹੇਗਾ।'

## ਅੰਬ ਚੂਪਣੇ

ਇੱਕ ਵੇਰੀ ਐਰੋਪਲੇਨ ਜੀ ਭਾਈ ਦਰਸ਼ਨ ਸਿੰਘ ਜੀ ਦੇ ਪਿੰਡ ਡੱਲੇਵਾਲ (ਜੋ ਕਿ ਰਿਆਣੇ ਦੇ ਕਕੋਲ ਗੜ੍ਹਦੀਵਾਲ ਰੋਡ ਤੇ ਹੈ) ਗਏ। ਅੰਬਾਂ ਦਾ ਮੌਕਾ ਸੀ। ਭਾਈ ਦਰਸ਼ਨ ਸਿੰਘ ਜੀ ਨੇ ਅੰਬਾਂ ਤੋਂ ਅੰਬ ਲਾਹੇ ਅਤੇ ਸੰਤਾਂ ਨੂੰ ਛਕਾਉਣੇ ਸ਼ੁਰੂ ਕੀਤੇ। ਇਏ ਖ਼ਰਬੂਜਾ ਅੰਬ ਸੀ। ਇਹ ਛੱਕਦਿਆਂ ਸੰਤਾਂ ਆਖਿਆ ਕਿ, 'ਭਾਈ ਦਰਸ਼ਨ ਸਿੰਘ ਅੰਬ ਬਹੁਤ ਵਧੀਆ ਹੈ।'

ਦਰਸ਼ਨ ਸਿੰਘ: ਇਹ ਅੰਬ ਹੁਣੇ ਹੀ ਮਿਲਣੇ ਹਨ। ਅੱਗੇ ਲਈ ਇਹ ਅੰਬ ਨਹੀਂ ਮਿਲਣੇ।

ਸੰਤ: 'ਕਿਉਂ ਇਹ ਅੰਬ ਵੱਢਣਾ ਨਹੀਂ ਹੈ, ਉਹ ਪਿੱਛੇ ਪਿਤੰਦਰ ਆਉਂਦਾ ਹੈ ਇਸਨੂੰ ਲਿਜਾਣ ਵਾਲਾ।'

ਸੰਤ (ਆਲੇ ਦੁਆਲੇ ਦੇਖਕੇ): ਦੱਸ ਕਿਹੜਾ ਪਿਤੰਦਰ, ਉਸਨੂੰ ਮੈਂ ਬੰਦਾ ਬਣਾਵਾਂ, ਇਹ ਅੰਬ ਢਾਹੁਣ ਲਈ ਆਉਂਦਾ ਹੈ? ਭਾਈ ਦਰਸ਼ਨ ਸਿੰਘ ਸੰਤਾਂ ਨੂੰ ਫੜ ਤੁਰਿਆ। ਇੱਕ ਰੌਅ ਵੱਗਦਾ ਸੀ, ਉਸ ਧਰਤੀ ਨੂੰ ਢਾਹ ਲਾਈ ਹੋਈ ਸੀ। ਸੰਤਾਂ ਨੂੰ ਉਸ ਰੌ ਦੇ ਲਾਗੇ ਜਾ ਖੜਾ ਕੀਤਾ। ਆਹ ਪਿਤੰਦਰ ਹੈ। ਸੰਤਾਂ ਦੀ ਨਜ਼ਰ ਕਮਜ਼ੋਰ ਹੋਣ ਕਰਕੇ ਕਿਹਾ ਮੈਨੂੰ ਦੱਸ ਖਾਂ ਕਿਹੜਾ ਹੈ? ਉਸਨੇ ਜਾ ਪਾਣੀ ਵਿਚ ਖੜਾ ਕੀਤਾ। ਸੰਤਾਂ ਨੇ ਅਰਦਾਸ ਕੀਤੀ ਅਤੇ ਕਿਹਾ, 'ਭਾਈ ਤੂੰ ਵੀ ਭੈਅ ਵਿਚ ਰਹਿ। ਇਹ ਸਾਧ ਸੰਗਤ ਵਾਸਤੇ ਬਾਗ਼ ਹੈ। ਤੂੰ ਕਿਸੇ ਹੋਰ ਪਾਸੇ ਚਲਾ ਜਾ। ਇਸ ਜ਼ਮੀਨ ਨੂੰ ਛੱਡ ਦੇਹ।' ਉਹ ਰੌਅ ਜਿਸਨੂੰ ਚੋ ਕਹਿੰਦੇ ਸਨ ਤਕਰੀਬਨ ਦੋ-ਤਿੰਨ ਫਰਲਾਂਗ ਪਿੱਛੇ ਜਾਕੇ ਵਗਣ ਲੱਗ ਪਿਆ। ਸੰਤਾਂ ਕਿਹਾ, 'ਇੱਥੇ ਕੁਟੀਆ ਪਾ ਦਿਓ ਤਾਂ ਕੇ ਸਾਧੂਆਂ ਦੇ ਅੰਬ ਚੂਪਿਆ ਕਰਨ ਹੁਣ ਤਕ ਉਹ ਬਾਗ਼ ਕਾਇਮ ਹੈ।

ਇੱਕ ਦਿਨ ਸੰਤ ਜੀ ਦਰਸ਼ਨ ਸਿੰਘ ਤੇ ਹਰਨਾਮ ਸਿੰਘ ਦੇ ਘਰ ਬੈਠਕੇ ਅੰਬ ਚੂਪਦੇ ਸਨ। ਦਰਸ਼ਨ ਸਿੰਘ ਦੀ ਭਤੀਜੀ ਨੂੰ ਖੰਗ ਸੀ। ਸੰਤਾਂ ਨੇ ਇੱਕ ਮਿੱਠੀ ਚਟਣੀ ਬਣਾਕੇ ਦਿੱਤੀ ਖੰਗ ਦੂਰ ਕਰਨ ਲਈ। ਉੱਥੇ ਇੱਕ ਨਿਹੰਗ ਆ ਗਿਆ। ਸੰਤਾਂ ਕਿਹਾ ਭਾਈ ਨਿਹੰਗਾਂ ਨੂੰ ਮਾਟਾ ਛਕਾਉ ਅਤੇ ਅਸੀਂ ਕੱਚੀ ਲੱਸੀ ਬਣਾਕੇ ਪੀਏ।' ਦਰਸ਼ਨ ਸਿੰਘ ਦਾ ਵੱਡਾ ਭਰਾ ਪੂਰਨ ਸਿੰਘ ਜੋ ਕਿ ਸੰਤ ਹਰਨਾਮ ਸਿੰਘ ਤੋਂ ਵੱਡਾ ਹੈ, ਉਸਨੇ ਇਕ ਬੜਾ ਸਾਰਾ ਪਤੀਲਾ ਸ਼ਰਾਰਤ ਨਾਲ ਭਰਕੇ ਕਾੜ੍ਹਾ ਜਿਹਾ ਬਣਾ ਲਿਆ। ਉਹ ਨਾਮਧਾਰੀ ਪੰਥ ਦੇ ਬਹੁਤ ਖ਼ਿਲਾਫ਼ ਸੀ। ਚੁੱਕ ਕੇ ਲੈ ਆਇਆ ਤੇ ਕਹਿਣ ਲੱਗਾ, 'ਲੈ ਮਸਤਾਨਿਆ ਪੀ ਫੜ ਗਲਾਸ।'

ਮਸਤਾਨਾ: 'ਇਹ ਨਿਹੰਗ ਨੂੰ ਪਿਲਾਉ ਭਾਈ।'

ਪੂਰਨ ਸਿੰਘ: 'ਇਹ ਤੈਨੂੰ ਪੀਣਾ ਪੈਣਾ ਹੈ ਸਾਰਾ, ਨਾਲੇ ਦੇਖਾਂ ਤੇਰਾ ਸਤਿਗੁਰੂ ਰਾਮ ਸਿੰਘ।' ਇਹ ਬਚਨ ਸੁਣਕੇ ਸੰਤ ਸੂਤਰ ਵਿਚ ਹੋ ਗਏ ਤੇ ਫੜ ਲਿਆ ਗਲਾਸ। ਉਹ ਪਾਈ ਗਿਆ, ਸੰਤ ਪੀਵੀ ਗਏ। ਸੜ੍ਹਦਾ ਬਲਦਾ ਕਾੜ੍ਹਾ ਪੰਦਰ੍ਹਾਂ ਸੋਲ੍ਹਾਂ ਗਲਾਸ ਸਭ ਪੀ ਗਏ। ਜਦ ਕੇਵਲ ਇਕ ਗਲਾਸ ਰਹਿ ਗਿਆ ਤਾਂ ਉਹ ਬਾਕੀ ਦਾ ਕਾੜ੍ਹਾ ਲੈ ਜਾਣ ਲੱਗਾ।

ਸੰਤ ਕਿਹ: ਇਹ ਕਿਧਰ ਲੈ ਚਲਿਐ? ਉਸਨੇ ਇਹ ਵੀ ਪਾਕੇ ਪਤੀਲਾ ਖ਼ਾਲੀ ਕਰ ਦਿੱਤਾ। ਸੰਤਾਂ ਨੇ ਦਰਸ਼ਨ ਸਿੰਘ ਨੂੰ ਕਿਹਾ, 'ਲਿਆ ਭਾਈ ਕੱਚੀ ਲੱਸੀ ਪੀ ਲਈਏ।'

ਪੂਰਨ ਸਿੰਘ ਨੇ ਕਿਹਾ 'ਇਸਨੂੰ ਨਥੋਂ ਫੜਕੇ ਲੈ ਜਾਉ ਛੱੜ ਵਿਚ ਇਹ ਹੁਣ ਮਰਨ ਨੂੰ ਫਿਰਦਾ ਹੈ ਅੰਦਰ ਸਾੜ ਪੈ ਗਿਆ ਹੈ।'

ਨਿਹੰਗ: 'ਕਿਉਂ ਛੇੜ ਲਿਆ ਉਏ ਮਸਤਾਨੇ ਨੂੰ? ਇਹ ਐਵੇਂ ਨਹੀਂ ਫਿਰਦਾ। ਇਸਦੇ ਸਿਰ ਤੇ ਕਿਸੇ ਦਾ ਪਹਿਰਾ ਹੈ। ਓਹ ਦੇਖ ਸਤਿਗੁਰਾਂ ਰਾਮ

ਸਿੰਘ ਜੀ ਖੜ੍ਹੇ ਪੂਰਨ ਸਿੰਘ ਡਰਦਾ ਹੋਇਆ ਨਿਹੰਗ ਦੇ ਪੈਰੀਂ ਪੈਣ ਲੱਗ ਪਿਆ। ਨਿਹੰਗ ਨੇ ਕਿਹਾ, ਉਸੇ ਪਿਤੰਦਰ ਕੋਲ ਜਾਹ ਜਿਸਨੂੰ ਛੇੜ ਬੈਠਾ ਹੈ।' ਸੰਤ ਹਰਨਾਮ ਸਿੰਘ ਅਤੇ ਦਰਸ਼ਨ ਸਿੰਘ ਉਦੋਂ ਅਜੇ ਬੱਚੇ ਹੀ ਸਨ। ਇਸ ਗੱਲ ਨੂੰ 40 ਕੁ ਸਾਲ ਹੋ ਗਏ ਹਨ। ਆਖਣ ਲੱਗੇ 'ਚਲੋ ਸੰਤ ਜੀ ਜਲ ਵਰਤ ਲਈਏ। ਪੂਰਨ ਸਿੰਘ ਨਿਹੰਗ ਦਾ ਬਚਨ ਸੁਣਕੇ ਮਸਤਾਨੇ ਪਾਸ ਗਿਆ ਤੇ ਕਹਿਣ ਲੱਗਾ 'ਬਖਸ਼ੋ ਜੀ।' ਸੰਤਾਂ ਕਿਹਾ, 'ਕਾੜ੍ਹੀ ਖੋਲ ਕੇ ਕਹਿ ਧੰਨ ਸਤਿਗੁਰੂ ਰਾਮ ਸਿੰਘ।' ਹਰਨਾਮ ਸਿੰਘ ਹੋਰਾਂ ਕਿਹਾ, 'ਚਲੋ ਜਲ ਵਰਤੀਏ। ਦੁਨੀਆ ਆਮ ਇਕੱਠੀ ਹੋ ਗਈ ਕਿ ਸਾਧ ਮਰ ਚੱਲਿਆ ਹੈ।

ਸੰਤ: ਇਹ ਹੁਣ ਪੂਰਨ ਸਿੰਘ ਨੂੰ ਹੀ ਸਾਰਾ ਮੂਤਰ ਆਇਆ ਹੈ। ਜਿਨ੍ਹਾਂ ਜਲ ਸ਼ਹੀਦਾਂ ਪੀਤਾ ਹੈ। ਏਹ ਹੁਣ ਇਸਦੇ ਰਾਹੀਂ ਹੀ ਨਿਕਲੇਗਾ। ਬਸ ਕੀ ਸੀ ਸਾਰੀ ਰਾਤ ਇਕ ਬੰਨੇ ਤੇ ਬੈਠਕੇ ਮੂਤਦਾ ਹੀ ਰਿਹਾ। ਜੋੜਾਂ ਵਿਚ ਦਰਦ ਠਹਿਰ ਗਿਆ। ਕਈ ਸਾਲ ਦਰਦ ਰਿਹਾ।

ਇਕ ਦਿਨ ਮਸਤਾਨਾ ਜੀ ਮਸਤੀ ਵਿਚ ਬੈਠ ਹਨ। ਪੂਰਨ ਸਿੰਘ ਦੀ ਭੈਣ ਈਸ਼ਰ ਕੌਰ ਜਿਹੜੀ ਜਵੰਦ ਸਿੰਘ ਸ਼ਹੀਦ ਦੇ ਘਰ ਗੌਂਦਪੁਰ ਵਿਆਹੀ ਹੋਈ ਹੈ ਉਹ ਆਪਣੇ ਭਰਾ ਪੂਰਨ ਸਿੰਘ ਨੂੰ ਲੈ ਕੇ ਆ ਗਈ। ਕਹਿਣ ਲੱਗੀ, 'ਸੰਤ ਜੀ ਇਸਤੇ ਕਿਰਪਾ ਕਰੋ। ਇਸ ਨੂੰ ਦਵਾਈ ਕੋਈ ਨਹੀਂ ਲੱਗਦੀ।' ਜਿਹੜੇ ਗੁਰੂ ਵਾਲੇ ਹੁੰਦੇ ਹਨ ਉਹ ਦਇਆਵਾਨ ਹੁੰਦੇ ਹਨ। ਮਸਤਾਨਾ ਜੀ ਨੇ ਕਿਹਾ, 'ਸਤਿਗੁਰੂ ਪ੍ਰਤਾਪ ਸਿੰਘ ਜੀ ਹੁਸ਼ਿਆਰਪੁਰ ਆਉਣਗੇ, ਉਨ੍ਹਾਂ ਅੱਗੇ ਜਾਕ ਅਰਜ਼ ਕਰ ਤੇਰਾ ਭਲਾ ਹੋ ਜਾਵੇਗਾ।'

ਪੂਰਨ ਸਿੰਘ ਨੇ ਇਸੇ ਤਰ੍ਹਾਂ ਹੀ ਕੀਤੀ। ਸ਼ਾਮ ਦੇ ਦੀਵਾਨ ਵਿਚ ਅਰਜ਼ ਕੀਤੀ। 'ਮੇਰੇ ਗੋਡੇ ਦੁਖਦੇ ਹਨ।'

ਸਤਿਗੁਰੂ ਜੀ: 'ਸਾਡਾ ਵੀ ਗੋਡਾ ਦੁਖਦਾ ਹੈ ਭਾਈ ਅਸੀਂ ਕੀ ਕਰੀਏ।'

ਦੂਸਰੇ ਦਿਨ ਅੰਮ੍ਰਿਤ ਵੇਲੇ ਆਸਾ ਦੀ ਵਾਰ ਤੋਂ ਬਾਅਦ ਸਤਿਗੁਰੂ ਜੀ ਪਜਾਮਾ ਪਾ ਰਹੇ ਸਨ ਇਹ ਫਿਰ ਜਾ ਖੜ੍ਹਾ ਹੋਇਆ।

'ਗ਼ਰੀਬ ਨਿਵਾਜ਼ ਜੀ ਮੇਰੇ ਗੋਡਿਆ ਵਿਚ ਦਰਦ ਹੈ।'

ਸਤਿਗੁਰੂ ਜੀ ਮੁਸਕਰਾ ਕੇ ਕਹਿਣ ਲੱਗੇ, 'ਚੰਗਾ ਭਾਈ ਅੱਜ ਤੋਂ ਸਾਧਾਂ ਨਾਲ ਟੱਕਰ ਨਾ ਲਵੀਂ। ਸਾਧ ਕਿਸੇ ਦੇ ਫੇਰਿਆ ਹੀ ਫਿਰਦੇ ਹਨ, ਜਾ ਭਜਨ ਕਰਿਆ ਕਰ ਤੇ ਕੇਸੀ ਇਸ਼ਨਾਨ ਕਰ।' ਉਹ ਠੀਕ ਹੋ ਗਿਆ।

**ਹਰਦੇਵ ਸਿੰਘ**

## ਐਰੋਪਲੇਨ ਦੀਆਂ ਕਥਾਵਾਂ

ਸਿਆਣੇ ਕਹਿੰਦੇ ਹਨ ਕਿ ਮਨੁੱਖ ਦਾ ਜੀਵਨ ਇਸ ਤਰ੍ਹਾਂ ਦਾ ਹੋਵੇ ਜਿਵੇ ਸੂਰਜ, ਜਿਹੜਾ ਆਪਣੇ ਪ੍ਰਕਾਸ਼ ਤੋਂ ਕੋਈ ਲਾਭ ਨਹੀਂ ਲੈਂਦਾ, ਸਗੋਂ ਬਾਕੀ ਸੰਸਾਰ ਉਸ ਨਾਲ ਜਿਉਂਦਾ ਹੈ, ਜਿਵੇਂ ਫੁੱਲ ਆਪਣੀ ਖੁਸ਼ਬੂ ਲੋਕਾਂ ਨੂੰ ਵੰਡਦਾ ਹੈ, ਜਿਵੇਂ ਮੋਮਬੱਤੀ ਜਿਹੜੀ ਆਪ ਸੜਦੀ ਹੈ ਅਤੇ ਚਾਨਣ ਦੂਸਰਿਆਂ ਨੂੰ ਕਰਦੀ ਹੈ, ਜਿਵੇਂ ਚੰਨ ਰੋਸ਼ਨੀ ਸੂਰਜ ਪਾਸ ਲੈਂਦਾ ਹੈ, ਪਰ ਕਾਲੀ ਰਾਤ ਵਿਚ ਚਜਨਣ ਵੰਡਦਾ ਹੈ, ਜਿਵੇਂ ਛੱਤਰੀ ਜਿਹੜੀ ਮੀਂਹ ਧੁੱਪ ਆਪ ਸਹਾਰਦੀ ਹੈ, ਪਰ ਮਨੁੱਖਾਂ ਨੂੰ ਧੁੱਪ ਅਥਵਾ ਮੀਂਹ ਤੋਂ ਬਚਾਂਦੀ ਹੈ। ਇਸੇ ਤਰ੍ਹਾਂ ਮਸਤਾਨਾ ਐਰੋਪਲੇਨ ਨੇ ਆਪਣਾ ਜੀਵਨ ਵਰਤਾਇਆ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਅਥਵਾ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਅਰਜ਼ ਕਰ ਅੜਿਆਂ ਥੁੜਿਆਂ ਦੀਆਂ ਕਾਮਨਾਵਾਂ ਪੂਰੀਆਂ ਕੀਤੀਆਂ ਹਨ, ਭੁੱਲੇ ਹੋਏ ਲੋਕਾਂ ਨੂੰ ਸਤਿਗੁਰੂ ਦੇ ਲੜ ਲਾਇਆ ਹੈ, ਉਨ੍ਹਾਂ ਨੂੰ ਨਾਮ ਜੱਪਣ ਦੀ ਪ੍ਰੇਰਨਾ ਦਿੱਤੀ ਹੈ। ਮਾਈਆਂ ਬੀਬੀਆਂ ਨੂੰ ਪੱਛਮ ਦੇ ਰੋੜ ਵਿੱਚੋਂ ਕੱਢਿਆ ਹੈ ਅਤੇ ਉਨ੍ਹਾਂ ਨੂੰ ਸਹੀ ਮਾਰਗ ਦਰਸਾਇਆ ਹੈ। ਉਹ ਆਪਣੀ ਜੀਵਨ ਕਕਾ ਆਪ ਵਰਨਣ ਕਰਦੇ ਹਨ ਅਤੇ ਸੰਤਾਂ ਦਾ ਧੰਨਵਾਦ ਕਰਦੇ ਸਤਿਗੁਰਾਂ ਦਾ ਜਸ ਕਰਦੇ ਹਨ।

ਬੀਬੀ ਗੁਰਬਚਨ ਕੌਰ ਪਤਨੀ ਸੰਤ ਸ਼ਿੰਗਾਰਾ ਸਿੰਘ ਜਗਾਧਰੀ ਦੇ ਘਰ ਕੋਈ ਬੱਚਾ ਨਹੀਂ ਸੀ। ਜਗਤ ਹਨੇਰਾ ਹਨੇਰਾ ਜਾਪੇ। ਮਾਵਾਂ ਨੂੰ ਪੁੱਤ ਸਦਾ ਪਿਆਰੇ ਰਹੇ ਹਨ। ਬੀਬੀ ਦੇ ਭਰਾਵਾਂ ਕਿਹਾ, 'ਭੈਣ ਤੂੰ ਐਰੋਪਲੇਨ ਮਸਤਾਨੇ ਦੀ ਚਰਨੀ ਪਓ। ਵੁਹ ਸਤਿਗੁਰੂ ਜੀ ਦੇ ਚਰਨਾਂ ਵਿਚ ਅਰਜ਼ ਕਰਨਗੇ। ਬੀਬੀ ਭਰਾਵਾਂ ਦਾ ਬਚਨ ਮੰਨਕੇ ਮਸਤਾਨੀ ਸਵਰਨ ਕੌਰ ਦੇ ਘਰ ਗਈ। ਅਤੇ ਸੰਤ ਸੁੱਮਤ ਦੇ ਰਹੇ ਸਨ। ਬੀਬੀ ਗੁਰਬਚਨ ਕੌਰ ਨੇ ਮਨ ਦੀ ਵੇਦਾਨਾ ਕਹਿ ਸੁਣਾਈ ਤਾਂ ਮਸਤਾਨਾ ਜੀ ਕਿਹਾ, 'ਬੀਬੀ ਸਤਿਗੁਰੂ ਪ੍ਰਤਾਪ ਸਿੰਘ ਦੇ ਘਰ ਕੋਈ ਘਾਟਾ ਨਹੀਂ। ਤੂੰ ਵਰਨੀ ਕਰਾ, ਸਲਵਾਰ ਤਿਆਗ, ਚੂੜੀ ਵਾਲੀ ਸੁੱਥਣ ਪਾ, ਇਕ ਮਨ ਇਕ ਚਿਤ ਹੋ ਕੇ ਅਰਦਾਸ ਕਰ ਸੱਚੇ ਪਾਤਸ਼ਾਹ ਮਿਹਰ ਕਰਨਗੇ। ਬੀਬੀ ਨੇ ਕਿਹਾ ਕਿ ਸੰਤ ਜੀ ਅਖੰਡ ਪਾਠ ਤਾਂ ਮੈਂ ਨਹੀਂ ਕਰਾ ਸਕਦੀ, ਵਰਨੀ ਦੀ ਕਿਰਪਾ ਹੋ ਜਾਵੇ। ਬੀਬੀ ਕਹਿਕੇ ਸਿਰ ਨਿਵਾ ਦਿੱਤਾ ਤੇ ਵਰਨੀ ਕਰਾਈ ਅਤੇ ਅਰਦਾਸਾ ਕੀਤਾ ਤਾਂ ਮਿਹਰ ਹੋ ਗਈ ਅੱਜ ਬੀਬੀ ਦੇ ਘਰ ਦੋ ਲੜਕੇ ਅਤੇ ਇਕ ਲੜਕੀ ਹੈ।

* * *

ਬੀਬੀ ਕਰਤਾਰ ਕੌਰ ਸੋਪਤਨੀ ਸੰਪੂਰਨ ਸਿੰਘ ਸਕੂਰ ਬਸਤੀ, ਨਵੀਂ ਦਿੱਲੀ, ਆਪਣੀ ਕਥਾ ਵਰਨਣ ਕਰਦਿਆਂ ਦੱਸਦੀ ਹੈ ਮੇਰੀ ਗੋਦ ਹਰੀ ਨਹੀਂ ਸੀ ਹੋਈ। ਮੈਂ ਵਡਭਾਗ ਸਿੰਘ ਦੇ ਡੇਰੇ ਕਈ ਚੱਕਰ ਲਾਏ। ਪਰ ਕੋਈ ਲਾਭ

ਨਾ ਹੋਇਆ ਤਾਂ ਬੀਬੀ ਦਾ ਭਰਾ ਪੂਰਨ ਸਿੰਘ, ਮਸਤ ਨਾ ਐਰੋਪਲੇਨ ਨੂੰ ਸਾਡੇ ਘਰ ਲੈ ਆਏ। ਸੰਤਾਂ ਕਿਹਾ ਕਿ ਬੀਬੀ ਕੇਸਾਂ ਵਿਚ ਜਲ ਪਾਇਆ ਕਰ,; ਕਛਹਿਰਾ ਪਾ ਲੈ, ਭਜਨ ਕਰਿਆ ਕਰ, ਸੰਤਾਂ ਨੇ ਹਵਨ ਕੀਤਾ ਤੇ ਸਤਿਗੁਰਾਂ ਦੇ ਚਰਨਾਂ ਵਿਚ ਅਰਦਾਸ ਕੀਤੀ ਤਾਂ ਬਾਰ੍ਹਾਂ ਸਾਲ ਉਪਰੰਤ ਮਿਹਰ ਹੋਈ। ਚੰਨ ਵਰਗੇ ਪੁੱਤਰ ਨੇ ਜਨਮ ਲਿਆ, ਫਿਰ ਦੂਸਰੇ ਬੱਚੇ ਨੇ ਵੀ ਜਨਮ ਲਿਆ, ਪਰ ਉਸ ਨੂੰ ਇਸ਼ਨਾਨ ਨਾ ਕਰਾਏ ਕਿ ਕਿਤੇ ਠੰਡ ਨਾ ਲੱਗ ਜਾਵੇ। ਕੁਦਰਤ ਦੀ ਖੇਡ ਬੱਚੇ ਨੂੰ ਪੋਲੀਓ ਹੋ ਗਿਆ। ਲੱਗੀ ਰੋਣ। ਸੰਤਾਂ ਚਰਨ ਪਾਏ ਤਾਂ ਬੀਬੀ ਫਿਰ ਪਈ ਤਾਂ ਮਸਤਾਨਾ ਜੀ ਕਿਹਾ ਬੀਬੀ ਸਤਿਗੁਰੂ ਜਗਜੀਤ ਸਿੰਘ ਡਾਟਕਰਾਂ ਦੇ ਵੱਡੇ ਡਾਕਟਰ ਹਨ ਉਹ ਪੋਲੀਓ ਸੋਲੀਓ ਕੱਟ ਦੇਣਗੇ।

ਬਸੰਤ ਦਾ ਮੇਲਾ ਸੀ। ਸੱਚੇ ਪਾਤਸ਼ਾਹ ਆਸਣ ਤੇ ਦਰਸ਼ਨ ਦੇ ਰਹੇ ਸਨ। ਬੀਬੀ ਬੱਚੇ ਨੂੰ ਲੈ ਦੀਵਾਨ ਵਿਚ ਹਾਜ਼ਰ ਹੋਈ। ਸੱਚੇ ਪਾਤਸ਼ਾਹ ਮਿਹਰ ਕੀਤੀ ਤੇ ਬਚਨ ਕੀਤਾ ਆਪ ਵੀ ਇਸ਼ਨਾਨ ਕਰਿਆ ਕਰ ਤੇ ਬੱਚੇ ਨੂੰ ਵੀ ਇਸ਼ਨਾਨ ਕਰਾਇਆ ਕਰ। ਬੀਬੀ ਹੁਕਮ ਮੰਨ ਸਿਰ ਨਿਵਾ ਦਿਤਾ। ਆਪ ਵੀ ਇਸ਼ਨਾਨ ਕਰਨ ਲੱਗੇ ਤੇ ਬੱਚੇ ਨੂੰ ਵੀ ਕਰਾਉਣ ਲੱਗੀ। ਬੱਚਾ ਬਿਨਾ ਦਵਾਈ ਤੋਂ ਦੌੜਨ ਭੱਜਣ ਲੱਗਾ। ਅੱਜ ਬੀਬੀ ਦੇ ਘਰ ਤਿੰਨ ਲੜਕੇ ਹਨ; ਲੜਕੀ ਹੋਈ ਸੀ, ਪਰ ਮਰ ਗਈ। ਤਿੰਨ ਬੱਚੇ ਕਾਇਮ ਹਨ। ਸੱਚ ਪਾਤਸ਼ਾਹ ਦੀਆਂ ਮਿਹਰਾਂ ਹਨ।

* * *

ਸੰਤ ਬਲਵੰਤ ਸਿੰਘ ਦਰਜੀ ਸਿੰਘ ਦਾ ਵਿਆਹ ਹੋਇਆ। ਕੋਈ 23-24 ਸਾਲ ਬੀਤੇ ਸਨ ਪਰ ਘਰ ਸੁੰਨਾ-ਸੁੰਨਾ। ਬਲਵੰਤ ਸਿੰਘ ਕਰਮ ਸਿੰਘ ਬੱਬਰਅੱਗੇ ਸਾਰੀ ਵਿਥਿਆ ਸੁਣਾਈ, ਉਨ੍ਹਾਂ ਕਿਹਾ ਕਿ ਸਾਧਾ! ਐਰੋਪਲੇਨ ਨੂੰ ਆਉਣ ਤੇ ਉਹ ਸੱਚੇ ਪਾਤਸ਼ਾਹ ਦੇ ਚਰਨਾਂ ਵਿਚ ਅਰਜ਼ ਕਰੇਗਾ। ਥੋੜ੍ਹੇ ਦਿਨਾਂ ਉਪਰੰਤ ਸਤਿਗੁਰੂ ਜਗਜੀਤ ਸਿੰਘ ਜੀ ਦਿੱਲੀ ਦਰਸ਼ਨ ਦਿੱਤੇ। ਸਾਧ ਸਗਤ ਨੇ ਘਰੀਂ ਚਰਨ ਪਾਉਣ ਦੀ ਬੇਨਤੀ ਕੀਤੀ। ਬਲਬੰਤ ਸਿੰਘ ਵੀ ਹੱਥ ਜੋੜ ਖਲੋਤਾ। ਸੱਚੇ ਪਾਤਸ਼ਾਹ ਪ੍ਰਵਾਨਗੀ ਬਖਸ਼ੀ। ਜਦ ਗ਼ਰੀਬ ਨਿਵਾਜ਼ ਜੀ ਬਲਵੰਤ ਸਿੰਘ ਦੇ ਘਰ ਚਰਨ ਪਾਏ ਤਾਂ ਸੱਚੇ ਪਾਤਸ਼ਾਹ ਸੁਭਵਕ ਕਿਹਾ ਕਿ ਬੀਬੀ ਆਪਣੇ ਕੇਸੀਂ ਵੀ ਜਲ ਪਾਇਆ ਕਰ ਤੇ ਨਾਲ ਹੀ ਬੱਚਿਆਂ ਦੇ। ਬੀਬੀ ਵਿਚਾਰੀ ਹਿਹ ਬਚਨ ਸੁਣ ਡੁਲ੍ਹ ਪਈ ਤੇ ਅਰਜ਼ ਕੀਤੀ, 'ਗ਼ਰੀਬ ਨਿਵਾਜ਼ ਜੀ, ਬੱਚਾ ਕੋਈ ਨਹੀਂ। ਸੱਚੇ ਪਾਤਸ਼ਾਹ ਜੀ ਕਿਹਾ, 'ਬੀਬੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਅਰਜ਼ ਕਰਿਆ ਕਰ। ਉਹ ਬਖਸ਼ਸ਼ ਕਰਨਗੇ। ਨਾਲ ਹੀ ਮਸਤਾਨੇ ਐਰੋਪਲੇਨ ਪਾਸੋਂ ਦਵਾਈ ਲੈ। ਮਾਸਟਰ ਮਿਹਰ ਸਿੰਘ ਦੀ ਸਿੰਘਣੀ ਕਹਿਣ ਲੰਗੀ, 'ਏਥੋਂ ਬੱਚਾ ਕਿੱਥੋਂ ਲੱਭਣਾ ਹੈ ਪਰ ਮਸਤਾਨਾ ਕੜਕੇ ਬੋਲਿਆ, ਇਸ ਘਰੋਂ ਬੱਚਾ ਨਹੀਂ ਲੱਭਣਾ ਤਾਂ ਹੋਰ ਕਿੱਥੋਂ ਲੱਭਣਾ ਹੈ।

ਸਤਿਗੁਰਾਂ ਦਾ ਬਚਨ ਖ਼ਾਲੀ ਨਹੀਂ ਜਾਂਦਾ। ਦੋ ਸਾਲ ਨਹੀਂ ਬੀਤੇ ਸਨ ਕਿ ਲੜਕਾ ਦਾ ਜਨਮ ਹੋਇਆ ਹਤੇ ਦੋ ਸਾਲ ਉਪਰੰਤ ਲੜਕਦੇ ਦਾ ਜਨਮ ਹੋਇਆ ਅਤੇ ਘਰ ਵਿਚ ਖ਼ੁਸ਼ੀਆਂ ਨੱਚੀਆਂ।

* * *

ਇੱਕ ਸਮੇਂ ਦਲ ਸਿੰਘ ਪਿੰਡ ਮੁਠੱਡੇ ਕਲਾਂ ਨੇ ਮਸਤਾਨੇ ਐਰੋਪਲੇਨ ਨੂੰ ਕਿਹਾ ਕਿ ਚੰਨਣ ਸਿੰਘ ਦਾ ਵੱਡਾ ਲੜਕਾ ਸਵਰਨ ਸਿੰਘ ਦੇ ਘਰ ਵਿਆਹਿਆ ਹੋਇਆ ਹੈ। ਪੰਜ ਸਾਲ ਗੁਜ਼ਰ ਗਏ। ਕੋਈ ਬੱਚਾ ਬੱਚੀ ਨਹੀਂ ਹੋਇਆ। ਉਹ ਹੋਰ ਵਿਆਹ ਕਰਾਉਣਾ ਚਾਹੁੰਦਾ ਸੀ। ਤਾਂ ਮਸਤਾਨਾ ਜੀ ਕਿਹਾ, 'ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਘਰ ਕਿਹੜਾ ਘਾਟਾ ਏ? ਕੁਦਰਤਨ ਥੋੜ੍ਹੇ ਦਿਨ੍ਹਾਂ ਉਪਰੰਤ ਗੁਰਾਇਆ ਵਾਲਿਆ ਸਿੰਘਾਂ ਦਾ ਮੇਲਾ ਰਖਿਆ ਹੋਇਆ ਸੀ। ਸੱਚੇ ਪਾਤਸ਼ਾਹ ਦਰਸ਼ਨ ਦਿੱਤੇ।

ਸੰਤ ਰਤਨ ਸਿੰਘ ਸੱਚੇ ਪਾਤਸ਼ਾਹ ਜੀ ਦਾ ਜੋੜਾ ਸੰਭਾਲਣ ਵਾਸਤੇ ਦਲ ਸਿੰਘ ਨੂੰ ਦਿੱਤਾ। ਦਲ ਸਿੰਘ ਨੇ ਜੋੜ ਨੂੰ ਝਾੜ ਪੂੰਜ, ਚਰਨ ਧੂੜ ਇਕ ਡੱਬੀ ਵਿਚ ਪਾ ਲਈ। ਸੱਚੇ ਪਾਤਸ਼ਾਹ ਜੀ ਸੰਸਾਰ ਨੂੰ ਾਰਨ ਵਾਸਤੇ ਅੱਗੇ ਚਲੇ ਗਏ । ਜੋੜਾ ਵਾਪਸ ਹੋ ਗਿਆ, ਹੁਣ ਲ ਸਿੰਘ ਚਰਨ ਧੂੜ ਕੱਢੀ ਅਤੇ ਬੀਬੀ ਨੂੰ ਘੋਲ ਪਲਾਈ। ਬੀਬੀ ਨੂੰ ਇਕ ਉਲਟੀ ਆਈ ਪਰ ਗਰਭ ਠਹਿਰ ਗਿਆ। ਸਾਲ ਦੇ ਅੰਦਰ ਅੰਦਰ ਘਰ ਵਿਚ ਦੀਵਾ ਜਗ ਪਿਆ। ਲਟ ਲਟ ਰੌਸ਼ਨੀ ਹੋਈ, ਫਿਰ ਦੂਸਰਾ ਲੜਕਾ ਦੋ ਸਾਲ ਪਿੱਛੋਂ ਹੋਇਆ। ਫਿਰ ਕੰਨਿਆ ਵੀ ਹੋਈ ਜਗ ਨਾਲ ਸਾਂਝ ਪਈ।

ਦਲ ਸਿੰਘ ਦੀ ਨੂੰਹ ਗੁੰਮ ਹੈਜ਼ਾ ਹੋ ਗਿਆ। ਮੁੜ ਚਰਨ ਧੂੜ ਘੋਲ ਪਿਲਾਈ। ਬੰਨ ਖੁਲ ਗਿਆ। ਦਲ ਸਿੰਘ ਦੀ ਪੋਤਰੀ ਅਮਰਜੀਤ ਢਿੱਲੀ ਹੋ ਗਈ। ਡਾਕਟਰਾਂ ਜਵਾਬ ਦੇ ਦਿੱਤਾ ਸੀ। ਪਰ ਸੰਤਾਂ ਉਹ ਪੁੜੀ ਚਰਨ ਧੂੜ ਵਾਲੀ ਘੋਲ ਪਿਲਾਈ ਅਤੇ ਬੱਚੇ ਖੇਡਣ ਲੱਗ ਪਈ। ਸਾਰਾ ਪਰਿਵਾਰ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਧੰਨਵਾਦ ਕਰ ਰਿਹਾ ਸੀ।

* * *

ਮਸਤਾਨਾ ਆਤਮਾ ਸਿੰਘ ਐਰੋਪਲੇਨ ਜੀ ਇੱਕ ਦਿਨ ਸਾਡੇ ਘਰ ਲੰਗਰ ਕਰਦੇ ਸੀ। ਅਸੀਂ ਦੋਹਾਂ ਅਰਜ਼ ਕੀਤੀ ਕਿ ਸਾਡੇ ਘਰ ਭੁਜੰਗੀ ਹੋਵੇ। ਸੰਤਾਂ ਨੇ ਆਖਿਆ 'ਸਤਿਗੁਰੂ ਜਗਜੀਤ ਸਿੰਘ ਜੀ ਦੇ ਘਰ ਕਿਹੜੀ ਚੀਜ਼ ਦਾ ਘਾਟਾ ਹੈ? ਸਤਿਗੁਰੂ ਜੀ ਕਿਰਪਾ ਕਰਨਗੇ। ਸੰਤਾਂ ਨੇ ਅਰਦਾਸ ਕੀਤੀ ਤੇ ਕਿਹਾ, 'ਇਸ ਦਾ ਨਾਮ ਜੰਗ ਬਹਾਦਰ ਸਿੰਘ ਰਖਿਓ।' ਕੁਦਰਤੀ ਜਿਸ ਦਿਨ ਇੰਦਰਾ ਨੂੰ ਗੋਲੀ ਨਾਲ ਮਾਰਿਆ। ਉਸ ਦਿਨ ਕਾਕੇ ਦਾ ਜਨਮ ਹੋਇਆ। ਤਾਂ ਸਾਨੂੰ ਯਾਦ ਆਇਆ ਕਿ ਇਸ ਦਾ ਨਾਂ ਜੰਗ ਬਹਾਦਰ ਦੱਸਿਆ ਸੀ। ਅਸੀਂ ਉਹੋ ਹੀ ਨਾਮ ਰੱਖਿਆ। ਮੇਰੀ ਭੈਣ ਵੱਡੀ ਮਹਿੰਦਰ ਕੌਰ ਪਠਾਨਕੋਟ ਰਹਿੰਦੀ ਹੈ

ਉਨ੍ਹਾਂ ਨੇ ਵੀ ਅਰਜ਼ ਕੀਤੀ ਕਿ ਸਾਡੇ ਘਰ ਜੋੜੀ ਪੁੱਤਰਾਂ ਦੀ ਹੋਵੇ। ਅੱਗੇ ਇੱਕ ਪੁੱਤਰ ਸੀ ਤਾਂ ਸੰਤਾਂ ਨੇ ਕਿਹਾ ਸਤਿਗੁਰੂ ਜਗਜੀਤ ਸਿੰਘ ਦੇ ਘਰ ਕਿਹੜੀ ਚੀਜ਼ ਦਾ ਘਾਟਾ ਹੈ ਤੁਸੀਂ ਕਾਕੇ ਦਾ ਨਾਮ ਸੁਖਦੇਵ ਸਿੰਘ ਰੱਖਣਾ। ਸਾਲ ਬਾਅਦ ਲੜਕਾ ਹੋ ਗਿਆ। ਉਨ੍ਹਾਂ ਨੇ ਵੀ ਲੜਕੇ ਦਾ ਨਾਮ ਸੁਖਦੇਵ ਸਿੰਘ ਰੱਖਿਆ ਹੋਇਆ ਹੈ।

**ਰਾਬਿੰਦਰ ਕੌਰ** (ਮੰਡੀ)

* * *

ਪ੍ਰੀਤਮ ਕੌਰ ਸੋਧਣ ਦਿੱਲੀ ਵਾਲੀ ਨੇ ਅਰਜ਼ ਕੀਤੀ ਸੰਤ ਜੀ ਮੇਰੇ ਇੱਕੋ ਹੀ ਲੜਕਾ ਹੈ। ਸੰਤਾਂ ਕਿਹਾ ਹੋ ਜਾਵੇਗਾ, ਪਰ ਉਸਦਾ ਨਾਮ ਗੁਰਮੇਜ ਸਿੰਘ ਰੱਖਣਾ। ਜਦੋਂ ਲੜਕਾ ਹੋਇਆ ਤਾਂ ਨਾਮ ਹੋਰ ਰੱਖ ਦਿੱਤਾ। ਲੜਕਾ ਬਿਮਾਰ ਹੋ ਗਿਆ। ਹਸਪਤਾਲਾਂ ਵਿਚ ਫਿਰਦੇ ਰਹੇ ਪਰ ਕੋਈ ਫ਼ਰਕ ਨਾ ਪਿਆ। ਉਸਨੇ ਸੰਤਾਂ ਕੋਲ ਅਰਜ਼ ਕੀਤੀ ਕਿ ਲੜਕਾ ਬਚਿਆ ਰਹੇ ਜੋੜੀ ਕਾਇਮ ਰਹੇ । ਸੰਤਾਂ ਕਿਹਾ ਉਹੋ ਨਾਮ ਰੱਖੋ ਤਾਂ ਲੜਕਾ ਬਚੇਗਾ। ਫਿਰ ਉਹੀ ਨਾਮ ਰੱਖਿਆ। ਪਰ ਲੜਕਾ ਕਮਜ਼ੋਰ ਕਰਕੇ ਪੀਲਾ ਹੋਈ ਜਾਂਦਾ ਸੀ। ਤਾਂ ਸੰਤਾਂ ਕਿਹਾ 'ਸਤਿਗੁਰੂ ਜਗਜੀਤ ਸਿੰਘ ਜੀ ਦੇ ਅੱਗੇ ਅਰਜ਼ ਕਰੋ, ਬੱਚੇ ਦੀ ਕਮਜ਼ੋਰੀ ਠੀਕ ਹੋ ਜਾਵੇਗੀ। ਹੁਣ ਸੱਚੇ ਪਾਤਸ਼ਾਹ ਦੀ ਕਿਰਪਾ ਨਾਲ ਜੋੜੀ ਕਾਇਮ ਹੈ।

**ਪ੍ਰੀਤਮ ਕੌਰ**, ਦਿੱਲੀ

* * *

ਅਸੀਂ ਕੱਟੜ ਅਕਾਲੀ ਬੱਬਰ ਸਾਂ। ਇੱਕ ਨਾਮਧਾਰੀ ਸਿੰਘ ਇਕ ਦਿਨ ਆਇਆ। ਅਸੀਂ ਉਸ ਨੂੰ ਜਲ ਪਾਣੀ ਵਾਸਤੇ ਆਖਿਆ। ਉਸ ਨੇ ਕਿਹਾ ਕਿ ਪਹਿਲਾਂ ਤੁਸੀਂ ਭਜਨ ਲਉ ਤਾਂ ਮੈਂ ਜਲ ਪਾਣੀ ਛੱਕਾਂਗਾ। ਸਾਡੇ ਪਿਤਾ ਨੇ ਕਿਹਾ ਕਿ ਤੁਸੀਂ ਭਜਨ ਦੇ ਦਿਉ, ਪਰ ਜਲ ਪਾਣੀ ਜ਼ਰੂਰ ਛੱਕੋ। ਸਾਡੇ ਸ਼ਾਹੂਕਾਰਾ ਹੁੰਦਾ ਸੀ। ਲੋਕ ਸਾਡੇ ਪਿਤਾ ਕੋਲ ਜੇਵਰ ਰੱਖ ਜਾਂਦੇ ਤੇ ਪੈਸੇ ਲੈ ਜਾਂਦੇ। ਜਦੋਂ ਅਸੀਂ ਨਾਮਧਾਰੀ ਬਣੇ ਤਾਂ ਜਥੇਦਾਰ ਸਾਡੇ ਘਰ ਆਉਣ ਲੱਗੇ। ਸਾਡੇ ਪਿਤਾ ਦੀ ਖ਼ੂਬ ਕਰਦੇ। ਇੱਕ ਦਿਨ ਇਕ ਜਥੇਦਾਰ ਆਇਆ, ਉਦੋਂ ਮੇਰੀ ਉਮਰ ਅੱਠ-ਨੌ ਸਾਲ ਦੀ ਸੀ। ਸਾਡਾ ਪਿੰਡ ਬੜਾ ਸਰਿਹਾਲਾ, ਮਾਲਪੁਰ ਦੇ ਨੇੜੇ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਸੀ। ਜਥੇਦਾਰ ਨੇ ਮੈਨੂੰ ਕਿਹਾ ਕਿ ਮੈਂ ਨਵੇਂ ਜੇਵਰ ਬਣਾ ਲੈਂਦਾ ਹਾਂ। ਮੈਨੂੰ ਕੁਝ ਵੀ ਪਤਾ ਨਹੀਂ ਸੀ। ਅੰਞਾਣੀ ਬੁੱਧ ਸੀ। ਮੈਂ ਇਕ ਸੋਨੇ ਦੀ ਚੂੜੀ ਕੱਢ ਕੇ ਲੈ ਆਇਆ। ਉਸਨੇ ਇਕ ਮੁਲੀਮੇ ਦੀ ਚੂੜੀ ਮੈਨੂੰ ਦੇ ਦਿੱਤੀ। ਮੈਂ ਉਸ ਚੂੜੀ ਦੇ ਨਾਲ ਹੀ ਰੱਖ ਦਿੱਤਾ। ਜਦੋਂ ਚੂੜੀਆਂ ਵਾਲਾ ਆਇਆ, ਉਸ ਨੇ ਪੈਸੇ ਮੇਰੇ ਪਿਤਾ ਨੂੰ ਦੇ ਦਿੱਤਾ। ਜਦੋਂ ਚੂੜੀਆਂ ਵਾਲਾ ਆਇਆ, ਉਸ ਨੇ ਪੈਸੇ ਮੇਰੇ ਪਿਤਾ ਨੂੰ ਦੇ ਦਿੱਤੇ ਪਰ ਜਦ ਚੂੜੀਆਂ ਦੇਖੀਆਂ ਤਾਂ ਉਸਨੇ ਕਿਹਾ ਕਿ 'ਆਹ ਚੂੜੀ ਮੇਰੀ ਨਹੀਂ ਹੈ। ਮੇਰੇ ਪਿਤਾ ਜੀ ਨੂੰ ਇਸ

ਬਾਰੇ ਕੋਈ ਪਤਾ ਨਹੀਂ ਸੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਉਸਦੀਆਂ ਚੂੜੀਆਂ ਇਵੇਂ ਹੀ ਰੱਖੀਆਂ ਸਨ। ਕਿਉਂਕਿ ਮੇਰੇ ਪਿਤਾ ਜੀ ਸੱਚੇ ਸਨ। ਕਸੂਰ ਤਾਂ ਮੇਰਾ ਸੀ। ਉਹ ਮੇਰੇ ਪਿਤਾ ਦਾ ਬਚਨ ਮੇਰੇ ਤੇ ਵਰ ਗਿਆ। ਮੇਰੇ ਵਿਆਹ ਜਥੇਦਾਰ ਹਰਬੰਸ ਸਿੰਘ ਦੀ ਭੈਣ ਨਾਲ ਹੋ ਗਿਆ। ਮੇਰੇ ਇਕ ਲੜਕੀ ਹੋਈ। ਪਰ ਜਿਹੜਾ ਲੜਕਾ ਹੋਵੇ ਉਹ ਗੁਜ਼ਰ ਜਾਵੇ।

ਇਕ ਦਿਨ ਮੁਠੱਡੀ ਮੇਲਾ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਮੁਠੱਡੀ ਦਰਸ਼ਨ ਦਿੱਤੇ ਤਾਂ ਮੇਰੇ ਪਿਤਾ ਐਰੋਪਲੇਨ ਨੂੰ ਕਹਿਣ ਲੱਗਾ ਕਿ ਮਹਿੰਦਰ ਸਿੰਘ ਦਾ ਵਿਆਹ ਹੋਰ ਕਰੀਏ। ਤਾਂ ਸੰਤਾਂ ਨੂੰ ਇਸ ਗੱਲ ਦਾ ਪਤਾ ਸੀ। ਸੰਤ ਕਹਿਣ ਲੱਗੇ ਸੰਤ ਜੀ (ਮੇਰੇ ਪਿਤਾ) ਤੁਸੀਂ ਆਪ ਹੀ ਸਰਾਫ ਦੇਣ ਵਾਲੇ ਹੋ। ਹੁਣ ਸਤਿਗੁਰੂ ਜੀ ਕੋਲ ਚੱਲੀਏ। ਪਰ ਸੱਚੇ ਪਾਤਸ਼ਾਹ ਤਾਂ ਹੁਣ ਲੁਧਿਆਣੇ ਚਲੇ ਗਏ। ਤਾਂ ਸੱਚੇ ਪਾਤਸ਼ਾਹ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਮਧਾਰੀ ਧਰਮਸ਼ਾਲਾ ਦੇ ਬਾਹਰ ਧੁੱਪੇ ਬੈਠੇ ਸਨ। ਸੰਤਾਂ ਕਿਹਾ 'ਸੱਚੇ ਪਾਤਸ਼ਾਹ ਜੀ ਕੋਲ ਅਰਜ਼ ਕਰੋ। ਮੇਰਾ ਪਿਤਾ ਵੈਰਾਗੀ ਹੋ ਕੇ ਸਤਿਗੁਰੂ ਦੇ ਚਰਨੀਂ ਜਾ ਡਿੱਗਿਆ। ਸਤਿਗੁਰਾਂ ਨੂੰ ਕਿਹਾ ਕਿ ਝੰਡਾ ਗੱਡ ਦਿਓ। ਸਤਿਗੁਰਾਂ ਕਿਹਾ ਕਿ ਆਪੇ ਪੱਟਿਆ ਹੈ ਆਪੇ ਲਾ ਲੈ। ਮੇਰੇ ਪਿਤਾ ਜਲ ਨੇ ਕਿਹਾ, 'ਮੇਰੀ ਕੋਈ ਵਾਹ ਨਹੀਂ ਆਪ ਹੀ ਲਾ ਸਕਦੇ ਹੋ। ਸਤਿਗੁਰਾਂ ਮਸਤਾਨੇ ਨੂੰ ਕਿਹਾ, 'ਇਸ ਬੀਬੀ ਦਾ ਇਲਾਜ ਕਰੋ। ਸਤਿਗੁਰੂ ਦੀਆਂ ਖ਼ੁਸ਼ੀਆਂ ਲੈ ਕੇ ਆ ਗਏ। ਫਿਰ ਅਸੀਂ ਮੰਡੀ ਗਏ। ਮੇਰੇ ਪਿਤਾ ਜੀ ਕਹਿਣ ਲੱਗੇ ਮੇਰਾ ਸਰੀਰ ਹੁਣ ਨਹੀਂ ਰਹਿਣਾ। ਪਰ ਐਰੋਪਲੇਨ ਦਾ ਲੜ ਨਾ ਛੱਡੀਂ। ਤਾਂ ਸੰਤਾਂ ਨੇ ਇਲਾਜ ਸ਼ੁਰੂ ਕਰ ਦਿੱਤਾ। ਮੈਂ ਸੰਤਾਂ ਨੂੰ ਕਿਹਾ 'ਸੰਤ ਜੀ ਇਕ ਤਾਂ ਮੇਰਾ ਮਕਾਨ ਬਣਾ ਦਿਉ। ਦੂਸਰਾ ਸਾਡੇ ਘਰ ਲੜਕਾ ਹੋਵੇ। ਸੰਤਾਂ ਕਿਹਾ, 'ਚੰਗਾ।' ਸੰਤਾਂ ਮੈਨੂੰ ਕਿਹਾ ਕਿ ਫਗਵਾੜੇ ਮਾਡਲ ਟਾਊਨ ਦੇ ਵਿਚ ਜਾ ਕੇ ਮਕਾਨ ਲੈ ਲੈ। ਮੈਂ ਕਿਹਾ, ਸੰਤ ਜੀ ਇਹ ਮਕਾਨ ਤਾਂ ਪਾਕਿਸਤਾਨੀਆਂ ਨੂੰ ਹੀ ਮਿਲ ਸਕਦੇ ਹਨ। ਸੰਤਾਂ ਮੈਨੂੰ ਕਿਹਾ 'ਜਿਹੜੀ ਮਾਡਲ ਟਾਊਨ ਦੀ ਕਮੇਟੀ ਬਣੀ ਹੈ, ਉਸਨੂੰ ਜਾਕੇ ਕਹਿ ਕੇ ਸੰਤਾਂ ਨੂੰ ਇਕ ਪਲਾਟ ਦੇ ਦਿਉ। ਉਹ ਕਮੇਟੀ ਕਹਿਣ ਲੱਗੀ 'ਸੰਤਾਂ ਲਈ ਜਿੰਨੇ ਮਰਜ਼ੀ ਪਲਾਟ ਲੈ ਲਓ। ਤਾਂ ਸੰਤਾਂ ਨੇ ਪੰਜ ਸਾਲ ਵਿਚ ਕਿਸ਼ਤਾਂ ਦੇਣੀਆਂ ਕਰਕੇ ਪਲਾਟ ਲੈ ਲਿਆ। ਸੰਤਾਂ ਨੇ ਪਲਾਟ ਵਿਚ ਸਭ ਤੋਂ ਪਹਿਲਾਂ ਖੂਹੀ ਲਾਈ, ਇਕ ਰਸੋਈ ਤੇ ਕਮਰਾ ਬਣਾਉਣਾ ਸ਼ੁਰੂ ਕਰ ਦਿੱਤਾ। ਮਸਤਾਨਾ ਜੀ ਨੇ ਮੈਨੂੰ ਕਿਹਾ ਕਿ ਸਤਿਗੁਰੂ ਜੀ ਦੀ ਕਿਰਪਾ ਨਾਲ ਤੇਰੇ ਬੱਚਾ ਵੀ ਹੋਵੇਗਾ। ਫੇਰ ਸੰਤ ਮੇਰੇ ਸਹੁਰਿਆਂ ਦੇ ਘਰੋਂ ਕੋਈ ਚੀਜ਼ ਨਹੀਂ ਸੀ ਖਾਂਦੇ। ਤਾਂ ਮੈਨੂੰ ਸਵਰਨ ਸਿੰਘ ਸਨੇਹੀ ਦੇ ਬਾਪ ਨੇ ਸੰਤਾਂ ਵਾਸਤੇ ਗੁੜ੍ਹੇ ਦਿੱਤਾ। ਮੈਜ ਲਿਆਕੇ ਸੰਤਾਂ ਨੂੰ ਦਿੱਤਾ। ਸੰਤਾਂ ਪੁੱਛਿਆ ਕਿੱਥੋਂ ਲਿਆਂਾ ਹੈ? ਮੈਂ ਕਿਹਾ 'ਸ਼ਾਹਪੁਰੋਂ। ਸੰਤਾਂ ਕਿਹਾ 'ਮੈਂ ਨਹੀਂ ਖਾਣਾ।' ਮੈਂ ਕਿਹਾ ਜੀ ਸਨੇਹੀ ਦੇ ਬਾਪ ਨੇ ਭੇਜਿਆ ਹੈ ਕਿ ਤਾਂ ਸੰਤ ਗੁੜ ਖਾੜ ਲੱਗ ਪਏ। ਤਾਂ ਮੇਰੀ ਸਿੱਖਣੀ ਦੇ

ਬੱਚਾ ਵੀ ਹੋ ਗਿਆ। ਪਰ ਮੇਰੀ ਪਤਨੀ ਸੰਤਾਂ ਨਾਲ ਗ਼ੁੱਸੇ ਹੋ ਗਈ ਕਿ ਮੇਰੇ ਪੇਕਿਆਂ ਨਾਲ ਵੈਰ ਕਰਦਾ ਹੈ, ਕਿਹੋ ਜਿਹਾ ਸਾਧ ਹੈ? ਸੰਤ ਵੀ ਗ਼ੁੱਸੇ ਹੋ ਗਏ ਤੇ ਤਿੰਨ ਸਾਲ ਫਗਵਾੜੇ ਨਹੀਂ ਆਏ। ਫਿਰ ਉਹੀ ਬਿਮਾਰੀ ਮੇਰੀ ਸਿੰਘਣੀ ਨੂੰ ਲੱਗ ਗਈ। ਉਸੇ ਤਰ੍ਹਾਂ ਹੀ ਬੱਚੇ ਮਬਨ ਲੱਗੇ। ਫਿਰ ਇਕ ਦਿਨ ਡਰਾਈਵਰ ਨੇ ਮੈਨੂੰ ਆਕੇ ਦੱਸਿਆ ਕਿ ਸੰਤ ਗੱਡੀ ਵਿੱਚੋਂ ਉਤਰ ਕੇ ਸਟੇਸ਼ਨ ਗਏ ਹਨ। ਮੈਜ ਮਗਰ ਹੀ ਚਲਾ ਗਿਆ। ਸੰਤ ਗੱਡੀ ਚੜਨ ਹੀ ਲੱਗੇ ਸਨ ਕਿ ਮੈਂ ਪਿੱਛੋਂ ਦੀ ਜਾ ਜੱਫਾ ਮਾਰਿਆ। ਸੰਤਾਂ ਨੇ ਪੁੱਛਿਆ, 'ਤੂੰ ਕੋਣ ਹੈ?' ਤਾਂ ਮੇਰਾ ਬੋਲ ਨਾ ਨਿਕਲੇ ਤਾਂ ਗਾਰਡ ਨੇ ਕਿਹਾ ਸੰਤ ਜੀ ਗੱਡੀ ਨਾ ਚੜ੍ਹੋ ਘਰ ਨੂੰ ਚੱਲੋ। ਤਾਂ ਸੰਤਾਂ ਕਿਹਾ ਕਿ ਮੈਂ ਲੁਧਿਆਣੇ ਤੋਂ ਹੋ ਆਵਾਂ ਫਿਰ ਮੈਂ ਦਾਕਾਨ ਤੇ ਆਵਾਂਗਾਂ। ਫਿਰ ਸਤਿਗੁਰੂ ਜੀ ਦੀ ਕਿਰਪਾ ਨਾਲ ਮੇਰੇ ਘਰ ਲੜਕਾ ਹੋਇਆ। ਹੁਣ ਮੇਰੇ ਦੋ ਲੜਕੇ ਤੇ ਇਕ ਲੜਕੀ ਹੈ।

**ਮਹਿੰਦਰ ਸਿੱਘ ਸਪੁੱਤਰ ਰਣ ਸਿੰਘ**
118-ਸੀ, ਮਾਡਲ ਟਾਊਨ,
ਫਗਵਾੜਾ।

ਮੇਰੀ ਲੜਕੀ ਟੋਏ ਵਿਚ ਡੁੱਬ ਕੇ ਮਰ ਗਈ। ਬੜੀ ਚਿੰਤਾ ਲੱਗੀ। ਇਹ ਗੱਲ ਮੈਂ ਮਸਤਾਨੀ ਸਵਰਨ ਕੌਰ ਨੂੰ ਕਹੀ ਤਾਂ ਮਸਤਾਨੀ ਨੇ ਕਿਹਾ 'ਜਦ ਮਸਤਾਨਾ ਔਰੋਪਲੇਨ ਆਵੇਗਾ ਤਾਂ ਅਰਜ਼ ਕਰਾਂਗੇ। ਕੁਝ ਸਮੇਂ ਬਾਅਦ ਮਸਤਾਨਾ ਆ ਗਿਆ। ਉਨ੍ਹਨ ਅੱਗੇ ਅਰਜ਼ ਕੀਤੀ ਤਾਂ ਮਸਤਾਨਾ ਜੀ ਨੇ ਕਿਹਾ ਕਿ ਚੂੜੀਵਾਲੀ ਸੁੱਥਣ ਪਾਉ। ਸੁਣੋ ਕੈਸੀ ਇਸ਼ਨਾਨ ਕਰੋ। ਸਤਿਗੁਰਾਂ ਦੇ ਚਰਨਾਂ ਵਿਚ ਅਰਦਾਸ ਕਰੋ। ਸਭ ਕਾਰਜ ਰਾਸ ਹੋ ਜਾਣਗੇ। ਕਿਰਪਾ ਹੋ ਗਈ। ਬਚਨ ਮੰਨਿਆ। ਅੱਜ ਪੰਜ ਲੜਕੇ ਤੇ ਚਾਰ ਲੜਕੀਆਂ ਹਨ।

**ਪੂਰਨ ਸਿੰਘ ਬਜੀਦਵਾਲਾ**

ਮੇਰੇ ਘਰ ਵਿਚ ਲੜਕੀ ਦਾ ਜਨਮ ਹੋਇਆ। ਪਰ ਉਹ ਰੋਈ ਜਾਵੇ । ਰੋਂਦਿਆਂ ਰੋਂਦਿਆਂ ਮੁਹੱਲਾ ਸਿਰ ਤੇ ਚੁੱਕ ਲਿਆ। ਸਭ ਹੈਰਾਨ ਕਿ ਬੱਚੀ ਰੋਈ ਜਾਂਦੀ ਹੈ। ਕਿਸੇ ਡਾਕਟਰ ਹਕੀਮ ਤੋਂ ਅਰਾਮ ਨਾ ਆ ਸਕਿਆ। ਕੁਝ ਸਮੇਂ ਬਾਅਦ ਐਰੋਪਲੇਨ ਨੇ ਆ ਦਰਸ਼ਨ ਦਿੱਤੇ। ਮਨ ਖਿੜ ਗਿਆ ਅਤੇ ਸਾਰੀ ਗੱਲ ਕਹਿ ਸੁਣਾਈ। ਸੰਤਾਂ ਨੇ ਸਤਿਗੁਰੂ ਦੇ ਚਰਨਾਂ ਵਿਚ ਅਰਦਾਸ ਕਰਕੇ ਬੱਚੀ ਦੇ ਮੂੰਹ ਉੱਤੇ ਥੱਪੜ ਮਾਰਿਆ। ਪਤਾ ਨਹੀਂ ਉਸ ਥੱਪੜ ਵਿਚ ਕੀ ਜਾਦੂ ਸੀ। ਬੱਚੀ ਇਕ ਦਮ ਚੁੱਪ ਹੋ ਗਈ। ਮੁਹੱਲੇ ਵਿਚ ਸ਼ਾਂਤੀ ਆਇ. ਸਭ ਪਾਸੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਜੈ ਜੈਕਾਰ ਹੋਈ।

**ਮਹਿੰਦਰ ਸਿੰਘ**, ਜਾਜਾਨਵਾਲ

ਇਕ ਦਿਨ ਮਸਤਾਨਾ ਜੀ ਪੂਲਸੀ ਆਏ। ਬਾਸ਼ਾਂ ਬੜੀਆਂ ਹੁੰਦੀਆਂ ਸਨ। ਮਸਤਾਨਾ ਜੀ ਨੂੰ ਬੇਨਤੀ ਕੀਤੀ, 'ਸੰਤ ਜੀ ਦੀਵਾਨ ਲਾਉ। ਮਾੜੀ ਮਾੜੀ ਫੂਕ ਪੈਂਦੀ ਸੀ। ਸੰਤਾਂ ਨੇ ਦੀਵਾਨ ਲਾ ਦਿੱਤਾ। ਇਕ ਚੁਬਾਰੇ ਵਿੱਚੋਂ ਬੰਦਾ ਬੋਲਿਆ ਕਿ ਤੁਹਾਡਾ ਕਥ ਨਾ ਰਹਿਣਾ, ਕਿਉਂਕਿ ਕੋਠੇ ਗਲੇ ਪਏ ਆ। ਦੀਵਾਨ ਲੱਗਾ ਸੀ, ਸੰਤਾਂ ਨੂੰ ਮਸਤੀ ਚੜ੍ਹੀ ਹੋਈ ਸੀ। ਮੋਹਣ ਸਿੰਘ ਨੇ ਕਿਹਾ 'ਸੰਤ ਜੀ ਚੁਬਾਰੇ ਵਾਲੇ ਦੀ ਵੀ ਗੱਲ ਸੁਣ ਲਵੋ। ਸੰਤਾਂ ਨੇ ਚੁਬਾਰੇ ਵਾਲੇ ਨੂੰ ਪੁੱਛਿਆ ਕਿ ਭਾਈ ਤੂੰ ਕਹਿੰਦਾ ਹੈ? ਉਹ ਬੋਲੋ 'ਕੋਠੇ ਡਿੱਗ ਪੈਣੇ ਆਂ, ਛਾਲਾਂ ਮਾਰਦੇ ਫਿਰਦੇ ਆਂ। ਸੰਤਾਂ ਨੇ ਕਿਹਾ, 'ਭਾਈ ਇੱਥੇ ਸਾਧ ਸੰਗਤ ਬੈਠੀ ਹੈ। ਇਹ ਕੋਠਾ ਅੱਜ ਨਹੀਂ ਡਿੱਗਦਾ ਤੇ ਪਰਸੋਂ ਨੂੰ ਜ਼ਰੂਰ ਡਿੱਗ ਪਏਗਾ। ਸਵੇ ਰ ਨੂੰ ਜਦ ਸੰਤ ਤੁਰਨ ਲੱਗੇ ਤਾਂ ਅਸੀਂ ਸਾਰਿਆਂ ਨੇ ਕਿਹਾ 'ਸੰਤ ਜੀ ਪਰਸੋਂ ਤਕ ਇੱਥੇ ਰਹੋ। ਸੰਤਾਂ ਨੇ ਕਿਹਾ 'ਭਾਈ ਉਸ ਵੇਲੇ ਰਸਨਾ ਉੱਤੇ ਸਤਿਗੁਰੂ ਵਸਦੇ ਸੀ। ਸਤਿਗੁਰਾਂ ਨੇ ਜੋ ਹੁਕਮ ਲਾਇਆ ਉਹ ਠੀਕ ਹੋਵੇਗਾ। ਕੋਠੇ ਪਰਸੋਂ ਨੂੰ ਜ਼ਰੂਰ ਡਿੱਗ ਪੈਣਗੇ।' ਮੋਹਣ ਸਿੰਘ ਕਹਿਣ ਲੱਗਾ ਜੋ ਕੋਠੇ ਨਾ ਡਿੱਗੇ ਤਾਂ ਇਹ ਲੋਕ ਸਾਨੂੰ ਮਸ਼ਕਰੀਆਂ ਕਰਨਗੇ ਸੰਤ ਅਰਜ਼ ਮੰਨ ਕੇ ਰਹਿ ਪਏ। ਜਦੋਂ ਪਰਸੋਂ ਆਈ ਤਾਂ ਸੰਤਾਂ ਧੁੱਪ ਬੈਠੇ ਸੀ। ਤਾਂ ਸੰਤਾਂ ਨੇ ਕਿਹਾ, 'ਭਾਈ ਬੱਚਿਆਂ ਨੂੰ ਕੱਢ ਲਵੋ। ਕੋਠੇ ਡਿੱਗਣ ਲੱਗੇ ਆ। ਅਸੀਂ ਬੱਚੇ ਬਾਹਰ ਕੱਢ ਲਏ ਤੇ ਕੋਠੇ ਡਿੱਗ ਪਏ।

**ਪ੍ਰੀਤਮ ਕੌਰ ਸੁਪਤਨੀ ਸ਼ਿਵ ਸਿੰਘ**

* * *

ਮੈਂ ਇੱਕ ਦਿਨ ਨਲਕੇ ਤੇ ਨਹਾਉਣ ਗਈ। ਉਸ ਵੇਲੇ ਨਾਮਧਾਰੀ ਕਲੋਨੀ ਵਸੀ ਨਹੀਂ ਸੀ। ਉਹ ਸ਼ਮਸ਼ਾਨ ਭੂਮੀ ਦੀ ਜਗ੍ਹਾ ਨਾਮਧਾਰੀ ਕਲੋਨੀ ਬਣੀ ਸੀ। ਉੱਥੋਂ ਮੈਨੂੰ ਕੋਈ ਚੀਜ਼ ਚੰਬੜ ਗਈ। ਇਕ ਬਰਾਹਮਣ ਮੈਨੂੰ ਫਾਂਡਾ ਕਰੇ ਪਰ ਕੋਈ ਪੇਸ਼ ਨਾ ਜਾਵੇ। ਇਕ ਦਿਨ ਮੈਨੂੰ ਧਾਗਾ ਦੇ ਗਿਆ ਕਿ ਗੱਲ ਵਿਚ ਪਾ ਲੈ। ਮੈਂ ਧਾਗਾ ਗੱਲ ਵਿਚ ਪਾ ਕੇ ਠੀਕ ਨਾ ਹੋਈ। ਸਰਾਵਾਂ ਵਾਲੀ ਵਿਦਿਆ ਦਾ ਪੁੱਤਰ ਹਰਿੰਦਰ ਸਿੰਘ ਉੱਥੇ ਕਿਰਾਏ ਤੇ ਰਹਿੰਦਾ ਸੀ। ਮੇਰੇ ਪਤੀ ਉਸ ਕੋਲ ਗਏ। ਉਸਨੂੰ ਸਾਰੀ ਗੱਲ ਦੱਸੀ। ਉਹ ਸੁਣਕੇ ਕਹਿਣ ਲੱਗਾ ਸੰਤ ਆਉਣਗੇ ਤਾਂ ਮੈਂ ਉਨ੍ਹਾਂ ਨੂੰ ਦੱਸਾਂਗਾ। ਕੁਦਰਤੀ ਇਕ ਦਿਨ ਸੰਤ ਆ ਗਏ । ਉਸਨੇ ਸਾਨੂੰ ਦੱਸਿਆ ਕਿ ਸੰਤ ਆਏ ਹਨ। ਮੈਂ ਅਤੇ ਮੇਰੇ ਪਤੀ ਉਸਦੇ ਘਰ ਸੰਤਾਂ ਕੋਲ ਗਏ। ਸੰਤਾਂ ਨੂੰ ਮੱਥਾ ਟੇਕਿਆ ਅਤੇ ਸਾਨੂੰ ਉਨ੍ਹਾਂ ਭਜਨ ਦੇ ਦਿੱਤਾ। ਸੰਤਾਂ ਕਿਹਾ ਸੁਣੋ ਕੇਸੀ ਇਸ਼ਨਾਨ ਕਰਿਆ ਕਰੋ, ਸੱਚੇ ਪਾਤਸ਼ਾਹ ਭਲਾ ਕਰਨਗੇ।' ਉਨ੍ਹਾਂ ਹਵਨ ਵੀ ਕਰ ਦਿੱਤਾ। ਮੇਰੇ ਪਾਸ ਕੋਈ ਚੀਜ਼ ਨਾ ਰਹੀ। ਇਕ ਦਿਨ ਪੰਡਿਤ ਆ ਗਿਆ ਪੁੱਛਣ ਲੱਗਾ ਕਿ ਧਾਗਾ ਕਿੱਥੇ ਹੈ। ਮੈਂ ਕਿਹਾ 'ਪੰਡਿਤ ਜੀ ਮੈਂ ਧਾਗੇ ਨਹੀਂ ਪਾਉਣੇ। ਪੰਡਿਤ ਜੀ ਅਸੀਂ ਹੁਣ ਗੁਰੂ ਵਾਲੇ ਹੁੰਦੇ ਹਾਂ। ਤੂੰ ਇੱਥੇ ਨਾ ਆਇਆ ਕਰ।' ਇਕ ਦਿਨ ਮੈਂ ਸੰਤਾਂ ਨੂੰ ਕਿਹਾ 'ਸੰਤ

ਜੀ ਤੁਹਾਡੇ ਕੋਲੋਂ ਸਾਰੇ ਪ੍ਰਸ਼ਾਦ ਮੰਗਦੇ ਰਹਿੰਦੇ ਹਨ। ਤੁਹਾਡਾ ਸਰੀਬ ਬਿਰਧ ਹੈ। ਤੁਸੀਂ ਸੋਧ ਭੈਣੀ ਸਾਹਿਬ ਛੱਡ ਆਇਆ ਕਰੋ। ਅਸੀਂ ਤੁਹਾਡੀਆਂ ਬੱਚੀਆਂ ਹਾਂ। ਅਸੀਂ ਤੁਹਾਡੀ ਸੇਵਾ ਕਰਿਆ ਕਰਾਂਗੀਆਂ।' ਸੰਤਾਂ ਕਿਹਾ 'ਚੰਗਾ ਬੀਬੀ।' ਆਪ ਸੰਤ ਤਿਲਕ ਨਗਰ ਨੂੰ ਚਲੇ ਗਏ। ਉੱਥੇ ਕੁਟੀਆ ਸਾਰਾ ਦਿਨ ਬਣਾਉਂਦੇ ਰਹੇ। ਸ਼ਾਮ ਨੂੰ ਘਰ ਆਏ। ਮੈਂ ਪੁੱਛਿਆ 'ਸੰਤ ਬੋਲੇ 'ਬੀਬੀ ਮੈਂ ਚੇਤ ਦੇ ਮਹੀਨੇ ਛਿਲਾ ਕਰਦਾ ਹੁੰਦਾ ਹਾਂ। ਇਸ ਲਈ ਮੈਂ ਕੁਟੀਆ ਬਣਾਕੇ ਆਇਆ ਹਾਂ। ਮੇਰੇ ਪਤੀ ਨੇ ਪੁੱਛਿਆ 'ਤੁਹਾਨੂੰ ਜਲ ਕੌਣ ਦੇਵੇਗਾ? ਸੰਤਾਂ ਕਿਹਾ 'ਕੋਈ ਸੋਧੀ ਆ ਜਾਵੇਗਾ, ਜਲ ਪਾਣੀ ਦੇਣ ਲਈ। ਤਾਂ ਅਸੀਂ ਅਰਜ਼ ਕੀਤੀ ਕਿ ਸਾਡਾ ਭਲਾ ਕਿਦਾਂ ਹੋਵੇਗਾ। ਸਾਡੇ ਘਰ ਤਾਂ ਤੁਸੀਂ ਅੰਨ ਵੀ ਨਹੀਂ ਬਣਾਉਣਾ। ਸੰਤਾਂ ਕਿਹਾ 'ਸੋਧ ਰਖੋ' ਸੰਤਾਂ ਨੇ ਐਤਵਾਰ ਨੂੰ ਮਿਲੇ ਤੇ ਬੈਠਣਾ ਸੀ। ਸ਼ਨੀਵਾਰ ਅਸੀਂ ਸੋਧ ਰੱਖ ਲਈ। ਫਿਰ ਸੁਦਰਸ਼ਨ ਸਿੰਘ ਅਤੇ ਉਸ ਦੇ ਘਰੋਂ ਸੁਰਜੀਤ ਕੌਰ ਮਸਤਾਨੀ ਦਾ ਲੜਕਾ ਅਤੇ ਉਸ ਦੀ ਸਿੰਘਣੀ ਤੇ ਅਸੀਂ ਸੰਤਾਂ ਜਲ ਪਾਣੀ ਪਚਾਉਂਦੇ ਰਹੇ। ਇਸ ਦਿਨ ਸੱਚੇ ਪਾਤਸ਼ਾਹ ਆਏ। ਸੰਤਾਂ ਅਰਜ਼ ਕੀਤੀ ਕਿ ਕਟੁਆ ਵਿਚ ਚਰਨ ਪਾਉ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਨੇ ਕੁਟੀਆ ਵਿਚ ਚਰਨ ਪਾਏ। ਅਸੀਂ ਉਦੋਂ ਤੋਂ ਸੋਧ ਰੱਖਦੇ ਹਾਂ।

**ਪ੍ਰੀਤਮ ਕੌਰ ਸੁਪਤਨੀ ਬਲਵੰਤ ਸਿੰਘ,**
ਰਮੇਸ਼ ਨਗਰ, ਦਿੱਲੀ।

* * *

ਜਦੋਂ ਸਾਡਾ ਪਨਵਾ ਤੋਂ ਤਬਾਦਲਾ ਹੋਇਆ ਤਾਂ ਜਲੰਧਰ ਆਏ। ਜਲੰਧਰ ਬੇਸ਼ੁਮਾਰ ਥਾਂ ਸਨ ਮੁਸਲਮਾਨਾਂ ਦੇ। ਉੱਥੇ ਸਾਡੀ ਰਹਾਇਸ਼ ਹੋ ਗਈ। ਉੱਥੇ ਇਕ ਮੁਸਲਮਾਨ ਦੀ ਕਬਰ ਸੀ। ਉੱਥੇ ਮੇਰੀ ਸਿੰਘਣੀ ਜਲ ਵਰਤਣ ਗਈ ਤਾਂ ਇਕ ਮੁਸਲਮਾਨ ਚੰਬੜ ਗਿਆ। ਬੜੇ ਜਤਨ ਕੀਤੇ, ਪੇਸ਼ ਨਾ ਗਏ.। ਸਾਨੂੰ ਫਿਰ ਨਵੀਂ ਦਿੱਲੀ ਨਾਮਧਾਰੀ ਕਲੋਨੀ ਵਿਚ ਕੁਆਟਰ ਮਿਲ ਗਿਆ, ਅਸੀਂ ਉੱਥੇ ਚਲੇ ਗਏ। ਉੱਥੇ ਜਾਕੇ ਬੜੇ ਜਤਨ ਕੀਤੇ। ਮੇਰੀ ਸਿੱਖਣੀ ਰੌਲਾ ਪਾਉਂਦੀ ਸੀ, ਕੋਈ ਮੁਸਲਮਾਨ ਮੇਰੇ ਕੱਪੜੇ ਲਾਹ ਰਿਹਾ ਹੈ। ਰੱਲਾ ਪੈਂਦਾ ਸੀ ਤਾਂ ਬਲਬੰਤ ਸਿੰਘ ਉੱਥੇ ਰੁਕ ਗਿਆ। ਮੈਨੂੰ ਮਿਲਿਆ। ਮੈਂ ਕਿਹਾ ਇਸ ਨੂੰ 20 ਸਾਲ ਤੋਂ ਇਕ ਮੁਸਲਮਾਨ ਚੰਬੜ ਗਿਆ ਹੈ। ਬਲਵੰਤ ਸਿੰਘ ਨੇ ਦੱਸਿਆ ਕਿ ਜਦੋਂ ਸੰਤ ਆਏ ਤਾਂ ਉਹ ਉਨ੍ਹਾਂ ਨਾਲ ਗੱਲ ਕਰੇਗਾ। ਜਦੋਂ ਸੰਤ ਉਨ੍ਹਾਂ ਦੇ ਘਰ ਆਏ ਤਾਂ ਬਲਵੰਤ ਸਿੰਘ ਨੇ ਸਾਨੂੰ ਦੱਸਿਆ। ਅਸੀਂ ਉਨ੍ਹਾਂ ਦੇ ਘਰ ਸੰਤਾਂ ਕੋਲ ਗਏ, ਅਰਜ਼ ਕੀਤੀ। ਸੰਤਾਂ ਕਿਹਾ 'ਸੱਚੇ ਪਾਤਸ਼ਾਹ ਭਲਾ ਕਰਨਗੇ ।' ਇਕ ਦਿਨ ਸੰਤ ਗੁਰਦੁਆਰੇ ਤੋਂ ਬਲਵੰਤ ਸਿੰਘ ਨਾਲ ਘਰ ਆਏ। ਉਸ ਦਿਨ ਵੀ ਮੇਰੀ ਪਤਨੀ ਰੌਲਾ ਪਾ ਰਹੀ ਸੀ ਕਿ ਮੁਸਲਮਾਨ ਉਸਦੇ ਕੱਪੜੇ ਉਤਾਰ ਰਿਹਾ ਹੈ। ਸੰਤਾਂ ਨੇ ਧੰਨ ਸਤਿਗੁਰੂ ਪ੍ਰਤਾਪ ਸਿੰਘ ਜੀ ਕਹਿ ਕੇ ਬੀਬੀ ਦੇ ਮੂੰਹ ਤੇ ਥੱਪੜ ਮਾਰਿਆ। ਬੀਬੀ ਦਸ ਤੂੰ ਕੌਣ ਹੈ? ਉਹ ਮੁਸਲਮਾਨ ਗਲੀ

ਵਿਚ ਖੜਾ ਸੀ। "ਬੀਬੀ ਹੁਣ ਤੇਰੇ ਕੱਲ੍ਹ ਨਹੀਂ ਆਉਂਦਾ।' ਇਹ ਕਹਿ ਸੰਤਾਂ ਨੇ ਮੇਰੀ ਪਤਨੀ ਨੂੰ ਭਜਨ ਦਿੱਤਾ। ਅਸੀਂ ਭਜਨ ਕਰਨ ਲੱਗੇ। ਸਣਕੇਸੀ ਇਸ਼ਨਾਨ ਕਰਦੇ। ਦੂਜੇ ਦਿਨ ਸੰਤਾਂ ਨੇ ਹਵਨ ਵੀ ਕਰਵਾ ਦਿੱਤਾ। ਸੱਚੇ ਪਾਤਸ਼ਾਹ ਜੀ ਦੀ ਕਿਰਪਾ ਨਾਲ ਕੋਈ ਤਕਲੀਫ਼ ਨਹੀਂ ਹੈ ਹੁਣ।

**ਨਰੈਣ ਸਿੰਘ**

* * *

ਇਕ ਦਿਨ ਸੰਤ ਸਾਡੇ ਘਰ ਆਏ। ਮੈਂ ਸੰਤਾਂ ਨੂੰ ਲੰਗਰ ਕਰਨ ਲਈ ਕਿਹਾ। ਸਾਬਤ ਮਸਰਾਂ ਦੀ ਦਾਲ ਚਾੜ ਦਿੱਤੀ। ਦਾਲ ਚਾਰ ਘੰਟੇ ਵਿਚ ਵੀ ਨਾ ਰਿੱਝੀ। ਮੈਂ ਸੰਤਾਂ ਨੂੰ ਕਿਸੇ ਦੇ ਘਰ ਲੈ ਗਈ, ਉਨ੍ਹਾਂ ਦੀ ਖੂਹੀ ਸੀ ਕਿਉਂਕਿ ਸਾਡੀ ਖੂਹੀ ਦਾ ਪਾਣੀ ਖਾਰਾ ਸੀ, ਤਾਂ ਮੈਂ ਸੰਤਾਂ ਨੂੰ ਉੱਥੇ ਲੈ ਗਈ। ਸੰਤਾਂ ਨੇ ਖੂਹੀ ਉੱਤੇ ਗੋਹਾ ਤੇ ਜੁੱਤੀਆਂ ਦੇਖੀਆਂ। ਸੰਤ ਕਹਿੰਦੇ ਬੀਬੀ ਇਸ ਨਰਕ ਵਿਚ ਲਿਆਈ ਏ। ਚੱਲ ਸੱਚੇ ਪਾਤਸ਼ਾਹ ਜੀ ਕੋਲ ਅਰਜ਼ ਕਰਦੇ ਹਾਂ। ਸੰਤਾਂ ਨੇ ਘਰ ਆਕੇ ਅਰਦਾਸ ਕੀਤੀ ਕਿ ਸੱਚੇ ਪਾਤਸ਼ਾਹ ਇਹ ਖੂਹੀ ਵਾਲਾ ਮਕਾਨ ਆਪ ਜੀ ਵਾਸਤੇ ਅਤੇ ਸਾਧ ਸੰਗਤ ਵਾਸਤੇ ਲਿਆ ਹੈ। ਕਿਰਪਾ ਕਰੋ, ਇਸ ਦਾ ਪਾਣੀ ਮਿੱਠਾ ਹੋਵੇ। ਸੰਤਾਂ ਇਕ ਗੜਵਾ ਕੱਢ ਕੇ ਰੋੜ ਦਿੱਤਾ ਅਤੇ ਦੂਜੇ ਕੱਢਕੇ ਦਾਲ ਰਿੱਝਣ ਲਈ ਰੱਖ ਦਿੱਤੀ। ਦਾਲ ਫਟਾਫਟ ਬਣ ਗਈ। ਪਾਣੀ ਵੀ ਮਿੱਠਾ ਹੋ ਗਿਆ।

ਇਕ ਦਿਨ ਸੰਤ ਸਾਡੇ ਘਰ ਆਏ। ਮੈਂ ਸੰਤਾਂ ਨੂੰ ਦੱਸਿਆ ਕਿ ਬੈਂਕ ਵਾਲ ਵੀ ਤੁਹਾਨੂੰ ਬਹੁਤ ਯਾਦ ਕਰਦੇ ਹਨ। ਸੰਤ ਉਸੇ ਵੇਲੇ ਮੇਰੇ ਨਾਲ ਚੱਲ ਪਏ। ਬੈਂਕ ਵਾਲੇ ਦੇ ਘਰ ਗਏ। ਸੇਵਾ ਸਿੰਘ ਬੈਂਕ ਵਾਲੇ ਨੇ ਸੰਤਾਂ ਨੂੰ ਮੱਥਾ ਟੇਕਿਆ। ਸੰਤਾਂ ਪੁੱਛਿਆ, ਬੀਬੀ ਸੁਰਜੀਤ ਕਿੱਥੇ ਹੈ? ਸੇਵਾ ਸਿੰਘ ਕਹਿੰਦਾ, 'ਸੰਤ ਜੀ ਤੁਹਾਡੇ ਨਾਲ ਗ਼ੁੱਸੇ ਹੈ, ਅੰਦਰ ਬੈਠੀ ਹੈ।' ਤਾਂ ਸੰਤਾਂ ਦਾ ਹੱਥ ਬੀਬੀ ਦੇ ਹੱਥ ਉੱਤੇ ਰੱਖ ਦਿੱਤਾ। ਬੀਬੀ ਦਾ ਹੱਥ ਠੰਡਾ ਸੀ। ਸੰਤਾਂ ਨੇ ਕੰਨ ਲਾਕੇ ਆਵਾਜ਼ ਸੁਣੀ ਤਾਂ ਬੀਬੀ ਲੰਮੇ ਲੰਮੇ ਸਾਹ ਲੈ ਰਹੀ ਸੀ। ਸੰਤਾਂ ਕਿਹਾ ਡਾਕਟਰ ਨੂੰ ਬਚਾਓ, ਇਹਨੂੰ ਡਬਲ ਨਮੋਨੀਆ ਹੈ।' ਸੇਵਾ ਸਿੰਘ ਨੇ ਕਿਹਾ ਕਿ ਡਾਕਟਰ ਤਾਂ ਤੁਹਾਡੇ ਸਾਹਮਣੇ ਖੜਾ ਹੈ। ਤੁਸੀਂ ਹੁਕਮ ਕਰੋ। ਪਰ ਸੰਤਾਂ ਕਿਹਾ ਕਿ ਮੈਂ ਕੀ ਹੁਕਮ ਲਾਵਾਂ। ਸੰਤਾਂ ਨੇ ਅੱਖਾਂ ਮੀਟੀਆਂ। ਅੱਖਾਂ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਆ ਗਏ। ਸੰਤਾਂ ਨੇ ਕਿਹਾ ਕਿ 'ਬੀਬੀ ਨੂੰ ਠੰਡੇ ਪਾਣੀ ਵਿਚ ਸੁੱਟ ਦਿਓ।' ਬੀਬੀ ਨੂੰ ਠੰਡੇ ਪਾਣੀ ਨਾਲ ਇਸ਼ਨਾਨ ਕਰਾਇਆ। ਬੀਬੀ ਦਾ ਨਮੂਨੀਆਂ ਮਿੰਟਾਂ ਵਿਚ ਹੀ ਉੱਡ ਗਿਆ। ਸੰਤਾਂ ਨੇ ਕਿਹਾ 'ਸੋਧ ਰਖੋ। ਕਿਸੇ ਦੇ ਘਰ ਦੀ ਕੋਈ ਚੀਜ਼ ਨਹੀਂ ਖਾਣੀ।' ਸੋਧ ਰਖੀਂ। ਚੌਥੇ ਦਿਨ ਡਾਕਟਰ ਮਿਲਿਆ। ਉਹ ਕਹਿੰਦਾ 'ਸਰਦਾਰ ਜੀ, ਜੱਟਾਂ ਦੇ ਆਖੇ ਲੱਗ ਕੇ ਤੀਵੀਂ ਮਾਰ ਦਿੱਤੀ।' ਮੇਰੇ ਪਤੀ ਨੇ ਕਿਹਾ, ਕਿ ਉਹ ਤਾਂ ਘਰ ਰੋਟੀ ਪਕਾਉਂਦੀ ਪਈ ਸੀ।

ਇਹ ਸੁਣਕੇ ਡਾਕਟਰ ਹੈਰਾਨ ਹੋ ਗਿਆ।

**ਬਲਵੰਤ ਕੌਰ ਸੁਪਤਨੀ ਕਾਬਲ ਸਿੰਘ ਠਾਣੇਦਾਰ**

* * *

ਮੇਰੇ ਪਤੀ ਹਰਦੇਵ ਸਿੰਘ ਬਹੁਤ ਬਿਮਾਰ ਹੋ ਗਏ। ਏਥੇ ਤਕ ਕਿ ਡਾਕਟਰਾਂ ਨੇ ਜਵਾਬ ਦੇ ਦਿੱਤਾ। ਅਸੀਂ ਫਿਰ ਮਾਵਾਂ ਧੀਆਂ ਅਰਦਾਸਾ ਕਰਨ ਲੱਗੀਆਂ। ਸੰਤ ਸਾਡੇ ਘਰ ਆਏ। ਮੇਰੀ ਮਾਤਾ ਰਤਨ ਕੌਰ ਨੇ ਸੰਤਾਂ ਕੋਲ ਅਰਜ਼ ਕੀਤੀ, 'ਸੰਤ ਜੀ ਡਾਕਟਰਾਂ ਜੁਵਾਬ ਦੇ ਦਿੱਤਾ ਹੈ ਤੁਸੀਂ ਕ੍ਰਿਪਾ ਕਰੋ।' ਸੰਤਾਂ ਨੇ ਮੇਰੇ ਪਤੀ ਨੂੰ ਦੇਖਿਆ। ਸੰਤ ਸਾਰੀ ਰਾਤ ਖੜੇ ਰਹੇ ਅਤੇ ਭਗਾਉਤੀਆਂ ਦੀ ਮਾਲਾ ਕਰਦੇ ਰਹੇ। ਤੜਕੇ ਚਾਰ ਵਜੇ ਸੰਤਾਂ ਨੇ ਅਰਦਾਸ ਕੀਤੀ ਕਿ ਇਸ ਬੀਬੀ ਦਾ ਸੁਹਾਗ ਬਣਿਆ ਰਹੇ, ਤੇ ਇਹ ਦੁੱਖ ਮੈਨੂੰ ਲੱਗ ਜਾਵੇ। ਸਵੇਰ ਨੂੰ ਡਾਕਟਰ ਆਇਆ ਤੇ ਕਹਿਣ ਲੱਗਾ, 'ਹੁਣ ਕੋਈ ਬਿਮਾਰੀ ਨਹੀਂ ਹੈ। ਉਨ੍ਹੀਂ ਦਿਨੀਂ ਲੁਧਿਆਣੇ ਹੋਲਾ ਸੀ। ਸੰਤ ਲੁਧਿਆਣੇ ਗਏ ਅਤੇ ਸੰਤ ਜਾਂਦੇ ਹੀ ਬਿਮਾਰ ਹੋ ਗਏ। ਲੁਧਿਆਣੇ ਰਘਬੀਰ ਸਿੰਘ ਦੇ ਘਰ ਗਏ । ਰਘਬੀਬ ਦੇ ਪਿਤਾ ਸੁਜਾਨ ਸਿੰਘ ਨੇ ਕਿਹਾ 'ਸੰਤ ਜੀ ਡਾਕਟਰ ਲਿਆਈਏ ?' ਸੰਤਾਂ ਨੇ ਕਿਹਾ, 'ਡਾਕਟਰ ਨਹੀਂ ਲਿਆਉਣਾ। ਜੇ ਡਾਕਟਰਾਂ ਨੂੰ ਬਣਾਣ ਵਾਲਾ ਡਾਕਟਰ ਸਤਿਗੁਰੂ ਜਗਜੀਤ ਸਿੰਘ ਆ ਜਾਏ ਤਾਂ ਆਰਾਮ ਆ ਸਕਦਾ ਹੈ। ਸ਼ਾਮ ਨੂੰ ਛੇ ਵਜੇ ਡਾਲਟਨ ਗੰਜ ਦੇ ਸੂਬਾ ਦੀਵਾਨ ਸਿੰਘ ਅਤੇ ਸਤਿਗੁਰੂ ਜੀ ਸ਼ਾਮ ਦੇ ਛੇ ਵਜੇ ਆਏ। ਸੂਬਾ ਪੁੱਛਣ ਲੱਗਾ ਬਿਮਾਰੀ ਕੀ ਹੈ? ਸਤਿਗੁਰਾਂ ਕਿਹਾ 'ਇਹ ਲੋਕਾਂ ਦੀਆਂ ਬਿਮਾਰੀਆਂ ਲੈ ਲੈਂਦਾ ਹੈ।' ਬਸ ਫਿਰ ਕੀ ਸੀ ਸਭ ਬਿਮਾਰੀਆਂ ਖ਼ਤਮ ਹੋ ਗਈਆਂ।

**ਬੀਬੀ ਅਵਤਾਰ ਕੌਰ ਸੁਪਤਨੀ ਹਰਦੇਵ ਸਿੰਘ**

* * *

ਮੈਂ ਬੈਂਕ ਵਾਲੇ ਸੇਵਾ ਸਿੰਘ ਦੇ ਘਰ ਗਈ। ਉੱਥੇ ਸੰਤ ਆਏ ਹੋਏ ਸ਼ੀ। ਬੈਂਕ ਵਾਲੇ ਸਾਵੇ ਸਿੰਘ ਨੇ ਮੈਨੂੰ ਕਿਹਾ, ਬੀਬੀ ਭਜਨ ਲੈ ਲੈ। ਸੰਤ ਆਏ ਹੋਏ ਹਨ। ਮੈਂ ਭਜਨ ਲੈ ਲਿਆ। ਮੇਰੇ ਪੇਕੇ ਵੀ ਖੁੱਲ੍ਹੇ ਸੀ ਅਤੇ ਸਹੁਰੇ ਵੀ। ਪੇਕੇ ਬੂੜੇ ਡਲੇ ਸੀ। ਮੈਂ ਕਪੂਰੇ ਵਿਆਹੀ ਹੋਈ ਸੀ। ਮੇਰੇ ਸਹੁਰੇ ਸ਼ਰਾਬੀ ਸਨ। ਸੰਤਾਂ ਨੇ ਮੈਨੂੰ ਚੂੜੀਵਾਲੀ ਸੱਥਣ ਪੁਆ ਦਿੱਤੀ। ਸੰਤਾਂ ਨੇ ਕਿਹਾ, 'ਬੀਬੀ ਹਰ ਰੋਜ਼ ਸਣਕੇਸੀ ਇਸ਼ਨਾਨ ਕਰਨਾ।' ਮੈਂ ਕਿਹਾ 'ਸੰਤ ਜੀ ਮੇਰੇ ਸਹੁਰ ਖੁਲ ਹਨ।' ਸੰਤਾਂ ਕਿਹਾ, 'ਤੂੰ ਇਸ਼ਨਾਨ ਕਰਨਾ। ਜੇ ਕੋਈ ਤਕਲੀਫ਼ ਹੋਵੇ ਤਾਂ ਮੈਂ ਆਵਾਂਗਾ। ਤੂੰ ਆਪਣੇ ਪਿਤਾ ਨੂੰ ਚਿੱਠੀ ਪਾ ਦੇਵੀਂ। ਮੇਰੇ ਪਿਤਾ ਨੇ ਥੋੜ੍ਹਾ ਚਿਰ ਹੋਇਆ ਸੀ ਭਜਨ ਲਿਆ ਸੀ। ਜਦ ਮੈਨੂੰ ਮਾਰ ਪੈਣ ਲੱਗੀ ਤਾਂ ਮੈਂ ਆਪਣੇ ਪਿਤਾ ਸਾਧੂ ਸਿੰਘ ਨੂੰ ਚਿੱਠੀ ਪਾਈ ਕਿ ਸੰਤਾਂ ਨੂੰ ਭੇਜੋ। ਸਾਧੂ ਸਿੰਘ ਨੇ ਸੰਤਾਂ ਨੂੰ ਦੱਸਿਆ ਕਿ ਮੁੜੀ ਨੂੰ ਰੋਜ਼ ਮਾਰ ਪੈਂਦੀ ਹੈ। ਬੜੀ ਮੁਸ਼ਕਿਲ ਨਾਲ ਸਾਡੇ ਦਰਵਾਜ਼ੇ ਵਿਚ ਮਾਰਿਆ ਤੇ ਮੈਨੂੰ ਆਵਾਜ਼ ਮਾਰੀ ਤੇ ਕਹਿਣ ਲੱਗੇ 'ਕੁੜੇ

ਅਮਰੋਂ?' ਮੇਰੀ ਸੱਸ ਬੋਲੀ 'ਬਾਬਾ ਕੀ ਲੈਣਾ।' ਸੰਤਾਂ ਕਿਹਾ 'ਬੀਬੀ ਤੈਨੂੰ ਲੈਣਾ।' ਮੈਂ ਮੰਜੀ ਡਾਹੀ ਸੰਤ ਅੰਦਰ ਆ ਗਏ ਸੰਤਾਂ ਨੇ ਆਉਂਦੇ ਹੀ ਪੁੱਛਿਆ, 'ਦਸ ਬੀਬੀ ਬੁੱਚੜ ਕੌਣ ਹਨ? ਮੈਂ ਜਿਸ ਦਾ ਨਾਮ ਲਵਾਂ, ਸੰਤਾਂ ਉਸੇ ਨੂੰ ਭਜਨ ਦੇਈ ਜਾਣ। ਮੇਰਾ ਮਾਲਕ ਪੁੱਛਣ ਲੱਗਾ, ਬੀਬੀ ਸਬਜ਼ੀ ਕੀ ਬਣਾਈ ਹੈ?' ਮਾਂ ਨੇ ਕਿਹਾ 'ਚੂਚੇ ਬਣਾਏ ਹਨ।' ਮੇਰੇ ਪਤੀ ਨੇ ਪਤੀਲਾ ਚੁੱਕ ਕੇ ਬਾਹਰ ਸੁੱਟ ਦਿੱਤਾ। ਮਾਂ ਨੇ ਕਿਹਾ ਕਿ ਹੁਣ ਕੀ ਖਾਵਾਂਗੇ?' ਮੇਰੇ ਪਤੀ ਨੇ ਕਿਹਾ 'ਹੁਣ ਤੈਨੂੰ ਖਾਵਾਂਗੇ।' ਸੰਤਾਂ ਨੇ ਮੇਰੇ ਪਤੀ ਨੂੰ ਕਿਹਾ, 'ਮਾਸ ਸ਼ਰਾਬ ਛੱਡ ਦੇਹ। ਪਰ ਉਹ ਖਾਂਦਾ ਰਿਹਾ। ਤੇ ਮੈਂ ਸੰਤਾਂ ਨੂੰ ਕਿਹਾ 'ਮਾਸ ਸ਼ਰਾਬ ਨਹੀਂ ਛੱਡਦਾ। ਸੰਤਾਂ ਕਿਹਾ 'ਇਸ ਨੂੰ ਹਲਕਿਆ ਕੁੱਤਾ ਲੜੇਗਾ ਤੇ ਫਿਰ ਛੱਡੇ ਗਾ।' ਉਸ ਤਰ੍ਹਾਂ ਹੋਈ। ਹਲਕੇ ਕੁੱਤੇ ਨੇ ਵੱਢ ਦਿੰਤਾ। ਡਾਕਟਰ ਨੇ ਟੀਕੇ ਲਾਏ ਤੇ ਮਾਸ ਸ਼ਰਾਬ ਛੱਡਣ ਲਈ ਕਿਹਾ।

**ਅਮਰ ਕੌਰ ਹਜ਼ਾਰਾ ਸਿੰਘ**, ਭਟਨੂਹਾ ਥੇਹਵਾਲੇ

* * *

ਮੈਂ 6 ਸਾਲ ਬਿਮਾਰ ਰਹੀ। ਮੈਂ ਬੜੇ ਡਾਕਟਰਾਂ ਤੋਂ ਇਲਾਜ ਕਰਾਇਆ। ਮੇਰੀ ਭੈਣ ਪ੍ਰੀਤਮ ਕੌਰ ਨੂੰ ਕਿਹਾ ਕਿ ਸੰਤ ਮੇਰਾ ਇਲਾਜ ਕਰਨ। ਮੈਂ ਵੀ ਸੰਤਾਂ ਨੂੰ ਕਿਹਾ ਕਿ ਮੇਰਾ ਇਲਾਜ ਕਰੋ। ਫਿਰ ਮੈਂ ਪ੍ਰੀਤਮ ਕੌਰ ਨੂੰ ਕਿਹਾ ਕਿ ਸੰਤ ਮੇਰਾ ਇਲਾਖ਼ ਕਰਨ। ਪਰ ਸੰਤਾਂ ਨੇ ਕਿਹਾ ਕਿ ਮੈਂ ਏਥੇ ਨਹੀਂ ਰਹਿੰਦਾ। ਤੇਰਾ ਇਲਾਜ ਕਿਵੇਂ ਕਰਾਂ? ਅਚਾਨਕ ਸੰਤਾਂ ਨੂੰ ਪਾਸਪੋਰਟ ਬਣਾਉਣ ਲਈ ਦੋ-ਢਾਈ ਮਹੀਨੇ ਸਾਡੇ ਕੋਲ ਰਹਿਣਾ ਪਿਆ। ਫਿਰ ਸੰਤਾਂ ਨੇ ਇਲਾਜ ਸ਼ੁਰੂ ਕਰ ਦਿੱਤਾ। ਸੰਤਾਂ ਨੇ ਦਵਾਈ ਲਿਖ ਦਿੱਤੀ। ਮੈਂ ਇਕ ਸਾਲ ਤੋਂ ਰਾਜ਼ੀ ਖ਼ੁਸ਼ੀ ਹਾਂ।

**ਗੁਰਚਰਨ ਕੌਰ ਸੁਪਤਨੀ ਕਰਤਾਰ ਸਿੰਘ**
ਨਾਮਧਾਰੀ ਕਲੋਨੀ

* * *

ਬਾਵਾ ਸਿੰਘ ਬਿਮਾਰ ਹੋ ਗਿਆ। ਬੜੇ ਜਤਨ ਕੀਤੇ ਪਰ ਕੁਝ ਨਾ ਬਣਿਆ। ਅਚਾਨਕ ਵਿਦਿਆ ਸਰਾਂ ਵਾਲੀ) ਆ ਗਈ। ਉਸਨੇ ਕਿਹਾ ਕਿ ਸੰਤ ਐਰੋਪਲੇਨ ਨੂੰ ਮਿਲੋ। ਜਦ ਸੰਤ ਫਗਵਾੜੇ ਮਹਿੰਦਰ ਸਿੰਘ ਘਰ ਰਹਿ ਰਹੇ ਸੀ। ਵਿਦਿਆ ਬਾਵਾ ਸਿੰਘ ਨੂੰ ਸੰਤਾਂ ਕੋਲ ਲੈ ਕੇ ਆਈ। ਸੰਤਾਂ ਨੇ ਅਰਦਾਸ ਕੀਤੀ ਤਾਂ ਬਾਵਾ ਸਿੰਘ ਜੋ ਪਹਿਲਾਂ ਰੋਟੀ ਦੀ ਬੁਰਕੀ ਨਹੀਂ ਸੀ ਖਾ ਸਕਦਾ, ਪੰਜ ਰੋਟੀਆਂ ਖਾ ਗਿਆ। ਸੰਤਾਂ ਨੇ ਕਿਹਾ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੌਰੇ ਮੇਲੇ ਤੇ ਗਏ ਹੋਏ ਹਨ ਉਨ੍ਹਾਂ ਕੋਲ ਅਰਜ਼ ਕਰਦੇ ਹਾਂ।' ਸੰਤਾਂ ਨੇ ਸਤਿਗੁਰੂ ਜੀ ਦੇ ਚਰਨਾਂ ਵਿਚ ਅਰਜ਼ ਕੀਤੀ ਤਾਂ ਸੱਚੇ ਪਾਤਸ਼ਾਹ ਜੀ ਨੇ ਕਿਹਾ ਕਿ ਸ਼ਰ੍ਹਾ ਛੱਡ ਦੇਹ ਤਾਂ ਠੀਕ ਹੋ ਜਾਵੇਗਾ।' ਫਿਰ ਸੰਤ ਸ੍ਰੀ ਭੈਣੀ ਸਾਹਿਬ ਲੈ ਗਏ। ਸੰਤਾਂ ਨੇ ਰਾਮਸਰ ਸੋਵਰ ਦਾ ਜਲ ਛਕਾਉਣਾ ਸ਼ੁਰੂ ਕਰ ਦਿੱਤਾ। ਸੰਤਾਂ ਨੇ ਬਾਵਾ ਸਿੰਘ ਨੂੰ ਕਿਹਾ, ਬਾਵਾ ਸਿੰਘ ਰਾਮ ਸਰੋਵਰ ਦੀ ਪਹਿਲੀ

ਪੌੜੀ ਦੀ ਸਫ਼ਾਈ ਕਰਦੇਹ। ਬਾਵਾ ਸਿੰਘ ਜਿਉਂ ਜਿਉਂ ਸਰੋਵਰ ਦਾ ਜਲ ਛੱਕਦਾ ਗਿਆ ਤਾਂ ਕਾਲੇ ਰੰਗ ਦੇ ਜੰਗਲ ਲੱਗ ਗਏ। ਪਹਿਲੇ ਦਿਨ ਇਕ ਪੌੜੀ ਸਾਫ਼ ਕੀਤੀ ਤੇ ਦੂਸਰੇ ਦਿਨ ਦੂਸਰੇ ਅਤੇ ਇਸ ਤਰ੍ਹਾਂ ਕਰਦਿਆਂ ਜਦੋਂ ਉਹ ਸਾਰੀਆਂ ਪੌੜੀਆਂ ਇੱਕੋ ਵਾਰ ਸਾਖ਼ ਕਰਨ ਦੇ ਯੋਗ ਹੋ ਗਿਆ ਤਾਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ ਬਾਵਾ ਸਿੰਘ ਬਿਲਕੁਲ ਠੀਕ ਹੋ ਗਿਆ। ਸੰਤਾਂ ਨੇ ਉਸ ਨੂੰ ਪਿੰਡ ਵਾਪਸ ਜਾਣ ਨੂੰ ਕਿਹਾ। ਬਾਵਾ ਸਿੰਘ ਨੇ ਕਿਹਾ, 'ਸੰਤ ਜੀ ਮੈਨੂੰ ਤੁਸੀਂ ਆਪ ਪਿੰਡ ਛੱਡਕੇ ਆਉ। ਸੰਤ ਦਿਆਲਗੜ੍ਹ ਛੱਡਣ ਗਏ। ਸਾਨੂੰ ਪਤਾ ਲੱਗਾ ਕਿ ਬਾਵਾ ਸਿੰਘ ਰਾਜ਼ੀ ਹੋ ਗਿਆ ਹੈ। ਅਸੀਂ ਖ਼ਬਰ ਨੂੰ ਗਏ। ਸੰਤਾਂ ਨੇ ਬਾਵਾ ਸਿੰਘ ਦੇ ਪਰਿਵਾਰ ਮੈਨੂੰ ਤੇ ਮੇਰੀ ਸਿੰਘਣੀ ਨੂੰ ਵੀ ਭਜਨ ਦਿੱਤਾ। ਅਤੇ ਕਿਹਾ, ਸਵੇਰੇ ਸਣੇਕੇਸੀ ਇਸ਼ਨਾਨ ਕਰਕੇ ਭਜਨ ਕਰਿਆ ਕਰੋ। ਇਹ ਸੁਣਕੇ ਮੈਂ ਸੰਤਾਂ ਨੂੰ ਕਿਹਾ, ਸੰਤ ਜੀ ਸਾਡੇ ਪਿੰਡ ਹਰਦਾਨ ਵੀ ਚਲੋ। ਸੰਤਾਂ ਨੇ ਸਾਡੀ ਅਰਖ਼ ਮੰਨ ਲਈ ਅਤੇ ਸਾਡੇ ਨਾਲ ਪਿੰਡ ਨੂੰ ਚਲ ਪਏ। ਫਿਰ ਸੰਤਾਂ ਨੇ ਮੇਰੀਆਂ ਲੜਕੀਆਂ ਅਤੇ ਲੜਕੇ ਨੂੰ ਵੀ ਭਜਨ ਦੇ ਦਿੱਤਾ ਅਤੇ ਫਿਰ ਕਿਹਾ 'ਸਣਕੇਸੀ ਇਸ਼ਨਾਨ ਕਰਿਆ ਕਰੋ।' ਮੈਂ ਸੰਤਾਂ ਨੂੰ ਅਰਜ਼ ਕੀਤੀ, 'ਸੰਤ ਜੀ ਤੁਸੀਂ ਸਾਡੇ ਘਰ ਜ਼ਰੂਰ ਆਇਆ ਕਰੋ। ਸੰਤਾਂ ਨੇ ਅਰਜ਼ ਕਬੂਲ ਕਰ ਲਈ। ਇਕ ਦਿਨ ਜਦੋਂ ਸੰਤ ਆਏ ਤਾਂ ਮੇਰੀ ਪਤਨੀ ਨੂੰ ਕੋਈ ਕਸਰ ਪੈਂਦੀ ਸੀ ਤਾਂ ਸੰਤਾਂ ਨੂੰ ਦੱਸਿਆ ਕਿ ਮੇਰੀ ਪਤਨੀ ਨੂੰ ਪਤਾ ਨਹੀਂ ਕੀ ਹੁੰਦਾ ਹੈ ਬਸ ਗੁੰਮ ਜਿਹੀ ਹੋ ਜਾਂਦੀ ਹੈ। ਸੰਤਾਂ ਨੇ ਸਾਨੂੰ ਭਜਨ ਅਤੇ ਭਗਾਉਤੀਆਂ ਦੀ ਮਾਲਾ ਕਰਨ ਨੂੰ ਕਿਹਾ।

ਇਕ ਦਿਨ ਸੰਤ ਸਾਡੇ ਗ੍ਰਹਿ ਵਿਖੇ ਲੰਗਰ ਤਿਆਰ ਕਰ ਰਹੇ ਸਨ ਤਾਂ ਮੇਰੀ ਪਤਨੀ ਬੈਠੀ ਬੈਠੀ ਬੇਹੋਸ਼ ਹੋ ਗਈ ਤਾਂ ਸੰਤਾਂ ਨੇ ਧੰਨ ਸਤਿਗੁਰੂ ਪ੍ਰਤਾਪ ਸਿੰਘ ਜੀ ਕਹਿਕੇ ਮੇਰੀ ਪਤਨੀ ਦੇ ਮੂਹ ਤੇ ਥੱਪੜ ਮਾਰਿਆ। ਉਸ ਦਿਨ ਤੋਂ ਬਾਅਦ ਕੋਈ ਕਸਰ ਨਹੀਂ ਹੋਈ। ਇਕ ਦਿਨ ਮੇਰੀ ਪਤਨੀ ਕਿਸੇ ਦੇ ਘਰ ਨਹਾਉਣ ਗਈ ਤਾਂ ਕੰਧ ਤੋਂ ਡਿੱਗ ਪਈ। ਸੰਤਾਂ ਨੂੰ ਹਾਏ ਹਾਏ ਦੀ ਆਵਾਜ਼ ਸੁਣੀ। ਸੰਤਾਂ ਨੇ ਪੁੱਛਿਆ 'ਬੀਬੀ ਕੀ ਗੱਲ ਹੈ? ਤਾਂ ਮੇਰੀ ਪਤਨੀ ਨੇ ਅੱਗੋਂ ਜੁਆਬ ਦਿੱਤਾ 'ਸੰਤ ਜੀ ਇਸ਼ਨਾਨ ਕਰਨਾ ਔਖਾ, ਭਜਨ ਕਰਨਾ ਸੌਖਾ। ਸਾਡੇ ਤਾਂ ਕੋਈ ਨਲਕਾ ਵੀ ਨਹੀਂ। ਦਿਨ ਚੜਿਆ ਤਾਂ ਸੰਤਾਂ ਨੇ ਪੰਜ ਕੁੜੀਆਂ ਨੂੰ ਟੋਭੇ ਤੋਂ ਮਿੱਟੀ ਲਿਆਉਣ ਲਈ ਕਿਹਾ। ਮਿੱਟੀ ਆਈ ਤਾਂ ਸੰਤਾਂ ਨੇ ਇਕ ਕਿਲ ਗਡ ਕੇ ਉਸ ਦੇ ਆਲੇ ਦੁਆਲੇ ਢਾਈ ਫੁਟ ਚੌੜੀ ਲਕੀਰ ਮਾਰ ਦਿੱਤੀ। ਅਤੇ ਜੀਆਂ ਨੂੰ ਹੱਥ ਹੱਥ ਉੱਚਾ ਕਰਨ ਲਈ ਕਿਹਾ। ਮਿੱਟੀ ਪਾ ਕੇ। ਇਕ ਗੇੜ ਹੋਰ ਮਾਰ ਦਿੱਤਾ। ਅੰਦਰ ਬਾਹਰ ਦੇ ਭੜੋਲੇ ਹੱਥ ਹੱਥ ਉੱਚੇ ਕਰ ਦਿੱਤੇ। ਜਦ ਨੂੰ ਮੇਰਾ ਲੜਕਾ ਵਜੀਫ਼ਾ ਲੈਕੇ ਆ ਗਿਆ। ਉਸਨੇ ਸੰਤਾਂ ਨੂੰ ਪੰਜ ਰੁਪਏ ਮੱਥਾ ਟੇਕਿਆ। ਸੰਤਾਂ ਪੁੱਛਿਆ ਕਿ ਇਹ ਪੈਸੇ ਕਾਹਦੇ ਹਨ? ਤਾਂ ਕਾਕੇ ਨੇ ਦੱਸਿਆ ਕਿ ਉਸਨੂੰ ਵਜੀਫ਼ਾ ਮਿਲਿਆ ਹੈ। ਉਦੋਂ ਪੰਜ ਰੁਪਏ ਦਾ ਸੀਮਿੰਟ

ਦਾ ਥੈਲਾ ਆਉਂਦਾ ਸੀ। ਸੰਤਾਂ ਨੇ ਕਾਕੇ ਦੇ ਮੱਥਾ ਟੇਕੇ ਹੋਏ ਪੰਜ ਰੁਪਏ ਅਤੇ 20 ਰੁਪਏ ਹੋਰ ਪਾਕੇ ਪੰਜ ਥੈਲੇ ਸੀਮਿੰਟ ਦੇ ਲਿਆਉਣ ਨੂੰ ਕਿਹਾ। ਕਾਕਾ ਪੰਜਾ ਥੈਲੇ ਸੀਮਿੰਟ ਦੇ ਲੈ ਆਇਆ। ਸੰਤਾਂ ਨੇ ਰੇਤਾ ਵੀ ਮੰਗਵਾਇਆ। ਬਜਰੀ ਵੀ ਮੰਗਾ ਲਈ। ਰੇਤਾ ਅਤੇ ਬਜਰੀ ਰਲਾਕੇ ਮਿੱਟੀ ਦੇ ਫਰਮੇ ਭਰ ਦਿੱਤੇ। ਅਚਾਨਕ ਸੰਤਾਂ ਦੇ ਹੱਥੋਂ ਕਾਂਡੀ ਖੂਹ 'ਚ ਡਿੱਗ ਪਈ। ਨਾਲ ਹੀ ਫੁਟ ਕੁ ਲਕੜੀ ਦਾ ਟੋਟਾ ਵੀ ਡਿੱਗ ਪਿਆ। ਮੈਂ ਕਿਹਾ ਕਿ ਮੇਰੀ ਕਾਂਡੀ ਕਿਉਂ ਖੂਹ ਵਿਚ ਸੁੱਟ ਦਿੱਤੀ ਹੈ? ਸੰਤਾਂ ਨੇ ਕਿਹਾ, ਅਸੀਂ ਤੈਨੂੰ ਕਾਂਡੀ ਨਵੀਂ ਦੇ ਦਿਆਂਗੇ ਪਰ ਮੈ ਨਾ ਮੰਨਿਆ। ਸੰਤਾਂ ਨੇ ਮੈਨੂੰ ਬਥੇਰਾ ਸਮਝਾਇਆ ਕਿ ਕਾਂਡੀ ਦਾ ਮਿਲਣਾ ਮੁਸ਼ਕਿਲ ਹੈ ਪਰ ਮੈਂ ਨਾ ਮੰਨਿਆ। ਅਖ਼ੀਰ ਸੰਤ ਮਾਲਾ ਲੈਕੇ ਭਜਨ ਕਰਨ ਲੱਗ ਪਏ। ਸ਼ਹੀਦਾਂ ਦਾ ਪਹਿਰਾ ਲੱਗ ਗਿਆ। ਪਾੜ ਵਿੱਚੋਂ ਪਹਿਲਾਂ ਪਾਣੀ ਨਿਕਲਕੇ ਹੀ ਕਾਂਡੀ ਤੇ ਲਕੜੀ ਦਾ ਟੋਟਾ ਬਾਹਰ ਆ ਗਿਆ। ਮੈਂ ਕੋਠੇ ਚੜਕੇ ਰੌਲਾ ਪਾਵੁਣ ਲੱਗ ਕਿ ਇਹ ਸਾਧ ਤਾਂ ਸਾਡੇ ਕੋਠੇ ਢਾਹੁਣ ਲੱਗਾ ਹੈ। ਸਾਰੇ ਪਿੰਡ ਨੇ ਇਹ ਕੌਤਮ ਵੇਖਿਆ। ਲੋਕਾਂ ਨੇ ਕਿਹਾ ਕਿ ਪਾਣੀ ਬਾਹਰ ਆਉਣ ਲੱਗ ਪਿਆ। ਸੰਤਾਂ ਨੇ ਅਰਦਾਸ ਕੀਤੀ ਤੇ ਪਾਣੀ ਬੰਦ ਹੋ ਗਿਆ। ਇਹ ਕੌਤਕ ਵੇਖਕੇ ਬਹੁਤ ਸਾਰੇ ਸੱਜਣ ਚਰਨੀਂ ਲੱਗੇ ਅਤੇ ਭਜਨ ਪੁੱਛਿਆ।

**ਧਿਆਨ ਸਿੰਘ**

ਪਿੰਡ ਹਰਵਾਨਪੁਰ, ਜ਼ਿਲ੍ਹਾ ਗੁਰਦਾਸਪੁਰ

* * *

ਮੇਰੇ ਪੇਕੇ ਦਿੱਲੀ ਹਨ। ਮੇਰਾ ਵਿਆਹ ਮਸਤਾਨਗੜ੍ਹ ਸੱਚੇ ਪਾਤਸ਼ਾਹ ਜੀ ਨੇ ਕਰ ਦਿੱਤਾ। ਸੰਤਾ ਅਮਰ ਸਿੰਘ ਜੀ ਨਾਲ। ਸਾਡੇ ਘਰ ਇਕ ਲੜਕਾ ਹੋਇਆ। ਉਸਦਾ ਨਾਂ ਮੈਂ ਰਾਜਨ ਰੱਖ ਦਿੱਤਾ। ਉਹ ਅਜੇ 5 ਦਿਨ ਦਾ ਹੀ ਸੀ ਤੇ ਪੀਲੀਆ ਹੋ ਗਿਆ। ਅਸੀਂ ਡਾਕਟਰ ਕੋਲ ਗਏ। ਪੀਲੀਏ ਨੂੰ ਤਾਂ ਅਰਾਮ ਆ ਗਿਆ ਪਰ ਉਹ ਰੋਈ ਜਾਵੇ। ਫਿਰ 13 ਦਿਨ ਦਾ ਹੋਇਆ ਅਤੇ ਅਸੀਂ M.B.B.S. ਡਾਕਟਰ ਕੋਲ ਲੈ ਗਏ। ਡਾਕਟਰ ਨੇ ਦੱਸਿਆ ਕਿ ਇਸਦੇ ਦਿਲ ਵਿਚ ਸੁਰਾਖ਼ ਹੈ ਉਨ੍ਹਾਂ ਨੇ ਸਾਨੂੰ ਕਲਾਵਤੀ ਹਸਪਤਾਲ ਦੱਸਿਆ। ਉੱਥੇ ਮੈਂ ਕਾਫ਼ੀ ਚਿਰ ਇਲਾਜ ਕਰਵਾਉਂਦੀ ਰਹੀ। ਪਰ ਕੋਈ ਫ਼ਰਕ ਨਾ ਪਿਆ। ਉਸਤੋਂ ਬਾਅਦ ਮੈਂ ਦਿੱਲੀ ਵਿਚ ਖੰਡ ਹਸਪਤਾਲ ਜਿਹੜਾ ਕਿ ਦਿਲ ਦਿਮਾਗ ਦਾ ਹਸਪਤਾਲ ਸੀ। ਉੱਥੇ ਰਾਜਨ ਨੂੰ ਲੈ ਕੇ ਜਾਂਦੀ ਰਹੀ। ਪਰ ਕੋਈ ਫ਼ਰਕ ਨਾ ਪਿਆ। ਮੇਰੇ ਪਿਤਾ ਜੀ ਨੇ ਕਿਹਾ ਕਿ ਅਸੀਂ ਵਰਨੀ ਕਰਾਈਏ। ਸੰਤ ਸਾਡੇ ਕੋਲ ਰਾਤ ਰਹੇ। ਰਾਤ ਸਾਰੀ ਮੁੰਡਾ ਰੌਂਦਾ ਰਿਹਾ। ਸਵੇਰੇ ਵਰਨੀ ਹੋਈ। ਵਰਨੀ ਦੇ ਭੋਗ ਤੋਂ ਬਾਅਦ ਮੈਜ ਰਾਜਨ ਨੂੰ ਸੰਤ ਮਸਤਾਨੇ ਦੇ ਚਰਨਾਂ ਉੱਤੇ ਪਾ ਦਿੱਤਾ। ਸੰਤਾਂ ਨੂੰ ਅਰਦਾਸ ਕੀਤੀ ਕਿ ਇਸਨੂੰ ਠੀਕ ਕਰੋ। ਸੰਤਾਂ ਨੇ

ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਅਰਦਾਸ ਕੀਤੀ ਤੇ ਸੰਤਾਂ ਮੈਨੂੰ ਹੁਕਮ ਕੀਤਾ ਕਿ ਇਸਦਾ ਨਾਂ ਬਦਲ ਦਿਉ। ਇਸਦਾ ਨਾਂ ਸੱਚੇ ਪਾਤਸ਼ਾਹ ਜੀ ਕੋਲੋਂ ਫੇਰ ਅਸੀਂ ਨਾਂ ਰਖਵਾਇਆ ਜਿਸਦਾ ਨਾਂ ਗੁਲਜ਼ਾਰ ਸਿੰਘ ਰਖਵਾਇਆ। ਮੈਨੂੰ ਯਕੀਨ ਨਾ ਆਵੇ। ਮੈਂ ਇਕ ਵਾਰ ਡਾਕਟਰ ਕੋਲ ਲੈ ਕੇ ਗਈ। ਉਸ ਨੂੰ ਚੈਕ ਕਰਵਾਇਆ ਤੇ ਉਬਨ੍ਹਾਂ ਦੱਸਿਆ ਕਿ ਹੁਣ ਬੱਚਾ ਬਿਲਕੁਲ ਠੀਕ ਠਾਕ ਹੈ। ਹੁਣ ਉਹ ਸਤਿਗੁਰੂ ਜੀ ਦੀ ਕਿਰਪਾ ਨਾਲ ਸ੍ਰੀ ਭੈਣੀ ਸਾਹਿਬ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਵਿਚ ਪੜ੍ਹ ਰਿਹਾ ਹੈ।

* * *

ਮੇਰਾ ਪਤੀ ਕਰਤਾਰ ਸਿੰਘ ਮਾਸ ਸ਼ਰਾਬ ਖਾਂਦਾ ਸੀ। ਸਾਡੇ ਤੇ ਮੁਕਦਮਾ ਬਣ ਗਿਆ ਤੇ 12 ਪੰਚਾਇਤਾਂ ਸਾਡੇ ਬਰਖਲਾਫ਼ ਹੋ ਗਈਆਂ। ਮੈਂ ਇਕ ਦਿਨ ਸ਼ਿਵ ਸਿੰਘ ਨੂੰ ਕਿਹਾ ਕਿ ਦੀਵਾਰ ਬਣਾਉਣੀ ਹੈ ਰਾਜ ਮਜ਼ਦੂਰ ਸਾਡੇ ਕੋਲ ਨਹੀਂ ਹਨ, ਤੁਸੀਂ ਏਥੇ ਖੜੇ ਹੋ ਜਾਵੋ। ਸੰਤ ਸ਼ਿਵ ਸਿੰਘ ਨੂੰ ਕਹਿੰਦੇ ਬੀਬੀ ਤੂੰ ਮੈਨੂੰ ਏਥੇ ਮਰਵਾਉਣਾ ਹੈ। ਸਾਰਾ ਪਿੰਡ ਡੇਰੇ ਬਰਖਲਾਫ਼ ਹੈ। ਮੈਂ ਕਿਹਾ 'ਮੇਰਾ ਸਾਧਾਂ ਅਤੇ ਸਤਿਗੁਰੂ ਤੋਂ ਬਿਨਾਂ ਕੋਣ ਹੈ? ਜੇ ਮਸਤਾਨਾ ਹੁੰਦਾ ਤਾਂ ਉਹ ਦੀਵਾਰ ਪੁਆ ਦਿੰਦਾ। ਸ਼ਿਵ ਸਿੰਘ ਨੇ ਦੱਸਿਆ ਕਿ ਮਸਤਾਨਾ ਉਸ ਨਾਲ ਉਗਰਾਹੀ ਕਰਦਾ ਹੈ, ਉਸਨੂੰ ਮੈਂ ਭੇਜ ਦਿੰਦਾ ਹਾਂ। ਸੰਤ ਆਉਂਦੇ ਹੀ ਕਹਿਣ ਲੱਗੇ ਕਿ ਕੀ ਕੰਮ ਹੈ? ਮੈਂ ਕਿਹਾ 'ਲੰਗਰ ਬਣਾਓ ਤੇ ਨਾਲੇ ਕੰਧ ਪਾਉਣੀ ਹੈ। ਸੰਤਾਂ ਨੇ ਲੰਗਰ ਨਹੀਂ ਬਣਾਇਆ ਤੇ ਅਰਦਾਸ ਕਰਕੇ ਦੀਵਾਰ ਬਣਾਉਣੀ ਸ਼ੁਰੂ ਕਰ ਦਿੱਤੀ। ਨਾਲ ਹੀ ਉੱਚੀ ਉੱਚੀ ਕਹਿਣ ਲੱਗ ਪਏ ਕਿ ਬੀਬੀ ਮੈਂ ਅਫ਼ਸਰ ਨੂੰ ਮਿਲਕੇ ਆਇਆ ਹਾਂ। ਅਫ਼ਸਰ ਨੇ ਕਿਹਾ ਕਿ ਜਿਹੜਾ ਕੋਈ ਬੋਲੇ , ਮੈਨੂੰ ਆਕੇ ਦੱਸੀਂ। ਮੈਂ ਕਿਹਾ 'ਆਹ ਤਾਂ ਚੰਗਾ ਹੋ ਗਿਆ।' ਸਤਿਗੁਰੂ ਜੀ ਦਿੱਲੀ ਹਨ, ਉਨ੍ਹਾਂ ਨੂੰ ਜਾ ਕੇ ਕਹੋ ਕਿ ਮੈਜ ਦੀਵਾਰ ਬਣਾ ਆਇਆ ਹਾਂ। ਜਦੋਂ ਸਤਿਗੁਰੂ ਜੀ ਨੂੰ ਦੱਸਿਆ ਤਾਂ ਉਨ੍ਹਾਂ ਨੇ ਕਿਹਾ ਕਿ ਡਿਪਟੀ ਕਮਿਸ਼ਨਰ ਅਤੇ ਥਾਣੇਦਾਰ ਨੂੰ ਦੱਸੋ। ਸੰਤ ਰਾਤ ਨੂੰ ਦੁਦਿਆਲ ਪਹੁੰਚ ਗਏ। ਤੜਕੇ 2 ਵਜੇ ਸੰਤ ਜੰਗਲ ਗਏ ਤਾਂ ਖੂਹਾ ਵਿਚ ਡਿੱਗ ਪਏ ਤਾਂ ਸੰਤਾਂ ਨੇ ਕਿਹਾ 'ਧੰਨ ਸਤਿਗੁਰੂ ਰਾਮ ਸਿੰਘ' ਤਾਂ ਸੰਤਾਂ ਦਾ ਗਲਾ ਕਿਸੇ ਨੇ ਘੁਟਕੇ ਫੜ ਲਿਆ। ਸੰਤਾਂ ਕਿਹਾ 'ਮੇਰਾ ਗਲਾ ਕਿਉਂ ਘੁਟਦਾ ਹੈ? ਅੱਗੋਂ ਆਵਾਜ਼ ਆਈ 'ਅੰਨ੍ਹਿਆਂ ਖੂਹ ਵਿਚ ਡਿੱਗਾ ਹੈ।' ਸਤਿਗੁਰਾਂ ਗਲੇ ਤੋਂ ਫੜਕੇ ਬਾਹਰ ਕੱਢ ਦਿੱਤਾ। ਸੰਤ ਘਰ ਆਏ ਤਾਂ ਮੈਂ ਕਿਹਾ ਨਾਲ ਚਲਦੀ ਹਾਂ ਖੂਹ ਤੇ ਸ਼ਿਇਨਾਨ ਕਰਾਉਂਦੀ ਹਾਂ। ਸੰਤ ਕਹਿੰਦੇ ਕਿਹਦੀ ਜੁੱਤੀ ਖੂਹ ਵਿਚ ਡਿੱਗ ਪਈ ਹੈ, ਮੈਂ ਤਾਂ ਬਾਹਰ ਨਿਕਲ ਆਇਆ ਹਾਂ। ਇਹ ਸੁਣਕੇ ਮੈਂ ਰੋਣ ਲੱਗ ਪਈ। ਸੰਤਾਂ ਕਿਹਾ 'ਰੋ ਨਾ ਕੱਲ੍ਹ ਨੂੰ ਤੂੰ ਕਹਿਣਾ ਸੀ ਪਿੰਡ ਵਾਲਿਆਂ ਨੇ ਖੂਹ ਵਿਚ ਸੁੱਟ ਦਿੱਤਾ ਤੇ ਪਿੰਡ ਵਾਲਿਆਂ ਨੇ ਕਹਿਣਾ ਸੀ ਕਿ ਮੈਂ ਖੂਹ ਵਿਚ ਸੁੱਟ ਦਿੱਤਾ। ਮੁਕਦਮਾ ਹੋਰ ਪੈਣਾ ਸੀ।' ਕੁਝ ਸਮੇਂ ਬਾਅਦ ਸੰਤ ਲੁਧਿਆਣੇ ਗਏ ਤਾਂ ਭੁਲੇਖੇ ਵਿਚ

ਪੰਡਿਤ ਜੀ ਨੂੰ ਜੱਫਾ ਪਾ ਲਿਆ ਤਾਂ ਪੰਡਿਤ ਜੀ ਨੇ ਕਿਹਾ ਕਿ ਮੇਰੀਆਂ ਨਾੜਾਂ ਕਿਉਂ ਮਲਦਾ ਹੈ? ਸਤਿਗੁਰੂ ਜੀ ਉਪਰ ਹਨ। ਸੰਤ ਦੌੜ ਕੇ ਉਪਰ ਗਏ ਤਾਂ ਜਾਕੇ ਦੱਸਿਆ ਕਿ ਮੈਂ ਖੂਹ ਵਿਚ ਡਿੱਗ ਪਿਆ ਸੀ ਸੱਚੇ ਪਾਤਸ਼ਾਹ ਕਿਹਾ 'ਮੈਨੂੰ ਸਭ ਕੁਝ ਪਤਾ ਹੈ।'

**ਜੋਗਿੰਦਰ ਕੌਰ ਸੁਪਤਨੀ ਕਰਤਾਰ ਸਿੰਘ**

* * *

ਇਕ ਦਿਨ ਜੰਗ ਸਿੰਘ ਕਾਲਕਾ ਵਾਲਾ ਆਇਆ ਤੇ ਅਰਜ਼ ਕੀਤੀ, 'ਗ਼ਰੀਬ ਨਿਵਾਜ਼ ਜੀ ਮੇਰੀ ਭੈਣ ਦੇ ਘਰ ਅਖੰਡ ਪਾਠ ਹੈ ਲਾਂਗਰੀ ਧੂਪੀਏ , ਪਾਠੀ ਆਪ ਜੀ ਕ੍ਰਿਪਾ ਕਰੋ। ਸਤਿਗੁਰੂ ਜੀ ਨੇ ਕਿਹਾ ਨੇ 'ਮੇਰੇ ਕੋਲ ਪਾਠੀ ਹੈ, ਨਾ ਧੂਪੀਏ, ਨਾ ਲਾਂਗਰੀ। ਇੰਨੇ ਨੂੰ ਮਸਤਾਨੇ ਨੇ ਸਤਿਗੁਰਾਂ ਨੂੰ ਮੱਥਾ ਟੇਕਿਆ। ਸਤਿਗੁਰਾਂ ਕਿਹਾ ਲਾਂਗਰੀ ਤਾਂ ਆ ਗਿਆ।' ਪਰ ਜੰਗ ਸਿੰਘ ਆਖੇ -ਗ਼ਰੀਬ ਨਿਵਾਜ਼ ਮੈਨੂੰ ਮਸ਼ਕਰੀਆਂ ਕਰਦੇ ਹੋ। ਪਰ ਇਸਦਾ ਉੱਤਰ ਸੀ- ਮੈਂ ਮਸ਼ਕਰੀ ਨਹੀਂ ਕੀਤੀ। ਇਸ ਲਾਂਗਰੀ ਉੱਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕਿਰਪਾ ਹੈ। ਇਹ ਦੋ ਲਾਂਗਰੀਆਂ ਦਾ ਕੰਮ ਕਰ ਲੈਂਦਾ ਹੈ। ਇਹ ਕੜਾਹ ਪ੍ਰਸ਼ਾਦ ਵੀ ਬਣਾ ਲੈਂਦਾ ਹੈ।' ਜੰਗ ਸਿੰਘ ਨੇ ਫਿਰ ਕਿਹਾ ਇਸਨੂੰ ਦਿੱਸਦਾ ਵੀ ਨਹੀਂ ਹੈ। ਪਰ ਸਤਿਗੁਰੂ ਜੀ ਬਚਨ ਕੀਤਾ 'ਦੌੜਕੇ ਦੇਖ ਲੈ ਤੇਰੇ ਤੋਂ ਅੱਗੇ ਹੋਵੇਗਾ।' ਕੁਦਰਤੀ ਸਤਿਗੁਰੂ ਜੀ ਦੀਵਾਨ ਵਿਚ ਬੈਠੇ ਸੀ। ਕੜਾਹ ਪ੍ਰਸ਼ਾਦ ਵਾਸਤੇ ਹੁਕਮ ਹੋਇਆ। ਮਸਤਾਨਾ ਦੌੜਕੇ ਗਿਆ ਤੇ ਡਿੱਗ ਪਿਆ। ਹੁਣ ਜੰਗ ਸਿੰਘ ਨੇ ਦੁਹਰਾਇਆ, 'ਸੱਚੇ ਪਾਤਸ਼ਾਹ! ਉਹ ਡਿੱਗ ਪਿਆ।

ਸਤਿਗੁਰੂ ਜੀ: ਦੌੜਾ ਜਾਂਦਾ ਦਿੱਸਦਾ ਹੈ। ਸੰਤਾਂ ਨੂੰ ਜੰਗ ਸਿੰਘ ਕੁਟੀਆ 'ਚ ਲੈ ਆਇਆ, ਫਿਰ ਰਾਮ ਰਾਮ ਕੋਲ ਗਿਆ। ਰਾਮ ਰਾਮ ਜੀ ਨੂੰ ਜਾਕੇ ਕਹਿੰਦੇ ਲਾਂਗਰੀ ਧੂਪੀਏ ਪਾਠੀ ਕਰੋ। ਰਾਮ ਰਾਮ ਨੇ ਕਿਹਾ 'ਜੇ ਕਿਤੇ ਮਸਤਾਨਾ ਮਿਲ ਜਾਵੇ ਤਾਂ ਬਹੁਤ ਚੰਗਾ ਹੈ।

ਜੰਗ ਸਿੰਘ: ਰਾਮ ਰਾਮ ਜੀ, ਉਹ ਤਾਂ ਬੁੱਢਾ ਆਦਮੀ ਹੈ, ਉਹਨੂੰ ਦਿਖਦਾ ਵੀ ਨਹੀਂ। ਉਹ ਤਾਂ ਮੈਨੂੰ ਸਤਿਗੁਰੂ ਜੀ ਨੇ ਦੇ ਦਿੱਤਾ ਹੈ।

ਜੰਗ ਸਿੰਘ ਹੋਰ ਤੂਨੂੰ ਕੀ ਚਾਹੀਦਾ ਹੈ ਜਦ ਸਤਿਗੁਰਾਂ ਨੇ ਐਰੋਪਲੇਨ ਤੈਨੂੰ ਦੇ ਦਿੱਤਾ ਹੈ। ਉਹ ਬੜਾ ਸਾਧੂ ਹੈ, ਸਾਰਿਆਂ ਨੂੰ ਖ਼ੁਸ਼ ਰੱਖਦਾ ਹੈ। ਫਿਰ ਰਾਮ ਰਾਮ ਜੀ ਜੀਤਾ ਸਿੰਘ ਨੂੰ ਲੈ ਆਇਆ। ਜੰਗ ਸਿੰਘ ਨੇ ਕਿਹਾ, 'ਜੀਤਾ ਸਿੰਘ ਲਾਂਗਰੀ, ਧੂਪੀਏ ਪਾਠੀਏ ਕਾਇਮ ਕਰੋ, ਮੇਰੀ ਭੈਣ ਦੇ ਪਾਠ ਕਰਨਾ ਹੈ, ਜੀਤਾ ਸਿੰਘ ਨੇ ਆਪਣੇ ਪੁੱਤਰ ਰਾਜ ਨੂੰ ਪੁੱਛਿਆ ਕਿ ਕਿਤਸ ਮਸਤਾਨਾ ਦੇਖਿਆ ਹੈ? 'ਦੇਖਿਆ ਤਾਂ ਹੈ' ਰਾਮ ਰਾਮ ਜਦ ਤੈਨੂੰ ਸਤਿਗੁਰਾਂ ਨੇ ਐਰੋਪਲੇ ਨ ਦੇ ਦਿੱਤਾ ਹੈ ਤਾਂ ਤੂੰ ਪ੍ਰਤੀਤ ਨਹੀਂ ਕਰਦਾ।' ਰਾਮ ਐਰੋਪਲੇਨ ਨੂੰ ਜੰਗ ਸਿੰਘ ਦੀ ਭੈਣ ਦੇ ਘਰ ਚਲਾ ਗਿਆ।

ਐਰੋਪਲੇਨ: ਰਾਮ ਜੀ ਮੈਨੂੰ ਖੂਹ ਦੱਸੋ।

ਰਾਮ ਰਾਮ: ਆਹ ਖੂਹ ਹੈ, ਆਹ ਰੇਤਾ ਹੈ।

ਐਰੋਪਲੇਨ ਨੇ ਇਸ਼ਨਾਨ ਕੀਤਾ ਤੇ ਗੜਵਾ ਮਾਂਜਦੇ ਲੰਗਰ ਵਿਚ ਲੈ ਗਿਆ। ਰਾਮ ਰਾਮ ਕੜਾਹ ਪ੍ਰਸ਼ਾਦ ਦੀ ਰਸਦ ਲਿਆ ਬੀਬੀ।

ਬੀਬੀ ਨੇ ਰਸਦ ਲਿਆਕੇ ਦਿੱਤੀ। ਕੜਾਹਾ ਪ੍ਰਸ਼ਾਦ ਤਿਆਰ ਕਰਕੇ ਰਾਮ ਰਾਮ ਨੂੰ ਕਿਹਾ ਕਿ ਪਾ ਸ਼ੁਰੂ ਕਰੋ।

ਐਰੋਪਲੇਨ: 'ਬੀਬੀ ਦਾਲਾ ਦੇ ਦਿਉਂ ਜਿਹੜਾ ਚਾੜ੍ਹਨਾ ਹੈ।' ਬੀਬੀ ਨੇ ਦਾਲਾ ਲਿਆਕੇ ਦਿੱਤਾ। ਐਰੋਪਲੇਨ ਨੇ ਕਿਹਾ 'ਬੀਬੀ ਲੰਗਰ ਏਥੇ ਹੀ ਛੱਕਿਓ।

ਬੀਬੀ: ਬਾਬਾ ਜੀ ਦੇ ਲਾਂਗਰੀ ਹੁੰਦੇ ਹਨ ਉਨ੍ਹਾਂ ਨੇ ਕਦੀ ਪ੍ਰਸ਼ਾਦਾ ਨਹੀਂ ਦਿੱਤਾ ਤੁਸੀਂ ਇਕੱਲੇ ਹੋ, ਪਾਠੀਆਂ ਦਾ ਹੀ ਸਾਰੋ।

ਇਤਨੇ ਨੂੰ ਜੰਗ ਸਿੰਘ ਦੋ ਵਜੇ ਆ ਗਿਆ ਤਾਂ ਬੀਬੀ ਨੇ ਕਿਹਾ 'ਜੰਗ ਸਿੰਘਾ ਇਨ੍ਹਾਂ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਬੜੀ ਕਿਰਪਾ ਹੈ। ਇਹ ਤਾਂ ਸੇਵਾ ਕਰਦੇ ਥੱਕਦੇ ਨਹੀਂ।

ਇਕ ਦਿਨ ਮੈਂ ਜਗਾਧਰੀ ਚਲਾ ਗਿਆ ਤਾਂ ਦੋ ਸਿੱਖ ਸਕੂਟਰ ਤੇ ਆਏ ਤੇ ਉਨ੍ਹਾਂ ਨੇ ਕਿਹਾ ਕਿ ਸੰਤ ਜੀ ਤੁਹਾਡਾ ਸਾਨੂੰ ਪਤਾ ਲੱਗਾ ਹੈ ਤਾਂ ਤੁਹਾਡੇ ਕੋਲ ਆਏ ਹਾਂ। ਸਤਿਗੁਰੂ ਜੀ ਆ ਰਹੇ ਹਨ। ਉਨ੍ਹਾਂ ਨੇ ਭੋਗ ਪਾਕੇ ਪ੍ਰਸ਼ਾਦਾ ਛੱਕਣਾ ਹੈ।

ਐਰੋਪਲੇਨ: ਹੁਣ ਟਾਇਮ ਕੀ ਹੈ?

ਉੱਤਰ: 11.10 ਹੋਏ ਹਨ। ਤੇ ਸਤਿਗੁਰੂ ਜੀ ਕਿਸ ਵਕਤ ਆਉਣਾ ਹੈ?

ਸਤਿਗੁਰੂ ਸੱਚੇ ਪਾਤਸ਼ਾਹ ਨੇ 12 ਵਜੇ ਆਉਣਾ ਹੈ। ਤੁਸੀਂ ਪੰਜ ਪੰਜ ਆਦਮੀ ਅੰਗੀਠੀਆਂ ਭਖਾਉ ਤੇ ਸਬਜ਼ੀ ਚੀਰੋ। ਮੈਂ ਹੁਣੇ ਆ ਜਾਂਦਾ ਹਾਂ। ਪ੍ਰਸ਼ਾਦਾ ਛੱਕ ਕੇ। ਮੈਂ ਮਹੀਦੇ ਪਹੁੰਚਾ। ਸਿੱਖਾਂ ਨੇ ਮੈਨੂੰ ਭਾਂਡੇ ਮਾਂਜ ਕੇ ਦੇ ਦਿੱਤੇ ਤਾਂ ਮੈਂ ਇਕ ਪਾਸੇ ਚੌਲ ਚਾੜ੍ਹ ਦਿੱਤੇ ਤੇ ਬਾਕੀ ਅੰਗੀਠੀਆਂ ਤੇ ਸਬਜ਼ੀਆਂ ਦਾਲਾਂ। ਬਾਅਦ ਵਿਚ ਮੈਂ ਕੜਾਹ ਪ੍ਰਸ਼ਾਦ ਵਾਸਤੇ ਇਕ ਪਾਸੇ ਆਟਾ ਭੁੰਨਣ ਲੱਗ ਪਿਆ। ਸਤਿਗੁਰਾਂ ਜੀ 12 ਵੱਜਣ 'ਚ 1 ਮਿੰਨ ਰਹਿੰਦਾ ਸੀ ਆ ਗਏ ।

ਸਤਿਗੁਰੂ ਜੀ ਕੜਾਹ ਪ੍ਰਸ਼ਾਦ 'ਚ ਕਿੰਨੀ ਦੇਰ ਹੈ? ਮੈਂ ਕਿਹਾ ਬਣਿਆ ਹੀ ਪਿਆ। ਸਤਿਗੁਰੂ ਜੀ ਹਾਲੇ ਚਾਸ ਬਣਦੀ ਹੈ ਤੇ ਆਟਾ ਭੁੰਨ ਦੇ ਹੋ। 'ਇਸਨੂੰ ਇਕ ਪਾਸੇ ਕਰ ਮੈਨੂੰ ਪ੍ਰਸ਼ਾਦਾ ਦੇਹ।' ਪਾਣੀ ਕਿੱਥੇ ਹੈ?

ਮੈਂ ਗਾਗਰ ਫੜਾ ਦਿੱਤੀ। ਸਤਿਗੁਰੂ ਜੀ ਇਸ਼ਨਾਨ ਕਰ ਕੇ ਲਿਅਠਓ ਪ੍ਰਸ਼ਾਦਾ। ਮਾਤਾ ਜੀ ਝੱਟਪਟ ਪ੍ਰਸ਼ਾਦਾ ਲਿਆ ਕੇ ਦਿੱਤਾ। ਮਾਤਾ ਜੀ ਅਤੇ ਠਾਕੁਰ ਵੱਡੇ ਵੀ ਬਹਿ ਗਏ। ਪ੍ਰਸ਼ਾਦਾ ਛੱਕਿਆ।

ਸਤਿਗੁਰੂ ਜੀ: ਮਸਤਾਨਾ ਕੁਦਰਤੀ ਆ ਜਾਂਦਾ ਹੈ ਤਾਂ ਪ੍ਰਸ਼ਾਦਾ ਮਲ ਜਾਂਦਾ ਹੈ। ਹੁਣ ਮੈਂ ਜਾਕੇ ਸੋਧ ਰਖਾਉਣੇ। ਤਾਂ ਜਥੇਦਾਰ ਸੇਵਾ ਸਿੰਘ ਨੇ ਸੋਧ ਰੱਖੀ। ਬਾਅਦ ਅਫਰੀਕਾ ਜਾਣ ਤੋਂ ਬਲਵੰਤ ਸਿੰਘ ਨੇ ਸੋਧ ਰੱਖੀ। ਹੁਣ ਦੋ ਸੋਧੀ ਹਨ, ਮਹੀਨੇ ਵਿਚ। ਹੁਣ ਮੈਂ ਜਿਥੇ ਵੀ ਜਾਂਦਾ ਹਾਂ ਆਪ ਹੀ ਲੰਗਰ ਬਣਾਉਂਦਾ ਹਾਂ।

**ਆਤਮਾ ਸਿੰਘ ਐਰੋਪਲੇਨ**

* * *

ਮੰਡੀ ਕੋਠੀ ਵਿਚ ਵਜ਼ੀਰ ਸਿੰਘ ਅਤੇ ਬਸੰਤ ਕੌਰ ਉਸ ਦੀ ਪਤਨੀ ਵੀ ਰਹਿੰਦੇ ਸਨ। ਪਾਕਿਸਤਾਨ ਦੇ ਦੁਰਗਨ ਇਕ ਦਿਨ ਬਸੰਤ ਕੌਰ ਮੈਨੂੰ ਕਹਿਣ ਲੱਗੀ, ਮਸਤਾਨਾ ਜੀ ਮੈਨੂੰ ਚਾਰ ਮਹੀਨੇ ਹੋ ਗਏ ਹਨ ਬੁਖਾਰ ਹੁੰਦੇ ਨੂੰ। ਡਾ: ਤਰਲੋਕ ਸਿੰਘ ਇਲਾਜ ਕਰਦਾ ਹੈ ਪਰ ਮੈਨੂੰ ਅਰਾਮ ਨਹੀਂ ਆਇਆ। ਬਾਬਾ ਜਗਜੀਤ ਸਿੰਘ ਕੋਲ ਅਰਜ਼ ਕਰ ਕਿ ਮੇਰੇ ਸਰੀਰ ਨੂੰ ਅੱਗ ਲੱਗੀ ਹੋਈ ਹੈ। ਮੈਂ ਕਿਹਾ 'ਬਾਬਾ ਜੀ ਹੁਣ ਕਿੱਥੇ ਹਨ? ਉਹ ਕਹਿਣ ਲੱਗੀ ਦਰਿਆ ਵਲ ਗਏ ਹਨ। ਮਸਤਾਨਿਆ ਤੂੰ ਅਰਜ਼ ਕਰ ਮੇਰੀ ਤਾਂ ਇੱਥੇ ਆਰਾਮ ਆ ਜਾਵੇ ਤਾਂ ਮੈਂ ਦਰਿਆ ਵਲ ਨੂੰ ਤੁਰ ਪਿਆ ਤਾਂ ਅੱਗੋਂ ਸਤਿਗੁਰੂ ਜਗਜੀਤ ਸਿੰਘ ਜੀ ਮੈਨੂੰ ਕਹਿਣ ਲੱਗੇ, 'ਮਸਤਾਨਿਆ ਕਿਧਰ ਨੂੰ ਚੱਲਿਆ? ਮੈਂ ਕਿਹਾ 'ਗ਼ਰੀਬ ਨਿਵਾਜ਼ ਜੀ, ਮੈਂ ਤੁਹਾਨੂੰ ਦੇਖਦਾ ਫਿਰਦਾ ਹਾਂ।' ਬਾਬਾ ਜੀ ਕਹਿਣ ਲੱਗੇ 'ਕੀ ਗੱਲ ਹੈ? ਮੈਂ ਕਿਹਾ 'ਗ਼ਰੀਬ ਨਿਵਾਜ਼ ਜੀ, ਬਸੰਤ ਕੌਰ ਬੜੀ ਬੀਮਾਰ ਹੈ? ਬਾਬਾ ਕਿਹਾ 'ਇਸਨੂੰ ਦਰਿਆ ਵਿਚ ਗੋਤੇ ਦੇਹ। ਸੜ੍ਹਨ ਹੱਟ ਜਾਏਗੀ। ਮੈਂ ਝੱਟਪਟ ਬਸੰਤ ਕੌਰ ਨੂੰ ਚੁੱਕਕੇ ਦੋ ਗੋਤੇ ਦਰਿਆ ਵਿਚ ਦਿੱਤੇ ਤਾਂ ਉਸਦੀ ਸੜ੍ਹਨ ਹੱਟ ਗਈ ਤੇ ਬੁਖਾਰ ਵੀ ਟੁੱਟ ਗਿਆ।

**ਬਸੰਤ ਕੌਰ**

* * *

ਮੇਰੀ ਸਿੱਖਣੀ ਬਿਮਾਰ ਹੋ ਗਈ, ਡਾਂ ਤਰਲੋਕ ਸਿੰਘ ਉਸਦਾ ਇਲਾਖ਼ ਕਰਦਾ ਸੀ। ਛੇ ਮਹੀਨੇ ਉਸਨੂੰ ਬੁਖਾਰ ਰਿਹਾ। ਦਰਿਆ ਦੀ ਹਵਾ ਦੀ ਵਜ੍ਹਾ ਤੋਂ ਬੁਖਾਰ ਨਾ ਉਤਰਿਆ, ਮੈਂ ਬਾਬਾ ਜੀ ਕੋਲ ਅਰਜ਼ ਕੀਤੀ ਕਿ ਗ਼ਰੀਬ ਨਿਵਾਜ਼ ਜੀ! ਬੁਖਾਰ ਨਹੀਂ ਟੁੱਟਦਾ। ਮੇਰਾ ਖ਼ਿਆਲ ਹੈ ਕਿ ਮਸਤਾਨਾ ਆਤਮਾ ਸਿੰਘ ਇਲਾਜ ਕਰੇ। ਬਾਬਾ ਜੀ, ਮਸਤਾਨੇ ਨੂੰ ਬੁਲਾਓ ਮੈਂ ਮੰਨ ਗਿਆ। ਬਾਬਾ ਜੀ ਜਿਸ ਦਿਨ ਡਾਕਟਰ ਨਾ ਹੋਵੇ ਇੱਥੇ ਤਾਂ ਦਵਾਈ ਤੂੰ ਦੇ ਦਿਆ ਕਰ। ਮੈਂ ਚੁੱਪ ਹੋ ਗਿਆ। ਤੂੰ ਚੁੱਪ ਹੋ ਗਿਆ। ਮੈਂ ਕਿਹਾ 'ਗ਼ਰੀਬ ਨਿਵਾਜ਼ ਜੀ! ਬੀਮਾਰ ਬਚ ਜਾਏਗਾ? ਮੈਂ ਕੋਈ ਦਵਾਈ ਦੇਣੀ ਹੈ, ਡਾ: ਤਿਰਲੋਕ ਸਿੰਘ ਨੇ ਕੋਈ ਦਵਾਈ ਦੇਣੀ ਹੈ। ਬਾਬਾ ਜੀ ਹੁਣ ਇਲਾਜ ਕਰੋ। ਬਾਬਾ ਜੀ ਦੇ ਕਹਿਣ ਤੇ ਹੀ ਬੁਖਾਰ ਖ਼ਤਮ ਹੋ ਗਿਆ।

**ਵਜ਼ੀਰ ਸਿੰਘ**, ਮੰਡੀ

* * *

ਇਕ ਵਾਰ ਮਸਤਾਨਾ ਪੂਰਨ ਸਿੰਘ ਬੜਾ ਬਿਮਾਰ ਹੋ ਗਿਆ। ਉਸ ਨੇ ਹਰਨਾਮ ਸਿੰਘ ਨੂੰ ਮੇਰੇ ਪਾਸ ਚੀਲ੍ਹਾਂ ਵਾਲੀ ਜਗ੍ਹਾ ਭੇਜਿਆ। ਉਹ ਮੈਨੂੰ ਲੱਭਦਾ ਫਿਰੇ ਤਾਂ ਕੋਈ ਦੱਸੇ ਨਾ। ਮੈਂ ਪ੍ਰਸ਼ਾਦੇ ਪਕਾਉਂਦਾ ਸੀ। ਤਾਂ ਉਹ ਮੇਰੇ ਪਾਸ ਆ ਗਿਆ। ਮੈਨੂੰ ਕਹਿਣ ਲੱਗਾ ਕਿ ਮਸਤਾਨਾ ਆਤਮਾ ਸਿੰਘ ਕਿੱਥੇ ਹੋ ਤਾਂ ਮੈਂ ਕਿਹਾ ਬਹਿ ਜਾ ਇੱਥੇ ਪ੍ਰਸ਼ਾਦ ਪਾਣੀ ਕਰਕੇ ਤੇ ਮੈਂ ਪੁੱਛਿਆ ਹਰਨਾਮ ਸਿੰਘ ਜੀ ਕੀ ਗੱਲ ਹੈ? ਉਨੇ ਕਿਹਾ ਸੰਤ ਪੂਰਨ ਸਿੰਘ ਮਸਤਾਨਾ ਬਿਮਾਰ ਹੈ। ਤਾਂ ਮੈਂ ਆਤਮਾ ਸਿੰਘ ਮਸਤਾਨੇ ਨੂੰ ਲੈਣ ਆਇਆ ਹਾਂ। ਜਦ ਮੈਂ ਪ੍ਰਸ਼ਾਦਾ ਬਣਾ ਹੱਟਿਆ ਤਾਂ ਮੈਂ ਕਿਹਾ ਚੱਲ ਭਾਈ ਚੱਲੀਏ। ਤਾਂ ਹਰਨਾਮ ਸਿੰਘ ਨੇ ਕਿਹਾ ਮਸਤਾਨਾ ਜੀ ਮੈਨੂੰ ਕਿਸੇ ਨੇ ਦੱਸਿਆ ਹੀ ਨਹੀਂ ਕਿ ਤੁਸੀਂ ਆਤਮਾ ਸਿੰਘ ਮਸਤਾਨੇ ਹੋ। ਮੈਂ ਬਾਜ਼ਾਰ ਤੋਂ ਦਵਾਈ ਲਜਾਕੇ ਰਗੜ ਕੇ, ਬਾੜਾ ਭਰਕੇ ਪਿਲਾ ਦਿੱਤਾ ਤਾਂ ਉਸਦਾ ਬੰਨ ਟੁੱਟ ਗਿਆ ਤਾਂ ਉਸਨੇ ਕਿਹਾ 'ਧੰਨ ਸਤਿਗੁਰੂ ਪ੍ਰਤਾਪ ਸਿੰਘ ਜੀ ਹੋ, ਜਿਸਨੇ ਮੇਰਾ ਭਲਾ ਕੀਤਾ।

**ਹਰਨਾਮ ਸਿੰਘ ਲਾਂਗਰੀ**

* * *

ਐਰੋਪਲੇਨ ਸੱਚੇ ਪਾਤਸ਼ਾਹ ਦੀ ਕਿਰਪਾ ਨਾਲ ਸਾਧ ਸੰਗਤ ਦੀ ਸੇਵਾ ਕਰ ਰਹੇ ਹਨ। ਲੰਗਰ ਵਿਚ ਸਰਬ ਰਸ ਜਾਂ ਲੜਾਕੀਆਂ ਵਰਤਾਂਦੇ ਹਨ। ਨਜ਼ਰ ਕਮਜ਼ੋਰ ਹੈ ਪਰ ਅੰਮ੍ਰਿਤ ਵੇਲੇ ਇਸ਼ਨਾਨ ਪਾਠ ਕਰ ਕੀਰਤਨ ਵਿਚ ਪੁੱਜਦੇ ਹਨ, ਪ੍ਰਯੋਗ ਵਿਚ ਵੀ ਹਾਜ਼ਰ ਹੁੰਦੇ ਹਨ। ਮਰਯਾਦਾ ਵਿਚ ਵੀ ਪੂਰਨ ਹਨ। ਸੋਧ ਢਿੱਲੀ ਨਹੀਂ ਹੋਣ ਦੇਂਦੇ। ਪ੍ਰੇਮੀਆਂ ਨੂੰ ਵੀ ਦਰਸ਼ਨ ਦੇ ਆਉਂਦੇ ਹਨ। ਸਦਾ ਚੜਦੀਆਂ ਕਲਾ ਵਿਚ ਰਹਿੰਦੇ ਹਨ।

**ਸੰਪਾਦਕ**

❑